**TAJ INSURANCE SERVICES**
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
**Gurdawar S. Mann Or Pal Rai**
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available

Gurdawar S. Mann
Lic#0F34231

**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ ➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
**Kuldip Singh Dhariwal**
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 9, February 27, 2010 | 20451 N Plum Grove Rd. Palatine, IL 60074 | Ph:847-359-0746, Fax:847-705-9388




*ਨਈਂ ਰੀਸਾਂ ਬਈ:ਪੰਜਾਬ ਦੀਆਂ ਮਿੰਨੀ ਓਲੰਪਿਕਸ ਕਿਲਾ ਰਾਇਪੁਰ ਦੀਆਂ ਖੇਡਾਂ ਦੌਰਾਨ ਇਕ ਨੌਜਵਾਨ ਕਰਤਵ ਦਿਖਾਉਂਦਾ ਹੋਇਆ (ਖਬਰ ਸਫਾ 10 'ਤੇ)*

## ਆਤਮ ਸਮਰਪਣ ਦੀ ਸ਼ਰਤ 'ਤੇ ਸਿੱਖ ਖਾੜਕੂਆਂ ਦੀ ਵਤਨ ਵਾਪਸੀ ਲਈ ਰਾਹ ਪੱਧਰਾ

**ਬਿੰਦਰ ਬਸਰਾ**

ਕੇਂਦਰ ਸਰਕਾਰ ਵਲੋਂ ਮਕਬੂਜਾ ਕਸ਼ਮੀਰ ਦੇ ਨੌਜਵਾਨਾਂ ਦੀ ਤਰਜ਼ 'ਤੇ ਪੰਜਾਬ ਦੇ ਸਿੱਖ ਖਾੜਕੂਆਂ ਨੂੰ ਵੀ ਆਤਮ ਸਮਰਪਣ ਦੀ ਸਹੂਲਤ ਦੇ ਘੇਰੇ 'ਚ ਲੈਣ ਨਾਲ ਲੰਬੇ ਸਮੇਂ ਤੋਂ ਵਿਦੇਸ਼ਾਂ 'ਚ ਰਹਿ ਰਹੇ ਸਿੱਖ ਖਾੜਕੂਆਂ ਦੀ ਵਤਨ ਵਾਪਸੀ ਦਾ ਰਾਹ ਪੱਧਰ ਹੋ ਗਿਆ ਹੈ। ਕੇਂਦਰ ਨੇ ਇਹ ਐਲਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਕੇਂਦਰ ਸਰਕਾਰ ਦੀ ਇਸ ਗੱਲ 'ਤੇ ਕੀਤੀ ਗਈ ਅਲੋਚਨਾ ਕਿ ਪਾਕਿਸਤਾਨ ਅਧਿਕਾਰਤ ਕਸ਼ਮੀਰ ਦੇ ਨੌਜਵਾਨਾਂ ਨੂੰ ਦਿਤੀ ਆਤਮ ਸਮਰਪਣ ਦੀ ਸਹੂਲਤ ਤੋਂ ਸਿੱਖ ਨੌਜਵਾਨਾਂ ਨੂੰ ਬਾਹਰ ਕਿਉਂ ਰਖਿਆ ਗਿਆ ਹੈ, ਤੋਂ ਬਾਅਦ ਕੀਤਾ। ਖਾੜਕੂਵਾਦ, ਅੱਤਵਾਦ ਦੌਰਾਨ ਵਿਦੇਸ਼ਾਂ 'ਚ ਸਿਆਸੀ ਪਨਾਹ ਲੈਣ ਵਾਲੇ ਸਿੱਖ ਨੌਜਵਾਨਾਂ ਨੂੰ ਵਾਪਸੀ 'ਚ ਸਹਾਇਤਾ ਦੀ ਪੇਸ਼ਕਸ਼ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਪੀ ਚਿਦਬੰਰਮ ਨੇ ਖਾਲਿਸਤਾਨ ਦੀ ਮੰਗ ਅਤੇ ਹਿੰਸਾ ਦਾ ਰਾਹ ਛੱਡਣ ਦੀ ਸ਼ਰਤ ਰੱਖੀ ਹੈ।

ਉਧਰ ਸਿੱਖ ਜਥੇਬੰਦੀਆਂ ਨੇ ਜਿਥੇ ਕੇਂਦਰ ਸਰਕਾਰ ਦੀ ਇਸ ਪੇਸ਼ਕਸ਼ ਦਾ ਸਵਾਗਤ ਕੀਤਾ ਹੈ। ਉਥੇ ਖਾੜਕੂਵਾਦ ਨਾਲ ਸਬੰਧਤ ਸਿੱਖਾਂ ਨੂੰ ਗੁੰਮਰਾਹ ਜਾਂ ਭਟਕੇ ਹੋਏ ਆਖਣ 'ਤੇ ਇਤਰਾਜ਼ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ 'ਚ ਖਾੜਕੂਵਾਦ, ਸਿੱਖ ਕੌਮ ਦੇ ਸਵੈਮਾਨ ਦੀ ਰਾਖੀ ਅਤੇ ਸਿੱਖਾਂ ਨਾਲ ਦੇਸ਼ 'ਚ ਹੋ ਰਹੇ ਲਗਾਤਾਰ ਵਿਤਕਰੇ ਦੇ ਵਿਰੋਧ 'ਚ ਪੈਦਾ ਹੋਇਆ ਸੀ, ਇਸ ਲਈ ਸਿੱਖ ਨੌਜਵਾਨਾਂ ਨੂੰ ਭਟਕੇ ਹੋਏ ਜਾਂ ਗੁੰਮਰਾਹ ਹੋਏ ਕਹਿਣਾ ਕਦਾਚਿਤ ਉਚਿਤ ਨਹੀਂ ਹੈ।

ਜ਼ਿਕਰਯੋਗ ਹੈ ਕਿ ਗ੍ਰਹਿਮੰਤਰੀ ਪੀ ਚਿਦਬੰਰਮ ਨੇ ਇਸ ਤੋਂ ਪਹਿਲਾਂ 'ਆਜ਼ਾਦ ਕਸ਼ਮੀਰ' ਜਾਂ ਪਾਕਿਸਤਾਨ ਚਲੇ ਗਏ ਨੌਜਵਾਨਾਂ ਨੂੰ ਵਾਪਸ ਆਉਣ ਦੀ ਕੀਤੀ ਪੇਸ਼ਕਸ਼ 'ਚ ਬਾਹਰ ਗਏ ਸਿੱਖ ਖਾੜਕੂਆਂ ਉਤੇ ਇਹ ਨੀਤੀ ਲਾਗੂ ਨਾ ਹੋਣ ਦਾ ਐਲਾਨ ਕੀਤਾ ਸੀ। ਪਰ ਬਾਅਦ 'ਚ ਵਧਦੇ ਦਬਾਅ ਨੂੰ ਦੇਖਦਿਆਂ ਇਸ 'ਚ ਸੋਧ ਕੀਤੀ ਗਈ।

ਸ੍ਰੀ ਚਿਦੰਬਰਮ ਨੇ ਕਿਹਾ ਕਿ ਭਟਕੇ ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਦੀ ਕੜੀ 'ਚ ਉਤਰ ਪੂਰਬ, ਨਾਗਾਲੈਂਡ ਅਤੇ ਜੰਮੂ ਕਸ਼ਮੀਰ ਦੇ ਨੌਜਵਾਨਾਂ ਦੀ ਘਰ ਵਾਪਸੀ ਲਈ ਜਿਸ ਯੋਜਨਾ 'ਤੇ ਅਮਲ ਕੀਤਾ ਜਾ ਰਿਹਾ ਹੈ, ਪੰਜਾਬ 'ਚ ਵੀ ਉਹ ਲਾਗੂ ਹੋਵੇਗੀ। ਅਟਾਰੀ ਸਰਹੱਦ ਵਿਖੇ ਡੇਢ ਸੌ ਕਰੋੜ ਰੁਪਏ ਦੀ ਲਾਗਤ ਨਾਲ ਉਸਾਰੀ ਜਾਣ ਵਾਲੀ ਸੰਗਠਤ ਚੈਕਪੋਸਟ (ਆਈ.ਸੀ.ਪੀ.) ਦਾ ਨੀਂਹ ਪੱਥਰ ਰੱਖਣ ਸਮੇਂ ਗ੍ਰਹਿ ਮੰਤਰੀ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ

*(ਬਾਕੀ ਸਫਾ 8 'ਤੇ)*

## ਜਜ਼ੀਆ ਨਾ ਦੇਣ 'ਤੇ ਤਾਲਿਬਾਨ ਵਲੋਂ ਦੋ ਸਿੱਖ ਕਤਲ

**ਚੰਡੀਗੜ੍ਹ:** ਪਾਕਿਸਤਾਨ ਦੇ ਪਿਸ਼ਾਵਰ ਇਲਾਕੇ ਵਿਚ ਤਾਲਿਬਾਨ ਵੱਲੋਂ ਮੂੰਹ ਮੰਗਿਆ ਜਜ਼ੀਆ ਨਾ ਮਿਲਣ ਕਰਕੇ ਦੋ ਸਿੱਖ ਨੌਜਵਾਨਾਂ ਦਾ ਬੇਰਹਿਮੀ ਨਾਲ ਸਿਰ ਕਲਮ ਕਰ ਦਿੱਤੇ ਜਾਣ ਦੀ ਖਬਰ ਮਿਲਣ 'ਤੇ ਦੁਨੀਆਂ ਭਰ ਦੇ ਸਿੱਖਾਂ ਵਿਚ ਰੋਸ ਦੀ ਲਹਿਰ ਫੈਲ ਗਈ ਹੈ। ਭਾਰਤ ਸਰਕਾਰ ਨੇ ਪਾਕਿਸਤਾਨ ਪਾਸ ਇਨ੍ਹਾਂ ਕਤਲਾਂ ਵਿਰੁਧ ਰੋਸ ਪ੍ਰਗਟਾਉਂਦਿਆਂ ਸਿੱਖਾਂ ਦੇ ਜਾਨ ਮਾਲ ਦੀ ਰਾਖੀ ਕਰਨ ਦੀ ਗੁਜ਼ਾਰਿਸ਼ ਕੀਤੀ ਹੈ।

ਇਨ੍ਹਾਂ ਕਤਲਾਂ ਵਿਰੁਧ ਰੋਸ ਪ੍ਰਗਟਾਉਣ ਲਈ ਮੰਗਲਵਾਰ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਸੂਬਾਈ ਰਾਜਧਾਨੀ ਚੰਡੀਗੜ੍ਹ ਤੇ ਜੰਮੂ 'ਚ ਪਾਕਿਸਤਾਨ ਅਤੇ ਤਾਲਿਬਾਨ ਵਿਰੁੱਧ ਜ਼ਬਰਦਸਤ ਰੋਸ ਮੁਜ਼ਾਹਰੇ ਕੀਤੇ ਗਏ। ਵੱਖ-ਵੱਖ ਸਿੱਖ ਤੇ ਹੋਰ ਜਮਾਤਾਂ ਨੇ ਤਾਲਿਬਾਨ ਦੇ ਇਸ ਜ਼ਾਲਮਾਨਾ ਕਾਰੇ ਦੀ ਘੋਰ ਨਿਖੇਧੀ ਕਰਦਿਆਂ ਪਾਕਿ ਸਰਕਾਰ ਨੂੰ ਉਥੇ ਵੱਸਦੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਯਕੀਨੀ ਬਣਾਉਣ ਲਈ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ। ਇਨ੍ਹਾਂ ਮੁਜ਼ਾਹਰਿਆਂ 'ਚ ਧਾਰਮਿਕ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਸਿਆਸੀ ਪਾਰਟੀਆਂ ਦੇ ਕਾਰਕੁੰਨ ਵੀ ਸ਼ਾਮਿਲ ਹੋਏ। ਕਤਲਾਂ ਦੇ ਵਿਰੋਧ 'ਚ ਜੰਮੂ 'ਚ ਮੁਕੰਮਲ ਬੰਦ ਰੱਖਿਆ ਗਿਆ।

ਇਥੇ ਜ਼ਿਕਰਯੋਗ ਹੈ ਕਿ ਤਾਲਿਬਾਨ ਨੇ ਪਾਕਿਸਤਾਨ ਦੇ ਪਿਸ਼ਾਵਰ ਇਲਾਕੇ ਵਿਚ ਐਤਵਾਰ ਦੋ ਸਿੱਖ ਨੌਜਵਾਨਾਂ ਦਾ ਮੂੰਹ ਮੰਗਿਆ ਜਜ਼ੀਆ ਨਾ ਮਿਲਣ ਕਰਕੇ ਬੇਰਹਿਮੀ ਨਾਲ ਸਿਰ ਕਲਮ ਕਰ ਦਿੱਤਾ ਸੀ ਅਤੇ ਬਾਅਦ ਵਿਚ ਇਕ ਨੌਜਵਾਨ ਦਾ ਸਿਰ ਇਕ ਗੁਰਦੁਆਰਾ ਸਾਹਿਬ ਵਿਚ ਰੱਖ

*(ਬਾਕੀ ਸਫਾ 8 'ਤੇ)*

## ਫਰੀਮਾਂਟ ਚੋਣ:ਮੁਕਾਬਲਾ ਦੋ ਧਿਰਾਂ ਵਿਚਾਲੇ

**ਫਰੀਮਾਂਟ:** ਉਤਰੀ ਅਮਰੀਕਾ ਵਿਚ ਆਪਣੀ ਨਿਵੇਕਲੀ ਪਹਿਚਾਣ ਵਾਲੇ ਸੈਨ ਫਰਾਂਸਿਸਕੋ ਬੇ-ਏਰੀਏ ਦੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਆਉਂਦੀ 14 ਮਾਰਚ ਨੂੰ ਹੋਣ ਵਾਲੀਆਂ ਚੋਣਾਂ ਲਈ ਮੁਕਾਬਲਾ ਮੁੱਖ ਤੌਰ 'ਤੇ ਮੌਜੂਦਾ ਪ੍ਰਬੰਧਕਾਂ ਦੀ 'ਸਾਧ ਸੰਗਤ ਸਲੇਟ' ਅਤੇ ਭਾਈ ਗੁਰਮੀਤ ਸਿੰਘ ਖਾਲਸਾ ਦੀ

*(ਬਾਕੀ ਸਫਾ 4 'ਤੇ)*

Delo
Mobil Delvac
GILL EXPRESS
WASH, TIRE & REPAIR

CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com


## ਮਰਨ ਵਰਤ 'ਤੇ ਬੈਠੀ ਲੜਕੀ ਹੱਕਾਂ 'ਤੇ ਅੜੀ

**ਕਪੂਰਥਲਾ:** ਮਰਨ ਵਰਤ 'ਤੇ ਬੈਠੀ ਅਧਿਆਪਕਾ ਦੀ ਹਾਲਤ ਬੇਹੱਦ ਨਾਜ਼ੁਕ ਹੋਣ 'ਤੇ ਉਸ ਨੂੰ ਮਰਨ ਵਰਤ ਛੱਡ ਕੇ ਸਰਕਾਰ ਨਾਲ ਗੱਲਬਾਤ ਚਲਾਉਣ ਲਈ ਪਹੁੰਚੇ ਏਡੀਸੀ ਅਜਮੇਰ ਸਿੰਘ, ਡਿਊਟੀ ਮੈਜਿਸਟਰੇਟ ਆਰ ਕੇ ਮਿਨਹਾਸ, ਐਸਐਮਓ ਗੁਰਇਕਬਾਲ ਸਿੰਘ ਅਤੇ ਡੀਐਸਪੀ ਗੁਰਮੀਤ ਸਿੰਘ, ਪੌਣਾ ਘੰਟਾ ਅਧਿਆਪਕਾਂ ਨੂੰ ਮਨਾਉਂਦੇ ਰਹੇ ਪਰ ਉਨ੍ਹਾਂ ਨੇ ਪੋਸਟਾਂ ਦਾ ਐਲਾਨ ਹੋਣ ਤੋਂ ਬਿਨਾ ਮਰਨ ਵਰਤ ਛੱਡਣ ਤੋਂ ਇਨਕਾਰ ਕਰ ਦਿੱਤਾ ਅਤੇ ਰੋਪੜ ਤੋਂ ਪਹੁੰਚੀ ਇੱਕ ਹੋਰ ਅਧਿਆਪਕਾ ਮਨਪ੍ਰੀਤ ਨੂੰ ਵੀ ਮਰਨ ਵਰਤ ਸ਼ੁਰੂ ਕਰਵਾ ਕੇ ਸਰਕਾਰ ਨੂੰ ਦੱਸ ਦਿੱਤਾ ਕਿ ਮੰਗਾਂ ਮੰਨਣ ਤੋਂ ਬਿਨਾਂ ਉਹ ਮਰਨ ਵਰਤ ਨਹੀਂ ਛੱਡਣਗੇ।

ਜਦੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਡੀਸੀ ਦੀ ਅਗਵਾਈ ਵਿਚ ਪਹੁੰਚਿਆ ਤਾਂ ਅਧਿਆਪਕਾਂ ਨੇ ਪੰਜਾਬ ਸਰਕਾਰ ਵਿਰੁਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪਿਛਲੇ 5 ਦਿਨਾਂ ਤੋਂ ਮਰਨ ਵਰਤ 'ਤੇ ਬੈਠੀ ਹਰਜੀਤ ਕੌਰ ਦੀ ਹਾਲਤ ਬੇਹੱਦ ਗੰਭੀਰ ਹੋ ਚੁੱਕੀ ਸੀ। ਉਸ ਨੂੰ ਜਦੋਂ ਡਾਕਟਰਾਂ ਦੀ ਇੱਕ ਵਿਸ਼ੇਸ਼ ਟੀਮ ਨੇ ਚੈਕ ਕੀਤਾ ਤਾਂ ਉਸ ਦਾ ਬੀਪੀ 60/80 ਚਲ ਰਿਹਾ ਸੀ ਅਤੇ ਉਹ ਮੁਸ਼ਕਲ ਨਾਲ ਬੋਲ ਕੇ ਕਹਿ ਰਹੀ ਸੀ ਕਿ ਮੈਨੂੰ ਇਲਾਜ ਦੀ ਲੋੜ ਨਹੀਂ। ਲੰਬੀ ਜੱਦੋ-ਜਹਿਦ ਪਿਛੋਂ ਆਗੂਆਂ ਨੇ ਲੜਕੀ ਨੂੰ ਹਸਪਤਾਲ ਲਿਜਾਣ 'ਤੇ ਸਹਿਮਤੀ ਤਾਂ ਕੀਤੀ ਪਰ ਚੈਕਅੱਪ ਕਰਨ ਪਿੱਛੋਂ ਮੁੜ ਧਰਨੇ ਵਾਲੀ ਥਾਂ 'ਤੇ ਲਿਆਉਣ ਦੀ ਸ਼ਰਤ ਰੱਖੀ। ਐਨ ਉਸ ਸਮੇਂ ਜਦੋਂ ਲੜਕੀ ਹਸਪਤਾਲ ਵਿਚ ਦਵਾਈ ਨਾ ਲੈਣ ਦਾ ਜ਼ਬਰਦਸਤ ਵਿਰੋਧ ਰਹੀ ਸੀ ਤਾਂ ਏਡੀਸੀ ਸਮੇਤ ਪੁਲਿਸ ਦੇ ਡੀਐਸਪੀ, ਸੀਐਮਓ, ਐਸਐਮਓ ਤੇ ਹੋਰ ਉਚ ਅਧਿਕਾਰੀ ਲੜਕੀ ਨੂੰ ਮਨਾਉਣ ਲਈ ਪੂਰੀ ਵਾਹ ਲਾ ਰਹੇ ਸਨ ਤਾਂ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ 100 ਫੁੱਟ ਦੀ ਦੂਰੀ 'ਤੇ ਸਟੇਟ ਗੁਰਦੁਆਰੇ ਵਿਚ ਇੱਕ ਧਾਰਮਿਕ ਪ੍ਰੋਗਰਾਮ ਵਿਚ ਹਿੱਸਾ ਲੈ ਰਹੀ ਸੀ। ਪਰ ਉਸ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਇਨ੍ਹਾਂ ਜ਼ਿੰਦਗੀ ਮੌਤ ਨਾਲ ਲੜ ਰਹੇ ਅਧਿਆਪਕਾਂ ਨੂੰ ਮਿਲਣ ਦੀ ਲੋੜ ਵੀ ਨਹੀਂ ਸਮਝੀ।

## ਸਿੱਖ ਕਤਲੇਆਮ: ਅਦਾਲਤ ਨੇ ਕੀਤੀ ਸੀ.ਬੀ.ਆਈ. ਦੀ ਝਾੜ-ਝੰਬ; ਸੱਜਣ ਕੁਮਾਰ ਵਿਰੁਧ ਤਾਜ਼ਾ ਗ਼ੈਰ ਜ਼ਮਾਂਤੀ ਵਾਰੰਟ ਜਾਰੀ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਸਣੇ ਹੋਰਨਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ ਵਿਚ ਪੇਸ਼ ਕਰਨ 'ਚ ਅਸਫ਼ਲ ਰਹਿਣ 'ਤੇ ਸੀ.ਬੀ.ਆਈ. ਦੀ ਝਾੜ-ਝੰਬ ਕਰਦਿਆਂ ਕਾਂਗਰਸੀ ਆਗੂ ਵਿਰੁਧ ਤਾਜ਼ਾ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿਤਾ ਹੈ। ਵਧੀਕ ਚੀਫ਼ ਮੈਟਰੋਪਾਲੀਟਨ ਮੈਜਿਸਟਰੇਟ ਲੋਕੇਸ਼ ਸ਼ਰਮਾ ਨੇ ਸੀ.ਬੀ.ਆਈ. ਦੀ ਉਸ ਦਲੀਲ ਨੂੰ ਵੀ ਰੱਦ ਕਰ ਦਿਤਾ ਜਿਸ ਵਿਚ ਕਿਹਾ ਗਿਆ ਸੀ ਕਿ ਮੁਲਜ਼ਮਾਂ ਦੇ ਫ਼ਰਾਰ ਹੋਣ ਕਾਰਨ ਉਨ੍ਹਾਂ ਨੂੰ ਭਗੌੜਾ ਐਲਾਨ ਦਿਤਾ ਜਾਵੇ।



ਅਦਾਲਤ ਨੇ ਪਿਛਲੇ ਦਿਨੀਂ ਸੱਜਣ ਕੁਮਾਰ ਅਤੇ 11 ਹੋਰਨਾਂ ਮੁਲਜ਼ਮਾਂ ਵਿਰੁਧ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤਾ ਸੀ। ਅਦਾਲਤ ਨੇ ਕਿਹਾ ਕਿ ਜਿਥੋਂ ਤਕ ਜ਼ਮੀਨੀ ਪੱਧਰ 'ਤੇ ਹੋਈ ਕਾਰਵਾਈ ਦੀ ਗੱਲ ਹੈ, ਸੀ.ਬੀ.ਆਈ. ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਪ੍ਰਤੀ ਸੰਜੀਦਾ ਦਿਖਾਈ ਨਹੀਂ ਦਿੰਦੀ। ਸੀ.ਬੀ.ਆਈ. ਸਿਰਫ਼ ਕਾਗ਼ਜ਼ੀ ਕਾਰਵਾਈ ਪੂਰੀ ਕਰਨੀ ਚਾਹੁੰਦੀ ਹੈ। ਅਦਾਲਤ ਦੀ ਇਹ ਟਿੱਪਣੀ ਉਸ ਸਮੇਂ ਆਈ ਹੈ ਜਦੋਂ ਸੀ.ਬੀ.ਆਈ. ਨੇ ਆਪਣੀ ਰਿਪੋਰਟ 'ਚ ਕਿਹਾ ਕਿ ਉਸ ਨੇ ਮੁਲਜ਼ਮਾਂ ਦੇ ਘਰਾਂ 'ਤੇ ਛਾਪੇ ਮਾਰੇ ਪਰ ਕੋਈ ਗ੍ਰਿਫ਼ਤਾਰੀ ਨਾ ਹੋ ਸਕੀ।

ਅਦਾਲਤ ਨੇ ਸੀ.ਬੀ.ਆਈ. ਨੂੰ ਸਵਾਲ ਕੀਤਾ ਕਿ ਕੀ ਗ਼ੈਰ ਜ਼ਮਾਨਤੀ ਵਾਰੰਟ ਸਿਰਫ਼ ਘਰ 'ਤੇ ਹੀ ਲਾਗੂ ਕੀਤਾ ਜਾਂਦਾ ਹੈ? ਰਿਪੋਰਟ ਵਿਚ ਸੀ.ਬੀ.ਆਈ. ਨੇ ਕਿਹਾ ਸੀ ਕਿ ਮੁਲਜ਼ਮ ਖ਼ੁਦ ਨੂੰ ਕਾਨੂੰਨੀ ਪ੍ਰਕਿਰਿਆ ਤੋਂ ਬਚਾਉਣਾ ਚਾਹੁੰਦੇ ਹਨ। ਕਾਰਵਾਈ ਦੌਰਾਨ ਅਦਾਲਤ ਨੇ ਮੁਲਜ਼ਮਾਂ ਦੀਆਂ ਗ੍ਰਿਫ਼ਤਾਰੀ ਦੀਆਂ ਕੋਸ਼ਿਸ਼ਾਂ ਦੀ ਦਲੀਲ ਦੇਣ ਵਾਲੀ ਸੀ.ਬੀ.ਆਈ. ਤੋਂ ਕਾਫ਼ੀ ਤਲਖ਼ ਸਵਾਲ ਪੁੱਛੇ।

ਜੱਜ ਨੇ ਪੁਛਿਆ ਕਿ ਕੀ ਸੀ.ਬੀ.ਆਈ. ਇਸੇ ਤਰ੍ਹਾਂ ਕੰਮ ਕਰਦੀ ਹੈ? ਸਾਰੇ ਮੁਲਜ਼ਮ ਕਿਥੇ ਚਲੇ ਗਏ? ਜਾਂਚ ਏਜੰਸੀ ਦੇ ਵਿਸ਼ੇਸ਼ ਵਕੀਲ ਵਾਈ.ਕੇ. ਸਕਸੈਨਾ ਨੇ ਕਿਹਾ ਕਿ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਹੋਣ ਤੋਂ ਬਾਅਦ ਸੀ.ਬੀ.ਆਈ. ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਦਿੱਲੀ ਪੁਲਿਸ ਦੀ ਮਦਦ ਵੀ ਲਈ ਸੀ। ਸਕਸੈਨਾ ਦੀ ਕੋਸ਼ਿਸ਼ ਸੀ ਕਿ ਅਦਾਲਤ ਮੁਲਜ਼ਮਾਂ ਨੂੰ ਭਗੌੜਾ ਐਲਾਨੇ ਤਾਂਕਿ ਉਨ੍ਹਾਂ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਲਈ ਮਜਬੂਰ ਕੀਤਾ ਜਾ ਸਕੇ।

ਸੱਜਣ ਕੁਮਾਰ ਦੇ ਵਕੀਲ ਆਈ.ਯੂ. ਖਾਨ ਨੇ ਅਦਾਲਤ ਨੂੰ ਕਿਹਾ ਕਿ ਮੁਲਜ਼ਮ ਨੂੰ ਇਸ ਆਧਾਰ 'ਤੇ ਪੇਸ਼ ਹੋਣ ਤੋਂ ਛੋਟ ਦਿਤੀ ਜਾਵੇ ਕਿ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ 'ਤੇ ਹਾਈ ਕੋਰਟ ਨੇ ਆਪਣਾ ਫ਼ੈਸਲਾ ਰਾਖਵਾਂ ਰਖਿਆ ਹੈ। ਖ਼ਾਨ ਨੇ ਸੀ.ਬੀ.ਆਈ. ਦੇ ਇਸ ਦੋਸ਼ ਨੂੰ ਵੀ ਰੱਦ ਕਰ ਦਿਤਾ ਕਿ ਸੱਜਣ ਕੁਮਾਰ ਫ਼ਰਾਰ ਹੈ। ਖ਼ਾਨ ਨੇ ਕਿਹਾ ਕਿ ਜੇ ਉਸ ਦੇ ਮੁਵੱਕਲ ਨੂੰ ਅਦਾਲਤ ਵਿਚ ਪੇਸ਼ ਹੋਣ 'ਤੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਤਾਂ ਅਗਾਊਂ ਜ਼ਮਾਨਤ ਪਟੀਸ਼ਨ ਦਾਖ਼ਲ ਕਰਨ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਅਦਾਲਤ ਨੇ ਖ਼ਾਨ ਅਤੇ ਪੀੜਤਾਂ ਦੇ ਵਕੀਲਾਂ ਦੀਆਂ ਦਲੀਲਾਂ ਨੂੰ ਅਹਿਮੀਅਤ ਨਾ ਦਿੰਦੇ ਹੋਏ ਤਾਜ਼ਾ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿਤਾ ਅਤੇ ਕਿਹਾ ਕਿ ਪੂਰੀ ਪ੍ਰਕਿਰਿਆ ਦੀ ਨਿਗਰਾਨੀ ਸੀ.ਬੀ.ਆਈ. ਦੇ ਡਾਇਰੈਕਟਰ ਵਲੋਂ ਕੀਤੀ ਜਾਵੇ।

ਇਸੇ ਦੌਰਾਨ ਸੀ.ਬੀ.ਆਈ. ਨੇ ਮਾਮਲੇ ਦੇ ਇਕ ਮੁਲਜ਼ਮ ਗਿਰਧਾਰੀ ਲਾਲ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ ਵਿਚ ਪੇਸ਼ ਕੀਤਾ। ਇਕ ਹੋਰ ਮਾਮਲੇ 'ਚ ਅਦਾਲਤ ਨੇ ਸੱਜਣ ਕੁਮਾਰ ਅਤੇ ਹੋਰਨਾਂ ਵਿਰੁਧ ਮਾਮਲਾ ਬੰਦ ਕਰਨ ਬਾਰੇ ਸੀ.ਬੀ.ਆਈ. ਦੀ ਰਿਪੋਰਟ ਨੂੰ ਕਬੂਲ ਕਰ ਲਿਆ।




## ਪ੍ਰੋ. ਮਹਿਬੂਬ ਦੇ ਅਕਾਲ ਚਲਾਣੇ 'ਤੇ ਦੁਖ ਦਾ ਪ੍ਰਗਟਾਵਾ

**ਨਿਊਯਾਰਕ:** ਅਮੈਰੀਕਨ ਸਿੱਖ ਆਰਗੇਨਾਈਜੇਸ਼ਨ ਨੇ ਪੰਜਾਬੀ ਕਵੀ ਅਤੇ ਵਿਦਵਾਨ ਪ੍ਰੋ. ਹਰਿੰਦਰ ਸਿੰਘ ਮਹਿਬੂਬ 'ਤੇ ਚਲਾਣੇ ਉਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਇਥੇ ਜਾਰੀ ਇਕ ਬਿਆਨ ਵਿਚ ਜਥੇਬੰਦੀ ਨੇ ਕਿਹਾ ਹੈ ਕਿ ਪ੍ਰੋ. ਮਹਿਬੂਬ ਦੇ ਵਿਛੋੜੇ ਪਿਛੋਂ ਹਰ ਚੇਤਨ ਅੱਖ ਨਮ ਹੋਈ ਅਤੇ ਖਾਲਸਾ ਪੰਥ ਦੇ ਵਿਹੜੇ ਵਿਚ ਇਕ ਗਮਗੀਨ ਜਿਹੀ ਚੁੱਪ ਛਾ ਗਈ। ਗੁਰੂ-ਰੰਗ ਵਿੱਚ ਰਤੜੇ ਪਿਆਰੇ ਤਾਂ ਗੁਰੂ-ਲਿਵ ਚ ਭਿੱਜੀ ਇਸ ਮਹਾਨ ਸ਼ਖਸ਼ੀਅਤ ਦੇ ਵਿਛੋੜੇ ਦੇ ਅਸਿਹ ਸਦਮੇ ਨਾਲ ਅੰਦਰ ਤੱਕ ਝੰਜੋੜੇ ਗਏ।

ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਸਰਪੰਚ, ਭਾਈ ਦੀਦਾਰ ਸਿੰਘ, ਭਾਈ ਸੁਖਦੇਵ ਸਿੰਘ, ਭਾਈ ਤਰਜਿੰਦਰ ਸਿੰਘ, ਭਾਈ ਭੁਪਿੰਦਰ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਜਰਨੈ਼ਲ ਸਿੰਘ ਖਾਲਸਾ, ਭਾਈ ਕਰਨੈਲ ਸਿੰਘ ਸਲੇਮਪੁਰ, ਭਾਈ ਰਘਵੀਰ ਸਿੰਘ ਦਸੂਹਾ, ਸੁਖਵੀਰ ਸਿੰਘ, ਅਤੇ ਚਰਨਜੀਤ ਸਿੰਘ ਸਮਰਾ ਵਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਆਖਿਆ ਗਿਆ ਹੈ ਕਿ ਪ੍ਰੋ. ਹਰਿੰਦਰ ਸਿੰਘ ਮਹਿਬੂਬ ਖਾਲਸਾ ਪੰਥ ਕੋਲ ਭਾਵੇਂ ਸਰੀਰਕ ਤੌਰ ਤੇ ਤਾਂ ਨਹੀ ਰਹੇ ਪਰ ਉਨ੍ਹਾਂ ਦੀਆਂ ਰਚਨਾਵਾਂ ਹਮੇਸ਼ਾ ਹੀ ਜਿੰਦਾ ਰਹਿਣਗੀਆਂ। ਜਦੋਂ ਅਸੀਂ "ਸਹਿਜੇ ਰਚਿਓ ਖਾਲਸਾ" ਵਿਚੋਂ ਉਨ੍ਹਾਂ ਦਾ "ਪੰਥ ਦੇ ਵਾਲੀ" ਵਾਲਾ ਕਿਤਾਬਚਾ ਪੜਦੇ ਹਾਂ ਤਾਂ ਪ੍ਰੋ. ਸਾਹਿਬ ਦੀ ਆਤਮਾ ਸਿੰਘ-ਆਦਰਸ਼ ਦੀਆਂ ਉਚਾਈਆਂ ਨੂੰ ਛੂਹਦੀ ਗੁਰਮੁਤਿ ਦੇ ਵਿਸਮਾਦੀ ਰੰਗ ਵਿਚ ਭਿੱਜੀ ਮਹਿਸੂਸ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਵਾਂਗ "ਸਿੱਖੀ ਦੀ ਆਤਮਾ" ਨੂੰ ਸਮਝਣ ਵਾਲੇ ਇਸ ਮਹਾਨ ਗੁਰਸਿੱਖ ਅਤੇ ਮਹਾਨ ਵਿਦਵਾਨ ਨੂੰ ਸਿੱਖ ਕੌਮ ਹਮੇਸ਼ਾਂ ਲਈ ਯਾਦ ਕਰਦੀ ਰਹੇਗੀ।

*Visit us on the web:*
***punjabtimesusa.com***

INDIA CALL ਕਾਲ ਕਰਨ ਲਈ ਵਧੀਆ ਅਤੇ ਭਰੋਸੇਮੰਦ ਸਰਵਿਸ
GT COMMUNICATION INC.
CRYSTAL CLEAR CONNECTIONS
100 ਘੰਟੇ ਸਿਰਫ 100 ਡਾਲਰ ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕਰੋ



SAME RATES FOR :
England,Canada,Australia,New Zealand, Austria,Holland,Germany,France
NO CONNECTION FEE
NO MONTHLY FEE
NO MAINTENANCE FEE
NO HIDDEN CHARGES
ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ ਕੰਪਨੀ ਨੂੰ ਟੌਲ ਫਰੀ ਨੰਬਰ 'ਤੇ ਕਾਲ ਕਰੋ
1-800-914-1013

PANAMA PHARMACY & MEDICAL SUPPLY
BAKERSFIELD CA
Fast / Friendly Prescription Dispensing
Wheelchairs • Hospital Beds
Scooters • Orthopedic Shoes
Lift Chairs • Diabetic Supplies (Free Meters)
Walkers • Braces
Canes • Shower Chairs
ਬੇਕਰਸਫੀਲਡ ਵਿੱਚ ਪੰਜਾਬੀਆਂ ਦੀ ਪਹਿਲੀ ਫਾਰਮੇਸੀ
ਜਿਥੇ ਤੁਹਾਨੂੰ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਮਿਲਦੀਆਂ ਹਨ
ਅਸੀਂ ਹਰ ਕਿਸਮ ਦੀ ਇੰਸ਼ੋਰੈਂਸ ਲੈਂਦੇ ਹਾਂ
We can speak : ENGLISH, PUNJABI, HINDI, URDU & SPANISH



4004 Panama Ln, Suite 100,
Bakersfield, CA 93313
Ph :661.664.8864
Fax:661.831.1343



ਡਿਲੀਵਰੀ ਮੁਫਤ
FREE DELIVERY
Serving all of Kern County
MONDAY TO FRIDAY
9:00 am - 6:00 pm
YOUR PHARMACISTS
Dr. Kamal S Gill, Pharm. D.
Dr. Kulwinder K Gill, Pharm. D.

# ਮਹਾਨ ਕੀਰਤਨ ਸਮਾਗਮ

## ਕੈਲੀਫੋਰਨੀਆ–2010



ਗੁਰੂ ਪਿਆਰੀ ਸਾਧ ਸੰਗਤ ਜੀਉ, ਆਉ ਅਸੀਂ ਸਾਰੇ ਰਲ ਮਿਲ ਕੇ, ਕੀਰਤਨ ਦੀ ਹਾਜਰੀ ਭਰ ਕੇ, ਲਾਹਾ ਲਈਏ। ਆਪ ਸਮੂਹ ਸਾਧ ਸੰਗਤ ਜੀ ਦੇ ਚਰਨ ਕਮਲਾਂ ਵਿਚ ਨਿਮਰਤਾ ਸਹਿਤ ਜੋਦੜੀ ਹੈ ਕਿ ਆਪ ਪਰਿਵਾਰਾਂ, ਸਬੰਧੀਆਂ ਅਤੇ ਸੱਜਣਾਂ–ਮਿਤਰਾਂ ਸਮੇਤ ਦਰਸ਼ਨ ਦੀਦਾਰੇ ਬਖਸ਼ੋ ਜੀ।।

### Dharam Khand Sikh Academy, 980 E Middle Ave, San Martin

ਅਰੰਭ ਸ੍ਰੀ ਅਖੰਡ ਪਾਠ ਸਾਹਿਬ (4:00 ਵਜੇ ਸ਼ਾਮ): 23 ਫਰਵਰੀ (ਮੰਗਲਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ (4:00 ਵਜੇ ਸ਼ਾਮ): 25 ਫਰਵਰੀ (ਵੀਰਵਾਰ)
ਅਖੰਡ ਕੀਰਤਨ (4:00–8:30 ਵਜੇ ਸ਼ਾਮ): 25 ਫਰਵਰੀ (ਵੀਰਵਾਰ)

### ਅੰਮ੍ਰਿਤ ਵੇਲਾ: 26 ਫਰਵਰੀ (ਸੁਕਰਵਾਰ) @ 407 Riviera Dr, Union City

### Fremont Gurdwara Sahib, 300 Gurdwara Rd, Fremont

ਆਸਾ ਦੀ ਵਾਰ (6:00–11:00): 26 ਫਰਵਰੀ (ਸੁਕਰਵਾਰ)
ਅਖੰਡ ਕੀਰਤਨ (4:00–8:30): 26 ਫਰਵਰੀ (ਸੁਕਰਵਾਰ)

### San Jose Gurdwara Sahib, 3636 Murillo Ave, San Jose

ਆਸਾ ਦੀ ਵਾਰ (6:00–11:00): 27 ਫਰਵਰੀ (ਸਨਿਚਰਵਾਰ)*
ਗਤਕਾ (11:15–12:30 ਵਜੇ ਦੁਪਹਿਰ): 27 ਫਰਵਰੀ (ਸਨਿਚਰਵਾਰ)
ਅੰਮ੍ਰਿਤ ਸੰਚਾਰ (1:00 ਵਜੇ ਦੁਪਹਿਰ): 27 ਫਰਵਰੀ (ਸਨਿਚਰਵਾਰ)
ਰੈਨਸਬਾਈ ਕੀਰਤਨ (7:00–5:00): ਫਰਵਰੀ 27 (ਸਨਿਚਰਵਾਰ) – ਫਰਵਰੀ 28 (ਐਤਵਾਰ)
* ਅੰਮ੍ਰਿਤ ਵੇਲਾ 3–6 ਵਜੇ ਤਕ

- Nearby Airports: SJC, OAK, SFO
- Live broadcast on http://www.akj.org
- For latest schedule http://akj.org/CA

*For pickups, accommodations & information*
contact sevadars at sevaa@akj.org or 408-823-2865, 408-250-8987 510-825-9555, 707-567-3237

ਹੋਰ ਜਾਣਕਾਰੀ ਲਈ ਕਾਲ ਕਰੋ:ਭਾਈ ਧਰਮ ਸਿੰਘ 408-694-2214 ਜਾਂ ਭਾਈ ਓਂਕਾਰ ਸਿੰਘ 408-455-4786

# ਗੁਰੂਘਰ ਫਰੀਮਾਂਟ ਚੋਣ:ਮੁਖ ਮੁਕਾਬਲਾ ਦੋ ਧਿਰਾਂ ਵਿਚਾਲੇ

ਅਗਵਾਈ ਹੇਠਲੀ 'ਪੰਥਕ ਸਲੇਟ' ਵਿਚਾਲੇ ਹੋਵੇਗਾ। ਉਂਜ ਪੰਜ ਮੈਂਬਰੀ ਸੁਪਰੀਮ ਕੌਂਸਲ ਲਈ ਕੋਈ 14 ਉਮੀਦਵਾਰ ਮੈਦਾਨ ਵਿਚ ਹਨ।

ਇਸ ਵਾਰ ਪੰਥਕ ਸਲੇਟ ਵਲੋਂ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਹੇਠ ਭਾਈ ਗੁਰਮੇਲ ਸਿੰਘ ਬਾਠ, ਭਾਈ ਗੁਰਚਰਨ ਸਿੰਘ ਮਾਨ, ਭਾਈ ਤਾਰਾ ਸਿੰਘ ਗਿੱਲ, ਭਾਈ ਤਰਸੇਮ ਸਿੰਘ ਅਤੇ ਮੌਜੂਦਾ ਪ੍ਰਬੰਧਕਾਂ ਦੀ ਸਾਧ ਸੰਗਤ ਸਲੇਟ ਵਿਚ ਭਾਈ ਹਰਜੋਤ ਸਿੰਘ ਖਾਲਸਾ, ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਨਿਰਮਲ ਸਿੰਘ ਖਾਲਸਾ, ਭਾਈ ਗੁਰਪਾਲ ਸਿੰਘ ਹੰਸਰਾ ਅਤੇ ਭਾਈ ਦਵਿੰਦਰ ਸਿੰਘ ਚਾਨਾ ਚੋਣ ਲੜ ਰਹੇ ਹਨ। ਇਨ੍ਹਾਂ ਤੋਂ ਇਲਾਵਾ ਭਾਈ ਅਵਤਾਰ ਸਿੰਘ ਮਿਸ਼ਨਰੀ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ, ਭਾਈ ਮਹਿੰਦਰ ਸਿੰਘ ਔਲਖ ਅਤੇ ਕੈਪਟਨ ਜੁਗਰਾਜ ਸਿੰਘ ਧਾਲੀਵਾਲ ਵੀ ਚੋਣ ਮੈਦਾਨ ਵਿਚ ਹਨ।

ਸਾਧ ਸੰਗਤ ਸਲੇਟ ਦੇ ਉਮੀਦਾਵਾਰ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਨਿਰਮਲ ਸਿੰਘ ਬਾਠ ਅਤੇ ਭਾਈ ਦਵਿੰਦਰ ਸਿੰਘ ਚਾਨਾ ਤਿੰਨੇ ਮੌਜੂਦਾ ਸੁਪਰੀਮ ਕੌਂਸਲ ਦੇ ਮੈਂਬਰ ਹਨ ਜਦੋਂਕਿ ਭਾਈ ਹਰਜੋਤ ਸਿੰਘ ਖਾਲਸਾ ਇਸ ਸਮੇਂ ਗੁਰੂ ਘਰ ਦੇ ਪ੍ਰਧਾਨ ਹਨ। ਭਾਈ ਗੁਰਪਾਲ ਸਿੰਘ ਹੰਸਰਾ ਸੁਪਰੀਮ ਕੌਂਸਲ ਲਈ ਨਵੇਂ ਨਕੋਰ ਉਮੀਦਵਾਰ ਹਨ।

ਦੂਜੇ ਪਾਸੇ ਪੰਥਕ ਸਲੇਟ ਵਿਚ ਭਾਈ ਗੁਰਮੀਤ ਸਿੰਘ ਖਾਲਸਾ ਗੁਰੂ ਘਰ ਦੇ ਪ੍ਰਧਾਨ ਰਹਿ ਚੁਕੇ ਹਨ ਅਤੇ ਸਮੇਂ ਸਮੇਂ ਸੁਪਰੀਮ ਕੌਂਸਲ ਵਿਚ ਵੀ ਸੇਵਾ ਕਰ ਚੁੱਕੇ ਹਨ। ਭਾਈ ਤਾਰਾ ਸਿੰਘ ਗਿੱਲ ਅੱਠ ਸਾਲ ਦੇ ਵਕਫੇ ਪਿਛੋਂ ਅਦਾਲਤੀ ਹੁਕਮਾਂ 'ਤੇ ਸੰਨ 2005 ਵਿਚ ਹੋਈਆਂ ਚੋਣਾਂ ਅਤੇ ਉਸ ਉਪਰੰਤ ਸੰਨ 2006 ਦੀਆਂ ਚੋਣਾਂ ਵਿਚ ਖਾਲਸਾ ਧੜੇ ਵਲੋਂ ਜੇਤੂ ਰਹੇ ਸਨ। ਭਾਈ ਗੁਰਚਰਨ ਸਿੰਘ ਮਾਨ ਸਾਲ 2006 ਦੀਆਂ ਚੋਣਾਂ ਵਿਚ ਖਾਲਸਾ ਧੜੇ ਦੀ ਤਰਫੋਂ ਸੁਪਰੀਮ ਕੌਂਸਲ ਮੈਂਬਰ ਚੁਣੇ ਗਏ ਸਨ ਅਤੇ ਉਹ ਪ੍ਰਬੰਧਕ ਕਮੇਟੀ ਵਿਚ ਕਈ ਅਹੁਦਿਆਂ 'ਤੇ ਰਹਿ ਚੁਕੇ ਹਨ। ਭਾਈ ਗੁਰਮੇਲ ਸਿੰਘ ਬਾਠ ਦਾ ਸਬੰਧ ਗੁਰੂ ਘਰ ਨਾਲ ਬਹੁਤ ਪੁਰਾਣਾ ਹੈ। ਉਹ 1984 ਵਿਚ ਚੋਣ ਲੜ ਚੁਕੇ ਹਨ ਅਤੇ ਸਰਬਸੰਮਤੀ ਦੇ ਵੇਲਿਆਂ ਵਿਚ ਗੁਰੂ ਘਰ ਦੇ ਸਕੱਤਰ ਵੀ ਰਹੇ ਹਨ। ਪੰਥਕ ਸਲੇਟ ਵਿਚ ਭਾਈ ਤਰਸੇਮ ਬਿਲਕੁਲ ਨਵੇਂ ਨਕੋਰ ਵਿਅਕਤੀ ਹਨ ਅਤੇ ਆਮ ਸੰਗਤ ਉਨ੍ਹਾਂ ਨੂੰ ਬੱਸਾਂ ਵਾਲੇ ਭਾਈ ਤਰਸੇਮ ਸਿੰਘ ਕਰਕੇ ਜਾਣਦੀ ਹੈ। ਉਹ ਸਮੇਂ ਸਮੇਂ ਆਪਣੀਆਂ ਬੱਸਾਂ ਰਾਹੀਂ ਸੰਗਤ ਦੀ ਨਿਸ਼ਕਾਮ ਸੇਵਾ ਕਰਦੇ ਰਹਿੰਦੇ ਹਨ।

ਹਮੇਸ਼ਾਂ ਦੀ ਤਰ੍ਹਾਂ ਸ. ਜੁਗਰਾਜ ਸਿੰਘ ਧਾਲੀਵਾਲ ਇਕੱਲੇ ਹੀ ਚੋਣ ਮੈਦਾਨ ਵਿਚ ਡਟੇ ਹੋਏ ਹਨ। ਭਾਈ ਮਿਸ਼ਨਰੀ ਪਹਿਲਾਂ ਵੀ ਸੰਨ 2006 ਵਿਚ ਯੂਨਾਈਟਡ ਸਿੱਖ ਅਲਾਇੰਸ ਦੀ ਸਲੇਟ ਤੇ ਚੋਣ ਲੜ ਕੇ ਹਾਰ ਚੁਕੇ ਹਨ। ਆਜਾਦ ਜਿਹੇ ਖੜੇ ਇਨ੍ਹਾਂ ਉਮੀਦਵਾਰਾਂ ਦੀ ਸੰਗਤ ਵੀ ਬਹੁਤੀ ਸਾਰ ਨਹੀਂ ਲੈਂਦੀ ਅਤੇ ਸੰਭਾਵੀ ਨਤੀਜ਼ਿਆਂ ਦਾ ਦੁਖ ਵੀ ਇਨ੍ਹਾਂ ਨੂੰ ਬਹੁਤਾ ਸਤਾਉਂਦਾ ਨਹੀਂ।

ਇਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਲਈ ਸੰਗਤ ਸਿੱਧੇ ਤੌਰ ਤੇ ਇਕ ਪੰਜ ਮੈਂਬਰੀ ਕਮੇਟੀ ਦੀ ਚੋਣ ਕਰਦੀ ਹੈ, ਜਿਸਨੂੰ ਸੁਪਰੀਮ ਕੌਂਸਲ ਜਾਂ ਪੰਜ ਪਿਆਰਾ ਕੌਂਸਲ ਕਿਹਾ ਜਾਂਦਾ ਹੈ। ਸੰਨ 2006 ਵਿਚ ਕੀਤੀ ਗਈ ਵਿਧਾਨਕ ਸੋਧ ਤੋਂ ਬਾਅਦ ਇਸਦੀ ਚੋਣ ਹਰ ਦੋ ਸਾਲ ਬਾਅਦ ਹੁੰਦੀ ਹੈ। ਸੁਪਰੀਮ ਕੌਂਸਲ ਹੀ ਅਗੋਂ ਪ੍ਰਬੰਧਕ ਕਮੇਟੀ ਦੀ ਨਿਯੁਕਤੀ ਕਰਦੀ ਹੈ ਜੋ ਕਿ ਗੁਰੂਘਰ ਦਾ ਪ੍ਰਬੰਧ ਚਲਾਉਂਦੀ ਹੈ।

ਸੰਨ 2008 ਦੀਆਂ ਚੋਣਾਂ ਨਾਲੋਂ ਸਥਿਤੀ ਇਸ ਵਾਰ ਬਿਲਕੁਲ ਵਖਰੀ ਹੈ। ਇਸ ਵਾਰ ਮੁਕਾਬਲਾ 2005 ਵਾਂਗ ਦੋ ਧਿਰਾਂ ਵਿਚਾਲੇ ਹੀ ਹੈ। ਸੰਨ 2006 ਵਿਚ ਵੀ ਮੁਕਾਬਲਾ ਦੋ ਧਿਰਾਂ ਵਿਚਾਲੇ ਹੀ ਸੀ ਪਰ ਸੰਨ 2008 ਵਿਚ ਖਾਲਸਾ ਧੜੇ ਵਿਚ ਫੁਟ ਪੈਣ ਨਾਲ ਪਹਿਲਾਂ ਦੋ ਅਤੇ ਫਿਰ ਤਿੰਨ ਧੜੇ ਬਣ ਗਏ ਸਨ। ਪਿਛਲੀਆਂ ਚੋਣਾਂ ਇਸ ਗੱਲੋਂ ਵੀ ਵਿਲੱਖਣ ਸਨ ਕਿ ਉਸ ਸਮੇਂ ਇਕ ਮੌਕੇ ਤਾਂ ਪੰਜ ਸਲੇਟਾਂ ਵੀ ਮੈਦਾਨ ਵਿਚ ਆ ਨਿੱਤਰੀਆਂ ਸਨ। ਇਸ ਸਥਿਤੀ ਤੇ ਵਿਅੰਗ ਕਰਦਿਆਂ ਸੰਗਤ ਨੇ ਇੰਨੀਆਂ ਸਲੇਟਾਂ ਨੂੰ ਮੰਡੀ ਵਿਚ ਛਾਬੜੀਆਂ ਲਾਏ ਜਾਣ ਨਾਲ ਤੁਲਨਾ ਦਿੱਤੀ ਸੀ। ਆਖਰੀ ਵਕਤ ਇਕ ਸਲੇਟ ਨੇ ਸਥਿਤੀ ਭਾਂਪਦਿਆਂ ਮੌਜੂਦਾ ਪ੍ਰਬੰਧਕਾਂ ਨਾਲ ਰਲੇਵਾਂ ਕਰ ਲਿਆ ਸੀ ਅਤੇ ਅਖੀਰ ਵਿਚ ਮੁਕਾਬਲਾ ਚਾਰ ਸਲੇਟਾਂ ਵਿਚਾਲੇ ਹੀ ਹੋਇਆ ਸੀ ਜਿਸ ਵਿਚ ਮੌਜੂਦਾ ਪ੍ਰਬੰਧਕ ਬਾਜ਼ੀ ਮਾਰ ਗਏ ਸਨ ਅਤੇ ਵਿਰੋਧੀਆਂ ਦੀਆਂ ਤਿੰਨ ਸਲੇਟਾਂ ਵਿਚੋਂ ਇਕੱਲੇ ਭਾਈ ਰਾਮ ਸਿੰਘ ਹੀ ਜਿੱਤੇ ਸਨ। ਇਥੇ ਜ਼ਿਕਰਯੋਗ ਹੈ ਕਿ ਵਿਰੋਧੀ ਲਗਭਗ 2700 ਵੋਟ ਲੈ ਕੇ ਵੀ ਚੋਣ ਹਾਰ ਗਏ ਸਨ।

ਇਸ ਵਾਰ ਹਾਲਾਤ ਬਿਲਕੁਲ ਵਖਰੇ ਹਨ। ਇਕ ਤੋਂ ਤਿੰਨ ਹਹੋਏ ਧੜੇ ਪਿਛਲੀ ਹਾਰ ਤੋਂ ਸਬਕ ਸਿੱਖਦਿਆਂ ਤਿੰਨਾਂ ਤੋਂ ਇਕ ਹੋ ਚੁਕੇ ਹਨ ਅਤੇ ਕੈਲੀਫੋਰਨੀਆ ਦੇ ਸਿਰਕੱਢ ਆਗੂ ਭਾਈ ਗੁਰਮੀਤ ਸਿੰਘ ਦੀ ਅਗਵਾਈ ਹੇਠਲੀ ਪੰਥਕ ਸਲੇਟ ਹੇਠ ਚੋਣ ਲੜ ਰਹੇ ਹਨ। ਆਮ ਹਲਕਿਆਂ ਵਿਚ ਚਰਚਾ ਹੈ ਕਿ ਭਾਈ ਗੁਰਮੀਤ ਸਿੰਘ ਦੀ ਅਗਵਾਈ ਹੇਠਲੀ ਪੰਥਕ ਸਲੇਟ ਇਸ ਵਾਰ ਬਾਜੀ ਮਾਰ ਸਕਦੀ ਹੈ ਕਿਉਂਕਿ ਉਨ੍ਹਾਂ ਦਾ ਵੋਟ ਬੈਂਕ ਇਸ ਗੱਲੋਂ ਖੁਸ਼ ਹੈ ਕਿ 'ਦੇਰ ਆਇਦ ਦਰੁਸਤ ਆਇਦ' ਤੋਂ ਸਿੱਖਿਆ ਲੈਂਦਿਆਂ ਆਖਿਰ ਇਸ ਧੜੇ ਦੇ ਆਗੂਆਂ ਨੇ ਸਿਰ ਜੋੜ ਕੇ ਚਲਣ ਦਾ ਪ੍ਰਣ ਲੈ ਲਿਆ ਹੈ। ਦੂਜੇ ਪਾਸੇ ਮੌਜੂਦਾ ਪ੍ਰਬੰਧਕਾਂ ਨੂੰ ਰਵਾਇਤੀ ਕਾਂਗਰਸੀ ਕਰ ਕੇ ਜਾਣੇ ਜਾਂਦੇ ਧੜੇ ਦੀ ਹਮਾਇਤ ਹਾਸਲ ਹੈ ਅਤੇ ਇਸ ਧੜੇ ਦੀ ਨੁਮਾਇੰਦਗੀ ਕਰਦਾ ਉਮੀਦਵਾਰ ਦਵਿੰਦਰ ਸਿੰਘ ਚਾਨਾ ਸਲੇਟ ਵਿਚ ਸ਼ਾਮਲ ਹੈ।

## ਜਯੋਤੀ ਬਸੂ ਦੇ ਦਿਹਾਂਤ 'ਤੇ ਅਫਸੋਸ ਦਾ ਪ੍ਰਗਟਾਵਾ

**ਮਾਡੈਸਟੋ, ਕੈਲੀਫੋਰਨੀਆ:** ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਦੀ ਮੀਟਿੰਗ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸਕੱਤਰ ਬਲਜਿੰਦਰ ਭੱਟੀ ਨੇ ਦੱਸਿਆ ਕਿ ਮੀਟਿੰਗ ਵਿਚ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਅਤੇ ਬਜ਼ੁਰਗ ਕਮਿਊਨਿਸਟ ਆਗੂ ਸ੍ਰੀ ਜਯੋਤੀ ਬਸੂ ਦੇ ਦਿਹਾਂਤ ਉਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਬਿਆਨ ਅਨੁਸਾਰ ਮੀਟਿੰਗ ਵਿਚ ਹੁਣ ਤੱਕ ਦੀਆਂ ਸਰਗਰਮੀਆਂ ਉਤੇ ਵੀ ਵਿਚਾਰ ਕੀਤਾ ਗਿਆ। ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲੇਟ ਨੂੰ ਮਿਲ ਕੇ ਗਦਰੀ ਬਾਬਿਆਂ ਨਾਲ ਸਬੰਧਤ ਥਾਂਵਾਂ 'ਤੇ ਯਾਦਗਾਰਾਂ ਬਣਾਉਣ ਦੀ ਬੇਨਤੀ ਕਰਨ ਦਾ ਪ੍ਰੋਗਰਾਮ ਵੀ ਬਣਾਇਆ ਗਿਆ। ਇਸ ਸਾਲ ਦਾ ਗਦਰੀ ਬਾਬਿਆਂ ਦਾ ਮੇਲਾ ਅਕਤੂਬਰ ਮਹੀਨੇ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਇਕ ਸੋਵੀਨਾਰ ਛਾਪਣ ਦਾ ਵੀ ਫੈਸਲਾ ਲਿਆ ਗਿਆ। ਜਥੇਬੰਦੀ ਦਾ ਘੇਰਾ ਵਿਸ਼ਾਲ ਕਰਨ ਬਾਰੇ ਵੀ ਵਿਚਾਰ ਕੀਤੀ ਗਈ।

## ਚੋਣਾਂ ਜਮੂਹਰੀ ਢਾਂਚੇ ਦਾ ਆਧਾਰ ਹੈ: ਗਾਖਲ

**ਫਰੀਮਾਂਟ:** ਯੂਨਾਈਟਡ ਸਪੋਰਟਸ ਕਲੱਬ ਦੇ ਚੇਅਰਮੈਨ ਅਤੇ ਕਬੱਡੀ ਪਰਮੋਟਰ ਸ੍ਰੀ ਅਮੋਲਕ ਸਿੰਘ ਗਾਖਲ ਨੇ ਆਖਿਆ ਹੈ ਕਿ ਇਸ ਗੱਲ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਚੋਣਾਂ ਜਮਹੂਰੀਅਤ ਢਾਂਚੇ ਦਾ ਮੁੱਢ ਹੈ। ਪ੍ਰਬੰਧਕ ਚੁਣਨ ਲਈ ਚੋਣਾਂ ਦਾ ਢੰਗ ਹੀ ਸਭ ਤੋਂ ਸਹੀ ਹੈ। ਫਰੀਮਾਂਟ ਗੁਰੂਘਰ ਦੀ ਸੰਗਤ ਨੂੰ ਚੋਣਾਂ ਰਾਹੀਂ ਆਪਣੀ ਮਰਜੀ ਦੇ ਪ੍ਰਬੰਧਕ ਚੁਣਨ ਦਾ ਹੱਕ ਇਕ ਲੰਬੀ ਕਾਨੂੰਨੀ ਲੜਾਈ ਲੜਨ ਪਿਛੋਂ ਹਾਸਲ ਹੋਇਆ ਹੈ ਪਰ ਇਹ ਚੋਣ ਸਾਫ-ਸੁਥਰੀ ਅਤੇ ਦੂਸ਼ਣਬਾਜੀ ਤੋਂ ਰਹਿਤ ਹੋਣੀ ਚਾਹੀਦੀ ਹੈ। ਸਾਰੇ ਹੀ ਉਮੀਦਵਾਰ ਬੜੇ ਸਤਿਕਾਰਯੋਗ ਹਨ। ਮੁੱਦਿਆਂ ਤੇ ਵਿਚਾਰ ਹੋਣੀ ਚਾਹੀਦੀ ਹੈ ਅਤੇ ਕਿਸੇ ਪਾਸਿਓਂ ਵੀ ਜਾਤੀ ਚਿੱਕੜ ਨਹੀਂ ਸੁਟਿਆ ਜਾਣਾ ਚਾਹੀਦਾ। ਚੋਣਾਂ ਦੌਰਾਨ ਜੋ ਵਾਅਦੇ ਸੰਗਤ ਨਾਲ ਕੀਤੇ ਜਾਂਦੇ ਹਨ, ਉਨ੍ਹਾਂ ਦਾ ਪੂਰਾ ਨਾ ਹੋਣਾ ਹੀ ਦੂਸ਼ਣਬਾਜੀ ਦਾ ਕਾਰਨ ਬਣਦਾ ਹੈ।

ਬਿਆਨ ਜਾਰੀ ਰਖਦਿਆਂ ਸ੍ਰੀ ਗਾਖਲ ਨੇ ਕਿਹਾ ਕਿ ਇੰਗਲੈਂਡ, ਕੈਨੇਡਾ ਸਾਡੇ ਤੋਂ ਬਹੁਤ ਅੱਗੇ ਨਿਕਲ ਗਏ ਹਨ ਜਿਥੇ ਪੰਜਾਬੀਆਂ ਦੇ ਅਨੇਕਾਂ ਐਮ ਪੀ, ਐਮ ਐਲ ਏ ਬਣੇ ਹਨ ਅਤੇ ਕੋਈ ਤਾਂ ਪ੍ਰੀਮੀਅਰ ਦੀ ਕੁਰਸੀ ਤਕ ਪਹੁੰਚ ਗਏ ਹਨ ਪਰ ਅਮਰੀਕਾ ਵਿਚ ਕਿਸੇ ਵੀ ਗੁਰੂਘਰ ਦੇ ਪ੍ਰਬੰਧਕਾਂ ਵਲੋਂ ਇਹ ਉਪਰਾਲਾ ਨਹੀਂ ਕੀਤਾ ਗਿਆ। ਆਪਸੀ ਦੂਸਣਬਾਜੀ ਅਤੇ ਹਉਮੈ ਵਿਚ ਫਸ ਕੇ ਜੇ ਅਸੀਂ ਇਸ ਬਾਰੇ ਨਾ ਸੋਚਿਆ ਤਾਂ ਅਸੀਂ ਆਉਣ ਵਾਲੀ ਪੀੜੀ ਨੂੰ ਜਵਾਬਦੇਹ ਹੋਵਾਂਗੇ। ਯੂਨਾਈਟਡ ਸਿੱਖ ਜਥੇਬੰਦੀ ਨੇ ਹੇਤੀ ਵਿਚ ਸੇਵਾ ਕਰਕੇ ਜਿਸ ਤਰ੍ਹਾਂ ਸਿੱਖ ਭਾਈਚਾਰੇ ਦਾ ਮਾਣ ਵਧਾਇਆ ਹੈ, ਇਹੋ ਜਿਹੀ ਸੇਵਾ ਲਈ ਗੁਰੂਘਰਾਂ ਨੂੰ ਗੁਰੂ ਦੀ ਗੋਲਕ ਦਾ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ ਤਾਂਕਿ ਗੁਰੂ ਸਾਹਿਬ ਦੇ ਸੰਦੇਸ਼ 'ਗੁਰੂ ਦੀ ਗੋਲਕ ਤੇ ਗਰੀਬ ਦਾ ਮੂੰਹ' ਤੇ ਪਹਿਰਾ ਦਿੱਤਾ ਜਾ ਸਕੇ।

## ਸਿੱਖ ਰਿਲੀਜੀਅਸ ਸੁਸਾਇਟੀ ਦੀ ਚੋਣ ਲਈ ਸਿੱਧਾ ਮੁਕਾਬਲਾ

**ਸ਼ਿਕਾਗੋ:** ਮਿਡਵੈਸਟ ਦੇ ਸਭ ਤੋਂ ਵੱਡੇ ਗੁਰੂਘਰ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ ਦੀਆਂ ਆਉਂਦੀ 4 ਅਪਰੈਲ ਨੂੰ ਹੋ ਰਹੀਆਂ ਚੋਣਾਂ ਵਾਸਤੇ ਮੁਕਾਬਲਾ ਦੋ ਧਿਰਾਂ ਵਿਚਾਲੇ ਸਿੱਧਾ ਹੋਵੇਗਾ। ਇਨ੍ਹਾਂ ਚੋਣਾਂ ਵਿਚ ਸੁਸਾਇਟੀ ਦੇ ਬੋਰਡ ਦੇ ਪੰਜ ਮੈਂਬਰਾਂ ਅਤੇ ਸੰਵਿਧਾਨ ਅਮਲ ਕਮੇਟੀ (ਸੀ ਆਈ ਸੀ) ਦੇ ਇਕ ਮੈਂਬਰ ਦੀ ਚੋਣ ਲਈ ਵੋਟਾਂ ਪੈਣੀਆਂ ਹਨ। ਨਾਮਜ਼ਦਗੀ ਕਾਗਜ਼ ਵਾਪਸ ਲੈਣ ਦੀ ਆਖਰੀ ਤਾਰੀਖ ਲੰਘਣ ਪਿਛੋਂ ਬੋਰਡ ਲਈ ਕੁਲ ਦੱਸ ਅਤੇ ਸੀ ਆਈ ਸੀ ਲਈ ਦੋ ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ।

ਪੰਥਕ ਸੁਪੋਰਟਰਜ਼ ਦੀ ਤਰਫੋਂ ਖੜੀ ਕੀਤੀ ਗਈ ਪੰਥਕ ਸਲੇਟ ਵਿਚ ਬੋਰਡ ਲਈ ਬੀਬੀ ਸੁਖਦੇਵ ਕੌਰ ਘੁੰਮਣ, ਭਾਈ ਕੁਲਦੀਪ ਸਿੰਘ ਝੱਟੂ, ਭਾਈ ਅਮਰਜੀਤ ਸਿੰਘ ਜੌਹਰ, ਭਾਈ ਜੋਗਿੰਦਰ ਸਿੰਘ ਮੁਲਤਾਨੀ ਅਤੇ ਭਾਈ ਨਰਿੰਦਰ ਸਿੰਘ ਚੋਣ ਲੜ ਰਹੇ ਹਨ ਜਦੋਂਕਿ ਸੀ ਆਈ ਸੀ ਦੀ ਸੀਟ ਲਈ ਬੀਬੀ ਜਸਬੀਰ ਕੌਰ ਸਿੰਘ ਉਮੀਦਵਾਰ ਹਨ। ਜ਼ਿਕਰਯੋਗ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ ਦਾ ਪ੍ਰਬੰਧ ਇਸ ਸਮੇਂ ਅਪਰੈਲ 2008 ਤੋਂ ਪੰਥਕ ਸੁਪੋਰਟਰਜ਼ ਵਲੋਂ ਜਿਤਾਈ ਗਈ ਸਲੇਟ ਦੇ ਹੱਥ ਹੈ।

ਦੂਜੇ ਪਾਸੇ ਆਜ਼ਾਦ ਸਿੱਖ ਸੰਗਤ ਵਲੋਂ ਖੜ੍ਹੀ ਕੀਤੀ ਗਈ ਸਲੇਟ ਵਿਚ ਭਾਈ ਸੁਖਵੰਤ ਸਿੰਘ ਖਨੂਜਾ, ਭਾਈ ਲਖਵਿੰਦਰ ਸਿੰਘ, ਬੀਬੀ ਕਮਲਜੀਤ ਕੌਰ ਸੰਘੇੜਾ, ਡਾ. ਅਮਰਜੀਤ ਸਿੰਘ ਅਤੇ ਭਾਈ ਮਹਾਬੀਰ ਸਿੰਘ ਬਰਾੜ ਬੋਰਡ ਲਈ ਖੜ੍ਹੇ ਹਨ ਜਦੋਂਕਿ ਭਾਈ ਮੱਤ ਸਿੰਘ ਢਿੱਲੋਂ ਸੀ ਆਈ ਸੀ ਦੀ ਸੀਟ ਲਈ ਉਮੀਦਵਾਰ ਹਨ। ਭਾਵੇਂ ਇਸ ਸਲੇਟ ਵਲੋਂ ਆਪਣੇ ਆਪ ਨੂੰ ਆਜ਼ਾਦ ਐਲਾਨਿਆ ਜਾ ਰਿਹਾ ਹੈ ਪਰ ਇਸ ਨੂੰ ਸਾਬਕਾ ਪ੍ਰਬੰਧਕਾਂ ਹੁੰਦਲ ਧੜੇ ਦੀ ਭਰਵੀਂ ਹਮਾਇਤ ਹਾਸਿਲ ਹੈ। ਸਿੱਖ ਰਿਲੀਜੀਅਸ ਸੁਸਾਇਟੀ ਦੇ ਨੌਂ ਬੋਰਡ ਮੈਂਬਰ ਹਨ ਅਤੇ ਤਿੰਨ ਸੀ ਆਈ ਸੀ ਮੈਂਬਰ। ਬੋਰਡ ਮੈਂਬਰ ਦੀ ਮਿਆਦ ਚਾਰ ਸਾਲ ਹੈ ਅਤੇ ਸੀ ਆਈ ਸੀ ਮੈਂਬਰ ਦੀ ਛੇ ਸਾਲ। ਨੌਂ ਬੋਰਡ ਮੈਂਬਰਾਂ ਲਈ ਹਰ ਦੋ ਸਾਲ ਬਾਅਦ ਚੋਣ ਹੁੰਦੀ ਹੈ ਅਤੇ ਇਕ ਵਾਰ ਚਾਰ ਮੈਂਬਰ ਚੁਣੇ ਜਾਂਦੇ ਹਨ ਅਤੇ ਇਕ ਵਾਰ ਪੰਜ। ਜਦੋਂਕਿ ਸੀ ਆਈ ਸੀ ਦੇ ਇਕ ਮੈਂਬਰ ਦੀ ਚੋਣ ਹਰ ਦੋ ਸਾਲ ਬਾਅਦ ਹੁੰਦੀ ਹੈ। ਇਸ ਸਮੇਂ ਸੁਸਾਇਟੀ ਦੇ ਕੋਈ ਦੋ ਹਜ਼ਾਰ ਮੈਂਬਰ ਹਨ।

ੴ ਸਤਿਗੁਰ ਪ੍ਰਸਾਦਿ

## ਮਤ ਪਾਇਓ ਜਾਅਲੀ ਵੋਟਾਂ ਗੁਰੂ ਪਿਆਰੀ ਸੰਗਤੇ...

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਦਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਜਿਵੇਂ ਤੁਸੀਂ ਪੜ੍ਹਦੇ-ਸੁਣਦੇ ਆਏ ਹੋ ਕਿ ਮੌਜੂਦਾ ਪ੍ਰਬੰਧਕਾਂ ਨੇ ਗੁਰੂ ਘਰ ਦੇ ਸੰਵਿਧਾਨ ਨਾਲ ਖਿਲਵਾੜ ਕਰਦਿਆਂ ਅਤੇ ਕਾਇਦੇ ਕਾਨੂੰਨ ਨੂੰ ਛਿੱਕੇ ਟੰਗ ਕੇ ਕੁਝ ਅਜਿਹੀਆਂ ਵੋਟਾਂ ਬਣਾਈਆਂ ਹਨ ਜੋ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਈਆਂ ਜਾ ਸਕਦੀਆਂ। ਉਦਾਹਰਣ ਦੇ ਤੌਰ 'ਤੇ ਰਵਾਇਤ ਹੈ ਕਿ ਵੋਟਰ ਫਾਰਮ ਸਿਰਫ ਗੁਰੂ ਘਰ ਅੰਦਰ ਹੀ ਭਰੇ ਜਾ ਸਕਦੇ ਸਨ ਪਰ ਮੌਜੂਦਾ ਪ੍ਰਬੰਧਕਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਫਾਰਮ ਏਅਰਪੋਰਟਾਂ, ਫੈਕਟਰੀਆਂ ਅਤੇ ਘਰਾਂ ਵਿਚ ਜਾ ਕੇ ਭਰਵਾ ਕੇ ਵੋਟਾਂ ਬਣਾ ਲਈਆਂ ਹਨ, ਜਿਸ ਦੇ ਪੁਖਤਾ ਸਬੂਤ ਮੌਜੂਦ ਹਨ। ਕਸੂਰਵਾਰ ਕੌਣ? ਇਸ ਲਈ ਕਸੂਰਵਾਰ ਸੰਗਤ ਨਹੀਂ, ਸਗੋਂ ਉਹ ਲੋਕ ਹਨ ਜਿਨ੍ਹਾਂ ਨੇ ਗੁਰੂ ਦਾ ਭੈਅ ਭੁਲਾ ਕੇ ਇਹ ਜਾਣਦਿਆਂ ਹੋਇਆਂ ਵੀ ਵੋਟਾਂ ਬਣਾਈਆਂ ਕਿ ਇਸ ਤਰ੍ਹਾਂ ਕਰਨਾ ਸਹੀ ਨਹੀਂ ਹੈ।

ਸਾਧ ਸੰਗਤ ਜੀ, ਇਹ ਗੁਰੂ ਘਰ ਦੀ ਪ੍ਰਬੰਧਕੀ ਕਮੇਟੀ ਦੀ ਚੋਣ ਹੈ। ਅਸੀਂ ਜਾਅਲੀ ਵੋਟਾਂ ਪਾ ਕੇ ਗੁਰੂ ਦੇ ਦੇਣਦਾਰ ਕਿਉਂ ਬਣੀਏ? ਗੁਰੂ ਪਿਆਰੀ ਸੰਗਤ ਜੀ! ਆਓ, ਆਪਾਂ ਸੋਚੀਏ, ਵਿਚਾਰੀਏ ਅਤੇ ਅਜਿਹੀ ਕੋਈ ਵੋਟ ਨਾ ਪਾਈਏ ਜਿਹੜੀ ਪ੍ਰਬੰਧਕਾਂ ਨੇ ਸਭ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਬਣਾਈ ਹੈ। ਅਜਿਹੀ ਵੋਟ ਪਾਉਣ ਤੋਂ ਪਹਿਲਾਂ ਸੋਚੀਏ-ਵਿਚਾਈਏ ਤੇ ਪ੍ਰਬੰਧਕਾਂ ਦੀ ਗਲਤੀ ਕਰਕੇ ਅਸੀਂ-ਤੁਸੀਂ ਗੁਰੂ ਦੇ ਦੇਣਦਾਰ ਨਾ ਬਣੀਏ। 14 ਮਾਰਚ, 2010 ਨੂੰ ਇਹ ਬਿਲਕੁਲ ਨਹੀਂ ਭੁੱਲਣਾ!!!

ਤੁਹਾਡੇ ਝਾੜੂਬਰਦਾਰ

ਭਾਈ ਕੁਲਜੀਤ ਸਿੰਘ ਅਤੇ ਭਾਈ ਹਰਮਿੰਦਰ ਸਿੰਘ

## ਸੰਨੀ ਧੂੜ ਨੂੰ ਓਵਰਸੀਜ਼ ਕਾਂਗਰਸ ਦਾ ਮੀਤ ਪ੍ਰਧਾਨ ਬਣਨ 'ਤੇ ਵਧਾਈ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਅਤੇ ਅਮਰੀਕੀ ਸਿਆਸਤ ਵਿਚ ਡੈਮੋਕਰੈਟ ਪਾਰਟੀ ਵਿਚ ਸਰਗਰਮ ਸ੍ਰੀ ਸੰਨੀ ਧੂੜ ਦੇ ਓਵਰਸੀਜ਼ ਕਾਂਗਰਸ ਦਾ ਪ੍ਰਧਾਨ ਬਣਨ 'ਤੇ ਗਲੋਬਲ ਮਲਟੀ ਸਰਵਿਸਜ਼, ਲੈਥਰਾਪ ਦੇ ਮੁਖੀ ਸ੍ਰੀ ਰਾਜਿੰਦਰ ਸਿੰਘ ਟਾਂਡਾ ਅਤੇ ਉਨ੍ਹਾਂ ਦੇ ਬਹੁਤ ਸਾਰੇ ਸਾਥੀਆਂ ਨੇ ਸਵਾਗਤ ਕਰਦਿਆਂ ਆਸ ਪ੍ਰਗਟ ਕੀਤੀ ਹੈ ਕਿ ਸ੍ਰੀ ਧੂੜ ਭਾਰਤੀ ਭਾਈਚਾਰੇ ਦੀ ਹੋਰ ਵੀ ਸਰਗਰਮ ਹੋ ਕੇ ਸੇਵਾ ਕਰ ਸਕਣਗੇ।

ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਟਾਂਡਾ ਅਤੇ ਉਨ੍ਹਾਂ ਦੇ ਸਾਥੀਆਂ ਬਲਜਿੰਦਰ ਸਿੰਘ, ਗੁਰਦੀਪ ਸਿੰਘ, ਮਨੀਤਪਾਲ ਸਿੰਘ, ਬਿਕਰਮਜੀਤ ਸਿੰਘ ਅਤੇ ਪਰਮਪਾਲ ਸਿੰਘ ਬਜਾਜ ਨੇ ਪੰਜਾਬ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦੇ ਸੀਨੀਅਰ ਆਗੂਆਂ ਦਾ ਧੰਨਵਾਦ ਕਰਦਿਆਂ ਆਖਿਆ ਹੈ ਕਿ ਸ੍ਰੀ ਸੰਨੀ ਧੂੜ ਜਿਹੇ ਮਿਹਨਤੀ ਅਤੇ ਅਣਥਕ ਸੇਵਾ ਕਰਨ ਵਾਲੇ ਆਗੂ ਨੂੰ ਪਾਰਟੀ ਇਕਾਈ ਦਾ ਮੀਤ ਪ੍ਰਧਾਨ ਬਣਾ ਕੇ ਸਹੀ ਫੈਸਲਾ ਲਿਆ ਗਿਆ ਹੈ।

ਇਸੇ ਤਰ੍ਹਾਂ ਸੈਕਰਾਮੈਂਟੋ ਤੋਂ ਸ. ਦਵਿੰਦਰ ਸਿੰਘ ਝਾਵਰ, ਕੁਲਦੀਪ ਸਿੰਘ, ਸੇਵਾ ਸਿੰਘ ਭਿੰਡਰ, ਅਮਰਜੀਤ ਸਿੰਘ ਅਤੇ ਹਰਪ੍ਰੀਤ ਸਿੰਘ, ਫਰੀਮਾਂਟ ਤੋਂ ਲਖਵੀਰ ਸਿੰਘ, ਗੁਰਮੀਤ ਸਿੰਘ ਤੇ ਜਤਨਵੀਰ ਸਿੰਘ ਅਤੇ ਸੈਨ ਹੋਜ਼ੇ ਤੋਂ ਅਮਨਦੀਪ ਸਿੰਘ ਸੈਣੀ, ਰਮਨਦੀਪ ਸਿੰਘ ਸੈਣੀ, ਖੁਸ਼ਵਿੰਦਰ ਸਿੰਘ, ਗੁਰਬਰਿੰਦਰ ਸਿੰਘ, ਈਸ਼ਰ ਸਿੰਘ ਅਤੇ ਇਕਬਾਲ ਸਿੰਘ ਨੇ ਵੀ ਸ੍ਰੀ ਸੰਨੀ ਧੂੜ ਦੇ ਪੰਜਾਬ ਓਵਰਸੀਜ਼ ਕਾਂਗਰਸ ਦਾ ਮੀਤ ਪ੍ਰਧਾਨ ਬਣਨ ਦਾ ਭਰਵਾਂ ਸਵਾਗਤ ਕੀਤਾ ਹੈ।

ਮਿਸ਼ੀਗਨ ਤੋਂ ਅਵਤਿੰਦਰ ਚਾਵਲਾ, ਮਨਜਿੰਦਰ ਸਿੰਘ, ਕੁਲਵੰਤ ਸਿੰਘ, ਜਤਿੰਦਰ ਰਾਣਾ, ਇੰਦਰਜੀਤ ਸਿੰਘ, ਵਿਕਾਸ ਸ਼ਰਮਾ, ਦਿਆਲ ਸਿੰਘ, ਵਿਕਰਮ ਸਿੰਘ, ਮਨਜੀਤ ਸਿੰਘ ਲੈਨਸਿੰਗ, ਮਨਜੀਤ ਸਿੰਘ ਨੰਨਣ, ਮਨਜੀਤ ਸਿੰਘ ਸੈਗਨਾਅ, ਸੁਖਬੀਰ ਸਿੰਘ ਬੈਂਟਨ ਹਾਰਬਰ, ਰੇਸ਼ਮ ਸਿੰਘ ਸੈਣੀ, ਬਾਬ ਖਹਿਰਾ ਡਿਟਰਾਇਟ, ਡਿਟਰਾਇਟ ਤੋਂ ਰਮੇਸ਼ ਵਰਮਾ, ਬਲਵੰਤ ਸਿੰਘ, ਡਿੰਪਲ ਤੇ ਗੁਰਦੇਵ ਸਿੰਘ ਲੈਨਸਿੰਗ ਅਤੇ ਜਗਰਾਜ ਸਿੰਘ ਅਟਵਾਲ ਨੇ ਇਸ ਨਿਯੁਕਤੀ ਦਾ ਸਵਾਗਤ ਕੀਤਾ ਹੈ।

# ਕੁਝ ਦਿਖਾਈ ਨਹੀਂ ਦੇ ਰਿਹਾ ਵੋਟਾਂ ਮੰਗਣ ਲਈ

ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਮਹਿਜ ਤਿੰਨ ਹਫਤੇ ਬਾਕੀ ਹਨ ਅਤੇ ਮੌਜੂਦਾ ਪ੍ਰਬੰਧਕ ਸੰਗਤ ਨੂੰ ਭਰਮਾਉਣ ਲਈ ਪਿਛਲੇ ਤਿੰਨ ਹਫਤੇ ਤੋਂ ਇਕ ਹੀ ਡਰਾਮਾ ਕਰੀ ਜਾ ਰਹੇ ਹਨ-ਪੰਜਾਹ ਹਜ਼ਾਰ ਡਾਲਰ ਦੀ ਰਕਮ ਦਾ ਵੱਡਾ ਸਾਰਾ ਗੱਤੇ ਦਾ ਚੈਕ ਹੈ ਜੋ ਪਿਛਲੇ ਤਿੰਨ ਹਫਤਿਆਂ ਵਿਚ ਫਰੀਮਾਂਟ ਸਿਟੀ ਦੇ ਵੱਖ ਵੱਖ ਕਰਮਚਾਰੀਆਂ ਨੂੰ ਭੇਂਟ ਕੀਤਾ ਜਾ ਚੁਕਾ ਹੈ ਅਤੇ ਚੈਕ ਭੇਂਟ ਕਰਨ ਦੀਆਂ ਤਸਵੀਰਾਂ ਵੱਖ ਵੱਖ ਅਖਬਾਰਾਂ ਵਿਚ ਮੁੜ ਮੁੜ ਛਪਵਾਈਆਂ ਜਾ ਰਹੀਆਂ ਹਨ। ਇਸ ਚੈਕ ਦਾ ਰਾਜ਼ ਕੀ ਹੈ? ਕੀ ਇਹ ਇਕ ਮਹਿਜ ਪਬਲੀਸਿਟੀ ਸਟੰਟ ਹੈ ਜਾਂ ਫਿਰ ਇਸ ਦੇ ਪਿਛੇ ਕੋਈ ਨਿੱਗਰ ਗੱਲ ਵੀ ਹੈ?



ਮਿਸ਼ਨ ਬੁਲੇਵਾਰਡ ਤੋਂ ਗੁਰੂ ਘਰ ਨੂੰ ਜਾਂਦੀ ਗੁਰਦੁਆਰਾ ਰੋਡ ਉਤੇ ਲਾਈਟਾਂ ਲਗਵਾਉਣ ਲਈ ਇਹ ਚੈਕ ਭੇਂਟ ਕੀਤਾ ਗਿਆ ਦੱਸਿਆ ਜਾਂਦਾ ਹੈ। ਚੀਚੀ ਨੂੰ ਲਹੂ ਲਗਾ ਕੇ ਸ਼ਹੀਦ ਬਣਨ ਦਾ ਪੂਰਾ ਭਰਮ ਪਾਲਿਆ ਜਾ ਰਿਹਾ ਹੈ। ਲਾਈਟ ਦਾ ਕੁਝ ਖਰਚ ਸਟੇਟ ਨੇ ਦੇਣਾ ਸੀ ਅਤੇ ਬਾਕੀ ਫਰੀਮਾਂਟ ਸਿਟੀ ਨੇ। ਸਿਟੀ ਵਾਲੇ ਖਰਚੇ ਲਈ ਸਾਡੇ ਮੌਜੂਦਾ ਪ੍ਰਬੰਧਕਾਂ ਨੇ ਆਪੇ ਹੀ ਆਪਣਾ ਸਿਰ ਫਸਾ ਲਿਆ ਸਿਰਫ ਇਸ ਮਨੋਰਥ ਨਾਲ ਕਿ ਦੱਸ ਸਕਣ- ਬੱਲੇ ਬਈ ਸ਼ੇਰਾ ਅਸੀਂ ਲਾਈਟ ਲਗਵਾ ਦਿੱਤੀ, ਪੰਜਾਹ ਹਜ਼ਾਰ ਡਾਲਰ ਦੇਣਾ ਮੰਨ ਲਿਆ। ਇਸ ਗੱਤੇ ਵਾਲੇ ਚੈਕ ਪਿਛੇ ਇਹੋ ਰਾਜ ਹੈ ਅਤੇ ਹੁਣ ਇਸ ਨਾਲ ਮਸ਼ਹੂਰੀ ਤੇ ਬੱਲੇ ਬੱਲੇ ਖੱਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਸਲੀਅਤ ਇਹ ਹੈ ਕਿ ਲਾਈਟ ਲਗਵਾਉਣ ਦਾ ਕਾਰਜ ਪਿਛਲੇ ਪ੍ਰਬੰਧਕਾਂ ਨੇ ਭਾਈ ਰਾਮ ਸਿੰਘ ਦੀ ਅਗਵਾਈ ਹੇਠ ਅਰੰਭਿਆ ਸੀ। ਅਜਿਹੇ ਮਾਮਲਿਆਂ ਵਿਚ ਸ਼ੁਰੂਆਤੀ ਕੰਮ ਬੇਹੱਦ ਮੁਸ਼ਕਲ ਹੁੰਦਾ ਹੈ, ਉਹ ਕਰ ਲਿਆ ਗਿਆ ਸੀ ਪਰ ਅੱਜ ਇਸ ਤਰ੍ਹਾਂ ਸ਼ੋਸ਼ੇਬਾਜ਼ੀ ਕੀਤੀ ਜਾ ਰਹੀ ਹੈ ਕਿ ਪੰਜਾਹ ਹਜ਼ਾਰ ਡਾਲਰ ਨਾਲ ਲਾਈਟ ਲੱਗ ਰਹੀ ਹੈ।

ਦਰਅਸਲ ਮੌਜੂਦਾ ਪ੍ਰਬੰਧਕਾਂ ਨੇ ਪਿਛਲੇ ਦੋ ਸਾਲਾਂ ਵਿਚ ਅਜਿਹਾ ਕੁਝ ਵੀ ਨਹੀਂ ਕੀਤਾ ਜਿਸ ਦੀ ਬਿਨਾ ਉਤੇ ਉਹ ਸੰਗਤ ਪਾਸੋਂ ਵੋਟਾਂ ਮੰਗ ਸਕਣ। ਪ੍ਰਬੰਧਕਾਂ ਦੇ ਵਿਸ਼ੇਸ਼ ਕਾਰਜਾਂ ਵਿਚ ਅਖੰਡ ਪਾਠਾਂ ਦੀਆਂ ਲੜੀਆਂ ਹਨ, ਰੰਗ ਰੋਗਨ ਹੈ ਅਤੇ ਸਾਈਡ ਰੇਲਿੰਗ ਹੈ। ਜਾਂ ਫਿਰ ਲਿਹਾਜ ਪਾਲਣ ਲਈ ਦਿੱਤੇ ਗਏ ਸਿਰੋਪਾਓ। ਕਿਸੇ ਵੱਡੇ ਪ੍ਰਾਜੈਕਟ ਨੂੰ ਹੱਥ ਵੀ ਨਹੀਂ ਪਾਇਆ ਗਿਆ।

ਪੁਰਾਣੇ ਪ੍ਰਬੰਧਕਾਂ ਨੇ ਕੈਨੋਪੀ ਦੇ ਨਾਲ ਨਾਲ ਲੰਗਰ ਹਾਲ ਨੂੰ ਵੱਡਾ ਕਰਨ ਲਈ ਪਰਮਿਟ ਲਏ ਸਨ ਅਤੇ ਦੂਜੀ ਮੰਜ਼ਲ ਉਤੇ ਕੁਝ ਹੋਰ ਕਮਰੇ ਬਣਾਏ ਜਾਣੇ ਸਨ ਪਰ ਮੌਜੂਦਾ ਪ੍ਰਬੰਧਕਾਂ ਨੇ ਉਸ ਕੰਮ ਨੂੰ ਉਕਾ ਹੀ ਹੱਥ ਨਹੀਂ ਪਾਇਆ। ਪੁਰਾਣੇ ਪ੍ਰਬੰਧਕਾਂ ਵਲੋਂ ਅਰੰਭੀ ਗਈ ਕੈਨੋਪੀ ਦੀ ਉਸਾਰੀ ਵੀ ਮਸੀਂ ਹੀ ਪੂਰੀ ਕੀਤੀ।

ਗੁਰੂ ਘਰ ਆਉਂਦੀ ਸੰਗਤ ਵਾਸਤੇ ਕਾਰਾਂ ਦੀ ਪਾਰਕਿੰਗ ਬਹੁਤ ਵੱਡੀ ਸਮੱਸਿਆ ਹੈ। ਪਿਛਲੇ ਦੋ ਸਾਲਾਂ ਵਿਚ ਸੈਂਕੜੇ ਲੋਕਾਂ ਨੂੰ ਪਾਰਕਿੰਗ ਟਿਕਟਾਂ ਮਿਲ ਚੁਕੀਆਂ ਹਨ ਜਾਂ ਉਨ੍ਹਾਂ ਦੀਆਂ ਕਾਰਾਂ ਟੋਅ ਹੋ ਚੁਕੀਆਂ ਹਨ ਜਿਸ ਕਰਕੇ ਉਨ੍ਹਾਂ ਨੂੰ ਹਜ਼ਾਰਾਂ ਡਾਲਰ ਜੁਰਮਾਨੇ ਵਜੋਂ ਭਰਨੇ ਪਏ ਹਨ। ਮੌਜੂਦਾ ਪ੍ਰਬੰਧਕਾਂ ਨੇ ਇਸ ਪਾਸੇ ਵੱਲ ਉਕਾ ਹੀ ਕੋਈ ਧਿਆਨ ਨਹੀਂ ਦਿੱਤਾ। ਮਾਪਿਆਂ ਦੀ ਮਰਜ਼ੀ ਦੇ ਉਲਟ 'ਸੋਝੀ ਸਿਲੇਬਸ' ਲਾਗੂ ਕੀਤਾ ਗਿਆ। ਨਤੀਜਾ ਸਾਹਮਣੇ ਹੈ। ਮਾਪਿਆਂ ਨੇ ਆਪਣੇ ਬੱਚੇ ਗੁਰੂ ਘਰ ਦੇ ਸਕੂਲ ਤੋਂ ਹਟਾ ਲਏ। ਅੱਜ ਮਸਾਂ ਤੀਜਾ ਹਿੱਸਾ ਬੱਚੇ ਹੀ ਇਸ ਸਕੂਲ ਵਿਚ ਰਹਿ ਗਏ ਹਨ।

ਸੀਨੀਅਰ ਸਿਟੀਜ਼ਨਾਂ ਦੀ ਜ਼ਰੂਰਤ ਲਈ ਲਗਵਾਈ ਗਈ ਬੱਸ ਇਨ੍ਹਾਂ ਪ੍ਰਬੰਧਕਾਂ ਨੇ ਆਪਣੀ ਨਾਲਾਇਕੀ ਨਾਲ ਬੰਦ ਕਰਵਾ ਕੇ ਹੀ ਸਾਹ ਲਿਆ। ਬੇਘਰੇ ਲੋਕਾਂ ਨੂੰ ਜਾਂਦਾ ਖਾਣਾ ਵੀ ਬੰਦ ਕਰ ਦਿੱਤਾ ਗਿਆ। ਇਨ੍ਹਾਂ ਪ੍ਰਬੰਧਕਾਂ ਨੇ ਪੁਰਾਣੇ ਪ੍ਰਬੰਧਕਾਂ ਨੂੰ ਬਦਨਾਮ ਕਰਨ ਦੇ ਮਨੋਰਥ ਨਾਲ ਇਕ ਰਿਪੋਰਟ ਛਾਪੀ ਜਿਸ ਉਤੇ ਸੰਗਤ ਦਾ ਆਪਣੀ ਕਿਰਤ ਕਮਾਈ ਵਿਚੋਂ ਇਕ ਇਕ ਡਾਲਰ ਕਰਕੇ ਭੇਟ ਕੀਤਾ ਪੰਜ ਹਜ਼ਾਰ ਡਾਲਰ ਫੂਕ ਦਿੱਤਾ ਗਿਆ। ਪਿਛਲੇ ਪ੍ਰਬੰਧਕਾਂ ਵਲੋਂ ਮਿਸ਼ਨ ਬੁਲੇਵਾਰਡ ਉਤੇ ਖਰੀਦੀ ਗਈ ਸੌ ਏਕੜ ਜ਼ਮੀਨ ਉਪਰ ਕੁਝ ਬਣਾਉਣ ਜਾਂ ਇਸ ਦਾ ਵਿਕਾਸ ਕਰਨ ਦੀ ਥਾਂ 'ਤੇ ਇਸ ਖਰੀਦ ਨੂੰ ਗਲਤ ਸਾਬਤ ਕਰਨ ਉਪਰ ਹੀ ਸਾਰਾ ਜ਼ੋਰ ਲਾਈ ਰੱਖਿਆ। ਸਿਟੀ ਵਿਚ ਸੁਣਵਾਈ ਹੋਈ ਤਾਂ ਕਮੇਟੀ ਵਲੋਂ ਭੇਜਿਆ ਗਿਆ ਨੁਮਾਇੰਦਾ ਡਾ. ਜਗਤਾਰ ਸਿੰਘ ਸੰਧੂ ਗੁਰੂ ਘਰ ਤਾਂ ਭਾਵੇਂ ਦਸਤਾਰ ਬੰਨ੍ਹ ਕੇ ਆਉਂਦਾ ਹੈ ਪਰ ਉਥੇ ਪਟੇ ਖਿਲਾਰ ਕੇ ਚਲਾ ਗਿਆ। ਡਾ. ਸੰਧੂ ਨੇ ਵਾਅਦਾ ਮੁਆਫ ਗਵਾਹ ਵਾਂਗ ਸਿਟੀ ਪਾਸ ਆਖਿਆ ਕਿ ਪੁਰਾਣੇ ਪ੍ਰਬੰਧਕਾਂ ਨੇ ਇਹ ਜ਼ਮੀਨ ਸੰਗਤ ਦੀ ਇੱਛਾ ਦੇ ਉਲਟ ਖਰੀਦੀ ਹੈ। ਜਿਵੇਂ ਕਹਿ ਰਹੇ ਹੋਣ ਅਸੀਂ ਗਲਤੀ ਕੀਤੀ ਹੈ, ਹੁਕਮ ਕਰੋ ਅਸੀਂ ਕੀ ਹਰਜ਼ਾਨਾ ਭਰੀਏ। ਮਤਲਬ ਸਾਰਾ ਜ਼ੋਰ ਖਰੀਦੀ ਗਈ ਇਸ ਜ਼ਮੀਨ ਨੂੰ ਗਲਤ ਸਾਬਤ ਕਰਨ ਉਤੇ ਹੀ ਲਗਾ ਦਿੱਤਾ ਗਿਆ ਜਦੋਂਕਿ ਇਸ ਜ਼ਮੀਨ ਉਤੇ ਪਾਰਕਿੰਗ ਦਾ ਪ੍ਰਾਜੈਕਟ ਬਣਾ ਕੇ ਪਾਰਕਿੰਗ ਦਾ ਮਸਲਾ ਹੱਲ ਕੀਤਾ ਜਾ ਸਕਦਾ ਸੀ।

ਚੇਲੇ ਦਾ ਗਰੁਪ 1996 ਤੋਂ 2004 ਤੱਕ ਗੁਰੂ ਘਰ ਦੇ ਪ੍ਰਬੰਧ ਉਤੇ ਜਬਰਨ ਕਾਬਜ਼ ਰਿਹਾ। ਇਸ ਗਰੁਪ ਨੇ ਗੁਰੂ ਘਰ ਉਤੇ ਇਕ ਇੱਟ ਤੱਕ ਨਹੀਂ ਲਾਈ। ਹੁਣ ਪਿਛਲੇ ਦੋ ਸਾਲਾਂ ਵਿਚ ਕਿਸੇ ਮਸਲੇ ਦਾ ਹੱਲ ਨਹੀਂ ਕੀਤਾ। ਜੋ ਕੁਝ ਵੀ ਕੀਤਾ ਹੈ ਪਬਲੀਸਿਟੀ ਸਟੰਟ ਬਣਾਉਣ ਲਈ ਕੀਤਾ ਹੈ। ਹੁਣ ਇਸੇ ਮਨੋਰਥ ਨਾਲ ਚੋਣਾਂ ਸਾਹਮਣੇ ਰੱਖ ਕੇ ਲਾਈਟਾਂ ਲਈ ਗੱਤੇ ਦੇ ਚੈਕ ਦਾ ਪਰਪੰਚ ਰਚਿਆ ਗਿਆ ਹੈ। ਵੋਟਾਂ ਮੰਗਣ ਲਈ ਕੋਈ ਮੁੱਦਾ ਵਿਖਾਈ ਨਹੀਂ ਦੇ ਰਿਹਾ। ਅਜਿਹੇ ਹਾਲਾਤ ਵਿਚ ਵਿਚਾਰੇ ਕਰਨ ਵੀ ਕੀ? ਗੱਤੇ ਦਾ ਇਹ ਚੈਕ ਹੀ ਘੁਮਾਉਣਗੇ। ਕਦੇ ਕਿਸੇ ਅਖਬਾਰ ਵਿਚ ਅਤੇ ਕਦੇ ਕਿਸੇ ਅਖਬਾਰ ਵਿਚ। ਸ਼ਾਇਦ ਸੰਗਤ ਇਹ ਭੁਲੇਖਾ ਖਾ ਜਾਏ ਕਿ ਮਿਸ਼ਨ ਬੁਲੇਵਾਰਡ ਉਤੇ ਲਾਈਟ ਮੌਜੂਦਾ ਪ੍ਰਬੰਧਕਾਂ ਦੇ ਯਤਨਾਂ ਨਾਲ ਲਾਈ ਜਾ ਰਹੀ ਹੈ ਜੋ ਕਿ ਅਸਲ ਸੱਚ ਨਹੀਂ ਹੈ।

ਮੌਜੂਦਾ ਪ੍ਰਬੰਧਕਾਂ ਪਾਸ ਕੋਈ ਅਜਿਹੀ ਪ੍ਰਾਪਤੀ ਜਾਂ ਮੁੱਦਾ ਨਹੀਂ ਹੈ ਜਿਸ ਦੇ ਸਹਾਰੇ ਉਹ ਸੰਗਤ ਪਾਸੋਂ ਵੋਟਾਂ ਮੰਗ ਸਕਣ। ਇਹੋ ਕਾਰਨ ਹੈ ਕਿ ਮੌਜੂਦਾ ਪ੍ਰਬੰਧਕਾਂ ਦਾ 'ਦਾਦਾ' ਹਮੇਸ਼ਾ ਦੀ ਤਰ੍ਹਾਂ ਸ਼ੋਸ਼ੇਮਾਰਕਾ ਸਿਆਸਤ ਖੇਡ ਰਿਹਾ ਹੈ।

## *ਸੰਗਤ ਨੂੰ ਬੇਨਤੀ*

ਤੁਹਾਡੀ ਸੇਵਾ ਲਈ ਪੰਥ ਦੇ ਅਜਮਾਏ ਹੋਏ ਨਿਧੜਕ ਆਗੂ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਵਿਚ ਪੰਥਕ ਸਲੇਟ ਇਨ੍ਹਾਂ ਚੋਣਾਂ ਵਿਚ ਖੜ੍ਹੀ ਹੈ। ਇਹ ਸਲੇਟ ਗੁਰਦੁਆਰਾ ਫਰੀਮਾਂਟ ਦੀ ਸੰਗਤ ਦੇ ਅਹਿਮ ਮੁੱਦਿਆਂ ਦਾ ਸਥਾਈ ਹੱਲ ਲੱਭੇਗੀ-ਪਾਰਕਿੰਗ ਲਈ ਠੋਸ ਅਤੇ ਸਥਾਈ ਪ੍ਰਬੰਧ ਕੀਤਾ ਜਾਏਗਾ, ਪਹਿਲਾਂ ਖਰੀਦੀ ਗਈ ਸੌ ਏਕੜ ਜ਼ਮੀਨ ਦੀ ਵਰਤੋਂ ਸੰਗਤ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਜਾਏਗੀ, ਖਾਲਸਾ ਸਕੂਲ ਨੂੰ ਮੁੜ ਸਹੀ ਲੀਹਾਂ 'ਤੇ ਪਾ ਕੇ ਨਵੀਂ ਪੀੜ੍ਹੀ ਨੂੰ ਗੁਰਮਤਿ ਨਾਲ ਜੋੜਨ ਦਾ ਯਤਨ ਕੀਤਾ ਜਾਏਗਾ ਅਤੇ ਸਿੱਖ ਬੱਚਿਆਂ ਨੂੰ ਦਰਪੇਸ਼ ਮਸਲਿਆਂ ਦਾ ਹੱਲ ਲੱਭਿਆ ਜਾਏਗਾ। ਬੇਨਤੀ ਹੈ ਕਿ ਆਪ ਸਮੂਹ ਸੰਗਤਾਂ ਪੰਥਕ ਸਲੇਟ ਦੇ ਆਪ ਜੀ ਦੇ ਨਾਲ ਖੜ੍ਹੇ ਹੋਣ ਵਾਲੇ ਤੇ ਪਰਖੇ ਹੋਏ ਉਮੀਦਵਾਰਾਂ ਨੂੰ ਆਉਂਦੀ 14 ਮਾਰਚ ਨੂੰ ਹੋ ਰਹੀਆਂ ਚੋਣਾਂ ਵਿਚ ਆਪਣਾ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ ਜੀ।

**ਜਾਰੀ ਕਰਤਾ: ਭਾਈ ਕੁਲਜੀਤ ਸਿੰਘ ਅਤੇ ਭਾਈ ਹਰਮਿੰਦਰ ਸਿੰਘ**

# ਕੀਰਤਨ ਪ੍ਰਸਾਰਣ ਦੀ 50 ਲੱਖ ਮਿਲਦੀ ਫ਼ੀਸ ਬਣੀ ਭੇਦ

**ਅੰਮ੍ਰਿਤਸਰ :** ਦਰਬਾਰ ਸਾਹਿਬ ਤੋਂ ਨਿੱਜੀ ਚੈਨਲ ਰਾਹੀਂ ਪ੍ਰਸਾਰਤ ਕੀਤੇ ਜਾਣ ਵਾਲੇ ਕੀਰਤਨ ਲਈ ਸ਼੍ਰੋਮਣੀ ਕਮੇਟੀ ਅਤੇ ਨਿੱਜੀ ਚੈਨਲ ਕੰਪਨੀ ਵਿਚਾਲੇ ਦਸ ਸਾਲ ਪਹਿਲਾਂ ਹੋਇਆ ਸਮਝੌਤਾ 'ਤੂੰ ਮੈਨੂੰ ਮੁੱਲਾਂ ਆਖ, ਮੈਂ ਤੈਨੂੰ ਕਾਜ਼ੀ ਕਹਾਂ' ਵਾਲੀ ਕਹਾਵਤ ਅਨੁਸਾਰ ਹੀ ਚੱਲ ਰਿਹਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਨਿੱਜੀ ਚੈਨਲ ਕੋਲੋਂ ਹਰ ਸਾਲ ਲਏ ਜਾਣ ਵਾਲੇ 50 ਲੱਖ ਰੁਪਏ ਕਿਸ ਖਾਤੇ ਵਿਚ ਜਮ੍ਹਾਂ ਕਰਦੀ ਹੈ, ਇਸ ਬਾਰੇ ਗੁਰੂ ਕੀ ਸੰਗਤ ਨੂੰ ਕੋਈ ਜਾਣਕਾਰੀ ਨਹੀਂ ਦਿਤੀ ਜਾ ਰਹੀ। ਨਿੱਜੀ ਚੈਨਲ, ਪ੍ਰਸਾਰਣ ਲਈ ਤੈਅ ਕੀਤੇ ਨਿਯਮਾਂ ਦੀ ਪਾਲਣਾ ਕਿਉਂ ਨਹੀਂ ਕਰ ਰਿਹਾ, ਇਹ ਦਸਣ ਲਈ ਵੀ ਸ਼੍ਰੋਮਣੀ ਕਮੇਟੀ ਤਿਆਰ ਨਹੀਂ ਹੈ। ਸਤੰਬਰ, 2000 ਵਿਚ ਈ.ਟੀ.ਸੀ. ਚੈਨਲ ਅਤੇ ਸ਼੍ਰੋਮਣੀ ਕਮੇਟੀ ਦੀ ਤਤਕਾਲੀ ਪ੍ਰਧਾਨ ਬੀਬੀ ਜਗੀਰ ਕੌਰ ਵਿਚਾਲੇ ਹੋਏ ਸਮਝੌਤੇ ਅਨੁਸਾਰ ਈ.ਟੀ.ਸੀ. ਚੈਨਲ ਨੇ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਣ ਸ਼ੁਰੂ ਕੀਤਾ ਸੀ ਜਿਹੜਾ ਅਜੇ ਤਕ ਜਾਰੀ ਹੈ। ਸਮਝੌਤੇ ਉਤੇ ਦਸਤਖ਼ਤ ਕਰਨ ਵਾਲਿਆਂ ਵਿਚ ਈ.ਟੀ.ਸੀ. ਨੈੱਟਵਰਕਸ ਦੇ ਸ. ਜਗਜੀਤ ਸਿੰਘ ਕੋਹਲੀ ਅਤੇ ਬੀਬੀ ਜਗੀਰ ਕੌਰ ਵਿਚਾਲੇ ਤੈਅ ਹੋਇਆ ਸੀ ਕਿ ਚੈਨਲ ਹਰ ਸਾਲ 50 ਲੱਖ ਰੁਪਏ ਸ਼੍ਰੋਮਣੀ ਕਮੇਟੀ ਨੂੰ ਵਿਦਿਆ ਲਈ ਦੇਵੇਗਾ ਅਤੇ ਚੈਨਲ ਵੱਖ-ਵੱਖ ਇਸ਼ਤਿਹਾਰਾਂ ਤੋਂ ਹੋਣ ਵਾਲੀ ਆਮਦਨ ਦਾ 10 ਫ਼ੀ ਸਦੀ ਹਿੱਸਾ ਵੀ ਕਮੇਟੀ ਨੂੰ ਅਦਾ ਕਰੇਗਾ। ਤੈਅ ਸ਼ਰਤਾਂ ਅਨੁਸਾਰ ਚੈਨਲ ਅਪਣੇ ਚਾਰਟਰਡ ਅਕਾਊਟੈਂਟ ਵਲੋਂ ਤਿਆਰ ਆਮਦਨ ਦਾ ਚਿੱਠਾ ਸ਼੍ਰੋਮਣੀ ਕਮੇਟੀ ਨੂੰ ਮੁਹਈਆ ਕਰਵਾਏਗਾ ਅਤੇ ਕਮੇਟੀ ਉਸੇ ਆਮਦਨ ਨੂੰ ਆਧਾਰ ਮੰਨ ਕੇ ਦਸ ਫ਼ੀ ਸਦੀ ਦਸਵੰਧ ਰੂਪ ਵਿਚ ਕੰਪਨੀ ਤੋਂ ਵਸੂਲੇਗੀ। ਸਾਲ, 2007 ਵਿਚ ਈ.ਟੀ.ਸੀ. ਨੈੱਟਵਰਕਸ ਦੀ ਇਕ ਚਿੱਠੀ ਜਿਹੜੀ 30 ਅਕਤੂਬਰ, 2007 ਨੂੰ ਜਾਰੀ ਹੋਈ ਸੀ, ਨੂੰ ਆਧਾਰ ਮੰਨ ਕੇ ਸ਼੍ਰੋਮਣੀ ਕਮੇਟੀ ਨੇ ਅਪਣੀ ਤਰਫ਼ੋਂ ਭੇਜੀ ਚਿੱਠੀ ਨੰਬਰ 50/1.11.07 ਰਾਹੀਂ ਪਹਿਲਾਂ ਤੈਅ ਕੀਤੀਆਂ ਸ਼ਰਤਾਂ ਦੀ ਧਾਰਾ 10 ਵਿਚ ਅਹਿਮ ਤਬਦੀਲੀ ਕੀਤੀ ਅਤੇ ਈ.ਟੀ.ਸੀ. ਨੈੱਟਵਰਕਸ ਦੀ ਬਜਾਏ ਸ਼੍ਰੋਮਣੀ ਕਮੇਟੀ ਦਾ ਸਮਝੌਤਾ ਰਾਤੋ-ਰਾਤ ਹੀ ਜ਼ੀ-ਨੈਕਸਟ ਕੰਪਨੀ ਨਾਲ ਹੋ ਗਿਆ। ਜ਼ੀ-ਨੈਕਸਟ ਕੰਪਨੀ ਨੇ ਈ.ਟੀ.ਸੀ. ਨਾਲ ਕੀਤੇ ਇਸ ਸਮਝੌਤੇ ਲਈ ਯੂ.ਕੇ. ਅਤੇ ਯੂ.ਐਸ.ਏ. ਵਿਚ ਪ੍ਰਸਾਰਤ ਕੀਰਤਨ ਵਿਖਾਉਣ ਲਈ 125 ਲੱਖ ਰੁਪਏ ਵਸੂਲ ਕਰ ਲਏ ਅਤੇ ਇਹ ਨਵਾਂ ਸਮਝੌਤਾ 15 ਸਤੰਬਰ, 2011 ਤਕ ਜਾਰੀ ਰਹਿਣਾ ਹੈ। ਇਥੇ ਹੀ ਬਸ ਨਹੀਂ ਜ਼ੀ-ਨੈਕਸਟ ਕੰਪਨੀ ਨਾਲ ਸਮਝੌਤਾ ਕਰਨ ਵੇਲੇ ਈ.ਟੀ.ਸੀ. ਨੇ ਕੰਪਨੀ ਦੇ ਜਗਜੀਤ ਸਿੰਘ ਕੋਹਲੀ ਦੀ ਬਜਾਏ ਡਾਇਰੈਕਟਰ ਐਮ. ਸ਼ਿੰਦੇ ਅਤੇ ਸ਼ਿਆਮ ਸੁੰਦਰ ਗੋਇਲ ਦਾ ਸਹਾਰਾ ਲਿਆ। ਦੋਹਾਂ ਧਿਰਾਂ ਨੇ ਨਵਾਂ ਸਮਝੌਤਾ ਕਰਦਿਆਂ ਪੂਰੀ ਤਰ੍ਹਾਂ ਇਸ ਮਾਮਲੇ ਨੂੰ ਗੁਪਤ ਰਖਿਆ ਅਤੇ ਸ਼੍ਰੋਮਣੀ ਕਮੇਟੀ ਨੇ ਤਾਂ ਅਪਣੀ ਕਿਸੇ ਅੰਤਰਿੰਗ ਕਮੇਟੀ ਦੀ ਮੀਟਿੰਗ ਜਾਂ ਜਨਰਲ ਇਜਲਾਸ ਵਿਚ ਇਸ ਮਾਮਲੇ ਬਾਰੇ ਵਿਚਾਰ ਕਰਨੀ ਜ਼ਰੂਰੀ ਨਾ ਸਮਝੀ।

ਸਮਝੌਤੇ ਦੀ ਮਦ ਨੰਬਰ 12 ਅਨੁਸਾਰ ਕੰਪਨੀ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਇਕ ਮੁਨੀਟਰ ਮੁਹਈਆ ਕਰਵਾਉਣਾ ਸੀ ਤਾਂ ਕਿ ਕਮੇਟੀ ਅਧਿਕਾਰੀ ਇਹ ਵੇਖ ਸਕਣ ਕਿ ਕੰਪਨੀ ਕਿਸ ਤਰ੍ਹਾਂ ਕੀਰਤਨ ਪ੍ਰਸਾਰਣ ਨੂੰ ਵਿਖਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਦਫ਼ਤਰ ਸਵੇਰੇ 9.30 ਤੋਂ 4.30 ਤਕ ਖੁਲ੍ਹਦੇ ਹਨ ਜਦਕਿ ਦਰਸ਼ਨੀ ਡਿਉਢੀ ਸਥਿਤ ਸ੍ਰੀ ਦਰਬਾਰ ਸਾਹਿਬ ਦਾ ਲੰਬਾ ਸਮਾਂ ਖੁੱਲ੍ਹਾ ਰਹਿਣ ਵਾਲਾ ਇਕੋ-ਇਕ ਦਫ਼ਤਰ ਸਵੇਰੇ 7 ਵਜੇ ਤੋਂ ਰਾਤ 9 ਵਜੇ ਤਕ ਖੁਲ੍ਹਦਾ ਹੈ ਅਤੇ ਇਨ੍ਹਾਂ ਦਫ਼ਤਰਾਂ ਵਿਚ ਪ੍ਰਸਾਰਣ ਕੰਪਨੀ ਦਾ ਕੋਈ ਮੁਨੀਟਰ ਮੌਜੂਦ ਨਹੀਂ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਅਧਿਕਾਰੀਆਂ ਦੇ ਘਰਾਂ ਤੋਂ ਕਨਸੋਆਂ ਲਈਆਂ ਗਈਆਂ ਪਰ ਕਿਸੇ ਵੀ ਅਧਿਕਾਰੀ ਦੇ ਘਰ ਅਜਿਹਾ ਮੁਨੀਟਰ ਹੋਣ ਦੀ ਖ਼ਬਰ ਨਹੀਂ ਮਿਲੀ। ਸਮਝੌਤੇ ਦੀ ਇਕ ਹੋਰ ਧਾਰਾ ਨੰਬਰ 15 ਅਨੁਸਾਰ ਕੰਪਨੀ ਨੇ ਸਮਝੌਤਾ ਹੋਣ ਤੋਂ 90 ਦਿਨਾਂ ਦੇ ਅੰਦਰ-ਅੰਦਰ 5 ਰੀਮੋਟ ਕੰਟਰੋਲ, ਮਾਨਵ ਰਹਿਤ ਕੈਮਰੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਲਗਾਉਣੇ ਸਨ ਜਿਹੜੇ ਦਸ ਸਾਲ ਬਾਅਦ ਵੀ ਨਹੀਂ ਲੱਗ ਸਕੇ। ਸ੍ਰੀ ਦਰਬਾਰ ਸਾਹਿਬ ਦੀ ਮੁੱਖ ਇਮਾਰਤ ਵਿਖੇ ਲਗੇ ਦੋ ਕੈਮਰੇ ਤੇ ਪ੍ਰਕਰਮਾਂ ਵਿਚਲੇ ਤੀਜੇ ਕੈਮਰੇ ਨੂੰ ਚਲਾਉਣ ਲਈ ਕੰਪਨੀ ਨੇ ਬਾਕਾਇਦਾ ਕੈਮਰਾਮੈਨ ਰੱਖੇ ਹੋਏ ਹਨ ਜਿਹੜੇ ਹਰ ਰੋਜ਼ ਪ੍ਰਸਾਰਣ ਤੋਂ ਬਾਅਦ ਇਨ੍ਹਾਂ ਕੈਮਰਾਮੈਨ ਦੇ ਨਾਮ ਵੀ ਚਲਦੇ ਚਲਦੇ ਪ੍ਰੋਮੋ ਵਿਚ ਵਿਖਾਏ ਜਾਂਦੇ ਹਨ।

ਅਜਿਹੇ ਵਿਚ ਈ.ਟੀ.ਸੀ. ਕੰਪਨੀ ਅਤੇ ਬਾਅਦ ਵਿਚ ਜ਼ੀ-ਨੈਕਸਟ ਕੰਪਨੀ ਨੇ ਸ਼੍ਰੋਮਣੀ ਕਮੇਟੀ ਨਾਲ ਕੀਤੇ ਸਮਝੌਤੇ 'ਤੇ ਅਮਲ ਕਿਉਂ ਨਹੀਂ ਕੀਤਾ ਦੀ ਪੂਰੀ ਹਕੀਕਤ ਸਾਹਮਣੇ ਆ ਜਾਂਦੀ ਹੈ। ਇਹ ਵੀ ਦਸਣਯੋਗ ਹੈ ਕਿ ਕਮੇਟੀ ਵਲੋਂ ਹਰ ਸਾਲ ਪਾਸ ਕੀਤੇ ਜਾਣ ਵਾਲੇ ਬਜਟ ਵਿਚ ਆਮਦਨੀ ਹਿੱਸੇ ਵਜੋਂ ਈ.ਟੀ.ਸੀ. ਚੈਨਲ ਪਾਸੋਂ ਪ੍ਰਾਪਤ ਹੋਣ ਵਾਲੇ 50 ਲੱਖ ਰੁਪਏ ਕਦੇ ਵੀ ਵਿਖਾਏ ਨਹੀਂ ਗਏ।

ਚੰਡੀਗੜ੍ਹ ਦੇ ਇਕ ਨਾਮੀ ਵਕੀਲ ਮਰਹੂਮ ਸ. ਐਮ.ਐਸ. ਰਾਹੀ ਨੇ ਕਮੇਟੀ ਵਲੋਂ ਕੀਤੇ ਜਾਂਦੇ ਇਸ ਘਪਲੇ ਦਾ ਮਾਮਲਾ ਅਦਾਲਤ ਦੇ ਧਿਆਨ ਵਿਚ ਲਿਆਂਦਾ ਸੀ ਪਰ ਇਨਸਾਫ਼ ਤੋਂ ਪਹਿਲਾਂ ਉਹ (ਸ੍ਰੀ ਰਾਹੀ) ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ।

# 19 ਵਰ੍ਹਿਆਂ ਪਿਛੋਂ ਰਿਹਾਅ ਹੋਇਆ 98 ਸਾਲਾ ਹਰਨੇਕ

**ਬਠਿੰਡਾ :** "ਸਮਝੋ ਮੇਰਾ ਤਾਂ ਦੁਬਾਰਾ ਜਨਮ ਹੀ ਹੋਇਆ ਹੈ।" ਬਠਿੰਡਾ ਜੇਲ੍ਹ ਚੋਂ ਪੂਰੇ 19 ਵਰ੍ਹਿਆਂ ਮਗਰੋਂ ਰਿਹਾਅ ਹੋਏ 98 ਸਾਲ ਦੇ ਬਜ਼ੁਰਗ ਹਰਨੇਕ ਸਿੰਘ ਨੇ ਇਹ ਲਫਜ਼ ਬੜੀ ਭਾਵੁਕਤਾ 'ਚ ਕਹੇ। ਜੇਲ੍ਹ ਦੇ ਬੂਹੇ ਤੋਂ ਬਾਹਰ ਪੈਰ ਪਾ ਕੇ ਹਰਨੇਕ ਸਿੰਘ ਨੇ ਉਨ੍ਹਾਂ ਲੋਕਾਂ ਦਾ ਸ਼ੁਕਰਾਨਾ ਕੀਤਾ ਜਿਨ੍ਹਾਂ ਉਸ ਦੀ ਮਦਦ ਕੀਤੀ। ਪੂਰੇ 31 ਸਾਲ ਮਗਰੋਂ ਇਸ ਬਜ਼ੁਰਗ ਨੇ ਕੀਤੇ ਗੁਨਾਹ ਦੀ ਸਜ਼ਾ ਤੋਂ ਮੁਕਤੀ ਪਾਈ ਹੈ। ਸੁਨਾਮ ਦੀ 'ਪੀਪਲਜ਼ ਫਾਰ ਡਾਇਰੈਕਟ ਸੋਸ਼ਲ ਐਕਸ਼ਨ' ਨੇ ਬਜ਼ੁਰਗ ਨੂੰ ਜੇਲ੍ਹ ਚੋਂ ਰਿਹਾਅ ਕਰਾਉਣ ਦਾ ਬੀੜਾ ਚੁੱਕਿਆ ਗਿਆ। ਆਖਰ ਇਸ ਸੰਸਥਾ ਵਲੋਂ ਇਸ ਬਜ਼ੁਰਗ ਨੂੰ ਜੇਲ੍ਹ ਚੋਂ ਰਿਹਾਅ ਕਰਾ ਲਿਆ ਗਿਆ ਹੈ। ਭਾਵੁਕ ਹੋਏ ਬਜ਼ੁਰਗ ਨੇ ਆਖਿਆ ਕਿ "ਉਸਨੂੰ ਤਾਂ ਇੰਝ ਲੱਗਦਾ ਸੀ ਕਿ ਉਸ ਦਾ ਆਖਰ ਵੀ ਹੁਣ ਜੇਲ੍ਹ 'ਚ ਨਿਕਲੇਗਾ।' ਰਿਹਾਈ ਦੀ ਰਸਮੀ ਕਾਰਵਾਈ ਮਗਰੋਂ ਬਜ਼ੁਰਗ ਨੇ ਜੇਲ ਸੁਪਰਡੈਂਟ ਦੇ ਪੈਰ ਛੂਹੇ ਤੇ ਬਜ਼ੁਰਗ ਕਾਫੀ ਦੇਰ 'ਵਾਹਿਗੁਰੂ ਵਾਹਿਗੁਰੂ' ਕਰਦਾ ਰਿਹਾ।

ਸਾਲ 1979 'ਚ ਜ਼ਿਲਾ ਮਾਨਸਾ ਦੇ ਪਿੰਡ ਫਫੜੇ ਭਾਈਕੇ ਦੇ ਹਰਨੇਕ ਸਿੰਘ ਤੋਂ ਕਤਲ ਹੋ ਗਿਆ ਸੀ ਜਿਸ ਦੇ ਸਬੰਧ 'ਚ ਉਹ ਸਾਲ 1981 ਤੱਕ ਜੇਲ੍ਹ 'ਚ ਰਿਹਾ ਸੀ। ਇਸ ਮਗਰੋਂ ਜ਼ਮਾਨਤ 'ਤੇ ਰਿਹਾਅ ਹੋ ਗਿਆ ਅਤੇ ਸਜ਼ਾ ਹੋਣ ਪਿਛੋਂ ਸਾਲ 1995 'ਚ ਮੁੜ ਜੇਲ੍ਹ 'ਚ ਆ ਗਿਆ। ਬਜ਼ੁਰਗ ਦੀ ਨਿਗ੍ਹਾ ਕਮਜ਼ੋਰ ਹੋ ਚੁੱਕੀ ਹੈ ਅਤੇ ਉਚਾ ਸੁਣਦਾ ਹੈ। ਕਾਫੀ ਵਰ੍ਹਿਆਂ ਤੋਂ ਬਜ਼ੁਰਗ ਅਗੇਤੀ ਲਈ ਤਰਸ ਰਿਹਾ ਸੀ ਜਦੋਂ ਕਿ ਉਸ ਦੇ ਬਾਕੀ ਸਾਥੀ 12 ਸਾਲ ਮਗਰੋਂ ਹੀ ਰਿਹਾਅ ਹੋ ਗਏ ਸਨ। ਬਜ਼ੁਰਗ ਦੀ ਤਾਂ ਕੋਈ ਮੁਲਾਕਾਤ ਵੀ ਕਰਨ ਨਹੀਂ ਆ ਰਿਹਾ ਸੀ। 'ਪੀਪਲ ਫਾਰ ਡਾਇਰੈਕਟ ਸੋਸ਼ਲ ਐਕਸ਼ਨ' ਦੇ ਸੁਨਾਮ ਚੈਪਟਰ ਦੇ ਪ੍ਰਤੀਨਿਧ ਪ੍ਰੋ. ਐਸ.ਐਸ. ਧਾਲੀਵਾਲ, ਕਾਨੂੰਨੀ ਸਲਾਹਕਾਰ ਸਤਨਾਮ ਸਿੰਘ ਜਵੰਧਾ, ਮੀਤ ਪ੍ਰਧਾਨ ਲਖਮੀਰ ਸਿੰਘ, ਮੈਂਬਰ ਕੁਲਦੀਪ ਸਿੰਘ ਅਤੇ ਪ੍ਰੈਸ ਸਕੱਤਰ ਨਰਿੰਦਰ ਸਿੰਘ ਮੱਖਣ ਬਠਿੰਡਾ ਜੇਲ੍ਹ ਪੁੱਜੇ ਜਿਥੇ ਉਨ੍ਹਾਂ ਨੇ ਬਜ਼ੁਰਗ ਨੂੰ ਰਿਹਾਅ ਕਰਾਇਆ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਮਾਤਾ ਗੁਜਰੀ ਜੀ ਦੀ ਠੰਡੇ ਬੁਰਜ ਵਿਚ ਸੇਵਾ ਕਰਨ ਵਾਲੇ ਮਹਿਰਾ ਦੀ ਯਾਦਗਾਰ ਉਸਾਰਾਂਗੇ-ਬਾਦਲ**

-ਜਦੋਂ ਦਰਬਾਰ ਸਾਹਿਬ ਉਤੇ ਹਮਲੇ ਦੀ ਖੁਸ਼ੀ ਵਿਚ ਲੱਡੂ ਵੰਡਣ ਵਾਲੇ ਭਾਜਪਾਈਆਂ ਦੇ ਬੁੱਤ ਲਾਉਣੋਂ ਵਿਹਲ ਮਿਲਿਆ।

***ਅਕਾਲ ਚਲਾਣੇ ਪਿਛੋਂ ਜਗਜੀਤ ਸਿੰਘ ਚੌਹਾਨ ਦਾ ਨਾਂ ਕਾਲੀ ਸੂਚੀ 'ਚੋਂ ਹਟਾਇਆ**

-ਕੁਝ ਸਮਝੇ ਕਿ ਨਹੀਂ?

***ਅਣਪਛਾਤੀਆਂ ਲਾਸ਼ਾਂ ਦੀ ਪਛਾਣ ਦਾ ਕੰਮ ਮੁੜ ਠੱਪ ਹੋਇਆ**

-ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੋਣ ਦਾ ਡਰ ਐ ਸਰਕਾਰ ਨੂੰ।

***ਸੀ.ਬੀ.ਆਈ. ਨੇ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦਿੱਤੀ**

-ਮਾਰ ਲਓ ਟੱਕਰਾਂ। ਪੁਆ ਲਓ ਗਵਾਹੀਆਂ।

***16 ਹਫਤਿਆਂ 'ਚ ਪਤਾ ਲੱਗ ਸਕਦੈ ਤੁਹਾਡੇ ਪੇਟ 'ਚ ਮੁੰਡਾ ਜਾਂ ਕੁੜੀ-ਇਕ ਮਸ਼ਹੂਰੀ**

-ਭਾਵ ਜੇ ਮੁੰਡਾ ਹੈ ਤਾਂ ਪਾਰਟੀ ਦੀ ਤਿਆਰੀ ਕਰੋ, ਜੇ ਕੁੜੀ ਹੈ ਤਾਂ ਮਾਰਨ ਦੀ!

***ਸੱਸ ਬਣਨ ਤੋਂ ਪਹਿਲਾਂ ਕੀ ਕੀਤਾ ਜਾਵੇ-ਇਕ ਲੇਖ**

-ਨੂੰਹ ਨੂੰ ਤੰਗ ਕਰਨ ਦੇ ਅਜਿਹੇ ਤਰੀਕੇ ਸਿੱਖੋ ਜਿਹਦਾ ਕੋਈ ਕੇਸ ਨਾ ਬਣਦਾ ਹੋਵੇ।

***ਲੋਹੜੀ ਇਸ ਸ਼ੁੱਕਰਵਾਰ ਨੂੰ ਮਨਾਈ ਜਾਵੇਗੀ-ਖਬਰ**

-ਮਹੀਨਾ ਕੁ ਹੋਰ ਠਹਿਰ ਜਾਓ, ਵਿਸਾਖੀ ਦੇ ਨਾਲ ਈ ਮਨਾ ਲਿਓ।

*Visit us on the web:*
***punjabtimesusa.com***

WELLS FARGO HOME MORTGAGE

**Your goals deserve our attention**

Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit

- Priority Buyer ® preapproval
- Low down payment options for qualified borrowers
- Purchases and refinances



*Contact* ***Jag Jiwan Bhangu*** *to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD Millennium

**Gurbans Gill 209-815-1869**

# 2 ਦਹਿਸ਼ਤਗਰਦ ਫੜੇ, ਧਮਾਕਾਖੇਜ਼ ਸਮੱਗਰੀ ਬਰਾਮਦ

**ਨਾਭਾ :** ਉੱਤਰੀ ਭਾਰਤ ਵਿਚ ਦਹਿਸ਼ਤ ਫੈਲਾਉਣ ਵਾਲੇ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐਲਐਫ਼) ਦੇ ਦੋ ਦਹਿਸ਼ਤਗਰਦਾਂ ਨੂੰ 21 ਫਰਵਰੀ ਨੂੰ ਨਾਭਾ ਪੁਲਿਸ ਨੇ ਗ੍ਰਿਫਤਾਰ ਕਰਕੇ ਇਨ੍ਹਾਂ ਕੋਲੋਂ 40 ਬਾਰੂਦ ਦੀਆਂ ਛੜਾਂ, ਇੱਕ 8 ਕਿਲੋ ਦਾ ਦੇਸੀ ਬੰਬ ਸਮੇਤ ਡੈਟੋਨੇਟਰ, ਦੋ ਪਿਸਤੌਲਾਂ, 11 ਕਾਰਤੂਸ ਅਤੇ ਇੱਕ ਜਾਅਲੀ ਨੰਬਰ ਵਾਲੀ ਇੰਡੀਗੋ ਗੱਡੀ ਬਰਾਮਦ ਕੀਤੀ ਹੈ। ਪੁਲਿਸ ਅਨੁਸਾਰ ਇਨ੍ਹਾਂ ਦਹਿਸ਼ਤਗਰਦਾਂ ਦਾ ਹਲਵਾਰਾ ਏਅਰਪੋਰਟ, ਨਾਭਾ ਬੌਟਲਿੰਗ ਗੈਸ ਪਲਾਂਟ ਅਤੇ ਅੰਬਾਲਾ ਮਿਲਟਰੀ ਏਰੀਏ ਵਿੱਚ ਬੰਬ ਰੱਖਣ ਵਿਚ ਅਹਿਮ ਹੱਥ ਸੀ। ਫੜੇ ਗਏ ਦਹਿਸ਼ਤਗਰਦ ਜਸਵੀਰ ਸਿੰਘ ਉਰਫ ਜੱਸਾ ਪੁੱਤਰ ਗੱਜਣ ਸਿੰਘ ਵਾਸੀ ਮਾਣਕੀ ਜ਼ਿਲ੍ਹਾ ਸੰਗਰੂਰ ਅਤੇ ਹਰਜੰਤ ਸਿੰਘ ਉਰਫ ਡੀ.ਸੀ ਪੁੱਤਰ ਸਰਵਣ ਸਿੰਘ ਵਾਸੀ ਬਿਜਲੀਵਾਲ ਜ਼ਿਲ੍ਹਾ ਗੁਰਦਾਸਪੁਰ ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। ਆਈਜੀ ਪੀ ਜ਼ੋਨਲ ਨੰ. 1 ਪੰਜਾਬ ਪਟਿਆਲਾ ਪਰਮਜੀਤ ਸਿੰਘ ਗਿੱਲ ਅਤੇ ਐਸਐਸਪੀ ਪਟਿਆਲਾ ਰਣਬੀਰ ਸਿੰਘ ਖੱਟੜਾ ਨੇ ਸਥਾਨਕ ਰੈਸਟ ਹਾਊਸ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਨ੍ਹਾਂ ਦਹਿਸ਼ਤਗਰਦਾਂ ਦੇ ਫੜੇ ਜਾਣ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਦਿਨੀਂ ਨਾਭਾ ਪੁਲਿਸ ਵਲੋਂ ਡੀਐਸਪੀ ਅਰਸ਼ਦੀਪ ਸਿੰਘ ਗਿੱਲ ਦੀ ਅਗਵਾਈ ਵਿਚ ਸੀਆਈਏ ਸਟਾਫ ਪਟਿਆਲਾ ਦੇ ਇੰਚਾਰਜ ਜੱਸਾ ਸਿੰਘ ਤੇ ਸਦਰ ਥਾਣਾ ਨਾਭਾ ਦੇ ਇੰਚਾਰਜ ਸ਼ਮਿੰਦਰ ਸਿੰਘ ਨੇ ਪਿੰਡ ਰਾਜਗੜ੍ਹ ਵਿਖੇ ਲਾਏ ਨਾਕੇ ਦੌਰਾਨ ਸ਼ੱਕ ਦੇ ਅਧਾਰ 'ਤੇ ਇੰਡੀਗੋ ਗੱਡੀ ਨੂੰ ਰੋਕ ਕੇ ਉਸ ਵਿੱਚ ਸਵਾਰ ਦੋ ਦਹਿਸ਼ਤਗਰਦਾਂ ਜਸਵੀਰ ਸਿੰਘ ਉਰਫ ਜੱਸਾ ਅਤੇ ਹਰਜੰਤ ਸਿੰਘ ਉਰਫ ਡੀ. ਸੀ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਇਨ੍ਹਾਂ ਦਹਿਸ਼ਤਗਰਦਾਂ ਤੋਂ ਉਕਤ ਹਥਿਆਰ ਅਤੇ ਧਮਾਕਾਖੇਜ ਸਮੱਗਰੀ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਫੜੇ ਗਏ ਦਹਿਸ਼ਤਗਰਦ ਜਸਵੀਰ ਸਿੰਘ ਜੱਸਾ ਖਿਲਾਫ਼ 15 ਅਤੇ ਹਰਜੰਤ ਸਿੰਘ ਡੀ.ਸੀ ਖਿਲਾਫ਼ ਦਹਿਸ਼ਤਵਾਦ ਫੈਲਾਉਣ ਦੇ 11 ਮੁਕੱਦਮੇ ਚੱਲ ਰਹੇ ਹਨ ਅਤੇ ਇਨ੍ਹਾਂ ਦੇ ਮੁੱਖ ਆਗੂ ਬਖਸ਼ੀਸ਼ ਸਿੰਘ ਬਾਬਾ ਤੇ ਪ੍ਰਗਟ ਸਿੰਘ ਅਜੇ ਪੁਲਿਸ ਦੀ ਗ੍ਰਿਫਤ 'ਚੋਂ ਬਾਹਰ ਹਨ। ਆਈਜੀ ਗਿੱਲ ਨੇ ਦੱਸਿਆ ਕਿ ਜਸਵੀਰ ਸਿੰਘ ਉਰਫ ਜੱਸਾ ਅਤੇ ਹਰਜੰਤ ਸਿੰਘ ਉਰਫ ਡੀ.ਸੀ ਸਾਬਕਾ ਦਹਿਸ਼ਤਗਰਦ ਹਨ, ਜੋ ਕਿ ਨਾਭਾ ਜੇਲ੍ਹ ਵਿਚ ਦਹਿਸ਼ਤਗਰਦੀ ਕੇਸਾਂ ਵਿਚ ਕਾਫੀ ਸਮਾਂ ਬੰਦ ਰਹੇ। ਇੱਥੇ ਉਨ੍ਹਾਂ ਦੀ ਮੁਲਾਕਾਤ ਬਖਸ਼ੀਸ਼ ਸਿੰਘ ਉਰਫ ਬਾਬਾ ਵਾਸੀ ਨਿਜ਼ਾਮਨੀਵਾਲਾ ਥਾਣਾ ਸਮਾਣਾ ਨਾਲ ਹੋਈ ਸੀ, ਜੋ ਕਿ ਕਰਨਾਲ ਬੰਬ ਕਾਂਡ ਵਿਚ ਭਗੌੜਾ ਹੈ। ਇਹ ਦਹਿਸ਼ਤਗਰਦ ਕਰਨਾਲ ਬੰਬ ਕਾਂਡ ਤੋਂ ਬਾਅਦ ਪਾਕਿਸਤਾਨ ਚਲਾ ਗਿਆ ਸੀ। ਉਨ੍ਹਾਂ ਦੱਸਿਆ ਕਿ ਬਖਸ਼ੀਸ਼ ਸਿੰਘ ਬਾਬਾ ਨਵੰਬਰ 2009 ਤੋਂ ਭਾਰਤ ਵਿਚ ਆਇਆ ਹੋਇਆ ਹੈ, ਜਿਸ ਨੇ ਅੱਗੇ ਜਸਵੀਰ ਸਿੰਘ ਉਰਫ ਜੱਸਾ ਅਤੇ ਹਰਜੰਤ ਸਿੰਘ ਉਰਫ ਡੀ.ਸੀ ਨਾਲ ਤਾਲਮੇਲ ਕਰਕੇ ਆਪਣੀਆਂ ਠਹਿਰਾਂ ਬਣਾਈਆਂ। ਆਈਜੀ ਗਿੱਲ ਨੇ ਦੱਸਿਆ ਕਿ ਹਰਜੰਤ ਸਿੰਘ ਉਰਫ ਡੀ.ਸੀ ਰਾਹੀਂ ਅਸਲਾ ਅਤੇ ਬਾਰੂਦ ਦਾ ਪ੍ਰਬੰਧ ਮੁੰਬਈ ਤੋਂ ਹਰਮਿੰਦਰ ਸਿੰਘ ਉਰਫ ਮਿੰਟੂ ਉਰਫ ਡੱਲੀ ਉਰਫ ਗੋਆ, ਜੋ ਅੱਜ ਕੱਲ੍ਹ ਮਲੇਸ਼ੀਆ ਵਿਚ ਰਹਿੰਦਾ ਹੈ, ਨਾਲ ਟੈਲੀਫੋਨ 'ਤੇ ਸੰਪਰਕ ਕਰਕੇ ਕੀਤਾ ਗਿਆ।



ਉਨ੍ਹਾਂ ਦੱਸਿਆ ਕਿ ਇਸ ਬਾਰੂਦ ਵਿਚੋਂ ਕੁਝ ਬਾਰੂਦ ਹਾਸਲ ਕਰਕੇ ਬਖਸ਼ੀਸ਼ ਸਿੰਘ ਉਰਫ ਬਾਬਾ ਨੇ ਉਕਤ ਵਿਅਕਤੀਆਂ ਅਤੇ ਪ੍ਰਗਟ ਸਿੰਘ ਪੁੱਤਰ ਬਹਾਲ ਸਿੰਘ ਵਾਸੀ ਪਿੰਡ ਭਲਵਾਨ ਦੀ ਮੱਦਦ ਨਾਲ ਗੈਸ ਪਲਾਂਟ ਨਾਭਾ ਅਤੇ ਸੁਧਾਰ ਏਅਰਪੋਰਟ ਸੈਂਟਰ ਤੇ ਅੰਬਾਲਾ ਮਿਲਟਰੀ ਏਰੀਏ ਨੇੜੇ ਬੰਬ ਰੱਖੇ ਗਏ ਸਨ, ਜੋ ਕੁਝ ਤਕਨੀਕੀ ਕਾਰਨਾਂ ਕਰਕੇ ਨਹੀਂ ਚੱਲ ਸਕੇ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਇਕ ਵਾਰੀ ਫੇਰ ਦਹਿਸ਼ਤਗਰਦੀ ਦੇ ਉਭਾਰ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਇਹ ਗੱਲ ਪੰਜਾਬ ਪੁਲੀਸ ਦੇ ਇੰਟੈਲੀਜੈਂਸ ਵਿੰਗ ਦੀ ਖੁਫੀਆ ਰਿਪੋਰਟ ਤੋਂ ਸਾਹਮਣੇ ਆਈ ਹੈ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਸਮੇਤ ਵੱਖ-ਵੱਖ ਜਥੇਬੰਦੀਆਂ ਪੰਜਾਬ ਵਿਚ ਸਰਗਰਮੀਆਂ ਵਧਾਉਣ ਦੀ ਕੋਸ਼ਿਸ਼ ਵਿਚ ਹਨ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਐਮ.ਪੀ. ਅਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਸਿੰਘ ਬਿੱਟੂ ਇਨ੍ਹਾਂ ਦੇ ਨਿਸ਼ਾਨੇ 'ਤੇ ਹਨ।

ਦੱਸਣਯੋਗ ਹੈ ਕਿ ਹਾਲ ਹੀ ਵਿਚ ਪੰਜਾਬ ਪੁਲੀਸ ਨੇ ਰਾਜ ਵਿਚ ਵੱਖੋ-ਵੱਖ ਥਾਵਾਂ ਤੋਂ ਗੋਲਾ ਬਾਰੂਦ ਬਰਾਮਦ ਕੀਤਾ ਸੀ। ਪਟਿਆਲਾ ਜ਼ਿਲੇ ਵਿਚ ਨਾਭਾ ਵਿਖੇ ਵੀ ਇੰਡੀਅਨ ਆਇਲ ਦੇ ਇਕ ਐਲ.ਪੀ.ਜੀ. ਬੌਟਲਿੰਗ ਪਲਾਂਟ ਨੇੜਿਓਂ ਭਾਰੀ ਮਾਤਰਾ ਵਿਚ ਧਮਾਕਾਖੇਜ਼ ਸਮੱਗਰੀ ਮਿਲੀ ਸੀ। ਇਸ ਤੋਂ ਪੰਜ ਦਿਨ ਬਾਅਦ ਭਾਰਤੀ ਏਅਰ ਫੋਰਸ ਦੇ ਜੀਰਕਪੁਰ ਨੇੜਲੇ ਇਲਾਕੇ ਤੋਂ ਵੀ ਦੋ ਗੋਲੇ ਮਿਲੇ ਹਨ। ਇਸ ਤਰ੍ਹਾਂ ਹਵਾਈ ਫੌਜ ਦੇ ਲੁਧਿਆਣਾ ਸਥਿਤ ਹਲਵਾਰਾ ਸਟੇਸ਼ਨ ਲਾਗੇ ਵੀ ਪਿਛਲੇ ਮਹੀਨੇ ਇਕ ਕਾਰ ਵਿਚੋਂ ਧਮਾਕਾਖੇਜ਼ ਸਮੱਗਰੀ ਮਿਲੀ ਸੀ।

ਇਸ ਦੌਰਾਨ ਪਟਿਆਲਾ ਤੋਂ ਮਿਲੀ ਰਿਪੋਰਟ ਅਨੁਸਾਰ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਨੇ ਲੰਘੀ 18 ਫ਼ਰਵਰੀ ਨੂੰ ਇਕ ਈਮੇਲ ਰਾਹੀਂ ਨਾਭਾ ਗੈਸ ਪਲਾਂਟ, ਹਲਵਾਰਾ ਹਵਾਈ ਅੱਡਾ ਅਤੇ ਅੰਬਾਲਾ ਵਿਚ ਬੰਬ ਧਮਾਕਿਆਂ ਦੀ ਕੋਸ਼ਿਸ਼ ਦੀ ਜ਼ੁੰਮੇਵਾਰੀ ਲਈ ਹੈ। ਬਘੇਲ ਸਿੰਘ ਨਾਮ ਹੇਠ ਜਾਰੀ ਬਿਆਨ ਵਿਚ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਦਫ਼ਤਰ ਸ੍ਰੀ ਅੰਮ੍ਰਿਤਸਰ ਸਾਹਿਬ ਦਰਸਾਇਆ ਗਿਆ ਹੈ।

ਇਸ ਵਿਚ ਆਖਿਆ ਗਿਆ ਹੈ, "ਧਮਾਕਿਆਂ ਦੀ ਕੋਸ਼ਿਸ਼ ਭਾਵੇਂ ਤਕਨੀਕੀ ਕਾਰਨਾਂ ਪੱਖੋਂ ਨਾਕਾਮ ਹੋਈ ਹੈ ਪਰ ਸਿੱਖਾਂ ਦੇ ਆਜ਼ਾਦੀ ਸੰਘਰਸ਼ ਪ੍ਰਤੀ ਸਾਡੀ ਵਚਨਬੱਧਤਾ ਤੇ ਦ੍ਰਿੜਤਾ ਦੇ ਇਜ਼ਹਾਰ ਲਈ ਕਾਫ਼ੀ ਹੈ।" ਬਿਆਨ ਮੁਤਾਬਕ 1984 'ਚ ਦਿੱਲੀ ਵਿਚ ਹੋਈ ਸਿੱਖ ਕਤਲੋ-ਗ਼ਾਰਤ ਦੇ ਕਥਿਤ ਦੋਸ਼ੀ ਡਾਕਟਰ, ਜਿਸ ਨੂੰ ਅਦਾਲਤ ਨੇ ਬਰੀ ਕਰ ਦਿਤਾ ਸੀ, ਉਸ ਨੂੰ ਨਵਬੰਰ, 2009 ਵਿਚ ਸਜ਼ਾ-ਇ-ਮੌਤ ਵੀ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਨੇ ਹੀ ਦਿਤੀ ਸੀ। ਬਿਆਨ ਵਿਚ ਕੇਂਦਰ ਸਰਕਾਰ 'ਤੇ ਵੀ ਗੰਭੀਰ ਦੋਸ਼ ਲਗਾਏ ਗਏ ਹਨ ਜਦਕਿ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੂੰ ਵੀ ਲੰਬੇ ਹੱਥੀਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸਿੱਖ ਕੌਮ ਨੂੰ ਸਿਆਸੀ ਪੱਖ ਤੋਂ ਦਿਸ਼ਾਹੀਣ ਬਾਦਲ ਦਲ ਦੀ ਲੀਡਰਸ਼ਿਪ ਮਾਰ ਰਹੀ ਹੈ, ਦੂਜੇ ਪਾਸੇ ਧਾਰਮਕ ਪੱਖ ਤੋਂ ਨਕਲੀ ਗੁਰੂਡੰਮ ਦਾ ਵਧਦਾ ਹੋਇਆ ਪ੍ਰਭਾਵ ਮਾਰ ਰਿਹਾ ਹੈ।

## ਕੀ ਹਵਾਰਾ ਦੀ ਪੇਸ਼ੀ ਵੀਡੀਉ ਕਾਨਫ਼ਰੰਸਿੰਗ ਰਾਹੀਂ ਸੰਭਵ ਹੈ?

**ਨਵੀਂ ਦਿੱਲੀ :** ਦਿੱਲੀ ਦੀ ਇਕ ਅਦਾਲਤ ਨੇ ਚੰਡੀਗੜ੍ਹ ਜੇਲ ਦੇ ਅਧਿਕਾਰੀਆਂ ਨੂੰ ਇਸ ਗੱਲ ਦਾ ਰਾਹ ਲੱਭਣ ਲਈ ਆਖਿਆ ਕਿ ਕੀ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਜਗਤਾਰ ਸਿੰਘ ਹਵਾਰਾ ਦੀ ਵੀਡੀਉ ਕਾਨਫ਼ਰੰਸਿੰਗ ਰਾਹੀਂ ਪੇਸ਼ੀ ਸੰਭਵ ਹੋ ਸਕਦੀ ਹੈ? ਚੀਫ਼ ਮੈਟਰੋਪਾਲੀਟਨ ਮੈਜਿਸਟਰੇਟ ਕਾਵੇਰੀ



ਬਾਵੇਜਾ ਨੇ ਜੇਲ ਅਧਿਕਾਰੀਆਂ ਤੋਂ ਇਸ ਬਾਰੇ ਰੀਪੋਰਟ ਵੀ ਮੰਗੀ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਥਿਤ ਕਤਲ ਦੇ ਮਾਮਲੇ 'ਚ ਹਵਾਰਾ ਦੀਆਂ ਗਤੀਵਿਧੀਆਂ 'ਤੇ ਪਾਬੰਦੀਆਂ ਵਾਲਾ ਨੋਟੀਫ਼ਿਕੇਸ਼ਨ ਅਜੇ ਵੀ ਲਾਗੂ ਹੈ ਜਾਂ ਨਹੀਂ। ਅਦਾਲਤ ਨੇ 8 ਮਾਰਚ ਤਕ ਰੀਪੋਰਟ ਦਾਖ਼ਲ ਕਰਨ ਲਈ ਕਿਹਾ ਹੈ। ਦਸਣਯੋਗ ਹੈ ਕਿ ਇਸ ਤੋਂ ਪਹਿਲਾਂ ਅਦਾਲਤ ਨੇ ਹਵਾਰਾ ਵਿਰੁਧ ਵਾਰੰਟ ਜਾਰੀ ਕੀਤੇ ਸਨ ਪਰ ਉਸ ਦੀਆਂ ਗਤੀਵਿਧੀਆਂ 'ਤੇ ਪਾਬੰਦੀ ਦਾ ਨੋਟੀਫ਼ਿਕੇਸ਼ਨ ਲਾਗੂ ਹੋਣ ਕਾਰਨ ਅਦਾਲਤ ਵਿਚ ਪੇਸ਼ ਨਹੀਂ ਕੀਤਾ ਜਾ ਸਕਿਆ ਸੀ।


**Wraich Transport LLS**
**North American Truck Stop**
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਈਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



**Call For Special Price**

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838



**ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???**



**ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ**



✓ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✓ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✓ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✓ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 80 ਡਾਲਰ, ਪੰਜ ਸਾਲ ਲਈ: 375 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਆਤਮ ਸਮਰਪਣ ਦੀ ਸ਼ਰਤ 'ਤੇ ਸਿੱਖ ਖਾੜਕੂਆਂ ਦੀ ਵਤਨ ਵਾਪਸੀ ਲਈ ਰਾਹ ਪੱਧਰਾ

ਉਹ ਸਿੱਖ ਨੌਜਵਾਨਾਂ ਦੀ ਕਾਲੀ ਸੂਚੀ ਨੂੰ ਖਤਮ ਕਰਨ ਅਤੇ ਅਤਿਵਾਦ ਵੇਲੇ ਦੇਸ਼ ਛੱਡ ਕੇ ਵਿਦੇਸ਼ਾਂ 'ਚ ਚਲੇ ਗਏ ਸਿੱਖ ਨੌਜਵਾਨਾਂ ਦੀ ਵਾਪਸੀ ਸਬੰਧੀ ਇਕ ਵਿਸਥਾਰਤ ਕੇਸ ਬਣਾ ਕੇ ਭਾਰਤ ਸਰਕਾਰ ਨੂੰ ਭੇਜੇ ਤਾਂ ਜੋ ਇਨ੍ਹਾਂ ਨੌਜਵਾਨਾਂ ਨੂੰ ਦੇਸ਼ ਦੀ ਮੁੱਖ ਧਾਰਾ ਵਿਚ ਸ਼ਾਮਲ ਕਰਨ ਲਈ ਉਪਰਾਲਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜੋ ਦੇਸ਼ ਛੱਡ ਕੇ ਗਏ ਸਿੱਖ ਨੌਜਵਾਨ ਖਾਲਿਸਤਾਨ ਦੀ ਮੰਗ ਛੱਡ ਕੇ ਦੇਸ਼ ਵਿਰੋਧੀ ਸਰਗਰਮੀਆਂ ਅਤੇ ਹਿੰਸਾ ਦਾ ਰਾਹ ਤਿਆਗ ਕੇ ਦੇਸ਼ ਦੀ ਮੁੱਖ ਧਾਰਾ ਵਿਚ ਵਾਪਸ ਆਉਣਾ ਚਾਹੁੰਦੇ ਹਨ ਤਾਂ ਕੇਂਦਰ ਸਰਕਾਰ ਉਨ੍ਹਾਂ ਦੀ ਵਾਪਸੀ ਦਾ ਰਾਹ ਪੱਧਰਾ ਕਰਦਿਆਂ ਮੁੜ ਵਸੇਬੇ ਦਾ ਪ੍ਰਬੰਧ ਕਰੇਗੀ। ਉਨ੍ਹਾਂ ਕਿਹਾ ਕਿ ਇਹ ਨੀਤੀ ਦੇਸ਼ ਦੇ ਹੋਰ ਸੂਬਿਆਂ 'ਚ ਵੀ ਇਸੇ ਤਰ੍ਹਾਂ ਲਾਗੂ ਹੋਵੇਗੀ।

ਪੰਜਾਬ ਵਿਚ ਮੁੜ ਵਾਪਰ ਰਹੀਆਂ ਅਤਿਵਾਦੀ ਘਟਨਾਵਾਂ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਅਜਿਹੀਆਂ ਇੱਕਾ-ਦੁੱਕਾ ਘਟਨਾਵਾਂ ਨਾਲ ਪੰਜਾਬ ਵਿਚ ਮੁੜ ਅਤਿਵਾਦ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ। ਪਰ ਇਥੇ ਜ਼ਿਕਰਯੋਗ ਹੈ ਕਿ ਸਰਕਾਰੀ ਤੌਰ 'ਤੇ ਪੰਜਾਬ ਉਪਰ ਅਜੇ ਵੀ ਗੜਬੜੀ ਵਾਲੇ ਸੂਬੇ ਦਾ ਠੱਪਾ ਲੱਗਾ ਹੋਇਆ ਹੈ। ਇਸ ਮਾਮਲੇ ਸਬੰਧੀ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਉਹ ਇਸ ਮੁੱਦੇ ਉਤੇ ਵਿਚਾਰ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਉਹ ਸਰਹੱਦੀ ਟੈਰੀਆ ਵਿਕਾਸ ਫੰਡ ਤਹਿਤ ਸੂਬੇ ਨੂੰ ਮਿਲਣ ਵਾਲੀ 635 ਕਰੋੜ ਰੁਪਏ ਦੀ ਸਹਾਇਤਾ ਨੂੰ ਵਧਾਉਣ ਬਾਰੇ ਵੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨਾਲ ਗੱਲਬਾਤ ਕਰਨਗੇ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਕਸ਼ਮੀਰੀ ਨੌਜਵਾਨਾਂ ਬਾਰੇ ਕੇਂਦਰ ਸਰਕਾਰ ਦੀ ਪਹਿਲ ਕਦਮੀ ਦੇ ਖੇਤਰ ਨੂੰ ਵਿਸ਼ਾਲ ਕਰਕੇ ਇਸ 'ਚ ਸਿੱਖ ਨੌਜਵਾਨਾਂ ਨੂੰ ਸ਼ਾਮਲ ਕਰਨ ਦੀ ਕੀਤੀ ਮੰਗ ਪਿਛੋਂ ਕੇਂਦਰ ਨੇ ਇਸ ਨੀਤੀ ਦਾ ਘੇਰਾ ਹੋਰ ਮੋਕਲਾ ਕੀਤਾ ਹੈ ਪਰ ਕੇਂਦਰੀ ਗ੍ਰਹਿ ਮੰਤਰੀ ਨੇ ਇਸ ਆਤਮ ਸਮਰਪਣ ਲਈ ਕਈ ਅਜਿਹੀਆਂ ਸਖਤ ਸ਼ਰਤਾਂ ਰੱਖੀਆਂ ਹਨ ਜਿਨ੍ਹਾਂ ਨੂੰ ਪੂਰਿਆਂ ਕਰਨ ਵਿਚ ਕਈ ਅੜਿਕੇ ਪੇਸ਼ ਆ ਸਕਦੇ ਹਨ। ਸਿੱਖ ਖਾੜਕੂ ਹਮਾਇਤੀ ਧਿਰਾਂ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ ਇਨ੍ਹਾਂ ਅੜਿੱਕਿਆਂ ਨੂੰ ਦੂਰ ਕਰਨ 'ਚ ਨਰਮੀ ਅਤੇ ਖੁਲ੍ਹਦਿੱਲੀ ਦਿਖਾਵੇ ਤਦ ਹੀ ਚੋਟੀ ਦੇ ਸਿੱਖ ਖਾੜਕੂ ਆਗੂਆਂ ਦੀ ਭਾਰਤ ਵਾਪਸੀ ਸੰਭਵ ਹੋ ਸਕਦੀ ਹੈ। ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਕੇਂਦਰ ਸਰਕਾਰ ਦੀ ਇਸ ਪੇਸ਼ਕਸ਼ ਨਾਲ ਸਾਧਾਰਨ ਕੇਸਾਂ ਵਿਚ ਲੋੜੀਂਦੇ ਪਰ ਉਸ ਮੌਕੇ ਦੇ ਪੰਜਾਬ ਪੁਲਿਸ ਦੇ ਅੰਨ੍ਹੇ ਜਬਰ ਅਤੇ ਤਸ਼ੱਦਦ ਤੋਂ ਦੁਖੀ ਹੋ ਕੇ ਵਿਦੇਸ਼ੀ ਜਾ ਬੈਠੇ ਸਿੱਖ ਨੌਜਵਾਨਾਂ ਦੀ ਘਰ ਵਾਪਸੀ ਲਈ ਰਸਤਾ ਛੇਤੀ ਖੁਲ੍ਹ ਸਕਦਾ ਹੈ। ਕੇਂਦਰ ਸਰਕਾਰ ਦੀ ਚਿਰਾਂ ਤੋਂ ਉਠਾਈ ਜਾ ਰਹੀ ਆਵਾਜ਼ ਨੂੰ ਹੁੰਘਾਰਾ ਮਿਲਿਆ ਹੈ, ਉੱਥੇ ਅਜਿਹੇ ਨੌਜਵਾਨਾਂ ਦੀ ਵਿਸਥਾਰਤ ਰਿਪੋਰਟ ਤਿਆਰ ਕਰਨ ਦੀ ਜ਼ਿੰਮੇਵਾਰੀ ਵੀ ਵਧ ਗਈ ਹੈ। ਵਿਦੇਸ਼ੀ ਬੈਠੇ ਸਿੱਖ ਨੌਜਵਾਨਾਂ ਦੀ ਕਾਲੀ ਸੂਚੀ 'ਚ ਕਿਹੜੇ ਨਾਂ ਪਹਿਲ ਦੇ ਆਧਾਰ 'ਤੇ ਵਿਚਾਰੇ ਜਾਣ ਵਾਲੇ ਹਨ ਉਨ੍ਹਾਂ ਦੀ ਛਾਣ ਬੀਣ ਕਰਨਾ ਹੁਣ ਪੰਜਾਬ ਸਰਕਾਰ ਦੇ ਜ਼ਿੰਮੇ ਆ ਪਿਆ ਹੈ। ਅਜਿਹੇ ਨੌਜਵਾਨਾਂ ਦੀ ਸੂਚੀ ਤਿਆਰ ਕਰਨ ਲਈ ਕਿਹੜੇ ਮਾਪਦੰਡ ਅਪਣਾਏ ਜਾਣ, ਇਸ ਦਾ ਫੈਸਲਾ ਕਰਨਾ ਵੀ ਪੰਜਾਬ ਸਰਕਾਰ ਲਈ ਵੱਡੀ ਸਿਰਦਰਦੀ ਹੋਵੇਗਾ। ਅਜਿਹਾ ਕਰਨਾ ਇਸ ਲਈ ਮੁਸ਼ਕਲ ਕਾਰਜ ਹੈ ਕਿਉਂਕਿ ਪੰਜਾਬ 'ਚ ਖਾਲਿਸਤਾਨ ਦੀ ਮੰਗ ਲਈ ਲੜ ਰਹੀਆਂ ਧਿਰਾਂ ਵਲੋਂ ਪੰਜਾਬ 'ਚ ਗੜਬੜੀ ਦੀਆਂ ਕੀਤੀ ਤਾਜ਼ਾ ਘਟਨਾਵਾਂ ਲਈ ਜ਼ਿੰਮੇਵਾਰੀ ਓਟਣ ਨਾਲ ਇਹ ਅਮਲਾ ਕੁਝ ਪੇਚੀਦਾ ਹੋ ਗਿਆ ਹੈ।

ਇਸੇ ਦੌਰਾਨ ਕੁਝ ਸਿੱਖ ਜਥੇਬੰਦੀਆਂ ਨੇ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਵਲੋਂ ਸਿੱਖ ਰਾਜ ਦੀ ਮੰਗ ਛੱਡਣ ਦੀ ਲਗਾਈ ਸ਼ਰਤ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਹਰ ਮਨੁੱਖ ਦਾ ਮੁੱਢਲਾ ਅਧਿਕਾਰ ਹੈ ਅਤੇ ਜੇ ਸਿੱਖਾਂ ਨੂੰ ਲਗਦਾ ਹੈ ਕਿ ਭਾਰਤ ਵਿਚ ਉਨ੍ਹਾਂ ਨੂੰ ਪੂਰੇ ਹੱਕ ਨਹੀਂ ਮਿਲ ਰਹੇ ਤਾਂ ਇਸ ਲਈ ਆਪਣੇ ਵੱਖਰੇ ਘਰ ਦੀ ਮੰਗ ਕਰਨਾ ਕੋਈ ਗੁਨਾਹ ਨਹੀਂ। ਸਿੱਖ ਸਟੂਡੈਂਟਸ ਫੈਡਰੇਸ਼ਨ (ਗਰੇਵਾਲ) ਦੇ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਤਾਂ ਸਿੱਖ ਨੌਜਵਾਨਾਂ ਨੂੰ ਗੁੰਮਰਾਹ ਅਤੇ ਭਟਕੇ ਹੋਏ ਕਹਿਣ 'ਤੇ ਵੀ ਇਤਰਾਜ਼ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕੌਮ ਪ੍ਰਤੀ ਕੁਰਬਾਨੀ ਦੀ ਭਾਵਨਾ ਨਾਲ ਜੂਝਣ ਵਾਲੇ ਨੌਜਵਾਨ ਕੌਮ ਦੇ ਹੀਰੋ ਹਨ ਨਾ ਕਿ ਭਟਕੇ ਹੋਏ।

# ਜਜ਼ੀਆ ਨਾ ਦੇਣ 'ਤੇ ਤਾਲਿਬਾਨ ਵਲੋਂ ਸਿੱਖਾਂ ਦਾ ਕਤਲ

ਦਿੱਤਾ। ਇਹ ਪਹਿਲਾ ਮੌਕਾ ਹੈ ਜਦੋਂ ਪਾਕਿਸਤਾਨ ਵਿਚ ਸਿੱਖਾਂ ਨਾਲ ਅਜਿਹੀ ਘਟਨਾ ਵਾਪਰੀ ਹੋਵੇ। ਇਨ੍ਹਾਂ ਨੌਜਵਾਨਾਂ ਨੂੰ ਤਾਲਿਬਾਨ ਵੱਲੋਂ 34 ਦਿਨ ਪਹਿਲਾਂ ਅਗਵਾ ਕਰ ਲਿਆ ਗਿਆ ਸੀ।

ਜਾਣਕਾਰੀ ਅਨੁਸਾਰ ਪਾਕਿਸਤਾਨ ਦੇ ਖੈਬਰ ਕਬਾਇਲੀ ਇਲਾਕੇ ਵਿਚ ਪਿਸ਼ਾਵਰ ਨੇੜੇ ਕਰਿਆਨੇ ਦਾ ਕਾਰੋਬਾਰ ਕਰਦੇ ਚਾਰ ਸਿੱਖ ਨੌਜਵਾਨਾਂ ਨੂੰ ਤਾਲਿਬਾਨ ਨੇ ਅਗਵਾ ਕਰ ਲਿਆ ਸੀ ਤੇ ਉਨ੍ਹਾਂ ਦੀ ਰਿਹਾਈ ਬਦਲੇ 3 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਇਹ ਪਰਿਵਾਰ ਮੱਧਵਰਗੀ ਹੋਣ ਕਾਰਨ ਏਨੀ ਵੱਡੀ ਰਕਮ ਦੇਣ ਤੋਂ ਅਸਮਰੱਥ ਸਨ। ਪੀੜਤ ਪਰਿਵਾਰ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਤੇ ਸਰਕਾਰ ਤੋਂ ਮਦਦ ਲਈ ਭਟਕ ਰਹੇ ਸਨ ਅਤੇ ਨੌਜਵਾਨਾਂ ਦੀ ਰਿਹਾਈ ਲਈ ਕੁਝ ਯਤਨ ਹੋਏ ਵੀ ਪਰ ਕੋਈ ਸਫਲਤਾ ਨਾ ਮਿਲ ਸਕੀ। ਤਾਲਿਬਾਨ ਵੱਲੋਂ ਇਸ ਫ਼ਿਰੌਤੀ ਲਈ ਆਖ਼ਰੀ ਸਮਾਂ ਸੀਮਾ ਲੰਘ ਜਾਣ 'ਤੇ ਇਨ੍ਹਾਂ ਵਿਚੋਂ ਦੋ ਨੌਜਵਾਨਾਂ ਦੇ ਸਿਰ ਕਲਮ ਕਰ ਦਿੱਤੇ ਗਏ। ਇਨ੍ਹਾਂ ਵਿਚੋਂ ਜਸਪਾਲ ਸਿੰਘ ਦਾ ਸਿਰ ਤਾਂ ਪਿਸ਼ਾਵਰ ਦੇ ਗੁਰਦੁਆਰਾ ਭਾਈ ਜੋਗਾ ਸਿੰਘ ਵਿਖੇ ਸੰਗਤਾਂ ਨੇ ਦੇਖਿਆ ਤੇ ਉਥੋਂ ਮਿਲੀ ਚਿੱਠੀ ਮੁਤਾਬਿਕ ਉਸ ਦਾ ਧੜ ਨੇੜਲੇ ਖੇਤਰ ਦੀਆਂ ਪਹਾੜੀਆਂ ਵਿਚੋਂ ਬਰਾਮਦ ਕੀਤਾ ਗਿਆ ਜਦੋਂਕਿ ਦੂਸਰੇ ਨੌਜਵਾਨ ਮਾਹਲ ਸਿੰਘ ਦੀ ਲਾਸ਼ ਔਰਾਕਜ਼ਾਈ ਇਲਾਕੇ ਵਿਚੋਂ ਬਰਾਮਦ ਹੋਈ।

ਇਸ ਤੋਂ ਇਲਾਵਾ ਦੋ ਸਿੱਖ ਨੌਜਵਾਨ ਗੁਰਵਿੰਦਰ ਸਿੰਘ ਅਤੇ ਗੁਰਜੀਤ ਸਿੰਘ ਹਾਲੇ ਵੀ ਤਾਲਿਬਾਨ ਨੇ ਬੰਧਕ ਬਣਾਏ ਹੋਏ ਹਨ। ਇਕ ਵੱਖਰੀ ਰਿਪੋਰਟ ਮੁਤਾਬਿਕ ਜਜ਼ੀਏ ਦੀ ਰਕਮ ਨਾ ਮਿਲਣ 'ਤੇ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਮਾਰ ਦੇਣ ਦੀ ਧਮਕੀ ਵੀ ਤਾਲਿਬਾਨ ਨੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਕਬਾਇਲੀ ਇਲਾਕੇ ਖੈਬਰ ਵਿਚ ਤਾਲਿਬਾਨ ਦਾ ਜ਼ਿਆਦਾ ਦਬਦਬਾ ਹੈ ਅਤੇ ਪਾਕਿਸਤਾਨ ਸਰਕਾਰ ਇਸ ਇਲਾਕੇ ਵਿਚ ਕੁਝ ਕਰ ਸਕਣ ਤੋਂ ਹਮੇਸ਼ਾ ਲਾਚਾਰ ਰਹੀ ਹੈ।

ਇਕ ਹੋਰ ਰਿਪੋਰਟ ਮੁਤਾਬਿਕ ਤਾਲਿਬਾਨ ਵੱਲੋਂ ਅਗਵਾ ਕੀਤੇ ਗਏ ਨੌਜਵਾਨਾਂ ਦੀ ਗਿਣਤੀ ਜ਼ਿਆਦਾ ਵੀ ਹੋ ਸਕਦੀ ਹੈ। ਇਸੇ ਦੌਰਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਨੇ ਕਿਹਾ ਹੈ ਕਿ ਇਸ ਘਟਨਾ ਨਾਲ ਪਾਕਿਸਤਾਨ ਦਾ ਸਿੱਖ ਭਾਈਚਾਰਾ ਆਪਣੇ-ਆਪ ਨੂੰ ਪੂਰੀ ਤਰ੍ਹਾਂ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ 2009 ਵਿਚ ਪਾਕਿਸਤਾਨ ਦੇ ਉਤਰ ਪੱਛਮੀ ਸਰਹੱਦੀ ਸੂਬੇ ਵਿਚ ਰਹਿ ਰਹੇ ਸਿੱਖਾਂ ਤੋਂ ਤਾਲਿਬਾਨ ਨੇ ਲੱਖਾਂ ਰੁਪਏ ਜਜ਼ੀਏ ਦੇ ਰੂਪ ਵਿਚ ਮੰਗੇ ਸਨ। ਉਸ ਤੋਂ ਬਾਅਦ ਸੁਰੱਖਿਆ ਬਲਾਂ ਤੇ ਤਾਲਿਬਾਨ ਵਿਚਕਾਰ ਚੱਲ ਰਹੀ ਜੰਗ ਕਾਰਨ ਸਿੱਖ ਭਾਈਚਾਰੇ ਦੇ ਲੋਕ ਸਹਿਮ-ਸਹਿਮ ਕੇ ਦਿਨ ਕਟੀ ਕਰ ਰਹੇ ਹਨ। ਇਥੇ 10 ਹਜ਼ਾਰ ਦੇ ਕਰੀਬ ਉਹ ਸਿੱਖ ਪਰਿਵਾਰ ਰਹਿ ਰਹੇ ਹਨ, ਜਿਹੜੇ 1947 ਦੀ ਵੰਡ ਵੇਲੇ ਭਾਰਤ ਨਹੀਂ ਆ ਸਕੇ ਸਨ। ਦੂਸਰੇ ਪਾਸੇ ਭਾਰਤ ਦਾ ਵਿਦੇਸ਼ ਮੰਤਰਾਲਾ ਇਨ੍ਹਾਂ ਸਿੱਖ ਨੌਜਵਾਨਾਂ ਦੇ ਜੀਵਨ ਬਿਓਰੇ ਦੀ ਜਾਣਕਾਰੀ ਵਿਚ ਜੁਟ ਗਿਆ ਹੈ। ਇਸੇ ਦੌਰਾਨ ਉਤਰ ਪੱਛਮੀ ਸਰਹੱਦੀ ਸੂਬੇ ਦੇ ਮੰਤਰੀ ਬਸ਼ੀਰ ਅਹਿਮਦ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਕ ਸਿੱਖ ਦੇ ਕਤਲ ਦੀ ਜਾਣਕਾਰੀ ਹੈ।

ਇਸ ਘਟਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਪੀਲ ਕੀਤੀ ਹੈ ਕਿ ਉਹ ਤੁਰੰਤ ਪਾਕਿਸਤਾਨ ਵਿਚ ਸਿੱਖਾਂ ਦੀ ਸੁਰੱਖਿਆ ਲਈ ਉਥੋਂ ਦੀ ਸਰਕਾਰ ਨਾਲ ਗੱਲ ਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਉਥੋਂ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਭੇਜਣ ਦੇ ਤੁਰੰਤ ਪ੍ਰਬੰਧ ਕੀਤੇ ਜਾਣ।

**ਭਾਜਪਾ ਵੱਲੋਂ ਨਿੰਦਾ:** ਭਾਰਤੀ ਜਨਤਾ ਪਾਰਟੀ ਨੇ ਇਸ ਘਟਨਾ ਦੀ ਨਿੰਦਾ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਨੇ ਪਾਕਿਸਤਾਨ 'ਤੇ ਇਨ੍ਹਾਂ ਸਿੱਖਾਂ ਦੀ ਰਿਹਾਈ ਲਈ ਕੂਟਨੀਤਕ ਦਬਾਓ ਨਹੀਂ ਪਾਇਆ। ਪਾਰਟੀ ਦੇ ਬੁਲਾਰੇ ਰਵੀ ਸ਼ੰਕਰ ਪ੍ਰਸ਼ਾਦ ਨੇ ਕਿਹਾ ਕਿ ਭਾਰਤ ਨੇ ਹਮੇਸ਼ਾ ਅਜਿਹੇ ਮਾਮਲਿਆਂ 'ਤੇ ਪਾਕਿ ਪ੍ਰਤੀ ਨਰਮੀ ਵਾਲਾ ਰੁਖ਼ ਅਪਨਾਇਆ ਹੈ ਜਦੋਂਕਿ ਇਹ ਮਸਲੇ ਸਖ਼ਤੀ ਬਿਨਾਂ ਹੱਲ ਹੋਣ ਵਾਲੇ ਨਹੀਂ।

**ਜੰਮੂ 'ਚ ਬੰਦ:** ਜੰਮੂ-ਕਸ਼ਮੀਰ ਸਿੱਖ ਯੂਨਾਈਟਿਡ ਫਰੰਟ ਦੇ ਸੱਦੇ 'ਤੇ ਪਾਕਿਸਤਾਨ 'ਚ ਸਿੱਖਾਂ ਦੇ ਕਤਲਾਂ ਦੇ ਰੋਸ ਵਜੋਂ ਜੰਮੂ ਅੱਜ ਪੂਰੀ ਤਰ੍ਹਾਂ ਬੰਦ ਰਿਹਾ। ਸਿੱਖ ਭਾਈਚਾਰੇ ਨੇ ਜੰਮੂ-ਪਠਾਂਕੋਟ ਮਾਰਗ ਬੰਦ ਕਰਕੇ ਰੋਸ ਮੁਜ਼ਾਹਰਾ ਕੀਤਾ। ਥਾਂ-ਥਾਂ ਟਾਇਰ ਸਾੜ ਕੇ ਆਵਾਜਾਈ ਠੱਪ ਕਰ ਦਿੱਤੀ ਗਈ। ਇਸ ਬੰਦ ਨੂੰ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ, ਜੰਮੂ ਬਾਰ ਐਸੋਸੀਏਸ਼ਨ ਅਤੇ ਹੋਰ ਜਮਾਤਾਂ ਦਾ ਸਮਰਥਨ ਪ੍ਰਾਪਤ ਸੀ।

## ਤਾਲਿਬਾਨ ਵੱਲੋਂ ਇਕ ਹੋਰ ਅਗਵਾ-ਕਰੋੜ ਦੀ ਫਿਰੌਤੀ ਮੰਗੀ

**ਪਿਸ਼ਾਵਰ:** ਪਾਕਿਸਤਾਨ ਦੇ ਕਬਾਇਲੀ ਖੇਤਰ 'ਚੋਂ ਅਗਵਾ ਕੀਤੇ ਦੋ ਸਿੱਖਾਂ ਦਾ ਕਤਲ ਕਰਨ ਮਗਰੋਂ ਹੁਣ ਤਾਲਿਬਾਨ ਵੱਲੋਂ ਇਕ ਪਾਕਿਸਤਾਨੀ ਹਿੰਦੂ ਨੂੰ ਅਗਵਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਕ ਸਰਕਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਰੋਬਿਨ ਸਿੰਘ ਨਾਂ ਦੇ ਕੰਪਿਊਟਰ ਇੰਜੀਨੀਅਰ ਨੂੰ ਬੀਤੇ ਸ਼ੁੱਕਰਵਾਰ ਪਿਸ਼ਾਵਰ ਦੀ ਯੂਨੀਵਰਸਿਟੀ ਸੜਕ 'ਤੇ ਇਕ ਮਾਰਕੀਟ ਵਿਚੋਂ ਦਿਨ-ਦਿਹਾੜੇ ਕੁਝ ਅਣਪਛਾਤੇ ਵਿਅਕਤੀਆਂ ਨੇ ਅਗਵਾ ਕਰ ਲਿਆ।

ਰੋਬਿਨ ਸਿੰਘ ਦੇ ਇਕ ਰਿਸ਼ਤੇਦਾਰ ਸਾਹਿਬ ਸਿੰਘ ਨੇ ਦੱਸਿਆ ਕਿ ਅਗਵਾਕਾਰਾਂ ਨੇ ਉਸ ਦੀ ਰਿਹਾਈ ਲਈ ਇਕ ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਹੈ ਜਦੋਂ ਕਿ ਰੋਬਿਨ ਦੇ ਭਰਾ ਰਾਜਨ ਸਿੰਘ ਨੇ ਪੁਲਿਸ ਕੋਲ ਇਸ ਸਬੰਧ 'ਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਇਸ ਅਗਵਾ ਦੀ ਨਿਖੇਧੀ ਕਰਦਿਆਂ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਤੁਰੰਤ ਉਸ ਦੀ ਰਿਹਾਈ ਲਈ ਕਦਮ ਉਠਾਉਣ।

## ਸੰਸਦ ਮੈਂਬਰਾਂ ਦਾ ਵਫ਼ਦ ਪ੍ਰਧਾਨ ਮੰਤਰੀ ਨੂੰ ਮਿਲਿਆ

**ਨਵੀਂ ਦਿੱਲੀ:** ਪਾਕਿਸਤਾਨ 'ਚ ਤਾਲਿਬਾਨ ਵੱਲੋਂ ਸਿੱਖਾਂ ਨੂੰ ਅਗਵਾ ਕਰਕੇ ਕਤਲ ਕੀਤੇ ਜਾਣ ਦੇ ਵਿਰੁੱਧ ਮੰਗਲਵਾਰ ਸਿੱਖ ਸੰਸਦ ਮੈਂਬਰਾਂ ਦਾ ਇਕ ਵਫ਼ਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਿਆ ਜਿਸ ਦੌਰਾਨ ਪ੍ਰਧਾਨ ਮੰਤਰੀ ਨੇ ਭਰੋਸਾ ਦਿੱਤਾ ਕਿ ਇਸ ਸਬੰਧ ਵਿਚ ਉਚਿਤ ਅਤੇ ਹਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨਾਲ ਸਕੱਤਰ ਪੱਧਰ ਦੀ ਗੱਲਬਾਤ ਦੌਰਾਨ ਸਿੱਖਾਂ ਦੇ ਅਗਵਾਹ ਤੇ ਇਕ ਸਿੱਖ ਦਾ ਸਿਰ ਕਲਮ ਕੀਤੇ ਜਾਣ ਦਾ ਮੁੱਦਾ ਏਜੰਡੇ ਵਿਚ ਸ਼ਾਮਿਲ ਹੋਵੇਗਾ।

ਵਫ਼ਦ ਵਿਚ ਅਕਾਲੀ ਐਮ ਪੀ ਹਰਸਿਮਰਤ ਕੌਰ ਬਾਦਲ, ਸ੍ਰੀ ਨਰੇਸ਼ ਗੁਜਰਾਲ, ਰਤਨ ਸਿੰਘ ਅਜਨਾਲਾ, ਸ਼ੇਰ ਸਿੰਘ ਘੁਬਾਇਆ, ਆਜ਼ਾਦ ਸ. ਤਰਲੋਚਨ ਸਿੰਘ ਅਤੇ ਬਸਪਾ ਦੇ ਸ. ਅਵਤਾਰ ਸਿੰਘ ਕਰੀਮਪੁਰੀ ਸ਼ਾਮਿਲ ਸਨ। ਪ੍ਰਧਾਨ ਮੰਤਰੀ ਨੇ ਹਰ ਸੰਭਵ ਕਾਰਵਾਈ ਦਾ ਭਰੋਸਾ ਦਿੰਦਿਆਂ ਕਿਹਾ ਹੈ ਕਿ ਅਜਿਹੇ ਮੌਕੇ ਸੰਜਮ ਤੋਂ ਕੰਮ ਲੈਣਾ ਜ਼ਰੂਰੀ ਹੈ। ਕੋਈ ਅਜਿਹਾ ਕਦਮ ਨਾ ਉਠਾਇਆ ਜਾਵੇ, ਜਿਸ ਨਾਲ ਉਲਟਾ ਸਾਨੂੰ ਹੀ ਨੁਕਸਾਨ ਹੋਵੇ।

### *ਇਮਾਮਾਂ ਵੱਲੋਂ ਨਿਖੇਧੀ*

ਨਵੀਂ ਦਿੱਲੀ: ਤਾਲਿਬਾਨ ਵੱਲੋਂ ਸਿੱਖਾਂ ਦੇ ਕਤਲਾਂ ਨੂੰ ਇਸਲਾਮ ਵਿਰੋਧੀ ਕਰਾਰ ਦਿੰਦਿਆਂ ਭਾਰਤ ਦੇ ਇਮਾਮਾਂ ਦੀ ਜਮਾਤ ਨੇ ਇਸ ਘਟਨਾ ਦੀ ਜ਼ੋਰਦਾਰ ਨਿੰਦਾ ਕਰਦਿਆਂ ਤਾਲਿਬਾਨ ਲੜਾਕਿਆਂ ਨੂੰ ਅਪੀਲ ਕੀਤੀ ਕਿ ਅੱਲ੍ਹਾ ਦਾ ਵਾਸਤੇ ਅਜਿਹੀਆਂ ਕਾਰਵਾਈਆਂ ਕਰਕੇ ਇਸਲਾਮ ਨੂੰ ਬਦਨਾਮ ਨਾ ਕਰੋ। ਮਸਜਿਦਾਂ ਦੇ ਇਮਾਮਾਂ ਦੀ ਕੌਮੀ ਪੱਧਰ ਦੀ ਜਮਾਤ ਦੇ ਮੁਖੀ ਇਮਾਮ ਉਮਰ ਅਹਿਮਦ ਇਲਿਆਸੀ ਨੇ ਕਿਹਾ ਕਿ ਅਸੀਂ ਤਾਲਿਬਾਨ ਵੱਲੋਂ ਸਿੱਖਾਂ ਦੇ ਕਤਲ ਕਰਨ ਦੀ ਘਟਨਾ ਦੀ ਜ਼ੋਰਦਾਰ ਨਿੰਦਾ ਕਰਦੇ ਹਾਂ।

## 10 ਮੈਂਬਰੀ ਅਮਰੀਕਨ ਟੀਮ ਵਲੋਂ ਸਕੂਲ ਕੈਂਪਸ ਦਾ ਦੌਰਾ

**ਕੋਟਕਪੂਰਾ:** ਅੰਤਰਰਾਸ਼ਟਰੀ ਪੱਧਰ ਤੱਕ ਮਕਬੂਲੀਅਤ ਹਾਸਲ ਕਰਨ ਵਾਲੀ ਸੰਸਥਾ ਮੇਜਰ ਅਜਾਇਬ ਸਿੰਘ ਸੀਨੀਅਰ ਸੈਕੰਡਰੀ ਸਕੂਲ ਮੈਮੋ. ਕਾਲਜ ਜੀਵਨਵਾਲਾ ਵਿਖੇ ਅਮਰੀਕਨ ਟੀਮ ਤੋਂ ਬਾਅਦ 19 ਫਰਵਰੀ ਨੂੰ ਯੂਕੇ ਦੀ 10 ਮੈਂਬਰੀ ਟੀਮ ਨੇ ਗਰੁੱਪ ਲੀਡਰ ਮਿ. ਡੇਵਿਡ ਕਲਾਰਕ ਨਾਲ ਇੰਡੋ-ਬ੍ਰਿਟਿਸ਼ ਆਰਟ ਐਂਡ ਐਕਸਚੇਂਜ ਕੋਆਰਡੀਨੇਟਰ ਰਾਜਪਾਲ ਸਿੰਘ ਦੀ ਅਗਵਾਈ ਹੇਠ 'ਲੀਗ ਫਾਰ ਦ ਐਕਸਚੇਂਜ਼ ਆਫ਼ ਕਾਮਨਵੈਲਥ ਟੀਚਰਜ਼' (ਐਲਈਸੀਟੀ) ਪ੍ਰੋਗਰਾਮ ਤਹਿਤ ਸਕੂਲ ਕੈਂਪਸ ਦਾ ਦੌਰਾ ਕੀਤਾ। ਲੈਕਚਰਾਰ ਬਿਮਲ ਕੌਰ ਨੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਰਜਣਾਤਮਿਕਤਾ ਥੀਮ ਤਹਿਤ ਦੌਰੇ 'ਤੇ ਆਈ ਇਸ ਟੀਮ ਦੇ ਉਦੇਸ਼ ਸਿੱਖਿਆ-ਪ੍ਰਕਿਰਿਆ ਬਾਰੇ ਨਵੀਆਂ- ਨਵੀਆਂ ਗੱਲਾਂ ਗ੍ਰਹਿਣ ਕਰਨਾ, ਸਿੱਖਣ-ਅਧਿਆਪਨ ਪ੍ਰਕਿਰਿਆ ਦੀਆਂ ਸਿੱਖਿਆ-ਨੀਤੀਆਂ ਨੂੰ ਵਾਚਣਾ, ਵੱਖ-ਵੱਖ ਸਕੂਲਾਂ ਨਾਲ ਸਬੰਧ ਕਾਇਮ ਕਰਨਾ, ਆਪਣੇ ਮੇਜ਼ਬਾਨਾਂ ਨਾਲ ਆਪਣੀਆਂ ਸਿੱਖਿਆ ਨੀਤੀਆਂ ਸਾਂਝੀਆਂ ਕਰਨਾ ਆਦਿ ਹਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਵਿਵਾਦਮਈ ਤਸਵੀਰ ਛਾਪਣ ਪਿਛੋਂ ਬਟਾਲੇ 'ਚ ਕਰਫ਼ਿਊ

**ਬਟਾਲਾ :** ਪ੍ਰਭੂ ਯਿਸ਼ੂ ਮਸੀਹ ਦੀ ਵਿਵਾਦਮਈ ਤਸਵੀਰ ਛਾਪੇ ਜਾਣ ਤੋਂ ਬਾਅਦ ਬਟਾਲਾ ਵਿਚ ਪੈਦਾ ਹੋਏ ਤਣਾਅ ਕਾਰਨ ਲਾਇਆ ਗਿਆ ਕਰਫਿਊ ਲਗਾਤਾਰ ਤੀਜੇ ਦਿਨ ਵੀ ਜਾਰੀ ਰਿਹਾ, ਜਿਸ 'ਚ ਇੱਕ ਘੰਟੇ ਦੀ ਢਿੱਲ ਦਿੱਤੀ ਗਈ, ਜਿਸ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਭਾਰੀ ਗਿਣਤੀ ਵਿਚ ਪੁਲਿਸ ਫੋਰਸ ਤਾਇਨਾਤ ਰਹੀ ਅਤੇ ਕਿਸੇ ਨੂੰ ਵੀ ਇੱਧਰ-ਉਧਰ ਨਹੀਂ ਜਾਣ ਦਿੱਤਾ ਗਿਆ। ਇਸ ਕਰਕੇ ਜਿੱਥੇ ਆਮ ਜਨਜੀਵਨ ਪ੍ਰਭਾਵਤ ਹੋਇਆ, ਉਥੇ ਹੀ ਦੂਰ ਦੁਰਾਡੇ ਤੋਂ ਆਉਣ ਜਾਣ ਤੋਂ ਇਲਾਵਾ ਵਿਆਹ ਸਮਾਰੋਹਾਂ 'ਚ ਸ਼ਾਮਲ ਹੋਣ ਵਾਲਿਆਂ ਨੂੰ ਵੀ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ। ਕੁੱਲ ਮਿਲਾ ਕੇ ਬਟਾਲਾ ਦੇ ਹਲਾਤ ਤਣਾਅਪੂਰਨ ਪਰ ਕਾਬੂ ਹੇਠ ਦੱਸੇ ਜਾਂਦੇ ਹਨ। ਜ਼ਿਕਰਯੋਗ ਹੈ ਕਿ ਬੀਤੀ 20 ਫਰਵਰੀ ਨੂੰ ਪ੍ਰਭੂ ਯਿਸ਼ੂ ਮਸੀਹ ਦੀ ਤਸਵੀਰ ਨੂੰ ਲੈ ਕੇ ਪ੍ਰਦਰਸ਼ਨਕਾਰੀ ਹਿੰਸਾ 'ਤੇ ਉਤਾਰੂ ਹੋ ਗਏ ਸਨ, ਜਿਸ ਕਰਕੇ ਦੋ ਧੜਿਆਂ ਵਿਚ ਤਕਰਾਰ ਹੋ ਗਿਆ ਸੀ ਅਤੇ ਹਲਾਤ ਨੂੰ ਦੇਖਦੇ ਹੋਏ ਸਿਵਲ ਤੇ ਪੁਲਿਸ ਪ੍ਰਾਸ਼ਾਸਨ ਨੂੰ ਕਰਫਿਊ ਲਗਾਉਣਾ ਪਿਆ ਸੀ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਬਟਾਲਾ ਪੁਲਿਸ ਅਤੇ ਕਮਾਂਡੋਜ਼ ਵਲੋਂ ਥਾਂ-ਥਾਂ ਨਾਕੇ ਲਗਾਏ ਗਏ । ਪੁਲਿਸ ਨੇ ਕਿਸੇ ਨੂੰ ਵੀ ਘਰੋਂ ਬਾਹਰ ਨਹੀਂ ਜਾਣ ਦਿੱਤਾ।

ਬੀਤੀ 22ਫਰਵਰੀ ਨੂੰ ਬਟਾਲਾ ਵਿਚ ਪੁਲਿਸ ਦੇ ਆਈਜੀ, ਡੀ ਆਈ ਜੀ ਡਿਪਟੀ ਕਮਿਸ਼ਨਰ ਗੁਰਦਾਸਪਰ ਸਮੇਤ ਕਈ ਅਧਿਕਾਰੀ ਬਟਾਲਾ ਵਿਖੇ ਹਾਲਾਤਾਂ ਤੇ ਨਜ਼ਰ ਅਤੇ ਹਾਲਾਤਾਂ ਦਾ ਮੁਆਇਨਾ ਕਰਦੇ ਹੋਏ ਦੇਖੇ ਗਏ। ਐਸਡੀਐਮ ਬਟਾਲਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਹਾਲਾਤ ਬਿਲਕੁਲ ਕਾਬੂ ਹੇਠ ਹਨ। ਬਟਾਲਾ ਦੇ ਹਾਲਾਤਾਂ ਨੂੰ ਦੇਖਦੇ ਹੋਏ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਵੀ ਬਟਾਲਾ ਦਾ ਦੌਰਾ ਕੀਤਾ ਅਤੇ ਉਹ ਹਿੰਸਾ ਤੋਂ ਪ੍ਰਭਾਵਿਤ ਸਥਾਨਾਂ 'ਤੇ ਵੀ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਕਾਹਲੋਂ ਨੇ ਕਿਹਾ ਕਿ ਹਿੰਸਾ ਦੌਰਾਨ ਜਿਹਨਾਂ ਲੋਕਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਜ਼ਰੂਰ ਮੁਆਵਜ਼ਾ ਦਿੱਤਾ ਜਾਵੇਗਾ। ਦੂਸਰੇ ਪਾਸੇ ਕੁਝ ਹਿੰਦੂ ਸੰਗਠਨਾਂ ਨੇ ਬਕਾਇਦਾ ਤੌਰ 'ਤੇ ਮੀਟਿੰਗ ਕਰਕੇ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਲਈ ਕਾਰਵਾਈ ਦੀ ਮੰਗ ਕੀਤੀ ਅਤੇ ਬਟਾਲਾ ਵਿਖੇ ਰੋਸ ਮਾਰਚ ਕਰਨ ਦਾ ਐਲਾਨ ਵੀ ਕੀਤਾ। ਹਿੰਦੂ ਸੰਗਠਨਾਂ ਵਲੋਂ ਸਖ਼ਤ ਰੁੱਖ ਅਖਤਿਆਰ ਕਰਨ ਕਰਕੇ ਮਾਮਲਾ ਹੋਰ ਗਰਮਾਉਣ ਦੇ ਅਸਾਰ ਬਣਦੇ ਨਜ਼ਰ ਆ ਰਹੇ ਹਨ। ਸਿਵਲ ਪ੍ਰਸ਼ਾਸਨ ਨੇ ਲੋਕਾਂ ਦੀ ਨਿੱਜੀ ਜ਼ਰੂਰਤਾਂ ਦੀ ਪੂਰਤੀ ਲਈ 6 ਵਜੇ ਤੋਂ 7 ਵਜੇ ਤੱਕ ਕਰਫਿਊ ਢਿੱਲ ਦਿੱਤੀ ਗਈ।



ਬਟਾਲਾ 'ਚ ਹੋਈ ਸਾੜਫੂਕ ਦਾ ਦ੍ਰਿਸ਼।

ਇੱਥੋਂ ਜਾਰੀ ਇਕ ਬਿਆਨ 'ਚ ਉਕਤ ਆਗੂਆਂ ਨੇ ਕਿਹਾ ਕਿ ਹਰ ਇਕ ਨੂੰ ਆਪਣੇ ਧਰਮ ਨੂੰ ਮੰਨਣ ਦਾ ਪੂਰਾ ਅਧਿਕਾਰ ਹੈ ਤੇ ਕਿਸੇ ਨੂੰ ਵੀ ਕਿਸੇ ਦੀ ਧਾਰਮਿਕ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ ਅਤੇ ਨਾ ਹੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣੀ ਚਾਹੀਦੀ ਹੈ। ਸੀਪੀਆਈ ਨੇ ਅਜਿਹੀਆਂ ਘਟਨਾਵਾਂ ਦੀ ਸਖ਼ਤ ਨਿੰਦਾ ਕਰਦੇ ਹੋਏ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਜਿਹੀਆਂ ਘਟਨਾਵਾਂ ਲਈ ਜ਼ਿੰਮੇਵਾਰ ਸ਼ਰਾਰਤੀ ਅਨਸਰਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਪਾਰਟੀ ਹਰ ਧਰਮ ਨੂੰ ਮੰਨਣ ਵਾਲਿਆਂ ਨਾਲ ਪੂਰੀ ਹਮਦਰਦੀ ਰੱਖਦੀ ਹੈ। ਉਨ੍ਹਾਂ ਕਿਹਾ ਕਿ ਯਿਸ਼ੂ ਮਸੀਹ ਨੇ ਸਾਰਿਆਂ ਨੂੰ ਸ਼ਾਂਤੀ ਦੇ ਰਸਤੇ 'ਤੇ ਚੱਲਣ ਦਾ ਅਤੇ ਸ਼ਾਂਤੀ ਲਈ ਬਲੀਦਾਨ ਦੇਣ ਦਾ ਸੁਨੇਹਾ ਦਿੱਤਾ। ਉਨ੍ਹਾਂ ਮਸੀਹ ਭਾਈਚਾਰੇ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸ਼ਰਾਰਤੀ ਅਨਸਰਾਂ ਦੀਆਂ ਭੜਕਾਊ ਕਾਰਵਾਈਆਂ ਤੋਂ ਸੁਚੇਤ ਰਹਿਣ। ਪਾਰਟੀ ਨੇ ਪੰਜਾਬ ਸਰਕਾਰ ਨੂੰ ਇਸ ਸਬੰਧੀ ਤੁਰੰਤ ਲੋੜੀਂਦੇ ਕਦਮ ਚੁੱਕੇ ਕੇ ਕਾਰਵਾਈ ਕਰਨ ਲਈ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਦੌਰਾਨ ਜਿੱਥੇ ਕਿਤੇ ਵੀ ਲੋਕਾਂ ਦੀਆਂ ਸੰਪਤੀਆਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਸਰਕਾਰ ਮੁਆਵਜ਼ਾ ਦੇਵੇ। ਸੀਪੀਆਈ ਦੇ ਆਗੂਆਂ ਨੇ ਪੰਜਾਬ ਸਕਰਾਰ ਤੋਂ ਮੰਗ ਕੀਤੀ ਕਿ ਉਹ ਬਟਾਲਾ ਵਿਖੇ ਵਾਪਰੀਆਂ ਘਟਨਾਵਾਂ ਸਬੰਧੀ ਇੱਕ ਸਰਬ ਪਾਰਟੀ ਮੀਟਿੰਗ ਬੁਲਾਏ ਜਿਸ ਵਿਚ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਬਾਰੇ ਠੋਸ ਨੀਤੀ ਉਲੀਕੀ ਜਾਵੇ। ਇਸ ਦੇ ਨਾਲ ਹੀ ਪਾਰਟੀ ਨੇ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਕਿ ਉਹ ਵੀ ਇਨ੍ਹਾਂ ਕਾਰਵਾਈਆਂ ਵਲ ਧਿਆਨ ਦੇ ਕੇ ਕਦਮ ਚੁੱਕੇ।

**ਤਸਵੀਰ ਬਣਾਉਣ ਵਾਲੇ ਪੁਲਿਸ ਅੜਿੱਕੇ :** ਜਲੰਧਰ ਤੋਂ ਮਿਲੀ ਰਿਪੋਰਟ ਅਨੁਸਾਰ ਪ੍ਰਭੂ ਯਿਸ਼ੂ ਮਸੀਹ ਦੀ ਵਿਵਾਦਗ੍ਰਸਤ ਤਸਵੀਰ ਬਣਾਉਣ ਅਤੇ ਹੋਰਡਿੰਗ ਬੋਰਡ ਨੂੰ ਲਗਾਉਣ ਵਾਲੇ ਦੋਵੇਂ 21 ਫਰਵਰੀ ਨੂੰ ਪੁਲਿਸ ਅੜਿੱਕੇ ਆ ਗਏ ਹਨ। ਜ਼ਿਕਰਯੋਗ ਹੈ ਕਿ ਇਹ ਵਿਵਾਦਗ੍ਰਸਤ ਤਸਵੀਰ ਡਾ. ਪ੍ਰਿਤਪਾਲ ਸਿੰਘ ਨੇ ਬਣਾ ਕੇ ਲਵਾਈ ਸੀ, ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਬੋਰਡ ਬਣਾਉਣ ਵਾਲੇ ਗਲੋਸਾਇਨ ਦੇ ਰਾਜ ਕੁਮਾਰ ਬਾਵਾ ਨੇ ਵੀ ਅਦਾਲਤ ਵਿਚ ਆਤਮ-ਸਮਰਪਣ ਕਰ ਦਿੱਤਾ। ਅਦਾਲਤ ਨੇ ਉਸ ਨੂੰ ਇੱਕ ਦਿਨ ਲਈ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ, ਜਦਕਿ ਡਾ. ਪ੍ਰਿਤਪਾਲ ਸਿੰਘ ਨੂੰ 14 ਦਿਨ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ।ਜ਼ਿਕਰਯੋਗ ਹੈ ਕਿ ਯਿਸ਼ੂ ਮਸੀਹ ਦੀ ਵਿਵਾਦਗ੍ਰਸਤ ਤਸਵੀਰ ਲਗਾਏ ਜਾਣ ਨਾਲ ਜਲੰਧਰ ਅਤੇ ਬਟਾਲਾ ਵਿਚ ਵੱਡੇ ਪੱਧਰ 'ਤੇ ਹਿੰਸਾ ਹੋਈ ਸੀ, ਜਿਸ ਤੋਂ ਬਾਅਦ ਕਈ ਥਾਈਂ ਰੋਸ ਪ੍ਰਦਰਸ਼ਨ ਅਤੇ ਇਸਾਈ ਭਾਈਚਾਰੇ ਦੇ ਲੋਕਾਂ ਵਿਚ ਗੁੱਸਾ ਪਾਇਆ ਗਿਆ। ਦੂਜੇ ਪਾਸੇ ਪੁਲਿਸ ਲਈ ਇਨ੍ਹਾਂ ਦੋਵਾਂ ਨੂੰ ਗ੍ਰਿਫ਼ਤਾਰ ਕਰਨਾ ਇੱਕ ਚੁਣੌਤੀ ਬਣੀ ਹੋਈ ਸੀ।

**ਗੁਰਦਾਸਪੁਰ 'ਚ ਪੁਲੀਸ ਤੇ ਪ੍ਰਦਰਸ਼ਨਕਾਰੀਆਂ ਵਿਚ ਟਕਰਾਅ :**ਇਥੇ ਲੱਗੇ ਅਣਮਿੱਥੇ ਸਮੇਂ ਦੇ ਕਰਫਿਊ ਦੌਰਾਨ ਪੁਲੀਸ ਅਤੇ ਬਲੈਕ ਕੈਟ ਕਮਾਂਡੋਜ਼ ਨੇ ਸ਼ਹਿਰ ਵਿਚ ਫਲੈਗ ਮਾਰਚ ਕੀਤਾ ਅਤੇ ਲੋਕਾਂ ਨੂੰ ਘਰਾਂ ਅੰਦਰ ਹੀ ਰਹਿਣ ਦਾ ਆਦੇਸ਼ ਦਿੱਤਾ। ਇਸੇ ਦੌਰਾਨ ਗੁਰਦਾਸਪੁਰ ਸਦਰ ਅਧੀਨ ਪੈਂਦੇ ਪਿੰਡ ਤਿੱਬਤ ਵਿਚ ਈਸਾ ਮਸੀਹ ਦੀ ਤਸਵੀਰ ਦੇ ਮਾਮਲੇ 'ਤੇ ਪ੍ਰਦਰਸ਼ਨ ਕਰ ਰਹੇ ਲੋਕਾਂ ਅਤੇ ਪੁਲੀਸ ਵਿਚਾਲੇ ਹੋਏ ਟਕਰਾਅ ਵਿਚ ਡੀ.ਐਸ.ਪੀ. ਸਮੇਤ ਚਾਰ ਫੱਟੜ ਹੋ ਗਏ। ਇਸ ਦੌਰਾਨ ਬਟਾਲਾ ਨੂੰ ਆਉਣ ਤੇ ਜਾਣ ਵਾਲੀ ਰੇਲ ਅਤੇ ਬੱਸ ਸੇਵਾ ਪੂਰੀ ਤਰ੍ਹਾਂ ਠੱਪ ਰਹੀ। ਹਾਲਾਤ ਦਾ ਜਾਇਜ਼ਾ ਲੈਣ ਲਈ ਖੁਦ ਡੀਜੀਪੀ ਪਰਮਦੀਪ ਸਿੰਘ ਗਿੱਲ ਬਟਾਲਾ ਵਿਖੇ ਪਹੁੰਚੇ, ਜਿਨ੍ਹਾਂ ਨੇ ਦੋਵੇਂ ਧਿਰਾਂ (ਹਿੰਦੂ ਤੇ ਇਸਾਈ ਭਾਈਚਾਰੇ) ਦਾ ਪੱਖ ਸੁਣਿਆ। ਦੂਸਰੇ ਪਾਸੇ ਹਿੰਦੂ ਸੰਗਠਨਾਂ ਦੇ ਆਗੂਆਂ ਨੇ ਭਾਰੀ ਗਿਣਤੀ ਵਿੱਚ ਇਕੱਠੇ ਹੋ ਕੇ ਹੁੱਲੜਬਾਜ਼ੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਜਾਣਕਾਰੀ ਅਨੁਸਾਰ ਸਮਝੌਤੇ ਦੇ ਅਸਾਰ ਬਣ ਰਹੇ ਹਨ।


## Matrimonials

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data- Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

ਸੋਹਣੇ ਸੁਨੱਖੇ ਜੱਟ ਸਿੱਖ ਕੰਗ, ਅਮਰੀਕਨ ਸਿਟੀਜ਼ਨ, 29, 5'11" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਵਿਜ਼ੀਟਰ ਵੀਜ਼ੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:530-310-6777, 530-310-3843

**Bride Wanted**

**Wanted Jat Sikh homely US citizen or green card holder match for handsome, humble, well cultured Jat Sikh Shergill boy, 26, 5'11", bachelor degree from UK on multiple USA visa, reputed well established landlord family in Punjab. Girl 5'4" or above preferred. Contact:920-292-0569, 99159-70266**

**ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।**



**ਜਗਰੂਪ ਸਿੰਘ ਤੱਖਰ**
**ਫੋਨ:209-485-1521**

**Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.**

**Jagroop Singh Takhar**
**786 Empress Road,**
**Modesto, CA 95350**
**(209) 485-1521**
**jagroop209@aol.com**
Health plans and insurance
California license No. 0D95393

Authorized Broker
blue of california
Blue Shield of California Life & Health Insurance Company

**Vital Shield Plus 2900 Generic Rx**

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

**Call me now to learn more about Blue Shield plans**

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

**Real Estate & Loans Under One Roof**

***Call:Sam Chahal Tel: 916-612-5773***

***For Buying and Selling Residential, Commercial property and for Loans in Sacramento area***

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**
**e-mail:sam@jassigill.com**

**Reo-Bankowned Properties**
**Serving from Bay Area to Sacramento**

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

**ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।**

**Golden State Realty**

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਪੇਂਡੂ ਉਲੰਪਿਕ:ਹਾਕੀ ਦਾ ਖਿਤਾਬ ਇੰਜਨੀਅਰਿੰਗ ਕਾਲਜ ਢੁੱਡੀਕੇ ਨੇ ਜਿੱਤਿਆ

**ਕਿਲਾ ਰਾਏਪੁਰ (ਸੁਖਵੀਰ ਗਰੇਵਾਲ):** ਐਤਵਾਰ ਖਤਮ ਹੋਈਆਂ 75 ਵੀਆਂ ਕਿਲਾ ਰਾਏਪੁਰ ਦੀਆਂ ਤਿੰਨ ਰੋਜ਼ਾ ਖੇਡਾਂ ਦੌਰਾਨ ਹਾਕੀ ਸੀਨੀਅਰ ਦਾ ਖਿਤਾਬ ਨੌਰਥ ਵੈਸਟ ਇੰਜੀਨੀਅਰਿੰਗ ਕਾਲਜ ਢੁੱਡੀਕੇ ਨੇ ਜਿੱਤਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲਾ ਰਾਏਪੁਰ ਦੇ ਖੇਡ ਮੈਦਾਨ ਵਿਚ ਖੇਡੇ ਗਏ ਫਾਈਨਲ ਮੈਚ ਵਿਚ ਇਸ ਕਾਲਜ ਨੇ ਮੇਜ਼ਬਾਨ ਗਰੇਵਾਲ ਸਪੋਰਟਸ ਕਲੱਬ ਨੂੰ ਟਾਈਬਰੇਕਰ ਦੇ ਜਰੀਏ 7-5 ਦੇ ਫਰਕ ਨਾਲ ਹਰਾਇਆ। ਮੈਚ ਦੇ ਨਿਰਧਾਰਿਤ ਸਮੇ ਤੱਕ ਦੋਵੇ ਟੀਮਾਂ 2-2 ਦੀ ਬਰਾਬਰੀ ਤੇ ਖੇਡ ਰਹੀਆਂ ਸਨ। ਕਿਲਾ ਰਾਏਪੁਰ ਵਲੋਂ ਗੁਰਪ੍ਰੀਤ ਸਿੰਘ, ਪਰਮਜੀਤ ਸਿੰਘ ਅਤੇ ਢੁੱਡੀਕੇ ਵਲੋਂ ਬਲਵਿੰਦਰ ਅਤੇ ਰਣਜੀਤ ਨੇ ਮੈਚ ਦੌਰਾਨ ਗੋਲ ਦਾਗੇ। ਜੇਤੂ ਟੀਮ ਨੂੰ 31 ਹਜਾਰ ਅਤੇ ਉਪ ਜੇਤੂ ਨੂੰ 21 ਹਜ਼ਾਰ ਦੀ ਰਾਸ਼ੀ ਨਾਲ ਸਨਮਾਨਿਆ ਗਿਆ।

ਅਕੈਡਮੀਆਂ ਅੰਡਰ 19 ਦੇ ਫਾਈਨਲ ਮੈਚ ਵਿਚ ਸੰਗਰੂਰ ਹਾਕੀ ਅਕੈਡਮੀ ਨੇ ਗਰੇਵਾਲ ਹਾਕੀ ਅਕੈਡਮੀ ਨੂੰ 4-1 ਦੇ ਫਰਕ ਨਾਲ ਹਰਾਇਆ ਜੇਤੂ ਟੀਮ ਵਲੋਂ ਗੁਰਪਿੰਦਰ ਨੇ 2 ਰਮਨਬੀਰ ਅਤੇ ਕਿਦਰੀ ਨੇ 1-1 ਗੋਲ ਕੀਤਾ ਕਿਲਾ ਰਾਏਪੁਰ ਵਲੋ 1 ਇਕ ਗੋਲ ਸੰਦੀਪ ਅਤੇ ਇਸ ਤੋ ਪਹਿਲਾ ਖੇਡੇ ਗਏ ਪਹਿਲੇ ਸੈਮੀਫਾਈਨਲ ਵਿਚ ਗਰੇਵਾਲ ਅਕੈਡਮੀ ਕਿਲਾ ਰਾਏਪੁਰ ਨੇ ਅਕਾਲਗੜ੍ਹ ਨੂੰ 2-1 ਦੇ ਫਰਕ ਨਾਲ ਹਰਾਇਆ। ਜੇਤੂ ਟੀਮ ਵਲੋ ਸੰਦੀਪ ਸਿੰਘ ਅਤੇ ਸੁਮਿਤ ਪਾਲ ਨੇ ਇਕ-ਇੱਕ ਗੋਲ ਕੀਤਾ। ਦੂਜੇ ਸੈਮੀਫਾਈਨਲ ਵਿਚ ਸੰਗਰੂਰ ਹਾਕੀ ਅਕੈਡਮੀ ਨੇ ਰੋਪੜ ਹਾਕਸ ਨੂੰ 2-1 ਦੇ ਫਰਕ ਨਾਲ ਹਰਾਇਆ।ਸੰਗਰੂਰ ਵਲੋ ਸੁਖਮਿੰਦਰ ਸਿੰਘ, ਮੋਹਿਤ ਅਤੇ ਰੋਪੜ ਵਲੋ ਕੁਲਦੀਪ ਨੇ ਗੋਲ ਕੀਤਾ।

ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਇਨ੍ਹਾਂ ਖੇਡਾਂ ਦੇ ਪ੍ਰਬੰਧਕਾਂ ਨੂੰ 10 ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਵੀ ਕੀਤਾ। ਗਰੇਵਾਲ ਸਪੋਰਟਸ ਐਸੋਸੀਏਸ਼ਨ ਵਲੋ ਪ੍ਰਧਾਨ ਗੁਰਪਿੰਦਰ ਸਿੰਘ ਗਰੇਵਾਲ ਦੀ ਅਗਵਾਈ ਹੇਠ ਕਰਵਾਈਆ ਗਈਆਂ ਇਨ੍ਹਾਂ ਖੇਡਾਂ ਦੇ ਆਖਰੀ ਦਿਨ ਬੈਲ ਗੱਡੀਆਂ, ਟਰੈਕਟਰਾਂ, ਖੱਚਰ ਰੇੜ੍ਹਿਆਂ ਤੇ ਬਜੁਰਗਾਂ ਦੀਆਂ ਦੌੜਾਂ, ਰੱਸਾਕਸੀ, ਵਿਅਕਤੀਗਤ ਕਰਤੱਬਾਂ ਨੇ ਹਜਾਰਾਂ ਦਰਸਕਾਂ ਨੂੰ ਮੰਤਰ ਮੁਗਧ ਕਰਕੇ ਬਿਠਾਈ ਰੱਖਿਆ। ਇਸ ਮੌਕੇ ਬੀਜਿੰਗ ਉਲੰਪਿਕ ਖੇਡਾਂ ਵਿਚ ਦੇਸ਼ ਲਈ ਮੁੱਕੇਬਾਜ਼ੀ ਦੇ ਖੇਤਰ ਵਿਚ ਪਹਿਲੀ ਵਾਰ ਤਗਮਾ ਜਿੱਤਣ ਵਾਲੇ ਵਜਿੰਦਰ ਸਿੰਘ, ਕੌਮੀ ਟੀਮ ਦੇ ਮੁੱਖ ਕੋਚ ਗੁਰਬਖਸ਼ ਸਿੰਘ ਸੰਧੂ, ਉਘੇ ਪੱਤਰਕਾਰ ਸ੍ਰੀ ਰਮੇਸ਼ ਵਿਨਾਇਕ, ਲੋਕ ਗਾਇਕਾ ਡੌਲੀ ਗੁਲੇਰੀਆ, ਪੰਜਾਬ ਕਲਚਰਲ ਪ੍ਰੋਮੋਸ਼ਨ ਕੌਂਸਲ ਦੇ ਨਿਰਦੇਸ਼ਕ ਦਵਿੰਦਰ ਸਿੰਘ ਛੀਨਾ, ਸ. ਗੁਰਿੰਦਰ ਸਿੰਘ ਗਰੇਵਾਲ ਆਈ.ਏ.ਐਸ. ਕਮਿਸ਼ਨਰ ਪਟਿਆਲਾ, ਡਾ. ਬਰਿੰਦਰ ਕੌਰ ਟੀ.ਵੀ. ਨਿਊਜ ਰੀਡਰ ਅਤੇ ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ-ਕਮਾਲਪੁਰਾ, ਉਘੇ ਅਰਥ ਸ਼ਾਸ਼ਤਰੀ ਡਾ. ਸਰਬਜੀਤ ਸਿੰਘ ਛੀਨਾ, ਸ. ਅਜੀਤ ਸਿੰਘ ਬਾਧ ਡਾਇਰੈਕਟਰ ਸ਼ੇਰ-ਏ ਪੰਜਾਬ ਰੇਡੀਓ-ਕੈਨੇਡਾ, ਫੁੱਟਬਾਲ ਖਿਡਾਰੀ ਤੇ ਸੱਭਿਆਚਾਰਕ ਪ੍ਰੋਮੋਟਰ ਸ. ਨਿਰਮਲ ਸਿੰਘ ਸਿਡਨੀ, ਆਸਟਰੇਲੀਆ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਖੇਡ, ਸਮਾਜਿਕ ਤੇ ਸੱਭਿਆਚਾਰਕ ਪ੍ਰਾਪਤੀਆਂ ਸਦਕਾ ਇਹ ਰੂਰਲ ਉਲੰਪਿਕ ਹੈਰੀਟੇਜ ਉਲੰਪਿਕ ਸਪੋਰਟਸ ਐਵਾਰਡ ਦਿਤੇ ਗਏ।

ਇਨ੍ਹਾਂ ਖੇਡਾਂ ਦੀ ਵਿਸ਼ੇਸ਼ ਪਹਿਚਾਣ ਮੰਨੀ ਜਾਦੀ ਬੈਲ ਗੱਡੀਆਂ ਦੀ ਫਾਈਨਲ ਦੌੜ ਦਾ ਫੈਸਲਾ ਫੋਟੋ ਫਿਨਿਸ਼ ਰਾਹੀਂ ਹੋਇਆ। ਇਨ੍ਹਾਂ ਦੌੜਾਂ 'ਚ ਮਹਿੰਦਰ ਸਿੰਘ ਮਹਿਮਾ ਸਿੰਘ ਵਾਲਾ ਦੀ ਬੈਲ ਗੱਡੀ ਪਹਿਲੇ, ਬੇਲਾ ਸਿੰਘ ਡੇਹਲੋ ਦੀ ਬੈਲ ਗੱਡੀ ਦੂਜੇ, ਤੋਤਾ ਸਿੰਘ ਗੁੱਜਰਵਾਲ ਦੀ ਬੈਲ ਗੱਡੀ ਤੀਜੇ ਥਾਂ ਰਹੀ। ਬੈਲ ਗੱਡੀਆ ਦਾ ਪਹਿਲਾ 51 ਹਜਾਰ ਦਾ ਇਨਾਮ ਬੌਬੀ ਗਰੇਵਾਲ ਵਲੋਂ ਦਿੱਤਾ ਗਿਆ। ਰਵਿੰਦਰ ਸਿੰਘ ਬੱਬੀ ਦੀ ਅਗਵਾਈ 'ਚ ਹੋਈਆਂ ਇਨ੍ਹਾਂ ਦੌੜਾਂ 'ਚ ਪਹਿਲੇ ਤਿੰਨ ਸਥਾਨਾਂ 'ਤੇ ਰਹੀਆਂ ਬੈਲ ਗੱਡੀਆਂ ਦੇ ਚਾਲਕਾਂ ਨੂੰ ਪਹਿਲੀ ਵਾਰ ਨੋਕੀਆ ਐਵਾਰਡ ਦਿੱਤੇ ਗਏ।



ਪੁਰਸ਼ਾਂ ਦੇ ਇਕ ਪਿੰਡ ਓਪਨ ਕਬੱਡੀ ਮੁਕਾਬਲੇ 'ਚ ਅੱਚਰਵਾਲ ਦੀ ਟੀਮ ਨੇ ਕਾਲਖ ਨੂੰ 33 ਦੇ ਮੁਕਾਬਲੇ 32 ਅੰਕਾਂ ਨਾਲ ਹਰਾ ਕੇ ਖਿਤਾਬ ਜਿੱਤਿਆ। ਇਸ ਮੈਚ ਵਿਚ ਬਿੰਦਰ ਸੂਜਾਪੁਰੀਆ, ਹਰਮਨ ਕਾਲਖ, ਰੈਬੋ ਕਾਲਖ ਨੇ ਸ਼ਾਨਦਾਰ ਖੇਡ ਦਿਖਾਈ। ਅਮਰਦੀਪ ਸਿੰਘ ਗਰੇਵਾਲ ਮਿੱਠਾ ਨੇ ਇਕ ਪਿੰਡ ਓਪਨ ਦੀ ਜੇਤੂ ਟੀਮ ਨੂੰ 51 ਹਜਾਰ ਦਾ ਇਨਾਮ ਸਪਾਂਸਰ ਕੀਤਾ।

ਟਰੈਕਟਰਾਂ ਦੀਆਂ ਦੌੜਾਂ 'ਚ ਸੁੱਖਾ ਸਿੰਘ ਢੇਹਾ ਹੁਸ਼ਿਆਰਪੁਰ ਦਾ ਜੋਹਨ ਡੀਅਰ ਟਰੈਕਟਰ ਪਹਿਲੇ ਸਥਾਨ 'ਤੇ, ਗੁਰਪ੍ਰੀਤ ਸਿੰਘ ਮਹਿਲ ਕਲਾਂ ਦੂਸਰੇ 'ਤੇ ਰਿਹਾ। ਖੱਚਰ ਰੇੜ੍ਹਿਆਂ ਦੀ ਦੌੜਾਂ 'ਚ ਕੇਹਰ ਸਿੰਘ ਜੋਧਾਂ ਦਾ ਰੇੜਾ ਪਹਿਲੇ, ਸੱਤਪਾਲ ਧਾਂਦਰਾ ਦੂਜੇ ਤੇ ਜਿੰਦਰ ਜੋਧਾਂ ਤੀਜੇ ਸਥਾਨ 'ਤੇ ਰਿਹਾ। ਰੱਸਾਕਸੀ ਵਿਚ ਬੁਰਜ ਦੂੱਨਾ ਦੀ ਨਿਰਮਲ ਸਿੰਘ ਤੇ ਬਲਬੀਰ ਸਿੰਘ ਦੀ ਅਗਵਾਈ ਵਾਲੀ ਟੀਮ ਪਹਿਲੇ ਤੇ ਚਹੇੜੂ ਦੀ ਟੀਮ ਦੂਜੇ ਸਥਾਨ ਰਹੀ। ਲੜਕੀਆਂ ਦੇ ਕਬੱਡੀ ਮੁਕਾਬਲੇ ਵਿਚ ਕੋਚ ਬੁੱਧ ਸਿੰਘ ਤੇ ਸੁਖਦੇਵ ਸਿੰਘ ਦੀ ਸਿਖਲਾਈ ਯਾਫਤਾ ਪੰਜਾਬ ਦੀ ਟੀਮ ਨੇ ਹਰਿਆਣਾ ਨੂੰ ਹਰਾਇਆ। ਪੰਜਾਬ ਦੀ ਖਿਡਾਰਨ ਵੀਰਵਿੰਦਰ ਮਧੋ, ਮਨਪ੍ਰੀਤ ਮਾਣੀ ਭੂਰੀ ਖੀਵਾ, ਪਰਮਜੀਤ ਅਤਲਾ।

**ਲੜਕੀਆਂ :** ਸ਼ਾਟ ਪੁੱਟ ਮੁਕਾਬਲੇ ਵਿਚ ਚੰਡੀਗੜ੍ਹ ਦੀ ਲਵਪ੍ਰੀਤ ਕੌਰ ਨੇ ਪਹਿਲਾਂ ਸਥਾਨ, ਸੁਨਾਮ ਦੀ ਬਲਜੀਤ ਕੌਰ ਨੇ ਦੂਸਰਾ ਸਥਾਨ ਤੇ ਕਪੂਰਥਲਾ ਦੀ ਅਮਨਪ੍ਰੀਤ ਕੌਰ ਨੇ ਤੀਜਾ ਸਥਾਨ, 1500 ਮੀਟਰ ਦੌੜ ਵਿਚੋ ਜਲੰਧਰ ਦੀ ਮਨਪ੍ਰੀਤ ਕੌਰ ਨੇ ਪਹਿਲਾ, ਯੂ.ਪੀ. ਦੀ ਅਨੁਪਮ ਨੇ ਦੂਜਾ ਤੇ ਹੁਸ਼ਿਆਰਪੁਰ ਦੀ ਕੁਲਵਿੰਦਰ ਕੌਰ ਨੇ ਤੀਜਾ ਸਥਾਨ, ਉਚੀ ਛਾਲ ਵਿਚੋ ਜਲੰਧਰ ਦੀ ਅੰਜੂ ਰਾਣੀ ਨੇ ਪਹਿਲਾ, ਹੁਸ਼ਿਆਰਪੁਰ ਦੀ ਰੰਜੂ ਨੇ ਦੂਜਾ ਤੇ ਸੰਗਰੂਰ ਦੀ ਕੁਲਵਿੰਦਰ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

**ਲੜਕੇ :** ਸ਼ਾਟ ਪੁੱਟ ਮੁਕਾਬਲੇ ਵਿਚੋਂ ਹੁਸ਼ਿਆਰਪੁਰ ਦੇ ਗੁਰਪ੍ਰੀਤ ਸਿੰਘ ਨੇ ਪਹਿਲਾ, ਹਰਿਆਣਾ ਦੇ ਨਰੇਸ਼ ਕੁਮਾਰ ਨੇ ਦੂਜਾ ਤੇ ਸੰਗਰੂਰ ਦੇ ਗੁਰਦਿੱਤ ਸਿੰਘ ਨੇ ਤੀਜਾ, ਡਿਸਕਸ ਥਰੋ 'ਚ ਹਰਿਆਣਾ ਦੇ ਪ੍ਰਕਾਸ ਕੁਮਾਰ ਨੇ ਪਹਿਲਾ, ਹੁਸ਼ਿਆਰਪੁਰ ਦੇ ਗੁਰਪ੍ਰੀਤ ਸਿੰਘ ਨੇ ਦੂਜਾ ਤੇ ਯੂ.ਪੀ. ਦੇ ਐਸ.ਕੇ. ਤ੍ਰਿਪਾਠੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਕਾਂਗਰਸ ਸੇਵਾ ਦਲ ਦਾ ਸਾਬਕਾ ਲੀਡਰ ਕਤਲ

**ਫਗਵਾੜਾ :** ਫਗਵਾੜਾ ਦੇ ਹਰਕ੍ਰਿਸ਼ਨ ਨਗਰ ਵਿਚ ਰਹਿਣ ਵਾਲੇ ਸੀਨੀਅਰ ਕਾਂਗਰਸੀ ਆਗੂ ਤੇ ਕਾਂਗਰਸ ਸੇਵਾ ਦਲ ਦੇ ਸਾਬਕਾ ਉਪ ਪ੍ਰਧਾਨ ਅਮਰੀਕ ਸਿੰਘ ਉਰਫ਼ ਜੰਗੀ ਪੁੱਤਰ ਮਰਹੂਮ ਭਾਗ ਰਾਮ ਵਾਲੀਆ ਦੀ ਖ਼ੂਨ ਨਾਲ ਲੱਥ-ਪੱਥ ਲਾਸ਼ ਲੰਘੀ 19 ਫਰਵਰੀ ਨੂੰ ਹਿਮਾਚਲ ਪ੍ਰਦੇਸ਼ ਵਿਚ ਪੈਂਦੇ ਕਸਬਾ ਗਗਰੇਟ ਨੇੜਿਓਂ ਡੂੰਘੀ ਖੱਡ ਵਿਚੋਂ ਮਿਲੀ ਹੈ। ਕਾਂਗਰਸੀ ਆਗੂ ਦਾ ਹੋਇਆ ਕਤਲ ਪੁਲਿਸ ਲਈ ਪਹੇਲੀ ਬਣਿਆ ਹੋਇਆ ਹੈ।ਜ਼ਿਕਰਯੋਗ ਹੈ ਕਿ ਮ੍ਰਿਤਕ ਇੱਕ ਲੱਤ ਤੋਂ ਅਪਹਾਜ ਸੀ ਅਤੇ ਆਪਣੇ ਪੁੱਤਰ ਨਾਲ ਡੱਡਲ ਮੁਹੱਲੇ ਵਿਚ ਡੀਜੇ ਦੀ ਦੁਕਾਨ ਕਰਦਾ ਸੀ ਤੇ ਜਾਣਕਾਰੀ ਅਨੁਸਾਰ ਇੱਕ ਪ੍ਰਵਾਸੀ ਮਜ਼ਦੂਰ ਨੇ ਸਵੇਰ ਵੇਲੇ ਚਿੰਤਪੁਰਨੀ ਨੇੜੇ ਪੈਂਦੇ ਗਗਰੇਟ ਦੀ ਇੱਕ ਖੱਡ 'ਚ ਖ਼ੂਨ ਨਾਲ ਲਥਪਥ ਇੱਕ ਲਾਸ਼ ਵੇਖੀ ਤੇ ਇਸ ਦੀ ਸੂਚਨਾ ਗਗਰੇਟ ਪੁਲਿਸ ਨੂੰ ਦਿੱਤੀ। ਇਸ 'ਤੇ ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਲਿਆ। ਅਣਪਛਾਤੇ ਕਾਤਲਾਂ ਨੇ ਮ੍ਰਿਤਕ ਦਾ ਕੋਈ ਸ਼ਨਾਖ਼ਤੀ ਕਾਰਡ ਉਸ ਕੋਲ ਨਹੀਂ ਰਹਿਣ ਦਿੱਤਾ।

## ਕਿਸਾਨ ਆਗੂ ਤਖ਼ਤੂਪੁਰਾ ਦੇ ਕਤਲ ਕੇਸ 'ਚ ਵਿਧਾਇਕ ਵਿਰੁਧ ਮਾਮਲਾ ਦਰਜ

**ਬਿਲਾਸਪੁਰ :** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜਥੇਬੰਦਕ ਸਕੱਤਰ ਸਾਧੂ ਸਿੰਘ ਤਖ਼ਤੂਪੁਰਾ ਦੇ ਬੀਤੇ ਦਿਨੀਂ ਹੋਏ ਕਤਲ ਤੇ ਉਸ ਦੇ ਕਈ ਸਾਥੀਆਂ ਨੂੰ ਗੰਭੀਰ ਰੂਪ 'ਚ ਜ਼ਖ਼ਮੀ ਕਰਨ ਦੇ ਮਾਮਲੇ 'ਚ ਪੁਲਿਸ ਨੇ ਸਾਬਕਾ ਅਕਾਲੀ ਵਿਧਾਇਕ ਤੇ ਸੀਨੀਅਰ ਅਕਾਲੀ ਆਗੂ ਵੀਰ ਸਿੰਘ ਲੋਪੋਕੇ, ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਦੱਸੇ ਜਾਂਦੇ ਥਾਣੇਦਾਰ ਰਸ਼ਪਾਲ ਸਿੰਘ, ਚੇਅਰਮੈਨ ਸਰਬਜੀਤ ਸਿੰਘ ਲੋਧੀ ਗੁੱਜਰ ਤੇ ਕੁਲਵਿੰਦਰ ਸਿੰਘ ਵਾਸੀ ਸੌੜੀਆਂ ਖ਼ਿਲਾਫ਼ ਥਾਣਾ ਲੋਪੋਕੇ ਵਿਖੇ ਧਾਰਾ 302, 307, 324, 323, 148, 149, 120ਬੀ ਆਈਪੀਸੀ ਤਹਿਤ ਕੇਸ ਦਰਜ ਕਰ ਲਿਆ ਹੈ। ਥਾਣਾ ਲੋਪੋਕੇ ਵਿਖੇ ਦਰਜ ਮੁਕੱਦਮੇ ਮੁਤਾਬਕ ਭਾਰਤੀ ਕਿਸਾਨ ਯੂਨੀਅਨ ਏਕਤਾ ਵਲੋਂ ਪਿੰਡ ਛੰਨਾ ਸਾਰੰਗਦੇਵ ਦੇ ਸੁੱਖਾ ਸਿੰਘ ਦੀ ਪੁਲਿਸ ਹਿਰਾਸਤ 'ਚ ਹੋਈ ਮੌਤ ਦੇ ਵਿਰੋਧ 'ਚ ਸਬ-ਡਵੀਜ਼ਨ ਅਜਨਾਲਾ ਵਿਖੇ ਰੱਖੇ ਗਏ ਧਰਨੇ ਨੂੰ ਕਾਮਯਾਬ ਕਰਨ ਲਈ ਸਾਧੂ ਸਿੰਘ ਤਖ਼ਤੂਪੁਰਾ ਆਪਣੇ ਸਾਥੀਆਂ ਸਮੇਤ ਸਰਹੱਦੀ ਪਿੰਡਾਂ 'ਚ ਲੋਕਾਂ ਨੂੰ ਲਾਮਬੰਦ ਕਰ ਰਹੇ ਸਨ। ਇਸੇ ਮੁਹਿੰਮ ਤਹਿਤ ਜਦੋਂ ਸਾਧੂ ਸਿੰਘ ਤਖ਼ਤੂਪੁਰਾ ਭਿੰਡੀ ਔਲਖ ਤੋਂ ਪਿੰਡ ਘੋਗਾ ਨੂੰ ਜਾ ਰਹੇ ਸਨ ਤਾਂ 15-20 ਹਥਿਆਰਬੰਦ ਵਿਅਕਤੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਇਸ ਹਮਲੇ 'ਚ ਸਾਧੂ ਸਿੰਘ ਤਖ਼ਤੂਪੁਰਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਨ੍ਹਾਂ ਦੇ ਕਈ ਸਾਥੀ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ।

**ਸਸਕਾਰ ਮੌਕੇ ਹਜ਼ਾਰਾਂ ਅੱਖਾਂ ਨਮ ਹੋਈਆਂ :** ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡ ਭਿੰਡੀ ਔਲਖ 'ਚ ਬੀਤੇ ਦਿਨੀਂ ਕਤਲ ਕੀਤੇ ਗਏ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਜਥੇਬੰਦਕ ਸਕੱਤਰ ਸਾਧੂ ਸਿੰਘ ਤਖ਼ਤੂਪੁਰਾ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਤਖ਼ਤੂਪੁਰਾ ਸਾਹਿਬ ਦੇ ਸਮਸ਼ਾਨ ਘਾਟ ਵਿਖੇ ਕੀਤਾ ਗਿਆ। ਉਨ੍ਹਾਂ ਦੀ ਚਿਖ਼ਾ ਨੂੰ ਅਗਨੀ ਮ੍ਰਿਤਕ ਦੇ ਪੁੱਤਰ ਰਣਜੋਧ ਸਿੰਘ ਨੇ ਵਿਖਾਈ। ਇਸ ਤੋਂ ਪਹਿਲਾਂ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਲੁਹਾਰਾ ਦੇ ਹਸਪਤਾਲ ਤੋਂ ਫੁੱਲਾਂ ਨਾਲ ਸਜਾਈ ਗਈ ਗੱਡੀ 'ਚ ਲਿਆ ਕੇ ਲੋਕਾਂ ਦੇ ਦਰਸ਼ਨਾਂ ਲਈ ਰੱਖਿਆ ਗਿਆ। ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੇ ਮ੍ਰਿਤਕ ਦੇਹ ਉਪਰ ਝੰਡੇ ਚੜ੍ਹਾਏ ਅਤੇ ਫੁੱਲ ਅਰਪਿਤ ਕੀਤੇ। ਮ੍ਰਿਤਕ ਦੇਹ ਨੂੰ ਵੱਡੇ ਕਾਫ਼ਲੇ ਦੇ ਰੂਪ 'ਚ ਦਰਸ਼ਨਾਂ ਉਪਰੰਤ ਸ਼ਮਸ਼ਾਨ ਘਾਟ ਤੱਕ ਲਿਜਾਇਆ ਗਿਆ। ਅੰਤਮ ਸਸਕਾਰ ਤੋਂ ਪਹਿਲਾਂ ਦਾਣਾ ਮੰਡੀ ਦੇ ਨਜ਼ਦੀਕ ਵਿਸ਼ਾਲ ਰੋਸ ਰੈਲੀ ਕੀਤੀ ਗਈ। ਰੈਲੀ ਨੂੰ ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਜਿੱਥੇ ਇਸ ਕਤਲ ਤੇ ਗੁੰਡਾਗਰਦੀ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ ਕੀਤੀ, ਉਥੇ ਕਾਤਲਾਂ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ। ਇਸ ਸਮੇਂ ਬੀਕੇਯੂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਆਪਣੇ ਭਾਸ਼ਨ 'ਚ ਕਿਹਾ ਕਿ ਸ਼ਹੀਦ ਸਾਧੂ ਸਿੰਘ ਤਖ਼ਤੂਪੁਰਾ ਦੀ ਯੋਗ ਅਗਵਾਈ ਸਦਕਾ ਸਾਬਕਾ ਵਿਧਾਇਕ ਵੀਰ ਸਿੰਘ ਲੋਪੋਕੇ ਦੇ ਟੋਲੇ ਵਲੋਂ ਗ਼ਰੀਬ ਕਿਸਾਨਾਂ ਦੀ ਜ਼ਮੀਨ ਹੜੱਪਣ ਦੇ ਮਨਸੂਬੇ ਚਕਨਾਚੂਰ ਕਰ ਦਿੱਤੇ ਗਏ ਸਨ।


CTR
CENTRAL TRAILER REPAIR
3275 E Central Fresno, CA
Ph: 559 268 8231



We work on all makes & models of refrigeration units.

- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।

We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)


E-mail:paul@cfxfresno.com



Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Cell:510-452-7370

Notary Free

MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd., Suite #111 Fremont, CA 94538
singhrajpaul@yahoo.com

# 17 ਜਾਨਾਂ ਲੈ ਚੁੱਕੀ ਕਾਲਾ ਸੰਘਿਆ ਡਰੇਨ ਨੂੰ ਬੰਨ੍ਹ ਮਾਰਨ ਦਾ ਐਲਾਨ

**ਜਲੰਧਰ:** ਕਾਲਾ ਸੰਘਿਆ ਡਰੇਨ ਦੇ ਜ਼ਹਿਰੀਲੇ ਤੇ ਗੰਦੇ ਪਾਣੀ ਤੋਂ ਪੀੜਤ ਆਮ ਲੋਕਾਂ ਨੇ ਵਾਤਾਵਰਨ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਦੀ ਅਗਵਾਈ ਹੇਠ ਇਸ ਜ਼ਹਿਰਾਂ ਨਾਲ ਭਰੀ ਵਗਦੀ ਡਰੇਨ ਨੂੰ 22 ਫਰਵਰੀ ਨੂੰ ਮੁੜ ਬੰਨ੍ਹ ਮਾਰਨ ਦਾ ਐਲਾਨ ਕੀਤਾ ਹੈ।

ਦੋ ਸਾਲ ਪਹਿਲਾਂ ਵੀ 22 ਫਰਵਰੀ 2008 ਨੂੰ ਇਲਾਕੇ ਦੇ ਲੋਕਾਂ ਨੇ ਡਰੇਨ ਨੂੰ ਬੰਨ੍ਹ ਮਾਰ ਕੇ ਸੁੱਤੇ ਹੋਏ ਪ੍ਰਸ਼ਾਸਨ ਨੂੰ ਜਗਾਇਆ ਸੀ ਕਿ ਉਹ ਇਸ ਜ਼ਹਿਰੀਲੇ ਤੇ ਗੰਦੇ ਪਾਣੀ ਨਾਲ ਮਰ ਰਹੇ ਲੋਕਾਂ ਦੀ ਸਾਰ ਲਵੇ। ਉਦੋਂ ਡਿਪਟੀ ਕਮਿਸ਼ਨਰ ਅਜੀਤ ਸਿੰਘ ਪੰਨੂੰ ਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨੇ ਇਕ ਮਹੀਨੇ ਦਾ ਸਮਾਂ ਮੰਗ ਕੇ ਵਾਅਦਾ ਕੀਤਾ ਸੀ ਕਿ 1 ਮਹੀਨੇ ਅੰਦਰ ਡਰੇਨ 'ਚ ਗੰਦਾ ਤੇ ਜ਼ਹਿਰੀਲਾ ਪਾਣੀ ਨਹੀਂ ਵਗੇਗਾ। ਜ਼ਹਿਰਲੇ ਪਾਣੀ ਕਾਰਨ ਜਹਾਂਗੀਰ ਪਿੰਡ 'ਚ 17 ਮੌਤਾਂ ਹੋ ਚੁੱਕੀਆਂ ਹਨ। ਢੀਠ ਹੋਏ ਪ੍ਰਸ਼ਾਸਨ ਨੇ ਲੋਕਾਂ ਨੂੰ ਫਿਰ ਉਨ੍ਹਾਂ ਦੇ ਹੀ ਹਾਲ 'ਤੇ ਬਿਮਾਰੀਆਂ ਨਾਲ ਮਰਨ ਲਈ ਛੱਡ ਦਿੱਤਾ।

ਬੀਤੀ18 ਫਰਵਰੀ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਾਤਾਵਰਨ ਪ੍ਰੇਮੀ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ, ਸੰਤ ਦਾਇਆ ਸਿੰਘ ਗੁਰਦੁਆਰਾ ਟਾਹਲੀ ਸਾਹਿਬ, ਸੰਤ ਬਲਦੇਵ ਕ੍ਰਿਸ਼ਨ ਸਿੰਘ ਬਾਬੇ ਦੀ ਮਿਹਰ ਕੁਟੀਆ ਪਿੰਡ ਗਿੱਲਾਂ ਤੇ ਗਿਆਨ ਸਿੰਘ ਤੁੜ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਪਿੰਡ ਬੁਲੰਦਪੁਰ ਤੋਂ ਸ਼ੁਰੂ ਹੁੰਦੀ ਇਸ ਕਾਲਾ ਸੰਘਿਆ ਡਰੇਨ 'ਚ ਫੋਕਲ ਪੁਆਇੰਟ, ਸਰਕਾਰੀ ਕੰਪਲੈਕਸ, ਲੈਦਰ ਕੰਪਲੈਕਸ ਤੇ ਨਗਰ ਨਿਗਮ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਪੈ ਰਿਹਾ ਹੈ। ਇਸ ਜ਼ਹਿਰੀਲੇ ਪਾਣੀ ਕਰਕੇ ਇਸ ਦੇ ਕੰਢੇ 'ਤੇ ਵੱਸਣ ਵਾਲੇ ਪਿੰਡਾਂ ਦੇ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਸੰਤ ਸੀਚੇਵਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਦੋ ਵਾਰ ਪਹਿਲਾਂ ਵੀ ਮੈਮੋਰੰਡਮ ਦਿੱਤੇ ਜਾ ਚੁੱਕੇ ਹਨ, ਪਰ ਕੋਈ ਕਾਰਵਾਈ ਨਹੀਂ ਹੋਈ। ਹੁਣ ਲੋਕਾਂ ਨੇ ਆਪਣੀ ਸਮੱਸਿਆ ਦਾ ਆਪ ਹੱਲ ਲੱਭਦਿਆਂ ਇਸ ਡਰੇਨ ਨੂੰ ਬੰਨ੍ਹ ਮਾਰਨ ਦਾ ਫ਼ੈਸਲਾ ਕੀਤਾ ਹੈ।

ਸੰਤ ਸੀਚੇਵਾਲ ਨੇ ਦੱਸਿਆ ਕਿ ਇਹ ਜ਼ਹਿਰੀਲਾ ਪਾਣੀ ਧਰਤੀ ਹੇਠਾਂ ਰੀਚਾਰਜ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਧਰਤੀ ਹੇਠਲਾ ਪਾਣੀ ਵੀ ਪ੍ਰਦੂਸ਼ਤ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਾ ਸੰਘਿਆ ਡਰੇਨ ਦਾ ਪਾਣੀ ਚਿੱਟੀ ਵੇਈ ਰਾਹੀਂ ਹੋ ਕੇ ਸਤਲੁਜ ਦਰਿਆ 'ਚ ਪੈਂਦਾ ਹੈ, ਜੋ ਅੱਗੇ ਨਹਿਰਾਂ ਰਾਹੀਂ ਮਾਲਵੇ ਤੇ ਰਾਜਸਥਾਨ ਨੂੰ ਜਾਂਦਾ ਹੈ, ਜਿੱਥੇ ਲੋਕ ਬਿਨਾਂ ਟਰੀਟ ਕੀਤਿਆਂ ਇਹ ਪਾਣੀ ਪੀ ਰਹੇ ਹਨ। ਉਨ੍ਹਾਂ ਕਿਹਾ ਕਿ ਕਾਲਾ ਸੰਘਿਆ ਤੇ ਬੁੱਢੇ ਨਾਲੇ ਦੇ ਜ਼ਹਿਰੀਲੇ ਪਾਣੀ ਕਾਰਨ ਸਤਲੁਜ ਦਰਿਆ ਦੇ ਸਾਰੇ ਜਲਤਰ ਜੀਵ ਮਰ ਚੁੱਕੇ ਹਨ, ਹੁਣ ਮਨੁੱਖ ਮਰ ਰਹੇ ਹਨ ਤੇ ਸਰਕਾਰਾਂ ਸੁੱਤੀਆਂ ਪਈਆਂ ਹਨ।



## ਘਬਰਾਏ ਜ਼ਿਲ੍ਹਾ ਪ੍ਰਸ਼ਾਸਨ ਨੇ 31 ਮਾਰਚ ਤੱਕ ਸਮਾਂ ਮੰਗਿਆ

ਇਸ ਦੌਰਾਨ ਜ਼ਹਿਰੀਲੇ ਰਸਾਇਣਾਂ ਨਾਲ ਭਰੀ ਵਗਦੀ ਕਾਲਾ ਸੰਘਿਆਂ ਡਰੇਨ ਨੂੰ ਆਮ ਲੋਕਾਂ ਵਲੋਂ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਬੰਨ੍ਹ ਮਾਰਨ ਦੀ ਚੇਤਾਵਨੀ ਤੋਂ ਘਬਰਾਏ ਜ਼ਿਲ੍ਹਾ ਪ੍ਰਸ਼ਾਸਨ ਨੇ ਹੰਗਾਮੀ ਮੀਟਿੰਗ ਬੁਲਾ ਕੇ 31 ਮਾਰਚ ਤੱਕ ਦਾ ਸਮਾਂ ਲਿਆ ਹੈ। ਸੰਤ ਸੀਚੇਵਾਲ ਦੇ ਦਿੱਤੇ ਹਲੂਣੇ ਤੋਂ ਬਾਅਦ ਡਿਪਟੀ ਕਮਿਸ਼ਨਰ ਅਜੀਤ ਸਿੰਘ ਪੰਨੂੰ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ ਪ੍ਰਦੂਸ਼ਣ ਫੈਲਾ ਰਹੀਆਂ ਫੈਕਟਰੀਆਂ ਦੇ ਸੈਂਪਲ ਭਰਨ ਅਤੇ ਇਕ ਹਫਤੇ ਵਿਚ ਰਿਪੋਰਟ ਦੇਣ।

ਉਨ੍ਹਾਂ ਪ੍ਰਦੂਸ਼ਣ ਫੈਲਾ ਰਹੀਆਂ ਫੈਕਟਰੀਆਂ ਵਿਰੁਧ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ 'ਤੇ ਉੱਘੇ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਜੇਕਰ ਕਾਲਾ ਸੰਘਿਆਂ ਡਰੇਨ ਵਿਚ ਜ਼ਹਿਰੀਲੇ ਤੇ ਗੰਦੇ ਪਾਣੀ ਪੈਣ ਤੋਂ ਨਾ ਰੋਕੇ ਗਏ ਤਾਂ ਇਲਾਕੇ ਦੇ ਪੀੜਤ ਲੋਕ ਇਸ ਡਰੇਨ ਨੂੰ 22 ਫਰਵਰੀ ਨੂੰ ਬੰਦ ਕਰ ਦੇਣਗੇ। ਇਸ ਸਬੰਧ ਵਿਚ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਕ ਹੰਗਾਮੀ ਮੀਟਿੰਗ ਕੀਤੀ ਗਈ। ਲਗਭਗ ਡੇਢ ਘੰਟਾ ਚਲੀ ਇਸ ਮੀਟਿੰਗ ਵਿਚ ਜ਼ਿਲ੍ਹਾ ਅਧਿਕਾਰੀ ਲੋਕਾਂ ਤੇ ਸੰਤ ਸੀਚੇਵਾਲ ਦੀਆਂ ਦਲੀਲਾਂ ਦਾ ਜਵਾਬ ਨਹੀਂ ਦੇ ਸਕੇ। ਨਿਰਉਤਰ ਜਿਹੇ ਜ਼ਿਲ੍ਹਾ ਅਧਿਕਾਰੀਆਂ ਨੇ ਉਨ੍ਹਾਂ ਨੂੰ ਕਿਹਾ ਕਿ 31 ਮਾਰਚ ਤੱਕ ਦਾ ਸਮਾਂ ਦਿੱਤਾ ਜਾਵੇ। ਉਦੋਂ ਤੱਕ ਲੈਦਰ ਕੰਪਲੈਕਸ ਵਿਚ ਲੱਗਣ ਵਾਲਾ ਟਰੀਟਮੈਂਟ ਪਲਾਂਟ ਚਾਲੂ ਹੋ ਜਾਵੇਗਾ ਅਤੇ ਫੋਲੜੀਵਾਲ ਵਾਲੇ ਟਰੀਟਮੈਂਟ ਪਲਾਂਟ ਤੱਕ ਪਾਈ ਜਾਣ ਵਾਲੀ 11 ਕਿਲੋਮੀਟਰ ਸੀਵਰੇਜ ਲਾਈਨ ਦਾ ਕੰਮ ਵੀ ਮੁਕੰਮਲ ਹੋ ਜਾਵੇਗਾ।

ਨਗਰ ਨਿਗਮ ਦੇ ਅਧਿਕਾਰੀ ਬੀ ਪੀ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਦਾ ਜਿਹੜਾ ਗੰਦਾ ਪਾਣੀ ਕਾਲਾ ਸੰਘਿਆਂ ਡਰੇਨ ਵਿਚ ਪੈਂਦਾ ਹੈ ਉਸ ਦੇ ਮੋਘੇ 31ਮਾਰਚ ਤੱਕ ਬੰਦ ਹੋ ਜਾਣਗੇ ਅਤੇ ਤਿੰਨ ਮੋਘੇ ਟਰੀਟਮੈਂਟ ਪਲਾਂਟ ਬਣਨ ਤੱਕ ਚੱਲਦੇ ਰਹਿਣਗੇ। ਸੰਤ ਸੀਚੇਵਾਲ ਨੇ ਅਧਿਕਾਰੀਆਂ ਨੂੰ ਸਵਾਲ ਕੀਤਾ ਕਿ ਜਿਹੜੇ ਪਿੰਡ ਕਾਲਾ ਸੰਘਿਆਂ ਡਰੇਨ ਦੇ ਕੰਢੇ 'ਤੇ ਵੱਸਦੇ ਹਨ ਉਨ੍ਹਾਂ ਨੇ ਇੰਡਸਟਰੀ ਦਾ ਕੀ ਵਿਗਾੜਿਆ ਹੈ, ਜਿਨ੍ਹਾਂ ਦੇ ਪਾਣੀ ਨੂੰ ਇਨ੍ਹਾਂ ਨੇ ਜ਼ਹਿਰੀਲਾ ਬਣਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਆਪਣੇ ਪਿੰਡ ਸੀਚੇਵਾਲ 'ਚ ਕੈਂਸਰ ਨਾਲ ਚਾਰ ਮੌਤਾਂ ਹੋ ਚੁੱਕੀਆਂ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਹਰਧੀਰ ਸਿੰਘ ਨੇ ਇਹ ਗੱਲ ਸਵੀਕਾਰ ਕੀਤੀ ਕਿ ਲੈਦਰ ਕੰਪਲੈਕਸ ਵਿਚ ਲੱਗੀਆਂ ਇੰਡਸਟਰੀਜ਼ ਦਾ ਸਭ ਤੋਂ ਵੱਧ ਜ਼ਹਿਰੀਲਾ ਪਾਣੀ ਡਰੇਨ ਵਿਚ ਡਿੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਡਰੇਨ ਵਿਚ ਸਿਰਫ 7.35 ਐਮ ਐਲ ਡੀ ਪਾਣੀ ਇੰਡਸਟਰੀ ਦਾ ਪੈ ਰਿਹਾ ਹੈ, ਬਾਕੀ ਨਗਰ ਨਿਗਮ ਦਾ ਹੈ।

ਸੰਤ ਸੀਚੇਵਾਲ ਨੇ ਕਿਹਾ ਕਿ ਦੋ ਸਾਲ ਪਹਿਲਾਂ ਵੀ ਹੋਈ ਮੀਟਿੰਗ ਵਿਚ ਜ਼ਿਲ੍ਹਾ ਪ੍ਰਸ਼ਾਸਨ ਨੇ ਇਕ ਮਹੀਨੇ ਦਾ ਸਮਾਂ ਲਿਆ ਸੀ, ਦੋ ਸਾਲ ਬੀਤ ਜਾਣ ਬਾਅਦ ਇਕ ਵੀ ਪੂਣੀ ਨਹੀਂ ਕੱਤੀ ਗਈ ਤੇ ਹੁਣ 31 ਮਾਰਚ ਤੱਕ ਕਿਹੜੇ ਯੰਤਰਾਂ ਨਾਲ ਇਸ ਨੂੰ ਰੋਕ ਦੇਣਾ ਹੈ। ਉਨ੍ਹਾਂ ਕਿਹਾ ਕਿ ਇਹ ਆਖ਼ਰੀ ਮੌਕਾ ਦਿੱਤਾ ਜਾ ਰਿਹਾ ਹੈ, ਮੁੜ ਇਸ ਦਾ ਫੈਸਲਾ ਲੋਕ ਆਪ ਕਰ ਦੇਣਗੇ।

# ਪੁਲਿਸ ਕਮਿਸ਼ਨਰ ਪ੍ਰਣਾਲੀ 'ਲਾਗੂ'ਸਬੰਧੀ ਭੰਬਲਭੂਸਾ

**ਜਲੰਧਰ:** ਮਹਾਨਗਰਾਂ ਦੇ ਲੋਕਾਂ ਨੂੰ ਪ੍ਰਭਾਵੀ ਚੁਸਤ-ਦਰੁਸਤ ਪੁਲਿਸ ਇੰਤਜ਼ਾਮਾਂ ਦਾ ਵਾਅਦਾ ਕਰਦਿਆਂ ਪੰਜਾਬ ਦੇ ਤਿੰਨ ਮਹਾਨਗਰਾਂ ਵਿਚ ਪੁਲਿਸ ਕਮਿਸ਼ਨਰ ਪ੍ਰਣਾਲੀ 'ਲਾਗੂ' ਕਰਕੇ ਆਪਣੀ ਪਿੱਠ ਥਪ-ਥਪਾਉਣ ਦੇ ਬਾਵਜੂਦ ਅਸਲ ਹਾਲਾਤ ਇਹ ਹਨ ਕਿ ਤਿੰਨਾਂ ਮਹਾਨਗਰਾਂ ਵਿਚ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਕਮਿਸ਼ਨਰਾਂ ਵਿਚਾਲੇ ਤਾਕਤਾਂ ਨੂੰ ਲੈ ਕੇ ਭੰਬਲਭੂਸਾ ਬਰਕਰਾਰ ਹੈ। ਕਮਿਸ਼ਨਰ ਵਿਵਸਥਾ ਲਾਗੂ ਕਰਨ ਦੇ ਬਾਵਜੂਦ ਡਿਪਟੀ ਕਮਿਸ਼ਨਰਾਂ ਅਤੇ ਹੋਰ ਸਿਵਲ ਅਧਿਕਾਰੀਆਂ ਤੋਂ ਜ਼ਿਲਾ ਮੈਜਿਸਟਰ੍ਰੇਟਾਂ ਅਤੇ ਕਾਰਜਕਾਰੀ ਮੈਜਿਸਟਰੇਟਾਂ ਦੇ ਅਧਿਕਾਰ ਵਾਪਸ ਲੈਣ ਅਤੇ ਇਹ ਅਧਿਕਾਰ ਪੁਲਿਸ ਕਮਿਸ਼ਨਰਾਂ ਅਤੇ ਹੋਰ ਪੁਲਿਸ ਅਧਿਕਾਰੀਆਂ ਨੂੰ ਸੌਂਪਣ ਬਾਰੇ ਅਜੇ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ।

ਇਸ ਗੱਲ ਦੀ ਪੁਸ਼ਟੀ ਉਨ੍ਹਾਂ ਅਧਿਕਾਰੀਆਂ ਨੇ ਕੀਤੀ ਹੈ ਜਿਨ੍ਹਾਂ ਤੋਂ ਅਧਿਕਾਰ ਵਾਪਸ ਲਏ ਜਾਣ ਦੀ ਤਜਵੀਜ਼ ਹੈ, ਅਤੇ ਉਨ੍ਹਾਂ ਪੁਲਿਸ ਅਧਿਕਾਰੀਆਂ ਨੇ ਵੀ ਇਹ ਗੱਲ ਮੰਨੀ ਹੈ, ਜਿਨ੍ਹਾਂ ਨੂੰ ਅੰਤਿਮ ਤੌਰ 'ਤੇ ਜ਼ਿਲ੍ਹਾ ਮੈਜਿਸਟਰੇਟ ਅਤੇ ਕਾਰਜਕਾਰੀ ਮੈਜਿਸਟਰੇਟ ਦੇ ਅਧਿਕਾਰ ਮਿਲਣੇ ਹਨ। ਸਰਕਾਰ ਵਲੋਂ ਪਿਛਲੇ ਹਫਤੇ 'ਚ ਨਿਯੁਕਤ ਕੀਤੇ ਗਏ ਤਿੰਨਾਂ ਮਹਾਨਗਰਾਂ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਦੇ ਕਮਿਸ਼ਨਰਾਂ ਵਲੋਂ ਸੋਮਵਾਰ 15 ਫਰਵਰੀ ਤਕ ਆਪਣੇ ਅਹੁਦੇ ਸਾਂਭ ਲਏ ਸਨ ਪਰ ਅੱਜ ਤਾਈਂ ਇਨ੍ਹਾਂ ਨੂੰ ਕਮਿਸ਼ਨਰਾਂ ਵਾਲੇ ਅਧਿਕਾਰ ਹਾਸਿਲ ਨਹੀਂ ਹੋਏ। ਹੁਣ ਹਾਲਾਤ ਇਹ ਹਨ ਕਿ ਅਧਿਕਾਰ ਖੋਹੇ ਜਾਣ ਦੀ ਤਜਵੀਜ਼ ਅਤੇ ਪੁਲਿਸ ਕਮਿਸ਼ਨਰਾਂ ਦੀ ਨਿਯੁਕਤੀ ਹੋ ਜਾਣ ਮਗਰੋਂ ਸਿਵਲ ਅਧਿਕਾਰੀ ਬਿਨਾਂ ਨੋਟੀਫਿਕੇਸ਼ਨ ਦੇ ਹੀ ਆਪਣੇ ਅਧਿਕਾਰ ਖੋਹੇ ਗਏ ਮਹਿਸੂਸ ਕਰ ਰਹੇ ਹਨ ਜਦਕਿ ਅਸਲ ਵਿਚ ਅਜੇ ਇਹ ਅਧਿਕਾਰ ਨੋਟੀਫਿਕੇਸ਼ਨ ਰਾਹੀਂ ਵਾਪਸ ਲਏ ਜਾਣ ਤਕ ਉਨ੍ਹਾਂ ਦੇ ਕੋਲ ਹੀ ਹਨ।

ਸਰਕਾਰ ਵਲੋਂ ਸਮਾਂ ਰਹਿੰਦਿਆਂ ਨੋਟੀਫਿਕੇਸ਼ਨ ਜਾਰੀ ਨਾ ਕੀਤੇ ਜਾਣ ਕਾਰਨ ਅਜੇ ਤਾਈਂ ਤਾਂ ਇਹ ਵੀ ਪਤਾ ਨਹੀਂ ਹੈ ਕਿ ਕਿਹੜੇ ਅਧਿਕਾਰ ਵਾਪਿਸ ਲਏ ਜਾਣੇ ਹਨ ਜਾਂ ਕਿਹੜੇ ਅਧਿਕਾਰ ਦਿੱਤੇ ਜਾਣੇ ਹਨ।


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service



# ਸੌਦਾ ਸਾਧ ਦੀ ਸ਼ਿਕਾਰ ਸਾਧਵੀ ਦੇ ਪਿਤਾ ਨੇ ਦਿਤੀ ਗਵਾਹੀ

**ਅੰਬਾਲਾ :** ਬੀਤੀ 21 ਫ਼ਰਵਰੀ ਨੂੰ ਸੌਦਾ ਸਾਧ ਵਿਰੁਧ ਸੀ.ਬੀ.ਆਈ. ਦੀ ਅੰਬਾਲਾ ਸਥਿਤ ਵਿਸ਼ੇਸ਼ ਅਦਾਲਤ ਵਿਚ ਵੀਡੀਉ ਕਾਨਫ਼ਰਸਿੰਗ ਰਾਹੀਂ ਡੇਰੇ ਦੀਆਂ ਸਾਧਵੀਆਂ ਨਾਲ ਜ਼ਬਰਜਨਾਹ ਕਰਨ ਅਤੇ ਡੇਰੇ ਦੇ ਰਹਿ ਚੁੱਕੇ ਮੈਨੇਜਰ ਸਵ. ਰਣਜੀਤ ਸਿੰਘ ਦੇ ਕਤਲ ਕੇਸ ਸਬੰਧੀ ਲਗਭਗ ਸਾਢੇ ਸੱਤ ਘੰਟਿਆਂ ਤਕ ਅਦਾਲਤੀ ਕਾਰਵਾਈ ਚੱਲੀ। ਇਸ ਸਮੇਂ ਦੌਰਾਨ ਸੌਦਾ ਸਾਧ ਸਿਰਸਾ ਦੇ ਸੈਸ਼ਨ ਜੱਜ ਦੀ ਅਦਾਲਤ ਵਿਚ ਹਾਜ਼ਰ ਰਿਹਾ। ਅਦਾਲਤੀ ਕਾਰਵਾਈ ਦੌਰਾਨ ਸਵ: ਰਣਜੀਤ ਸਿੰਘ ਅਤੇ ਸਰੀਰਕ ਛੇੜਛਾੜ ਦੀ ਪੀੜਤ ਸਾਧਵੀ ਦੇ ਪਿਤਾ ਜੋਗਿੰਦਰ ਸਿੰਘ ਵਲੋਂ ਅਪਣੇ ਬਿਆਨ ਦਰਜ ਕਰਵਾਏ ਗਏ, ਜਿਸ 'ਤੇ ਸੌਦਾ ਸਾਧ ਦੇ ਵਕੀਲਾਂ ਨੇ ਲੰਮਾ ਸਮਾਂ ਬਹਿਸ 'ਤੇ ਜਿਰਾਹ ਵੀ ਕੀਤੀ ਪ੍ਰੰਤੂ ਇਹ ਬਹਿਸ 'ਤੇ ਜਿਰਾਹ ਅੱਜ ਵੀ ਪੂਰੀ ਨਹੀਂ ਹੋ ਸਕੀ ਜਿਸ ਕਾਰਨ ਜਸਟਿਸ ਏ. ਐਸ. ਨਾਰੰਗ ਨੇ ਰਣਜੀਤ ਸਿੰਘ ਕਤਲ ਕੇਸ ਦੀ ਅਗਲੀ ਸੁਣਵਾਈ 4 ਮਾਰਚ 2010 'ਤੇ ਪਾਉਂਦਿਆਂ ਜਬਰ ਜਨਾਹ ਮਾਮਲੇ ਦੀ ਅਗਲੀ ਤਾਰੀਕ ਪੇਸ਼ੀ 13 ਮਾਰਚ 2010 ਲਈ ਨਿਸ਼ਚਿਤ ਕਰ ਦਿਤੀ ਹੈ।



ਇਨ੍ਹਾਂ ਕੇਸਾਂ ਦੀ ਸੁਣਵਾਈ ਨੂੰ ਲੈ ਕੇ ਭਾਵੇਂ ਸੌਦਾ ਸਾਧ ਸਿਰਸਾ ਦੇ ਸੈਸ਼ਨ ਜੱਜ ਦੀ ਅਦਾਲਤ ਵਿਚ ਅਪਣੇ ਪੂਰੇ ਲਾਉਲਸ਼ਕਰ ਸਮੇਤ ਪੇਸ਼ ਹੋਇਆ। ਇਸ ਕਾਰਨ ਜ਼ਿਲ੍ਹਾ ਪੁਲਿਸ ਨੂੰ ਕਰੜੇ ਸੁਰੱਖਿਆ ਪ੍ਰਬੰਧ ਕਰਨੇ ਪਏ ਪ੍ਰੰਤੂ ਉਸ ਦੇ ਬਹੁਤ ਸਾਰੇ ਸ਼ਰਧਾਲੂ ਸਵੇਰ ਤੋਂ ਹੀ ਅੰਬਾਲਾ ਦੇ ਅਦਾਲਤੀ ਕੰਪਲੈਕਸ ਵਿਚ ਪਹੁੰਚੇ ਹੋਏ ਸਨ, ਜਦਕਿ ਸਿੱਖ ਪੰਥ ਵਲੋਂ ਇਨ੍ਹਾਂ ਮਾਮਲਿਆਂ ਦੀ ਪੈਰਵੀ ਕਰ ਰਹੀ ਜਥੇਬੰਦੀ ਵਰਲਡ ਸਿੱਖ ਮਿਸ਼ਨ ਦੇ ਪ੍ਰਧਾਨ ਜਥੇਦਾਰ ਨਰਿੰਦਰ ਸਿੰਘ ਹਰਨੋਲੀ ਸਕੱਤਰ ਜਨਰਲ ਤੀਰਥ ਸਿੰਘ ਭਟੋਆ ਅਤੇ ਵਿੱਤ ਸਕੱਤਰ ਭਾਈ ਕੁਲਵੰਤ ਸਿੰਘ ਆਦਿ ਵੀ ਅਦਾਲਤੀ ਕਾਰਵਾਈ ਦੌਰਾਨ ਅਦਾਲਤ ਵਿਚ ਹਾਜ਼ਰ ਸਨ। ਅਦਾਲਤੀ ਕਾਰਵਾਈ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸੀ.ਬੀ.ਆਈ. ਦੇ ਵਕੀਲ ਐਚ.ਪੀ.ਐਸ. ਵਰਮਾ, ਸ੍ਰੀ ਵੀ.ਕੇ. ਸ਼ਰਮਾ ਅਤੇ ਪੀੜਤ ਧਿਰਾਂ ਤੇ ਸਿੱਖ ਪੰਥ ਵਲੋਂ ਇਨ੍ਹਾਂ ਕੇਸਾਂ ਦੀ ਅਦਾਲਤੀ ਪੈਰਵੀ ਕਰ ਰਹੇ ਐਡਵੋਕੇਟ ਗੁਰਸ਼ੇਰ ਸਿੰਘ ਸੂਲਰ ਨੇ ਦਸਿਆ ਕਿ ਸੌਦਾ ਸਾਧ ਵਿਰੁਧ ਸੀ.ਬੀ.ਆਈ. ਵਲੋਂ ਧਾਰਾ 376 ਅਧੀਨ ਦਰਜ ਐਫ.ਆਈ.ਆਰ. ਨੰਬਰ ਆਰ.ਸੀ. 05 ਅਤੇ ਧਾਰਾ 302/506 ਅਤੇ 120 ਬੀ ਅਧੀਨ ਦਰਜ ਐਫ.ਆਈ.ਆਰ. ਨੰਬਰ ਆਰ ਸੀ-8 ਵਿਚ ਸ਼ਾਮਲ ਅਹਿਮ ਗਵਾਹ ਜੋਗਿੰਦਰ ਸਿੰਘ ਦੇ ਬਿਆਨ ਦਰਜ ਕੀਤੇ ਗਏ।


NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Start Your Nursing Career Today!
Full Time
Part Time
Day & Evening



12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you...
Your career is a call away. Call today!
www.ncpcollegeofnursing.com
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਕੇਸਧਾਰੀ ਸਿੱਖ ਨੂੰ ਹੀ ਹੋਵੇ ਕਮੇਟੀ ਚੋਣਾਂ 'ਚ ਵੋਟ ਦਾ ਹੱਕ

**ਚੰਡੀਗੜ੍ਹ :** ਇਸ ਸਾਲ ਹੋਣ ਵਾਲੀਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਵਿਚ ਸਿਰਫ਼ ਉਨ੍ਹਾਂ ਸਿੱਖਾਂ (ਮਰਦ/ਔਰਤਾਂ) ਨੂੰ ਹੀ ਵੋਟ ਪਾਉਣ ਦਾ ਅਧਿਕਾਰ ਦਿਤਾ ਜਾਵੇ ਜਿਹੜੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ 30 ਮਈ, 2009 ਨੂੰ ਦਿਤੇ ਗਏ ਫ਼ੈਸਲੇ ਮੁਤਾਬਕ ਸਿੱਖ ਦੀ ਪਰਿਭਾਸ਼ਾ ਵਿਚ ਆਉਂਦੇ ਹੋਣ, ਅਪਣੇ ਕੇਸ ਨਾ ਕਟਦੇ ਹੋਣ ਅਤੇ ਭਰਵੱਟੇ ਨਾ ਬਣਾਉਂਦੇ ਹੋਣ। ਇਹ ਬੇਨਤੀ ਇਕ ਪਟੀਸ਼ਨ ਵਿਚ ਐਸ.ਜੀ.ਪੀ.ਸੀ ਦੇ ਚਮਕੌਰ ਸਾਹਿਬ ਤੋਂ ਮੈਂਬਰ ਸ. ਹਰਬੰਸ ਸਿੰਘ ਕੰਧੋਲਾ ਵਲੋਂ ਕੀਤੀ ਗਈ ਹੈ। ਪਟੀਸ਼ਨ ਵਿਚ ਅਜਿਹੀਆਂ ਹਦਾਇਤਾਂ ਕੇਂਦਰੀ ਗ੍ਰਹਿ ਮੰਤਰਾਲੇ ਤੇ ਮੁੱਖ ਗੁਰਦਵਾਰਾ ਚੋਣ ਕਮਿਸ਼ਨਰ ਨੂੰ ਦਿਤੇ ਜਾਣ ਲਈ ਕਿਹਾ ਗਿਆ ਹੈ। ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਐਸ.ਜੀ.ਪੀ.ਸੀ. ਚੋਣਾਂ ਵਾਸਤੇ ਵੋਟਾਂ ਦੀ ਰਜਿਸਟਰੇਸ਼ਨ ਲਈ ਬਣਾਏ ਜਾ ਰਹੇ ਫ਼ਾਰਮ ਵਿਚ ਅਤੇ ਚੋਣ ਸਬੰਧੀ ਫ਼ਾਰਮ ਵਿਚ ਅਜਿਹੀ ਸੋਧ ਕੀਤੀ ਜਾਵੇ ਤਾਂ ਕਿ ਸਿਰਫ਼ ਹਾਈ ਕੋਰਟ ਦੇ ਫ਼ੈਸਲੇ ਮੁਤਾਬਕ ਸਿੱਖ ਦੀ ਪਰਿਭਾਸ਼ਾ ਦੇ ਦਾਇਰੇ ਵਿਚ ਆਉਣ ਵਾਲੇ ਹੀ ਵੋਟਰ ਬਣ ਸਕਣ। ਇਸ ਤੋਂ ਇਲਾਵਾ ਪਟੀਸ਼ਨਕਰਤਾ ਨੇ ਇਹ ਮੰਗ ਵੀ ਕੀਤੀ ਹੈ ਕਿ ਕੇਂਦਰ ਸਰਕਾਰ ਵਲੋਂ 17 ਸਤੰਬਰ, 2009 ਨੂੰ ਜਾਰੀ ਕੀਤਾ ਗਿਆ ਉਹ ਨੋਟੀਫ਼ਿਕੇਸ਼ਨ ਵੀ ਰੱਦ ਕੀਤਾ ਜਾਵੇ ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਚੋਣ ਹਲਕਿਆਂ ਵਿਚ ਰੋਟੇਸ਼ਨ ਕੀਤੇ ਜਾਣ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਵਾਸਤੇ ਚੋਣ ਹਲਕਿਆਂ ਨੂੰ ਬਹੁ-ਮੈਂਬਰੀ ਹਲਕੇ ਬਣਾ ਦਿਤਾ ਗਿਆ ਹੈ। ਪਟੀਸ਼ਨਕਰਤਾ ਨੇ ਹਾਈ ਕੋਰਟ ਨੂੰ ਇਹ ਬੇਨਤੀ ਵੀ ਕੀਤੀ ਹੈ ਕਿ ਪਾਰਲੀਮਾਨੀ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਵਾਸਤੇ ਚੋਣ ਕਮਿਸ਼ਨ ਵਲੋਂ ਵੋਟਰ ਸੂਚੀਆਂ ਵਿਚ ਵੋਟਰ ਦੀ ਫ਼ੋਟੋ ਲਗਾਏ ਜਾਣ ਵਾਂਗ ਹੀ ਗੁਰਦਵਾਰਾ ਚੋਣਾਂ ਵਿਚ ਵੀ ਅਜਿਹਾ ਪ੍ਰਬੰਧ ਹੀ ਕੀਤਾ ਜਾਵੇ। ਇਸ ਤੋਂ ਇਲਾਵਾ ਸ. ਕੰਧੋਲਾ ਨੇ ਇਹ ਵੀ ਆਖਿਆ ਹੈ ਕਿ ਬਤੌਰ ਵੋਟਰ ਰਜਿਸਟਰਡ ਹੋਣ ਲਈ ਜਿਹੜਾ ਫ਼ਾਰਮ ਸਬੰਧਤ ਅਧਿਕਾਰੀਆਂ ਨੂੰ ਦਿਤਾ ਜਾਵੇ, ਉਸ ਦੀ ਰਸੀਦ ਵੋਟਰ ਬਣਨ ਦੇ ਚਾਹਵਾਨਾਂ ਨੂੰ ਜ਼ਰੂਰ ਦਿਤੀ ਜਾਵੇ। ਅਪਣੀ ਪਟੀਸ਼ਨ ਵਿਚ ਸ. ਕੰਧੋਲਾ ਨੇ ਚੇਤੇ ਕਰਵਾਇਆ ਹੈ ਕਿ ਹਾਈ ਕੋਰਟ ਵਲੋਂ ਸਿੱਖ ਦੀ ਪਰਿਭਾਸ਼ਾ ਬਾਰੇ ਦਿਤੇ ਗਏ ਇਤਿਹਾਸਕ ਫ਼ੈਸਲੇ ਮੁਤਾਬਕ ਕੇਸ ਕੱਟਣ ਵਾਲਾ ਜਾਂ ਭਰਵੱਟੇ ਬਨਾਉਣ ਵਾਲਾ ਵਿਅਕਤੀ "ਪਤਿਤ" ਹੁੰਦਾ ਹੈ ਅਤੇ ਸਿੱਖ ਦੀ ਪਰਿਭਾਸ਼ਾ ਦੇ ਘੇਰੇ ਵਿਚ ਨਹੀਂ ਆਉਂਦਾ। ਦੂਜੇ ਸ਼ਬਦਾਂ ਵਿਚ ਪਤਿੱਤ ਉਹ ਹੈ ਜੋ ਸਿੱਖ ਨਹੀਂ ਰਿਹਾ। ਇਸ ਕਰ ਕੇ ਉਹ ਸਿੱਖ ਗੁਰਦਵਾਰਾ ਐਕਟ 1925 ਮੁਤਾਬਕ ਵੋਟਰ ਬਣਨ ਦਾ ਹੱਕਦਾਰ ਨਹੀਂ ਰਹਿੰਦਾ।

# ਸਿੱਖ ਕੌਮ ਨੂੰ ਹਿੰਦੂਤਵ ਦੇ ਗ਼ਲਬੇ ਹੇਠੋਂ ਕੱਢੋ : ਕਲਕੱਤਾ

**ਅੰਮ੍ਰਿਤਸਰ :** ਕੇਂਦਰੀ ਗ੍ਰਹਿ ਮੰਤਰੀ ਵਲੋਂ ਕਾਲੀਆਂ ਸੂਚੀਆਂ ਵਿਚ ਦਰਜ ਨਾਵਾਂ ਅਤੇ ਦੇਸ਼ ਦੀ ਮੁੱਖ ਧਾਰਾ ਵਿਚ ਸ਼ਾਮਲ ਹੋਣਾ ਲੋਚਦੇ ਸਿੱਖ ਦਹਿਸ਼ਤਗਰਦਾਂ ਦੇ ਕੇਸਾਂ ਦੀ ਪੈਰਵੀ ਲਈ ਪੰਜਾਬ ਸਰਕਾਰ ਨੂੰ ਕਾਰਵਾਈ ਕਰਨ ਦੀਆਂ ਹਦਾਇਤਾਂ ਕੀਤੇ ਜਾਣ ਨੂੰ ਦੇਰ ਨਾਲ ਸ਼ੁਰੂ ਕੀਤੀ ਸਹੀ ਕਾਰਵਾਈ ਕਰਾਰ ਦਿੰਦਿਆਂ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਮੰਗ ਕੀਤੀ ਹੈ ਕਿ ਹੁਣ ਪੰਜਾਬ ਦੀ ਅਕਾਲੀ ਕਹਾਉਣ ਵਾਲੀ ਸਰਕਾਰ ਅਪਣੀ ਨੈਤਿਕ ਜ਼ੁੰਮੇਵਾਰੀ ਮਹਿਸੂਸ ਕਰਦਿਆਂ ਮਾਮਲੇ ਨੂੰ ਨੇਪਰੇ ਚਾੜ੍ਹਨ ਦੀ ਕਾਰਵਾਈ ਕਰੇ।

ਸ. ਕਲਕੱਤਾ ਨੇ ਕਿਹਾ ਕਿ ਕੇਂਦਰੀ ਮੰਤਰੀ ਦੇ ਉਪਰੋਕਤ ਬਿਆਨ ਨੇ ਇਹ ਵੀ ਸਪੱਸ਼ਟ ਕਰ ਦਿਤਾ ਹੈ ਕਿ ਅਜੇ ਤਕ ਸੂਬੇ ਦੀ ਅਕਾਲੀ ਸਰਕਾਰ ਜਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸਿੱਖ ਪੰਥ ਦੀ ਇਸ ਚਿਰੋਕਣੀ ਮੰਗ ਬਾਰੇ ਕੋਈ ਅਮਲੀ ਕਾਰਵਾਈ ਨਹੀਂ ਕੀਤੀ ਬਲਕਿ ਮੂੰਹ ਜਬਾਨੀ ਜਮਾਂ ਘਟਾਉ ਹੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਖੌਤੀ ਅਕਾਲੀ ਸਰਕਾਰ ਨੇ ਤਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਦਹਿਸ਼ਤਗਰਦ ਕਰਾਰ ਦਿੰਦਿਆਂ ਸਿੱਖ ਨੌਜਵਾਨਾਂ ਨੂੰ ਫ਼ਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾਉਣ ਵਾਲੇ ਪੁਲਿਸ ਅਫ਼ਸਰ ਸੁਮੇਧ ਸੈਣੀ ਨੂੰ ਸਨਮਾਨ ਦਿਤੇ ਜਾਣ ਬਾਰੇ ਕੇਂਦਰ ਪਾਸ ਸਿਫ਼ਾਰਸ਼ ਜ਼ਰੂਰ ਕੀਤੀ ਹੈ ਅਤੇ ਸੁਮੇਧ ਸੈਣੀ ਨੂੰ ਸਨਮਾਨ ਦਿਤੇ ਜਾਣ ਬਾਰੇ ਕੇਂਦਰ ਪਾਸ ਸਿਫ਼ਾਰਸ਼ ਜ਼ਰੂਰ ਕੀਤੀ ਹੈ ਅਤੇ ਸੁਮੇਧ ਸੈਣੀ ਨੂੰ ਖ਼ੁਸ਼ ਕਰਨ ਪਿਛੇ ਅਕਾਲੀਆਂ ਦੀ ਇਕੋਂ ਇਕ ਮਨਸ਼ਾ ਅਪਣੇ ਰਾਜਸੀ ਵਿਰੋਧੀਆਂ ਅਤੇ ਇਮਾਨਦਾਰ ਅਧਿਕਾਰੀਆਂ ਨੂੰ ਵਿਜੀਲੈਂਸ ਦੇ ਡੰਡੇ ਨਾਲ ਡਰਾਉਣਾ ਹੈ।

ਰਾਜ ਸਭਾ ਮੈਂਬਰ ਤਰਲੋਚਨ ਸਿੰਘ ਵਲੋਂ ਅਨੰਦ ਮੈਰਿਜ ਐਕਟ ਦੇ ਚੁੱਕੇ ਗਏ ਮਾਮਲੇ ਦੀ ਪ੍ਰਸ਼ੰਸਾ ਕਰਦਿਆਂ ਸ. ਕਲਕੱਤਾ ਨੇ ਕਿਹਾ ਕਿ ਇਹ ਐਕਟ ਲੋਕ ਸਭਾ ਵਲੋਂ ਪਾਸ ਹੋ ਜਾਣ ਨਾਲ ਸਿੱਖ ਕੌਮ ਦੀ ਵੱਖਰੀ ਤੇ ਨਿਆਰੀ ਹਸਤੀ 'ਤੇ ਮੋਹਰ ਲੱਗ ਜਾਵੇਗੀ ਕਿ ਇਸ ਬਿਲ ਦੀ ਪੇਸ਼ੀ ਸਮੇਂ ਦੀ ਚਿਰੋਕਣੀ ਮੰਗ ਵੀ ਪੂਰੀ ਹੋ ਜਾਵੇਗੀ। ਉਨ੍ਹਾਂ ਮੰਗ ਕੀਤੀ ਕਿ ਇਸ ਬਿੱਲ ਦੀ ਪੇਸ਼ੀ ਸਮੇਂ ਪੰਜਾਬ ਦੇ ਸਾਰੇ ਮੈਂਬਰ ਪਾਰਲੀਮੈਂਟ ਤਰਲੋਚਨ ਸਿੰਘ ਦਾ ਸਾਥ ਦੇਣ।

ਸ. ਕਲੱਕਤਾ ਨੇ ਮੰਗ ਕੀਤੀ ਕਿ ਸੰਵਿਧਾਨ ਦੀ ਧਾਰਾ 25 ਬੀ ਵਿਚ ਸੋਧ ਕਰ ਕੇ ਸਿੱਖ ਕੌਮ ਨੂੰ ਹਿੰਦੂਤਵ ਦੇ ਗ਼ਲਬੇ ਹੇਠੋਂ ਬਾਹਰ ਕਢਿਆ ਜਾਵੇ ਕਿਉਂਕਿ ਜਸਟਿਸ ਵੈਂਕਟ ਚਲਈਆ ਕਮਿਸ਼ਨ ਅਤੇ ਸੁਪਰੀਮ ਕੋਰਟ ਇਸ ਮਾਮਲੇ ਵਿਚ ਪਹਿਲਾਂ ਹੀ ਹਰੀ ਝੰਡੀ ਦੇ ਚੁੱਕੇ ਹਨ।

# ਸਿੱਖਾਂ ਦੀ ਜਾਨ ਬਚਾਉਣ ਵਾਲਾ ਥਾਣੇਦਾਰ ਮੁਅੱਤਲ

**ਸੋਨੀਪਤ :** ਸਿੱਖ ਕਤਲੇਆਮ ਦੌਰਾਨ ਸਿੱਖ ਪਰਵਾਰਾਂ ਦੀ ਜਾਨ ਬਚਾਉਣ ਵਾਲੇ ਦਿੱਲੀ ਪੁਲਿਸ ਦੇ ਏ.ਐਸ.ਆਈ ਜੁਗਤੀ ਰਾਮ ਦੇ ਪਰਵਾਰ ਨੂੰ ਅੱਜ ਤਕ ਇਨਸਾਫ਼ ਦੀ ਉਡੀਕ ਹੈ। ਰਾਠਧਨਾ ਨਿਵਾਸੀ ਜੁਗਤੀ ਰਾਮ ਨੂੰ ਸਿੱਖ ਕਤਲੇਆਮ ਦੌਰਾਨ 60 ਪਰਵਾਰਾਂ ਦੀ ਰਾਖੀ ਕਰਨ ਬਦਲੇ ਸਨਮਾਨਤ ਕਰਨ ਦੀ ਥਾਂ, ਉਸ 'ਤੇ ਲਾਪ੍ਰਵਾਹੀ ਦੇ ਦੋਸ਼ ਲਾ ਕੇ ਨੌਕਰੀ ਤੋਂ ਕੱਢ ਦਿਤਾ ਗਿਆ ਸੀ। ਅੱਠ ਸਾਲ ਬਾਅਦ ਜਦੋਂ ਉਸ ਵਿਰੁਧ ਕੋਈ ਦੋਸ਼ ਸਾਬਤ ਨਹੀਂ ਹੋਇਆ ਤਾਂ ਉਸ ਨੂੰ ਬਹਾਲ ਕਰ ਦਿਤਾ ਗਿਆ। ਇਸ ਘਟਨਾ ਦਾ ਜੁਗਤੀ ਰਾਮ ਦੇ ਦਿਮਾਗ 'ਤੇ ਡੂੰਘਾ ਅਸਰ ਪਿਆ ਤੇ ਉਹ ਚੁੱਪ ਰਹਿਣ ਲੱਗ ਪਿਆ। 2000 ਵਿਚ ਸੇਵਾ ਮੁਕਤ ਹੋਣ ਤੋਂ ਬਾਅਦ ਜੁਗਤੀ ਰਾਮ ਪਿੰਡ ਹੀ ਰਿਹਾ ਹੈ। ਉਸ ਦਾ ਪਰਵਾਰ ਉਸ ਦੀ ਇਸ ਹਾਲਤ ਤੋਂ ਪ੍ਰੇਸ਼ਾਨ ਹੈ ਤੇ ਇਨਸਾਫ਼ ਦੀ ਮੰਗ ਕਰ ਰਿਹਾ ਹੈ। ਪਾਂਡਵ ਨਗਰ ਦਿੱਲੀ ਦੇ ਸਤਵਿੰਦਰ ਸਿੰਘ, ਕੇਵਲ ਸਿੰਘ, ਸਾਧੂ ਸਿੰਘ, ਬੂਟਾ ਸਿੰਘ, ਰਜਿੰਦਰ ਸਿੰਘ ਨੇ ਦਸਿਆ ਕਿ ਜੁਗਤੀ ਰਾਮ ਨੇ ਸਾਨੂੰ ਥਾਣੇ ਵਿਚ ਪਨਾਹ ਦਿਤੀ ਤੇ ਹਫ਼ਤਾ ਭਰ ਉਨ੍ਹਾਂ ਦੀ ਸੁਰੱਖਿਆ ਕੀਤੀ। ਉਨ੍ਹਾਂ ਇਹ ਬਿਆਨ ਦਿੱਲੀ ਪੁਲਿਸ ਦੇ ਅਧਿਕਰੀਆਂ ਨੂੰ ਦਿਤੇ ਤਾਂ ਕਿਤੇ ਜੁਗਤੀ ਰਾਮ ਦੀ ਬਹਾਲੀ ਹੋਈ ਸੀ। ਜੁਗਤੀ ਰਾਮ ਦੇ ਪੁੱਤਰ ਅਨਿਲ ਕੁਮਾਰ ਨੇ ਦਸਿਆ ਕਿ ਜਦੋਂ ਕਤਲੇਆਮ ਹੋਇਆ ਤਾਂ ਉਸ ਦੇ ਪਿਤਾ ਕਲਿਆਣਪੁਰੀ ਥਾਣੇ ਵਿਚ ਤੈਨਾਤ ਸਨ। ਉਨ੍ਹਾਂ ਨੇ ਸਿੱਖ ਪਰਵਾਰਾਂ ਨੂੰ ਥਾਣੇ ਵਿਚ ਹੀ ਭੋਜਨ ਅਤੇ ਦਵਾਈਆਂ ਮੁਹਈਆ ਕਰਵਾਈਆਂ। ਇਸ ਤੋਂ ਉਸ ਸਮੇਂ ਦੇ ਪੁਲਿਸ ਅਧਿਕਾਰੀ ਨਰਾਜ਼ ਹੋ ਗਏ ਸਨ, ਜਿਸ ਕਰ ਕੇ ਉਸ ਨੂੰ ਮੁਅੱਤਲ ਕਰ ਦਿਤਾ ਗਿਆ। ਸੱਜਣ ਕੁਮਾਰ ਵਿਰੁਧ ਦਿੱਲੀ ਵਿਚ ਹੋਏ ਪ੍ਰਦਰਸ਼ਨ ਸਮੇਂ ਰਾਠਧਨਾ ਦੇ ਦਰਜਨਾਂ ਪਰਵਾਰਾਂ ਨੇ ਸ਼ਾਮਲ ਹੋ ਕੇ ਜੁਗਤੀ ਰਾਮ ਨੂੰ ਸਨਮਾਨਤ ਕਰਨ ਦੀ ਮੰਗ ਕੀਤੀ ਹੈ।

# ਸਕੂਲ ਅੱਗੋਂ ਠੇਕਾ ਚਕਾਉਣ ਲਈ ਅਦਾਲਤ ਦੀ ਸ਼ਰਨ

**ਚੰਡੀਗੜ੍ਹ :** ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਮੁਕੁਲ ਮੁਦਗਿਲ ਅਤੇ ਜਸਟਿਸ ਜਸਬੀਰ ਸਿੰਘ ਦੇ ਬੈਂਚ ਨੇ ਮੁਢਲੀ ਸੁਣਵਾਈ ਮਗਰੋਂ ਪੰਜਾਬ ਸਰਕਾਰ, ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ-ਪਟਿਆਲਾ ਅਤੇ ਹੋਰਨਾਂ ਸਬੰਧਤ ਅਧਿਕਾਰੀਆਂ ਨੂੰ 21 ਅਪ੍ਰੈਲ 2010 ਵਾਸਤੇ ਨੋਟਿਸ ਜਾਰੀ ਕਰਕੇ ਉਸ ਪਟੀਸ਼ਨ 'ਤੇ ਜੁਆਬ ਮੰਗਿਆ ਹੈ ਜਿਹੜੀ ਕਿ ਪਿੰਡ ਹਰੀ ਨੌਂ, ਤਹਿਸੀਲ ਅਤੇ ਜ਼ਿਲ੍ਹਾ ਫ਼ਰੀਦਕੋਟ ਦੀ ਪੰਚਾਇਤ ਦੇ ਸਰਪੰਚ ਵਲੋਂ ਪਾ ਕੇ ਬੇਨਤੀ ਕੀਤੀ ਗਈ ਹੈ ਕਿ ਉਹ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਸਾਹਮਣੇ ਚਲਦੇ ਸ਼ਰਾਬ ਦੇ ਠੇਕੇ ਨੂੰ ਉਸ ਥਾਂ ਤੋਂ ਸ਼ਿਫ਼ਟ ਕਰਵਾ ਕੇ ਕਿਸੇ ਹੋਰ ਥਾਂ 'ਤੇ ਭੇਜੇ ਜਾਣ ਦੇ ਹੁਕਮ ਦੇਵੇ। ਇਹ ਨੋਟਿਸ ਠੇਕੇ ਦੇ ਮਾਲਕ ਨੂੰ ਵੀ ਹਾਈਕੋਰਟ ਨੇ ਜਾਰੀ ਕਰਕੇ ਜੁਆਬ ਦੇਣ ਲਈ ਕਿਹਾ ਹੈ ਤਾਂ ਜੋ ਉਹ ਆਪਣਾ ਪੱਖ ਰੱਖ ਸਕੇ।

# ਤਿੰਨ ਪੰਜਾਬੀਆਂ ਨੂੰ ਮਿਲੇ ਕੌਮੀ ਸੰਗੀਤ ਨਾਟਕ ਅਕੈਡਮੀ ਪੁਰਸਕਾਰ, ਹੰਸ ਚੇਅਰਮੈਨ ਨਾਮਜ਼ਦ



**ਚੰਡੀਗੜ੍ਹ :** ਕੌਮੀ ਸੰਗੀਤ ਨਾਟਕ ਅਕੈਡਮੀ ਦੀ 1952 ਸਥਾਪਤੀ ਤੋਂ ਮਗਰੋਂ ਪਹਿਲੀ ਵਾਰ ਪੰਜਾਬ ਨੇ ਸਾਲ 2009 ਲਈ ਤਿੰਨ ਮਾਣਮੱਤੀਆਂ ਨਾਮਜ਼ਦਗੀਆਂ ਹਾਸਲ ਕੀਤੀਆਂ ਹਨ। ਅਕੈਡਮੀ ਬੋਰਡ ਦੇ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਭਾਈ ਬਲਦੀਪ ਸਿੰਘ ਅਨੁਸਾਰ ਸਾਲ 'ਚ ਤਿੰਨ ਇਨਾਮ ਵੱਡੀ ਗਿਣਤੀ ਹੈ। ਜੇਤੂਆਂ 'ਚ ਉਸਤਾਦ ਲਛਮਣ ਸਿੰਘ ਸੀਨ (82), ਜਲੰਧਰ (ਕਲਾਸੀਕਲ ਸੰਗੀਤ-ਤਬਲਾ), ਉਸਤਾਦ ਵਿਲਾਇਤ ਖਾਨ (90) ਗੋਸਲਾਂ, ਖੰਨਾ (ਰਾਗੀ, ਢਾਡੀ) ਤੇ ਅੰਮ੍ਰਿਤਸਰ ਤੋਂ ਥੀਏਟਰ ਕਲਾਕਾਰ ਨੀਤਾ ਮਹਿੰਦਰਾ ਸ਼ਾਮਲ ਹਨ। ਇਸਤੋਂ ਇਲਾਵਾ ਥੀਏਟਰ ਮੇਕਅੱਪ 'ਚ ਚੰਡੀਗੜ੍ਹ (ਯੂ.ਟੀ.) ਦੇ ਕਮਲ ਅਰੋੜਾ ਵੀ ਪੁਰਸਕਾਰ ਲੈਣ ਵਾਲਿਆਂ 'ਚ ਸ਼ਾਮਲ ਹਨ। ਉਸਤਾਦ ਲਛਮਣ ਸਿੰਘ ਸੀਨ ਪ੍ਰਸਿੱਧ ਸੰਗੀਤਕਾਰ ਹਨ ਤੇ ਪੰਜਾਬ ਦੇ ਸ਼ਹਿਰ ਜਲੰਧਰ 'ਚ ਵਸੇ ਹੋਏ ਹਨ। ਮਾਪਿਆਂ ਵਲੋਂ ਕਲਾ ਦੇ ਰਾਹ ਤੋਰੇ ਗਏ ਉਸਤਾਦ ਨੇ ਤਬਲੇ ਦੀਆਂ ਬਾਰੀਕੀਆਂ ਮੀਆਂ ਕਾਦਿਰ ਬਖਸ਼ ਤੋਂ ਅਤੇ ਸਿਤਾਰ ਵਜਾਉਣੀ ਲਾਹੌਰ ਦੇ ਪੰਡਤ ਜੀਆ ਲਾਲ ਬਸੰਤ ਤੋਂ ਸਿੱਖੀ ਸੀ।

1962 'ਚ ਉਨ੍ਹਾਂ ਨੂੰ ਐਚ.ਐਮ.ਵੀ. ਕਾਲਜ 'ਚ ਸੰਗੀਤ ਦਾ ਲੈਕਚਰਾਰ ਲਾਇਆ ਗਿਆ ਸੀ ਤੇ ਉਹ 25 ਸਾਲ ਸੰਗੀਤ ਵਿਭਾਗ ਦੇ ਮੁਖੀ ਰਹੇ। ਸਭਾ ਵਲੋਂ ਸੰਗੀਤਕਾਰਾਂ ਲਈ ਲਛਮਣ ਸਿੰਘ ਪਸੰਦੀਦਾ ਤਬਲਾਵਾਦਕ ਰਹੇ ਹਨ। ਉਨ੍ਹਾਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਸੰਗੀਤ ਜਗਤ 'ਚ ਨਾ ਕਮਾਇਆ ਹੈ ਜਿਵੇਂ ਪਵਨ ਕੁਮਾਰ ਵਰਮਾ, ਲਾਲੇ ਰਾਮ, ਤਲਵੀਨ ਸਿੰਘ, ਅਵੀਰਭਵ ਵਰਮਾ ਆਦਿ। ਉਨ੍ਹਾਂ ਦੇ ਪੁੱਤਰ ਮਨੂ ਕੁਮਾਰ ਸੀਨ ਤੇ ਕਿਨਾਰ ਕੁਮਾਰ ਸੀਨ ਵੀ ਇਸੇ ਲੀਹ 'ਤੇ ਚੱਲ ਰਹੇ ਹਨ।

ਉਸਤਾਦ ਵਿਲਾਇਤ ਖਾਨ ਰਾਗੀ ਖੰਨਾ ਨੇੜੇ ਪਿੰਡ ਗੋਸਲਾਂ 'ਚ ਜੰਮੇ-ਪਲ ਹਨ ਤੇ ਇਸ ਵੇਲੇ ਉਹ 90 ਸਾਲ ਦੇ ਹਨ। ਅਖਾੜਾ ਪ੍ਰੰਪਰਾ ਦੇ ਮਾਹਿਰ ਵਿਲਾਇਤ ਖਾਨ ਜਦੋਂ ਹੇਕ ਲਾਉਂਦੇ ਹਨ ਤਾਂ ਕਮਾਲ ਕਰਦੇ ਹਨ। ਨੀਤਾ ਮਹਿੰਦਰਾ ਵੀ ਉੱਤਰੀ ਭਾਰਤ ਦੀ ਸਰਵੋਤਮ ਮਹਿਲਾ ਅਦਾਕਾਰਾ ਹੈ। ਉਨ੍ਹਾਂ ਦੀ ਸਿਫਾਰਸ਼ ਪੰਜ ਅਕੈਡਮੀ ਪੁਰਸਕਾਰ ਜੇਤੂਆਂ ਨੇ ਕੀਤੀ ਸੀ, ਪੰਜਾਬੀ ਐਕਸਪੈਰੀਮੈਂਟਲ ਥੀਏਟਰ 'ਚ ਉਨ੍ਹਾਂ ਦਾ ਵੱਡਾ ਯੋਗਦਾਨ ਹੈ।

**ਹੰਸ ਰਾਜ ਹੰਸ ਸੰਗੀਤ ਨਾਟਕ ਅਕਾਦਮੀ ਦੇ ਚੇਅਰਮੈਨ ਨਾਮਜ਼ਦ :** ਪੰਜਾਬ ਦੇ ਰਾਜ ਗਾਇਕ ਸ੍ਰੀ ਹੰਸ ਰਾਜ ਹੰਸ ਨੂੰ ਸੰਗੀਤ ਨਾਟਕ ਅਕਾਦਮੀ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ ਹੈ। ਜਦਕਿ ਸ੍ਰੀਮਤੀ ਹਰਜਿੰਦਰ ਕੌਰ ਨੂੰ ਮੁੜ ਪੰਜਾਬ ਆਰਟਸ ਕੌਂਸਲ ਦੇ ਚੇਅਰਪਰਸਨ ਬਣਾ ਦਿੱਤਾ ਗਿਆ ਹੈ, ਜਦਕਿ ਉਪ ਚੇਅਰਮੈਨ ਲਈ ਸ. ਹਰਿੰਦਰ ਸਿੰਘ ਖਾਲਸਾ ਅਤੇ ਜਨਰਲ ਸਕੱਤਰ ਸ. ਹਰਦੀਪ ਸਿੰਘ ਦੀ ਚੋਣ ਕੀਤੀ ਗਈ ਹੈ। ਲਲਿਤ ਕਲਾਂ ਅਕਾਦਮੀ ਲਈ ਚੇਅਰਮੈਨ ਸ. ਰਣਜੋਧ ਸਿੰਘ ਨੂੰ ਨਾਮਜਦ ਕੀਤਾ ਗਿਆ ਹੈ। ਸੂਤਰਾਂ ਅਨੁਸਾਰ 7 ਜ਼ੋਨਾਂ ਦੇ ਪ੍ਰਧਾਨਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਣਾ ਹੈ।

# ਜੰਜੂਆ ਵਲੋਂ ਇੰਦਰਜੀਤ ਵਿਰੁਧ ਅਰਜ਼ੀ ਦਾਖ਼ਲ

**ਮੋਹਾਲੀ :** ਸੀਨੀਅਰ ਆਈ.ਏ.ਐਸ. ਅਧਿਕਾਰੀ ਵੀ.ਕੇ. ਜੰਜੂਆ ਨੇ ਮੋਹਾਲੀ ਸਥਿਤ ਸਬ ਮੈਜਿਸਟ੍ਰੇਟ ਲਲਿਤ ਕੁਮਾਰ ਸਿੰਗਲਾ ਦੀ ਅਦਾਲਤ ਵਿਚ ਪੇਸ਼ ਹੋ ਕੇ ਇਕ ਅਰਜ਼ੀ ਦਾਇਰ ਕੀਤੀ ਕਿ ਇੰਦਰਜੀਤ ਸਿੰਘ ਪ੍ਰਧਾਨ ਚੇਅਰਮੈਨ ਪੰਜਾਬ ਸਮਾਲ ਸਕੇਲ ਇੰਡਸਟਰੀ ਡਿਵੈਲਪਮੈਂਟ ਬੋਰਡ ਵਿਰੁਧ ਆਈ.ਪੀ.ਸੀ. ਦੀ ਧਾਰਾ 500 ਅਧੀਨ ਮਾਮਲਾ ਦਰਜ ਕੀਤਾ ਜਾਵੇ ਕਿਉਂਕਿ 14 ਫ਼ਰਵਰੀ 2010 ਨੂੰ ਮੀਡੀਆ ਰਾਹੀਂ ਇਸ ਨੇ ਉਸ ਵਿਰੁਧ ਗ਼ਲਤ ਦੋਸ਼ ਲਗਾਏ ਸਨ। ਕੈਬਨਿਟ ਮੰਤਰੀ ਦੇ ਬਰਾਬਰ ਰੈਂਕ ਵਾਲੇ ਇਸ ਚੇਅਰਮੈਨ ਇੰਦਰਜੀਤ ਸਿੰਘ ਲੁਧਿਆਣਾ ਦੇ ਵਪਾਰੀ ਤੁਲਸੀ ਰਾਮ ਮਿਸ਼ਰਾ ਨਾਲ ਬੇਹੱਦ ਨਜ਼ਦੀਕੀ ਸਬੰਧ ਹਨ। ਜ਼ਿਕਰਯੋਗ ਹੈ ਕਿ ਪੰਜਾਬ ਉਦਯੋਗ ਤੋਂ ਕਾਮਰਸ ਵਿਪਾਗ ਦੇ ਸਾਬਕਾ ਸਕੱਤਰ ਕਮ ਡਾਇਰੈਕਟਰ ਵੀ.ਕੇ. ਜੰਜੂਆ ਨੂੰ ਟੀ.ਆਰ. ਮਿਸ਼ਰਾ ਦੀ ਸ਼ਿਕਾਇਤ ਉਤੇ ਵਿਜੀਲੈਂਸ ਵਿਭਾਗ ਵਲੋਂ 9 ਨਵੰਬਰ 2009 ਨੂੰ 2 ਲੱਖ ਰੁਪਏ ਰਿਸ਼ਵਤ ਲੈਣ ਦੇ ਮਾਮਲੇ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ 'ਤੇ ਵਿਜੀਲੈਂਸ ਵਲੋਂ ਜੰਜੂਆ ਵਿਰੁਧ ਦਰਜ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਝੂਠਾ ਤੇ ਬੇਬੁਆਦ ਦਸਦੇ ਹੋਏ ਸ੍ਰੀ ਜੰਜੂਆ ਵਲੋਂ ਬੀਤੀ 16 ਜਨਵਰੀ ਨੂੰ ਮੋਹਾਲੀ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ। ਮਾਨਯੋਗ ਅਦਾਲਤ ਨੇ ਵੀ.ਕੇ. ਜੰਜੂਆ ਦੀ ਅਰਜ਼ੀ 'ਤੇ ਮਾਮਲੇ ਦੀ ਅਗਲੀ ਸੁਣਵਾਈ 2 ਅਪ੍ਰੈਲ ਹੈ। ਅਪਣੀ ਅਰਜ਼ੀ ਵਿਚ ਜੰਜੂਆ ਨੇ ਕਿਹਾ ਕਿ ਮੈਂ ਇੰਦਰਜੀਤ ਸਿੰਘ ਨੂੰ ਪਹਿਲਾਂ ਦੋਸ਼ ਦਿਤਾ ਸੀ ਕਿ ਸਬੰਧਤ ਕੰਮ ਮੈਨੇਜਿੰਗ ਡਾਇਰੈਕਟਰ ਪੰਜਾਬ ਸਮਾਲ ਸਕੇਲ ਇੰਡ: ਕਾਰਪੋਰੇਸ਼ਨ ਵਲੋਂ ਕੀਤਾ ਜਾਣਾ ਹੈ। ਟੀ.ਆਰ. ਮਿਸ਼ਰਾ ਨੇ ਮੇਰੇ ਵਿਰੁਧ ਕੁਰੱਪਸ਼ਨ ਦਾ ਗ਼ਲਤ ਮਾਮਲਾ ਦਰਜ ਕਰਵਾਇਆ ਹੈ। ਇੰਦਰਜੀਤ ਪ੍ਰਧਾਨ ਪਿਛਲੇ ਇਕ ਸਾਲ ਤੋਂ ਮੇਰੇ ਉਤੇ ਦਬਾਅ ਬਣਾ ਰਿਹਾ ਸੀ। ਮੈਂ ਅਪਣੀ ਵਿਭਾਗੀ ਮਜਬੂਰੀ ਦਸ ਦਿਤੀ ਸੀ। ਇਸ ਗੱਲ ਉਤੇ ਹੀ ਮੇਰੇ ਵਿਰੁਧ ਗ਼ਲਤ ਬਿਆਨਬਾਜ਼ੀ ਕੀਤੀ ਸੀ।




B & Sons Travel

➢All Airlines ➢International and Domestic
➢Wholesale Fares Around the World
We Will Beat or Match any Fare !

Office Hours
Mon-Fri:
9am -6pm
Saturday
9am-5pm



CST. REG. # 2092042-40

President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

# ਸਾਕਾ ਨਨਕਾਣਾ ਸਾਹਿਬ:21 ਫਰਵਰੀ, 1921

**ਵਰ੍ਹੇਗੰਢ 'ਤੇ ਵਿਸ਼ੇਸ਼**

**ਪ੍ਰਿੰਸੀਪਲ ਬਲਬੀਰ ਸਿੰਘ**

ਵੀਹਵੀਂ ਸਦੀ ਦੇ ਅਰੰਭ ਵਿਚ ਲਗਭਗ ਸਾਰੇ ਪੰਜਾਬ ਦੇ ਪ੍ਰਮੁੱਖ ਗੁਰਦੁਆਰਿਆਂ ਦਾ ਕੰਟਰੋਲ ਮਹੰਤਾਂ ਦੇ ਹੱਥਾਂ ਵਿਚ ਜਾ ਚੁੱਕਾ ਸੀ। ਸਿੰਘ ਸਭਾ ਲਹਿਰ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣਾ ਚਾਹੁੰਦੀ ਸੀ ਕਿਉਂਕਿ ਮਹੰਤਾਂ ਨੇ ਗੁਰਦੁਆਰਿਆਂ ਨੂੰ ਆਪਣੀ ਐਸਪ੍ਰਸਤੀ ਤੇ ਮਨੋਰੰਜਨ ਦਾ ਅੱਡਾ ਬਣਾ ਲਿਆ ਸੀ। ਸੰਨ 1921 ਤਕ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਮਹੰਤ ਨਰੈਣ ਦਾਸ ਦੇ ਕਬਜ਼ੇ ਵਿਚ ਸੀ ਜਿਸਦੀ 25000 ਏਕੜ ਦੀ ਆਮਦਨ ਅਤੇ ਉਦੋਂ ਦੀ ਅੰਗਰੇਜ਼ ਹਕੂਮਤ ਦੀ ਸ਼ਹਿ ਨੇ ਉਸਦਾ ਦਿਮਾਗ ਖਰਾਬ ਕੀਤਾ ਹੋਇਆ ਸੀ। ਅਕਾਲੀ ਦਲ ਦੇ ਮੈਂਬਰਾਂ ਮਾਸਟਰ ਤਾਰਾ ਸਿੰਘ, ਹਰਬੰਸ ਸਿੰਘ ਅਟਾਰੀ, ਮਾਸਟਰ ਸੁੰਦਰ ਸਿੰਘ ਲਾਇਲਪੁਰ, ਜਸਵੰਤ ਸਿੰਘ ਝਬਾਲ, ਸਰਦੂਲ ਸਿੰਘ ਕਵੀਸ਼ਰ ਆਦਿ ਨੇ ਲਾਇਲਪੁਰ ਸ਼ਹਿਰ ਦੇ 'ਅਕਾਲੀ' ਦਫਤਰ ਵਿਚ 24 ਜਨਵਰੀ ਨੂੰ ਮੀਟਿੰਗ ਕਰਕੇ ਫੈਸਲਾ ਕੀਤਾ ਕਿ 4 ਤੋਂ 6 ਮਾਰਚ, 1921 ਨੂੰ ਨਨਕਾਣਾ ਸਾਹਿਬ ਦੇ ਗੁਰਦੁਆਰੇ ਦਾ ਕੰਟਰੋਲ ਲੈਣ ਲਈ ਉਥੇ ਪੰਥਕ ਦੀਵਾਨ ਲਗਾਇਆ ਜਾਏਗਾ। ਅਕਾਲੀਆਂ ਨੂੰ ਇਸ ਗੱਲ ਦੀ ਭਿਣਕ ਮਿਲ ਚੁੱਕੀ ਸੀ ਕਿ ਮਹੰਤ ਨੇ 5 ਮਾਰਚ ਨੂੰ ਅਕਾਲੀਆਂ ਦੇ ਲੀਡਰਾਂ ਨੂੰ ਸੱਦਾ ਭੇਜ ਕੇ ਮੰਗਾਉਣ ਅਤੇ ਫਿਰ ਮਰਵਾਉਣ ਦਾ ਪ੍ਰਬੰਧ ਸੋਚਿਆ ਹੋਇਆ ਹੈ। ਇਸ ਖਬਰ ਨੇ ਸਿੱਖਾਂ ਵਿਚ ਰੋਹ ਪੈਦਾ ਕੀਤਾ ਹੋਇਆ ਸੀ ਅਤੇ ਮਹੰਤ ਦੀ ਇਸ ਚਾਲ ਨੂੰ ਅਸਫਲ ਕਰਨ ਲਈ ਗਰਮ ਦਲੀਏ ਅਕਾਲੀ ਜਥੇਦਾਰ ਕਰਤਾਰ ਸਿੰਘ ਝੱਬਰ, ਬੂਟਾ ਸਿੰਘ ਲਾਇਲਪੁਰੀ, ਲਛਮਣ ਸਿੰਘ ਧਾਰੋਵਾਲੀ, ਟਹਿਲ ਸਿੰਘ ਨਿਜ਼ਾਮਪੁਰ ਦੇਵਾ ਸਿੰਘ ਵਾਲਾ, ਆਦਿ ਨੇ 17 ਫਰਵਰੀ, 1921 ਨੂੰ ਗੁਰਦੁਆਰਾ ਸੱਚਾ ਸੌਦਾ (ਜ਼ਿਲਾ ਸ਼ੇਖੂਪੁਰ) ਵਿਖੇ ਮੀਟਿੰਗ ਸੱਦ ਲਈ ਅਤੇ ਫੈਸਲਾ ਕੀਤਾ ਕਿ ਪੰਥਕ ਦੀਵਾਨ ਲਾਉਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦਾ ਕਬਜ਼ਾ ਮਹੰਤ ਪਾਸੋਂ ਖੋਹ ਲਿਆ ਜਾਵੇ, ਜਿਸ ਮਕਸਦ ਲਈ 29 ਫਰਵਰੀ ਨੂੰ ਸ਼ਹੀਦੀ ਜਥਾ ਨਨਕਾਣਾ ਸਾਹਿਬ ਲਿਜਾਇਆ ਜਾਵੇ। ਵਿਉਂਤ ਇਹ ਬਣੀ ਕਿ ਭਾਈ ਬੂਟਾ ਸਿੰਘ ਲਾਇਲਪੁਰੀ 19 ਫਰਵਰੀ ਨੂੰ ਸਿੱਧਾ ਨਨਕਾਣਾ ਸਾਹਿਬ ਜਾਏਗਾ ਅਤੇ ਦੋ ਜੱਥਿਆਂ ਨੂੰ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਕਰਤਾਰ ਸਿੰਘ ਝੱਬਰ ਤਿਆਰ ਕਰਕੇ ਲਿਜਾਣਗੇ ਜੋ ਪਿੰਡ ਚੰਦਰ ਕੋਟ ਝੱਲ ਵਿਖੇ 19 ਫਰਵਰੀ ਨੂੰ ਇਕੱਠੇ ਹੋ ਕੇ ਇਕੋ ਜੱਥੇ ਦਾ ਰੂਪ ਧਾਰਨ ਕਰਨਗੇ। ਉਥੋਂ ਅੱਗੇ ਰਾਤੋ ਰਾਤ ਚਲਦੇ ਹੋਏ 20 ਫਰਵਰੀ ਦੇ ਤੜਕਸਾਰ ਨਨਕਾਣਾ ਸਾਹਿਬ ਪਹੁੰਚ ਕੇ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰਨਗੇ।



ਪੰਥ ਲਈ ਜਜਬੇ ਨਾਲ ਸਰਸ਼ਾਰ ਭਾਈ ਟਹਿਲ ਸਿੰਘ ਆਪਣੇ ਪਿੰਡ ਨਿਜ਼ਾਮਪੁਰ ਦੇਵਾ ਸਿੰਘ ਵਾਲਾ, ਮੂਲਾ ਸਿੰਘ ਵਾਲਾ, ਚੇਲੇਵਾਲਾ, ਬੋਹੜੂ ਥੋਥੀਆਂ, ਨਵਾਂ ਪਿੰਡ ਆਦਿ ਸਾਰੇ ਕੰਬੋਜ ਬਰਾਦਰੀ ਦੇ ਪਿੰਡਾਂ ਵਿਚੋਂ 150 ਦੇ ਕਰੀਬ ਵਲੰਟੀਅਰ ਤਿਆਰ ਕੀਤੇ ਅਤੇ ਫਿਰ ਇਹ ਜਥਾ ਭਾਈ ਲਛਮਣ ਸਿੰਘ ਧਾਰੋਵਾਲੀ ਦੇ 23 ਵਲੰਟੀਅਰਾਂ ਨਾਲ ਮਿਲ ਗਿਆ। ਇੱਕੋ ਜਥਾ ਬਣ ਕੇ ਜਥੇਦਾਰ ਧਾਰੋਵਾਲੀ ਦੀ ਕਮਾਨ ਹੇਠ 19 ਫਰਵਰੀ ਸ਼ਾਮ ਨੂੰ ਅਰਦਾਸ ਕਰਨ ਉਪਰੰਤ ਨਨਕਾਣਾ ਸਾਹਿਬ ਵਲ ਨੂੰ ਰਵਾਨਾ ਹੋਇਆ। ਜਦ ਇਹ ਜਥਾ ਚੰਦਰਕੋਟ ਝੱਲ ਪਿੰਡ ਪਹੁੰਚਿਆ ਤਾਂ ਕੁਝ ਵਲੰਟੀਅਰਾਂ ਨੇ ਜੱਥੇਦਾਰ ਕਰਤਾਰ ਸਿੰਘ ਝੱਬਰ ਦੇ ਜਥੇ ਨੂੰ ਉਡੀਕ ਕਰਨ ਲਈ ਕਿਹਾ ਜੋ ਉਥੇ ਸਮੇਂ ਸਿਰ ਨਹੀਂ ਸੀ ਪੁੱਜ ਸਕਿਆ ਪਰ ਭਾਈ ਟਹਿਲ ਸਿੰਘ ਅੱਗੇ ਵਧ ਕੇ ਗਰਜਿਆ- "ਖਾਲਸਾ ਜੀ। ਅਸੀਂ ਕਿਸੇ ਦੀ ਉਡੀਕ ਨਹੀਂ ਕਰਨੀ। ਅਸੀਂ ਅਰਦਾਸ ਕਰਕੇ ਤੁਰੇ ਹਾਂ ਅਤੇ ਅੱਗੇ ਚਲਦੇ ਹੀ ਜਾਣਾ ਸਾਡਾ ਕਰਤੱਵ ਹੈ।" ਇਸਤੋਂ ਬਾਅਦ ਸਾਰੇ ਜਥੇਦਾਰ ਭਾਈ ਟਹਿਲ ਸਿੰਘ ਦੇ ਮਗਰ ਮਗਰ ਚਲਦੇ ਸ਼ਬਦ ਗੁਰਬਾਣੀ ਗਾਇਨ ਕਰਦੇ ਨਨਕਾਣਾ ਸਾਹਿਬ ਦੀ ਫਿਰਨੀ ਨੇੜੇ ਪਹੁੰਚੇ। ਉਥੇ ਚੌਧਰੀ ਪਾਲ ਸਿੰਘ ਨੇ ਇਕ ਸੁਨੇਹਾ ਭਾਈ ਦਲੀਪ ਸਿੰਘ ਵਲੋਂ ਲਿਆ ਕੇ ਜੱਥੇਦਾਰ ਲਛਮਣ ਸਿੰਘ ਧਾਰੋਵਾਲੀ ਨੂੰ ਦਿੱਤਾ ਜਿਸ ਵਿਚ ਲਿਖਿਆ ਸੀ ਕਿ ਜੱਥੇ ਨੂੰ ਰੋਕ ਲਿਆ ਜਾਵੇ। ਭਾਈ ਧਾਰੋਵਾਲੀ ਭਾਈ ਦਲੀਪ ਸਿੰਘ ਦਾ ਬਹੁਤ ਸਤਿਕਾਰ ਕਰਦੇ ਸਨ ਜਿਸ ਕਰਕੇ ਉਹ ਮੰਨ ਗਏ ਕਿ ਜਥਾ ਰੋਕ ਦਿੱਤਾ ਜਾਵੇ ਪਰ ਜਥੇਦਾਰ ਟਹਿਲ ਸਿੰਘ ਨੇ ਫਿਰ ਜੋਸ਼ ਨਾਲ ਵੰਗਾਰ ਕੇ ਕਿਹਾ, "ਖਾਲਸਾ ਜੀ, ਇਹ ਰੁਕਣ ਦਾ ਵੇਲਾ ਨਹੀਂ ਸਗੋਂ ਵਧਦੇ ਚੱਲੋ। ਅਸੀਂ ਘਰਾਂ ਤੋਂ ਸੌਂਹਾਂ ਚੁੱਕ ਕੇ ਅਰਦਾਸ ਕਰਕੇ ਚੱਲੇ ਸਾਂ। ਅੱਗੇ ਹੀ ਵਧਣਾ ਹੈ, ਘਰਾਂ ਨੂੰ ਮੁੜਨਾ ਨਹੀਂ। ਵਧ ਤੋਂ ਵਧ ਮਹੰਤ ਕੀ ਕਰ ਲਏਗਾ, ਸ਼ਹੀਦ ਹੀ ਕਰ ਦਵੇਗਾ? ਮੌਤ ਤੋਂ ਕੌਣ ਡਰਦਾ ਹੈ?" ਉਸਨੇ ਸਾਥੀਆਂ ਨੂੰ ਫਿਰ ਯਾਦ ਕਰਾਇਆ ਕਿ ਪੂਰਨ ਤੌਰ ਤੇ ਸ਼ਾਂਤਮਈ ਰਹਿਣਾ ਹੈ, ਕਿਸੇ ਨਾਲ ਝੜਪ ਨਹੀਂ ਲੈਣੀ। ਜਥੇਦਾਰ ਭਾਈ ਟਹਿਲ ਸਿੰਘ ਦੀ ਤਕਰੀਰ ਸੁਣ ਕੇ ਭਾਈ ਲਛਮਣ ਸਿੰਘ ਧਾਰੋਵਾਲੀ ਸਮੇਤ ਸਾਰਾ ਜਥਾ ਉਸ ਦੇ ਮਗਰ ਦੌੜਨ ਲੱਗ ਪਿਆ। ਤੜਕੇ 5 ਵਜੇ ਜਥਾ ਗੁਰਦਵਾਰਾ ਨਨਕਾਣਾ ਸਾਹਿਬ ਦੀ ਹੱਦ ਕੋਲ ਪੁੱਜ ਗਿਆ ਸੀ ਤਾਂ ਇਕ ਘੋੜ ਸਵਾਰ ਅਕਾਲੀ ਆਗੂਆਂ ਦਾ ਰੁੱਕਾ ਲੈ ਕੇ ਆ ਗਿਆ ਅਤੇ ਉਸਨੇ ਵੀ ਟਹਿਲ ਸਿੰਘ ਤੇ ਉਸ ਦੇ ਜਥੇ ਨੂੰ ਘਰਾਂ ਨੂੰ ਪਰਤ ਜਾਣ ਦਾ ਸੁਨੇਹਾ ਦਿੱਤਾ ਪਰ ਉਹ ਅੱਗੇ ਹੀ ਵਧਦੇ ਗਏ। ਸਵੇਰੇ 6 ਵਜੇ ਜਥਾ ਜੋਸ਼ ਖਰੋਸ਼ ਨਾਲ ਗੁਰਦਵਾਰਾ ਨਨਕਾਣਾ ਸਾਹਿਬ ਦੀ ਦਰਸਨੀ ਡਿਉੜੀ ਅੰਦਰ ਦਾਖਲ ਹੋ ਗਿਆ। ਜਥੇ ਦੇ ਮਰਜੀਵੜੇ ਪ੍ਰਕਾਸ਼ ਅਸਥਾਨ ਅੰਦਰ ਮੱਥਾ ਟੇਕ ਕੇ ਬੈਠ ਗਏ, ਕੁਝ ਬਾਰਾਂਦਰੀ ਵਿਚ ਬੈਠ ਗਏ। ਜਥੇਦਾਰ ਲਛਮਣ ਸਿੰਘ ਧਾਰੋਵਾਲੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ। ਉਧਰ ਮਹੰਤ ਨੂੰ ਵੀ ਸੂਹ ਮਿਲ ਚੁੱਕੀ ਸੀ ਤੇ ਉਸਨੇ ਵੀ ਆਪਣੇ ਯਾਰਾਂ-ਦੋਸਤਾਂ, ਬਦਮਾਸ਼ਾਂ ਅਤੇ 25 ਕੁ ਪਠਾਣਾਂ ਨੂੰ ਹਥਿਆਰਾਂ ਨਾਲ ਲੈਸ ਕਰਕੇ ਤਿਆਰ ਕੀਤਾ ਹੋਇਆ ਸੀ। ਉਨ੍ਹਾਂ ਨੂੰ ਜਦ ਇਸ਼ਾਰਾ ਮਿਲਿਆ ਤਾਂ ਉਨ੍ਹਾਂ ਦਰਸ਼ਨੀ ਡਿਉੜੀ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਚਾਰ ਚੁਫੇਰਿਉਂ ਛੱਤਾਂ ਉਪਰ ਬੈਠੇ ਪਠਾਣਾਂ ਨੇ 25 ਸਿੰਘਾਂ ਨੂੰ ਵੇਹੜੇ ਵਿਚ ਹੀ ਗੋਲੀਆਂ ਮਾਰ ਮਾਰ ਕੇ ਢੇਰ ਕਰ ਦਿੱਤਾ ਅਤੇ 60 ਹੋਰ ਸਿੰਘਾਂ ਨੂੰ ਗੁਰੂ ਜੀ ਦੇ ਪ੍ਰਕਾਸ਼ ਅਸਥਾਨ ਅੰਦਰ ਜਾ ਕੇ ਤਲਵਾਰਾਂ ਤੇ ਟੋਕਿਆਂ ਨਾਲ ਟੂਕੜੇ ਟੂਕੜੇ ਕੀਤਾ। ਇਕ ਸਿੰਘ ਨੂੰ ਵਿਹੜੇ ਵਿਚ ਜੰਡ ਦੇ ਰੁੱਖ ਨਾਲ ਬੰਨ੍ਹ ਕੇ ਅੱਗ ਨਾਲ ਸਾੜਿਆ। ਸਾਰੀਆਂ ਲੋਥਾਂ ਨੂੰ ਇਕੱਠਾ ਕਰਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ।

ਲਾਹੌਰ ਦੇ ਕਮਿਸ਼ਨਰ ਮਿਸਟਰ ਕਿੰਗ ਨੇ ਅਗਲੇ ਦਿਨ ਹੀ ਗੁਰਦੁਆਰਾ ਨਨਕਾਣਾ ਸਾਹਿਬ ਸਮੂਹ ਦੀਆਂ ਚਾਬੀਆਂ ਸਰਦਾਰ ਹਰਬੰਸ ਸਿੰਘ ਨੂੰ ਦੇ ਦਿੱਤੀਆਂ। ਇਸ ਤਰ੍ਹਾਂ ਸ਼ਾਂਤਮਈ ਸਿੱਖਾਂ ਨੇ ਮਹਾਂ ਬਦਮਾਸ਼ ਮਹੰਤ ਨਰੈਣ ਦਾਸ ਨੂੰ ਦਫਾ ਕਰਾਇਆ ਜਿਸ ਨੂੰ ਅੰਗਰੇਜ਼ ਹਕੂਮਤ ਨੇ ਮਜਬੂਰੀ ਵਿਚ ਫਾਂਸੀ ਦੀ ਸਜ਼ਾ ਅਤੇ ਉਸਦੇ ਸਾਥੀ ਪਠਾਣਾਂ ਨੂੰ ਉਮਰ ਕੈਦ ਦਿੱਤੀ। ਨਨਕਾਣਾ ਸਾਹਿਬ ਦੇ ਇਸ ਸਾਕੇ ਨੇ ਸਿੱਖਾਂ ਦੇ ਗੁਰਦੁਆਰਾ ਪ੍ਰਬੰਧ ਵਿਚ ਇਕ ਇਨਕਲਾਬ ਪੈਦਾ ਕੀਤਾ ਸੀ।

ਸਾਕਾ ਨਨਕਾਣਾ ਸਾਹਿਬ ਸਮੇਂ ਕੰਬੋਜ਼ ਸਿੱਖ ਸ਼ਹੀਦਾਂ ਦੀ ਲਿਸਟ

1. ਜੱਥੇਦਾਰ ਟਹਿਲ ਸਿੰਘ ਧੰਜੂ, 2. ਭਾਈ ਦੱਲ ਸਿੰਘ ਧੰਜੂ, 3. ਭਾਈ ਕੇਸਰ ਸਿੰਘ ਮਹਿਰੋਕ, 4. ਭਾਈ ਰਾਮ ਸਿੰਘ ਮਹਿਰੋਕ, 5. ਭਾਈ ਸੁੰਦਰ ਸਿੰਘ ਜੰਮੂ, 6. ਭਾਈ ਸੁਰੈਣ ਸਿੰਘ ਧੰਜੂ, 7 ਭਾਈ ਬੱਗਾ ਸਿੰਘ ਸੰਧਾ, 8. ਭਾਈ ਹਰਨਾਮ ਸਿੰਘ ਜੰਮੂ, 9. ਭਾਈ ਜਵਾਲਾ ਸਿੰਘ ਚੱਕ, 10 ਭਾਈ ਖੁਸ਼ਹਾਲ ਸਿੰਘ ਥਿੰਦ, 11. ਭਾਈ ਜਵੰਦ ਸਿੰਘ ਧੰਜੂ, 12 ਭਾਈ ਪੰਜਾਬ ਸਿੰਘ ਮਹਿਰੋਕ, 13 ਭਾਈ ਨਰੈਣ ਸਿੰਘ ਮਹਿਰੋਕ, 14 ਭਾਈ ਭਾਗ ਸਿੰਘ ਚੱਕ, 15 ਭਾਈ ਗੁੱਜਰ ਸਿੰਘ ਜੋਸਨ 16. ਭਾਈ ਚੰਦਾ ਸਿੰਘ ਥਿੰਦ, 17. ਭਾਈ ਗੰਗਾ ਸਿੰਘ ਥਿੰਦ. 18. ਭਾਈ ਵਰਿਆਮ ਸਿੰਘ ਧੰਜੂ. 19. ਭਾਈ ਸੇਵਾ ਸਿੰਘ ਥਿੰਦ. 20. ਭਾਈ ਬੂੜ ਸਿੰਘ ਜੱਜ. 21. ਭਾਈ ਸੁਰੈਣ ਸਿੰਘ ਸੰਧਾ. 22. ਭਾਈ ਗੋਪਾਲ ਸਿੰਘ ਸੰਧਾ. 23. ਭਾਈ ਈਸ਼ਰ ਸਿੰਘ ਥਿੰਦ. 24. ਭਾਈ ਨੰਦ ਸਿੰਘ ਕੌੜਾ. 25. ਭਾਈ ਹਰੀ ਸਿੰਘ ਕੌੜਾ. 26. ਭਾਈ ਅਰੂਰ ਸਿੰਘ ਕੌੜਾ. 27. ਭਾਈ ਤੇਜਾ ਸਿੰਘ ਕੌੜਾ. 28. ਭਾਈ ਭਗਵਾਨ ਸਿੰਘ. 29. ਭਾਈ ਭਾਗ ਸਿੰਘ 30 ਭਾਈ ਮੂਲਾ ਸਿੰਘ ਥਿੰਦ. 31. ਭਾਈ ਭਾਗ ਸਿੰਘ ਥਿੰਦ।

ਕੁਲ 86 ਸ਼ਹੀਦ ਸਿੱਖਾਂ ਵਿਚ ਜੱਟ, ਖੱਤਰੀ, ਕੰਬੋਜ, ਘੁਮਾਰ, ਮਜ਼ਹਬੀ ਸਿੱਖ ਸ਼ਾਮਿਲ ਸਨ। ਪਰ ਕੰਬੋਜ ਸਿੱਖਾਂ ਦੀ ਗਿਣਤੀ ਸਭ ਤੋਂ ਵੱਧ ਸੀ।


ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990
• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



M&J
ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ




MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh Cell: 209-450-8981
Off : 209-456-0182

# ਸਵਾਲ ਹਿੰਸਕ ਅੰਦੋਲਨ ਦੀਆਂ ਵੰਨਗੀਆਂ ਤੇ ਉਨ੍ਹਾਂ ਪ੍ਰਤੀ ਪਹੁੰਚ ਦਾ

-ਜਤਿੰਦਰ ਪਨੂੰ

ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਤਰ੍ਹਾਂ ਦੀ ਹਿੰਸਕ ਸਰਗਰਮੀ ਵੇਖਣ ਨੂੰ ਮਿਲ ਰਹੀ ਹੈ। ਆਮ ਆਦਮੀ ਇਸ ਦੇ ਸਾਰੇ ਪੱਖਾਂ ਤੋਂ ਅਵਾਜ਼ਾਰ ਹੁੰਦਾ ਹੈ। ਸਵਾਲ ਇਹੋ ਜਿਹੇ ਮੌਕੇ ਇਹ ਖੜਾ ਕੀਤਾ ਜਾਂਦਾ ਹੈ ਕਿ ਕੀ ਇਹ ਸਾਰੀ ਹਿੰਸਾ ਰੁਕ ਨਹੀਂ ਸਕਦੀ? ਇਹ ਕੱਚ-ਘਰੜ ਸਮਝ 'ਚੋਂ ਨਿਕਲਿਆ ਸਵਾਲ ਹੈ, ਜਿਸ ਦਾ ਏਨਾ ਸਾਦਾ ਜਵਾਬ ਹੋ ਹੀ ਨਹੀਂ ਸਕਦਾ।

ਹਿੰਸਾ ਦੀਆਂ ਵੰਨਗੀਆਂ ਵਿਚੋਂ ਇਕ ਹੈ ਦੇਸ਼ ਦੇ ਤਕਰੀਬਨ ਦਸ ਰਾਜਾਂ ਵਿਚ ਫੈਲੀ ਹੋਈ ਮਾਓਵਾਦੀ ਹਿੰਸਕ ਲਹਿਰ। ਇਹ ਸਾਰੀ ਕਿਸੇ ਇੱਕ ਸਾਂਝੀ ਕਮਾਨ ਹੇਠ ਨਹੀਂ, ਕਈ ਧੜਿਆਂ ਵਿਚ ਵੰਡੀ ਪਈ ਹੈ। ਸਾਂਝ ਹੈ ਤਾਂ ਸਿਰਫ ਏਨੀ ਕਿ ਇਹ ਸਾਰੇ ਹੀ ਚੀਨ ਦੇ ਮਰਹੂਮ ਸ਼ਾਸਕ ਕਾਮਰੇਡ ਮਾਓ ਜ਼ੇ ਤੁੰਗ ਦੇ ਇਹਨਾਂ ਸ਼ਬਦਾਂ ਨੂੰ ਪ੍ਰੇਰਨਾ ਦਾ ਸਰੋਤ ਮੰਨਦੇ ਹਨ ਕਿ ਰਾਜਸੀ ਤਾਕਤ ਬੰਦੂਕ ਦੀ ਨਾਲੀ ਵਿਚੋਂ ਨਿਕਲਦੀ ਹੈ। ਮਾਓ ਜ਼ੇ ਤੁੰਗ ਦੀ ਇਹ ਟੂਕ ਅਧੂਰੀ ਹੈ। ਪੂਰੀ ਧਾਰਨਾ ਇਹ ਹੈ ਕਿ ਬੰਦੂਕ ਕੁਝ ਇਕ ਬੰਦਿਆਂ ਦੇ ਹੱਥਾਂ ਵਿਚ ਨਹੀਂ, ਲੋਕਾਂ ਦੇ ਹੱਥਾਂ ਵਿਚ ਚਾਹੀਦੀ ਹੈ, ਲਹਿਰ ਦਾ ਰੂਪ ਜਨਤਕ ਚਾਹੀਦਾ ਹੈ, ਦੋ-ਚਾਰ ਸੌ ਜਾਂ ਦੋ ਹਜ਼ਾਰ ਜਜ਼ਬਾਤੀ ਤੌਰ 'ਤੇ ਬੱਝੇ ਹੋਏ ਕਾਰਕੁਨਾਂ ਤੱਕ ਸੀਮਤ ਨਹੀਂ ਚਾਹੀਦਾ। ਜਿੰਨੇ ਕੁ ਲੋਕ ਇਹਨਾਂ ਦੇ ਨਾਲ ਹਨ, ਜਦੋਂ ਉਹ ਵੀ ਨਿੱਕੇ-ਨਿੱਕੇ ਨੁਕਤੇ ਲੱਭ ਕੇ ਆਪੋ ਵਿਚ ਇਕ ਦੂਜੇ ਉਤੇ 'ਸੋਧਵਾਦੀ' ਜਾਂ ਫਿਰ 'ਭਗੌੜਾ' ਵਾਲੇ ਠੱਪੇ ਲਾ ਕੇ ਮਰਨ-ਮਾਰਨ ਨੂੰ ਤਿਆਰ ਹੋ ਜਾਂਦੇ ਹਨ, ਇਸ ਲਹਿਰ ਦਾ ਕਿਸੇ ਸਿਰੇ ਪੁੱਜ ਸਕਣਾ ਆਸ ਤੋਂ ਬਾਹਰੀ ਗੱਲ ਹੈ। ਉਹ ਆਪਣੀਆਂ ਕੁਰਬਾਨੀਆਂ ਦਾ ਜ਼ਿਕਰ ਕਰਦੇ ਹਨ। ਸਿੱਖ ਵਿਦਵਾਨ ਕਪੂਰ ਸਿੰਘ ਨੇ ਇਕ ਵਾਰੀ ਮਜ਼ਾਕ ਨਾਲ ਇਹੋ ਗੱਲ ਸਿੱਖਾਂ ਨੂੰ ਕਹੀ ਸੀ ਕਿ ਲੱਖਾਂ ਸਾਲਾਂ ਤੋਂ ਬੱਕਰੇ ਵੀ ਕੁਰਬਾਨੀਆਂ ਦੇ ਰਹੇ ਹਨ, ਪਰ ਬੱਕਰਸਤਾਨ ਤਾਂ ਬਣ ਨਹੀਂ ਸਕਿਆ। ਇਕ ਬਾਕਾਇਦਾ ਭਵਿੱਖ-ਨਕਸ਼ੇ ਦੀ ਅਣਹੋਂਦ ਵਿਚ ਉਹ ਕਦੇ ਪਿੰਡਾਂ ਜਾਂ ਸੁਰੱਖਿਆ ਫੋਰਸਾਂ ਦੇ ਕੈਂਪਾਂ 'ਤੇ ਹਮਲੇ ਕਰ ਕੇ ਉਨ੍ਹਾਂ ਨੂੰ ਮਾਰਨਗੇ, ਕਦੇ ਆਪਣੇ ਬੰਦੇ ਮਰਵਾਉਣਗੇ, ਪਰ ਤਣ-ਪੱਤਣ ਕਿਸੇ ਨਹੀਂ ਪਹੁੰਚ ਸਕਣਗੇ। ਵਰਨਣਯੋਗ ਹੈ ਕਿ ਮੂਲ ਵਲੋਂ ਭਾਵੇਂ ਸਾਰੀ ਨਕਸਲੀ ਲਹਿਰ ਇੱਕੋ ਸੀ, ਹੁਣ ਕਈ ਨਕਸਲੀ ਧੜੇ ਬੰਦੂਕ ਦੀ ਨਾਲੀ ਵਾਲੇ ਸਿਧਾਂਤ ਦੀ ਬਜਾਏ ਲੋਕ ਸੰਘਰਸ਼ਾਂ ਦੇਰਾਹ ਵਲ ਮੁੜ ਵੀ ਚੁੱਕੇ ਹਨ।

ਦੂਜੀ ਕਿਸਮ ਦੀ ਹਿੰਸਾ ਅਸੀਂ ਜੰਮੂ-ਕਸ਼ਮੀਰ ਰਿਆਸਤ ਦੀ ਕਸ਼ਮੀਰ ਘਾਟੀ ਵਿਚ ਵਾਪਰਦੀ ਵੇਖਦੇ ਹਾਂ। ਇਹ ਇਸ ਵਕਤ ਪਾਕਿਸਤਾਨੀ ਖੁਫੀਆ ਏਜੰਸੀਆਂ ਵਲੋਂ ਹਰ ਰੰਗ ਵਾਲੇ ਪਾਕਿਸਤਾਨੀ ਸਿਆਸਤਦਾਨਾਂ ਦੀ ਸਹਿਮਤੀ ਅਤੇ ਸ਼ਹਿ ਨਾਲ ਚਲਾਈ ਜਾ ਰਹੀ ਹੈ। ਪੈਸੇ ਵੀ ਉਹ ਦੇਂਦੇ ਹਨ, ਹਥਿਆਰ ਤੇ ਸਿਖਲਾਈ ਵੀ, ਪਰ ਮਰਨ ਜਾਂ ਮਾਰਨ ਦਾ ਕੰਮ ਕਸ਼ਮੀਰੀ ਨੌਜਵਾਨਾਂ ਦੇ ਜ਼ਿੰਮੇ ਪੈਂਦਾ ਹੈ। ਆਪਣੇ ਦੇਸ਼ ਅੰਦਰ ਵਿਕਾਸ ਨਾ ਕਰ ਕੇ ਓਥੋਂ ਦੇ ਹਰ ਰੰਗ ਦੇ ਰਾਜਸੀ ਆਗੂਆਂ ਦੀ ਕੋਸ਼ਿਸ਼ ਇਹ ਰਹਿੰਦੀ ਹੈ ਕਿ ਪਾਕਿਸਤਾਨ ਦੇ ਲੋਕਾਂ ਦਾ ਧਿਆਨ ਕਸ਼ਮੀਰ ਦੇ ਜਹਾਦ ਵਲ ਲਾਈ ਰੱਖਣ। ਕਸ਼ਮੀਰੀ ਲੋਕ ਭਾਰਤੀ ਪਾਸੇ ਦੇ ਹੋਣ ਜਾਂ ਪਾਕਿਸਤਾਨੀ ਕਬਜ਼ੇ ਹੇਠਲੇ, ਉਨ੍ਹਾਂ ਨੂੰ ਪਾਕਿਸਤਾਨੀ ਹਕੂਮਤਾਂ ਸਿਰਫ ਤੋਪਾਂ ਅੱਗੇ ਡਾਹੁਣ ਲਈ ਵਰਤਦੀਆਂ ਹਨ। ਕਾਰਗਿਲ ਦੀ ਜੰਗ ਮੌਕੇ ਜਹਾਦੀਆਂ ਦੇ ਭੇਦ ਵਿਚ ਜਿਹੜੇ ਪਾਕਿਸਤਾਨੀ ਫੌਜੀ ਉੱਚੀਆਂ ਪਹਾੜੀਆਂ ਉੱਤੇ ਚੜ੍ਹੇ ਸਨ, ਉਹ ਵੀ ਸਾਰੇ ਪਾਕਿਸਤਾਨ ਦੀ ਨਾਰਦਰਨ ਲਾਈਟ ਇਨਫੈਂਟਰੀ ਵਿਚੋਂ ਸਨ, ਜਿਨ੍ਹਾਂ ਦੀ ਭਰਤੀ ਗਿਲਗਿਤ ਅਤੇ ਬਾਲਤਿਸਤਾਨ ਵਿਚੋਂ ਕੀਤੀ ਜਾਂਦੀ ਹੈ। ਉੱਚੇ ਪਹਾੜਾਂ ਉੱਤੇ ਚੜ੍ਹ ਕੇ ਭਾਰਤੀ ਤੋਪਾਂ ਦਾ ਸਾਹਮਣਾ ਕਰਨ ਜਾਂ ਕਸ਼ਮੀਰ ਘਾਟੀ ਅੰਦਰ ਆ ਕੇ ਸੁਰੱਖਿਆ ਦਸਤਿਆਂ ਨਾਲ ਲੜ ਲੜ ਮਰ ਜਾਣ, ਉਨ੍ਹਾਂ ਲਈ ਤਾਂ ਦੋਵੇਂ ਥਾਂ ਮੌਤ ਹੁੰਦੀ ਹੈ। ਮਜਬੂਰ ਕਰ ਕੇ ਉਹ ਭੇਜੇ ਜਾਂਦੇ ਹਨ, ਪਿੱਛੇ ਵੀ ਨਹੀਂ ਮੁੜ ਸਕਦੇ।

ਤੀਜੀ ਕਿਸਮ ਹੈ ਅਲ ਕਾਇਦਾ ਜਾਂ ਲਸ਼ਕਰੇ-ਤਾਇਬਾ ਵਲੋਂ ਭੇਜੇ ਜਾਂਦੇ ਦਹਿਸ਼ਤਗਰਦਾਂ ਦੀ। ਇਹਨਾਂ 'ਚੋਂ ਕੁਝ ਤਾਂ ਮੁੰਬਈ ਵਿਚ ਜਾਂ ਪਾਰਲੀਮੈਂਟ ਭਵਨ ਉੱਤੇ ਕੀਤੇ ਹਮਲੇ ਵਰਗਾ ਹਮਲਾ ਕਰਦੇ ਤੇ ਮੌਕੇ 'ਤੇ ਲੜਦੇ ਹੋਏ ਮਾਰੇ ਜਾਂਦੇ ਹਨ, ਪਰ ਕੁਝ ਲੁਕਵੇਂ ਤੌਰ 'ਤੇ ਬੰਬ ਧਮਾਕੇ ਕਰ ਕੇ ਨਿਕਲਣ ਦਾ ਯਤਨ ਵੀ ਕਰਦੇ ਹਨ। ਕਦੇ ਉਹ ਫੜੇ ਜਾਂਦੇ



ਤੇ ਲੰਮੇ ਮੁਕੱਦਮਿਆਂ ਦਾ ਸਾਹਮਣਾ ਕਰਦੇ ਸਾਲਾਂ-ਬੱਧੀ ਸੀਖਾਂ ਪਿੱਛੇ ਸੜਦੇ ਹਨ, ਕਦੇ ਬੰਬ ਬੀੜਦੇ ਜਾਂ ਭੱਜਦੇ ਸਮੇਂ ਮਾਰੇ ਵੀ ਜਾਂਦੇ ਹਨ। ਕੰਮ ਇਹ ਲੋਕ ਵੀ ਹੁਕਮ ਦੇ ਬੱਧੇ ਕਰਦੇ ਹਨ। ਚੌਥੀ ਕਿਸਮ ਹੈ ਆਤਮ-ਘਾਤੀ ਮਨੁੱਖੀ ਬੰਬਾਂ ਦੀ। ਇਹਨਾਂ ਨੂੰ ਜਹਾਦ ਅਤੇ ਜਨੂੰਨ ਦੀ ਪੁੱਠ ਏਨੀ ਪੱਕੀ ਚਾੜ੍ਹੀ ਜਾਂਦੀ ਹੈ ਕਿ ਉਹ ਮੌਤ ਨੂੰ ਗਲੇ ਲਾਉਣਾ ਇੱਕ ਪੁੰਨ ਦਾ ਕੰਮ ਸਮਝਦੇ ਹਨ।

ਇਹਨਾਂ ਚਾਰੇ ਕਿਸਮਾਂ ਦੀ, ਜਾਂ ਸ਼ਾਇਦ ਕੁਝ ਹੋਰਨਾਂ ਕਿਸਮਾਂ ਦੀ ਵੀ, ਜਿੰਨੀ ਹਿੰਸਾ ਇਸ ਸਦੀ ਦੇ ਸ਼ੁਰੂ ਵਿਚ ਵੇਖਣ ਨੂੰ ਮਿਲ ਰਹੀ ਹੈ, ਪਿਛਲੀ ਸਦੀ ਵਿਚ ਵੀ ਕਈ ਥਾਂ ਵੇਖੀ ਗਈ ਸੀ। ਹਿੰਸਕ ਰਸਤਾ ਅਖ਼ਤਿਆਰ ਕਰਨ ਵਾਲੇ ਇਹ ਸਾਰੇ ਲੋਕ ਇਸ ਯਕੀਨ ਨਾਲ ਬੱਝੇ ਹੁੰਦੇ ਹਨ ਕਿ ਇੱਕ ਨਾ ਇੱਕ ਦਿਨ ਤਾਂ ਜਿੱਤ ਉਨ੍ਹਾਂ ਦੀ ਸੋਚ ਦੀ ਹੀ ਹੋਣੀ ਹੈ। ਸ੍ਰੀ ਲੰਕਾ ਦੇ ਇੱਕ ਪ੍ਰਾਂਤ ਉੱਤੇ ਵੀਹ ਸਾਲ ਦੇ ਕਰੀਬ ਕਬਜ਼ਾ ਰੱਖਣ ਵਿਚ ਲਿਬਰੇਸ਼ਨ ਟਾਈਗਰਜ਼ ਆਫ਼ ਤਾਮਿਲ ਈਲਮ (ਲਿੱਟੇ) ਦੀ ਕਾਮਯਾਬੀ ਦੇ ਹਵਾਲੇ ਦੇ ਕੇ ਕਈ ਲੋਕ ਆਖਦੇ ਹੁੰਦੇ ਸਨ ਕਿ ਜਿਵੇਂ ਉਨ੍ਹਾਂ ਨੇ ਇਹ ਕ੍ਰਿਸ਼ਮਾ ਕਰ ਵਿਖਾਇਆ ਹੈ, ਇੱਕ ਦਿਨ ਅਸੀਂ ਵੀ ਕਰ ਵਿਖਾਵਾਂਗੇ। ਹੁਣ ਨਾ ਲਿੱਟੇ ਹੀ ਰਹੀ, ਨਾ ਲਿੱਟੇ ਦਾ ਕਬਜ਼ਾ। ਇੱਕ ਮਨ ਹੋ ਕੇ ਓਥੋਂ ਦੀ ਸਰਕਾਰ ਨੇ ਜਦੋਂ ਚੁਫੇਰਿਓਂ ਘੇਰਾਬੰਦੀ ਕਰ ਕੇ ਫੌਜ ਚਾੜ੍ਹੀ, ਲਿੱਟੇ ਲੋਟਣੀਆਂ ਲੈਂਦੀ ਨਜ਼ਰ ਆਈ ਸੀ। ਸਾਡੇ ਪੰਜਾਬ ਵਿਚ ਇਕ ਪੜਾਅ ਉੱਤੇ ਮੌਕੇ ਦੇ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਗੱਲਬਾਤ ਦੀ ਪੇਸ਼ਕਸ਼ ਕੀਤੀ ਤੇ ਇਸ ਕੰਮ ਲਈ ਸੁਰੱਖਿਅਤ ਲਾਂਘੇ ਦਾ ਯਕੀਨ ਦਿਵਾਇਆ ਸੀ, ਪਰ ਉਹ ਪੇਸ਼ਕਸ਼ ਮਜ਼ਾਕ ਵਿਚ ਉਡਾ ਦਿੱਤੀ ਗਈ ਸੀ। ਉਲਟਾ ਇਹ ਸੁਣਾਇਆ ਗਿਆ ਸੀ ਕਿ ਗੱਲਬਾਤ ਕਰਨੀ ਹੈ ਤਾਂ ਪੰਜਾਬ ਜਾਂ ਦਿੱਲੀ ਵਿਚ ਨਹੀਂ, ਸਵਿਟਜ਼ਰਲੈਂਡ ਵਿਚ ਹੋਵੇਗੀ, ਜਿੱਥੇ ਭਾਰਤ ਦਾ ਰਾਸ਼ਟਰਪਤੀ ਤੇ ਪੰਥਕ ਕਮੇਟੀ ਦਾ ਮੁਖੀ ਆਹਮੋ ਸਾਹਮਣੇ ਬੈਠ ਕੇ ਗੱਲ ਕਰਨਗੇ। ਉਹ ਗੱਲ ਸਿਰੇ ਨਾ ਲੱਗੀ ਤਾਂ ਥੋੜ੍ਹੇ ਚਿਰ ਬਾਅਦ ਮੁੱਖ ਮੰਤਰੀ ਬਣ ਕੇ ਬੇਅੰਤ ਸਿੰਘ ਨੇ ਵੀ ਇਹੋ ਪੇਸ਼ਕਸ਼ ਕੀਤੀ ਸੀ। ਫਰਵਰੀ 1992 ਵਿਚ ਸਰਕਾਰ ਬਣਾ ਕੇ ਉਸ ਨੇ ਪੇਸ਼ਕਸ਼ ਕਰਨ ਦੇ ਨਾਲ ਹੀ ਵਿਸਾਖੀ ਦੇ ਦਿਨ ਤੱਕ ਸੁਰੱਖਿਆ ਦਸਤਿਆਂ ਨੂੰ ਇੱਕਤਰਫਾ ਗੋਲੀਬੰਦੀ ਲਈ ਕਹਿ ਦਿੱਤਾ ਸੀ। ਜਦੋਂ ਇਸ ਦਾ ਹੁੰਗਾਰਾ ਨਾ ਭਰਿਆ ਗਿਆ ਤਾਂ ਉਸੇ ਬੇਅੰਤ ਸਿੰਘ ਨੇ ਵਿਸਾਖੀ ਮੌਕੇ ਪੁਲਸ ਨੂੰ ਕਹਿ ਦਿੱਤਾ ਸੀ ਕਿ ਜੋ ਲੋੜ ਜਾਪੇ, ਕਰੋ, ਪਰ ਪੰਜਾਬ ਵਿਚ ਅਮਨ ਕਾਇਮ ਹੋਣਾ ਚਾਹੀਦਾ ਹੈ। ਉਹੋ ਪੁਲਸ ਸੀ, ਉਹੋ ਅਫ਼ਸਰ ਸਨ, ਪਰ ਹੁਣ ਤੱਕ ਇਕ ਮਨ ਹੋ ਕੇ ਕਦੇ ਹਦਾਇਤ ਨਹੀਂ ਸੀ ਦਿੱਤੀ ਗਈ, ਜਦੋਂ ਸਪੱਸ਼ਟ ਹਦਾਇਤ ਮਿਲ ਗਈ, ਇੱਕ ਸਾਲ ਦੇ ਅੰਦਰ-ਅੰਦਰ ਪੰਜਾਬ ਵਿਚ ਅਮਨ ਕਾਇਮ ਹੋ ਗਿਆ ਸੀ। ਅੱਜ ਦੇ ਯੁੱਗ ਵਿਚ ਬੰਦੂਕਾਂ ਦੀਆਂ ਨਾਲੀਆਂ 'ਚੋਂ ਕਿਧਰੇ ਵੀ ਰਾਜਸੀ ਤਾਕਤ ਨਿਕਲਣ ਦੀ ਸੰਭਾਵਨਾ ਨਹੀਂ ਨਜ਼ਰ ਆਉਂਦੀ। ਠੀਕ ਰਾਹ ਇਹੋ ਹੈ ਕਿ ਜੇ ਕਿਸੇ ਪਾਸਿਓਂ ਗੱਲਬਾਤ ਦਾ ਸੱਦਾ ਮਿਲੇ ਤਾਂ ਉਸ ਮੌਕੇ ਨੂੰ ਹੱਥੋਂ ਨਾ ਜਾਣ ਦਿੱਤਾ ਜਾਵੇ। ਲਹਿਰ ਤੋਂ ਪਾਸੇ ਬੈਠੇ ਕੁਝ ਲੋਕ ਹਨ, ਜਿਨ੍ਹਾਂ ਨੇ ਆਪ ਕਦੇ ਕੀੜੀ ਨਹੀਂ ਮਾਰੀ ਹੁੰਦੀ ਤੇ ਆਪਣੇ ਪੈਰਾਂ ਵਿਚ ਕੰਡਾ ਵੱਜੇ ਦੀ ਪੀੜ ਵੀ ਨਹੀਂ ਜਰੀ ਹੁੰਦੀ, ਉਹ ਬੰਦੂਕਾਂ ਚੁੱਕੀ ਫਿਰਦਿਆਂ ਨੂੰ 'ਡਟੇ ਰਹੋ' ਦਾ ਹੋਕਾ ਦੇਈ ਜਾਂਦੇ ਹਨ। ਏਦਾਂ ਦੇ ਸੱਜਣ ਮਰਦਿਆਂ ਨਾਲ ਮਰਦੇ ਨਹੀਂ ਹੁੰਦੇ, ਪਾਸਾ ਪਲਟਦਾ ਵੇਖ ਕੇ ਭਾਰੂ ਰਾਜਸੀ ਧਿਰ ਨਾਲ ਜੁੜਦੇ ਤੇ ਐਵਾਰਡਾਂ ਲਈ ਜੋੜ-ਤੋੜ ਕਰਦੇ ਨਜ਼ਰ ਆਉਣ ਲੱਗ ਪੈਂਦੇ ਹਨ। ਮਰਨਾ ਲਲਕਾਰਾ ਮਾਰਨ ਵਾਲਿਆਂ ਨੇ ਨਹੀਂ, ਛਵ੍ਹੀ-ਗੰਡਾਸਾ ਚੁੱਕਣ ਵਾਲਿਆਂ ਨੇ ਹੀ ਹੁੰਦਾ ਹੈ।

ਇਸ ਸੰਬੰਧ ਵਿਚ ਪਿਛਲੇ ਦਿਨੀਂ ਭਾਰਤ ਦੇ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਕੁਝ ਪਹਿਲਕਦਮੀਆਂ ਕੀਤੀਆਂ ਹਨ। ਪਹਿਲੀ ਪੇਸ਼ਕਸ਼ ਉਨ੍ਹਾਂ ਨੇ ਮਾਓਵਾਦੀਆਂ ਨੂੰ ਹੀ ਕੀਤੀ ਹੈ, ਕਿਉਂਕਿ ਖੁਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕਈ ਵਾਰੀ ਕਹਿ ਚੁੱਕੇ ਹਨ ਕਿ ਇਹ ਬਾਕੀਆਂ ਵਰਗੇ ਦਹਿਸ਼ਤਗਰਦ ਖਾਨੇ ਵਿਚ ਨਹੀਂ ਰੱਖੇ ਜਾ ਸਕਦੇ। ਪੇਸ਼ਕਸ਼ ਇਹ ਸੀ ਕਿ ਤੁਹਾਨੂੰ ਹਥਿਆਰ ਸੁੱਟਣ ਨੂੰ ਨਹੀਂ ਕਿਹਾ ਜਾਵੇਗਾ, ਸਿਰਫ ਏਨਾ ਕਰੋ ਕਿ ਜੇ ਗੱਲਬਾਤ ਦੀ ਮੇਜ਼ ਉੱਤੇ ਆਉਣਾ ਹੈ ਤਾਂ ਓਨੀ ਦੇਰ ਲਈ ਗੋਲੀਬੰਦੀ ਕਰ ਲਓ। ਉਨ੍ਹਾਂ ਦੀ ਪੇਸ਼ਕਸ਼ ਇਸ ਤੋਂ ਅੱਗੇ ਵਧ ਕੇ ਬਹੁ-ਕੌਮੀ ਅਤੇ ਕੌਮੀ ਕੰਪਨੀਆਂ ਜਾਂ ਕਾਰਪੋਰੇਸ਼ਨਾਂ ਨਾਲ ਕੀਤੇ ਉਹ ਸਮਝੌਤੇ ਮੁੜ ਵਿਚਾਰਨ ਤੱਕ ਵੀ ਜਾਂਦੀ ਹੈ, ਜਿਨ੍ਹਾਂ ਨਾਲ ਉਨ੍ਹਾਂ ਖੇਤਰਾਂ ਦੇ ਮੂਲ ਵਾਸੀਆਂ ਨੂੰ ਨੁਕਸਾਨ ਪੁੱਜ ਰਿਹਾ ਹੈ। ਮਾਓਵਾਦੀਆਂ ਦੀਆਂ ਬਾਕੀ ਮੰਗਾਂ ਵੀ ਉਹ ਵਿਚਾਰਨ ਨੂੰ ਤਿਆਰ ਹਨ। ਮਾਓਵਾਦੀ ਧਿਰਾਂ ਦੇ ਗੁਪਤ ਸੰਗਠਨ ਨਾਲ ਤਾਲਮੇਲ ਰੱਖਦੇ ਜ਼ਾਹਰਾ ਸਰੋਤਾਂ ਨੇ ਇਹ ਪੇਸ਼ਕਸ਼ ਰੱਦ ਵੀ ਕਰ ਦਿੱਤੀ ਤੇ ਅਗਲੇ ਹਫਤੇ ਅੰਦਰ ਮਾਓਵਾਦੀਆਂ ਨੇ ਦੋ ਵੱਡੀਆਂ ਕਾਰਵਾਈਆਂ ਵਿਚ ਪੈਂਤੀ ਦੇ ਕਰੀਬ ਲੋਕ ਵੀ ਮਾਰ ਦਿੱਤੇ। ਪੇਸ਼ਕਸ਼ ਦਾ ਇਹੋ ਜਿਹਾ 'ਹੁੰਗਾਰਾ' ਹੁਣ ਸੁਰੱਖਿਆ ਫੋਰਸਾਂ ਨੂੰ ਜਵਾਬੀ ਸਖ਼ਤੀ ਲਈ ਉਕਸਾਵੇਗਾ, ਜਿਸ ਦਾ ਖਮਿਆਜ਼ਾ ਸ਼ਾਇਦ ਉਸ ਇਲਾਕੇ ਦੇ ਆਮ ਲੋਕ ਵੀ ਭੁਗਤਣਗੇ। ਜੰਗਲ ਕਬਾਇਲੀ ਲੋਕਾਂ ਦੀ ਜੀਵਨ-ਜੋਤ ਹਨ। ਉਨ੍ਹਾਂ ਨਾਲ ਸੰਬੰਧਤ ਜਿਹੜੇ ਸਕੈਂਡਲ ਪਿਛਲੇ ਵਿਚ ਸ਼ਿਬੂ ਸੋਰੇਨਾਂ, ਮਧੂ ਕੋਡਿਆਂ ਜਾਂ ਹੋਰਨਾਂ ਨੇ ਕੀਤੇ, ਉਨ੍ਹਾਂ ਤੋਂ ਸਤੇ ਹੋਏ ਕਬਾਇਲੀ ਲੋਕ ਮਾਓਵਾਦੀ ਗਰੁੱਪਾਂ ਵਲ ਮੁੜੇ ਸਨ। ਹੁਣ ਉਹ ਹਾਲਾਤ ਦੀ ਜਕੜ ਵਿਚ ਆ ਕੇ ਜਬਰ ਦਾ ਨਿਸ਼ਾਨਾ ਬਣ ਰਹੇ ਹਨ।

ਦੂਜੀ ਪੇਸ਼ਕਸ਼ ਗ੍ਰਹਿ ਮੰਤਰੀ ਚਿਦੰਬਰਮ ਨੇ ਜੰਮੂ-ਕਸ਼ਮੀਰ ਵਿਚ ਜਾ ਕੇ ਇਹ ਕੀਤੀ ਕਿ ਜਿਹੜੇ ਕਸ਼ਮੀਰੀ ਨੌਜਵਾਨ ਪਾਕਿਸਤਾਨੀ ਪਾਸੇ ਤੁਰੇ ਫਿਰਦੇ ਹਨ, ਜੇ ਉਹ ਹਿੰਸਾ ਦਾ ਰਸਤਾ ਛੱਡ ਕੇ ਆਤਮ ਸਮਰਪਣ ਕਰਨ ਤਾਂ ਭਾਰਤ ਸਰਕਾਰ ਉਨ੍ਹਾਂ ਦੇ ਮੁੜ ਵਸੇਬੇ ਬਾਰੇ ਸੋਚੇਗੀ। ਜੇ ਉਹ ਨੌਜਵਾਨ ਅਜਿਹਾ ਕਰਦੇ ਹਨ ਤਾਂ ਇਹ ਉਨ੍ਹਾਂ ਦੇ ਵੀ ਹਿੱਤ ਵਿਚ ਹੋਵੇਗਾ, ਭਾਰਤ ਦੇ ਵੀ। ਓਥੇ ਖੜੇ ਪੈਰ ਇਕ ਸਵਾਲ ਹੋਰ ਪੁੱਛ ਲਿਆ ਗਿਆ ਕਿ ਕੀ ਇਹ ਨੀਤੀ ਗੁੰਮਰਾਹ ਹੋ ਕੇ ਦੂਜੇ ਦੇਸ਼ਾਂ, ਜਾਂ ਪਾਕਿਸਤਾਨ, ਦੌੜ ਗਏ ਸਿੱਖ ਨੌਜਵਾਨਾਂ ਲਈ ਵੀ ਅਪਣਾਈ ਜਾਵੇਗੀ? ਚਿਦੰਬਰਮ ਦਾ ਜਵਾਬ ਸਿਰਫ ਏਨਾ ਸੀ ਕਿ ਇਸ ਵਕਤ ਗੱਲ ਕਸ਼ਮੀਰ ਦੀ ਹੋ ਰਹੀ ਹੈ। ਇਹ ਉਸਨੇ ਨਹੀਂ ਸੀ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਅਜਿਹੀ ਪੇਸ਼ਕਸ਼ ਹੀ ਨਹੀਂ ਕਰਨੀ। ਅਗਲੇ ਦਿਨ ਨੂੰ ਪੰਜਾਬ ਦੀ ਰਾਜਨੀਤੀ ਵਿਚ ਉਬਾਲ ਆ ਗਿਆ ਕਿ ਭਾਰਤ ਸਰਕਾਰ ਸਿੱਖਾਂ ਨਾਲ ਵਿਤਕਰਾ ਕਰ ਰਹੀ ਹੈ। ਦਿਨ ਸਿਰਫ ਇੱਕੋ ਹੀ ਹੋਰ ਲੰਘਿਆ ਤੇ ਚਿਦੰਬਰਮ ਨੇ ਸਿੱਖ ਨੌਜਵਾਨਾਂ ਲਈ ਵੀ ਏਸੇ ਕਿਸਮ ਦੀ ਆਤਮ ਸਮਰਪਣ ਦੀ ਨੀਤੀ ਦੀ ਪੇਸ਼ਕਸ਼ ਕਰ ਦਿੱਤੀ। ਹੁਣ ਗੇਂਦ ਦੂਜੀ ਧਿਰ ਦੇ ਪਾਸੇ ਜਾ ਪਈ ਹੈ। ਚਿਦੰਬਰਮ ਦੀ ਇਸ ਪੇਸ਼ਕਸ਼ ਪਿੱਛੋਂ ਇਹ ਸਵਾਲ ਖੜਾ ਹੋ ਗਿਆ ਹੈ ਕਿ ਕੀ ਕੋਈ ਸਿੱਖ ਨੌਜਵਾਨ ਇਸ ਦਾ ਹੁੰਗਾਰਾ ਭਰ ਕੇ ਭਾਰਤ ਆਉਣਾ ਚਾਹੇਗਾ? ਜਾਂ ਜਿਹੜੇ ਲੋਕ ਕੱਲ੍ਹ ਤੱਕ ਕਹਿੰਦੇ ਸਨ ਕਿ ਸਿੱਖਾਂ ਨੂੰ ਮੌਕਾ ਨਾ ਦੇ ਕੇ ਉਨ੍ਹਾਂ ਨਾਲ ਵਿਤਕਰਾ ਕੀਤਾ ਗਿਆ ਹੈ, ਕੀ ਉਹ ਭਾਰਤ ਦੇਸ਼ ਨੂੰ ਚੁਣੌਤੀ ਦੇਂਦੇ ਉਨ੍ਹਾਂ ਸਿੱਖ ਨੌਜਵਾਨਾਂ ਨੂੰ ਇੰਜ ਕਰਨ ਦਾ ਸੱਦਾ ਦੇਣਗੇ? ਦੋਵੇਂ ਗੱਲਾਂ ਹੋਣ ਦੀ ਕੋਈ ਸੰਭਾਵਨਾ ਨਹੀਂ। ਅੱਗ ਵਰ੍ਹਦੀ ਦੇ ਦੌਰ ਵਿਚ ਜਿਹੜੇ ਸਿੱਖ ਨੌਜਵਾਨ ਪਾਕਿਸਤਾਨ ਚਲੇ ਗਏ ਸਨ, ਉਨ੍ਹਾਂ ਵਿਚੋਂ ਦਸ-ਪੰਦਰਾਂ ਨੂੰ ਛੱਡ ਕੇ ਬਾਕੀ ਸਾਰੇ ਜਣੇ ਕੋਈ ਨਾ ਕੋਈ ਵਸੀਲਾ ਵਰਤ ਕੇ ਪੱਛਮੀ ਦੇਸ਼ਾਂ ਵਿਚ ਪਹੁੰਚ ਚੁੱਕੇ ਹਨ। ਉਨ੍ਹਾਂ ਨੇ ਓਥੇ ਸੋਹਣੇ ਅੱਡੇ ਜਮਾ ਲਏ ਹਨ, ਪਰਵਾਰ ਵੀ ਸੱਦ ਲਏ ਹਨ, ਏਥੇ ਭਾਰਤ ਆ ਕੇ ਪੇਸ਼ ਹੋਣ ਨਾਲੋਂ ਉਹ ਓਥੇ ਰਹਿਣ ਨੂੰ ਹੀ ਪਹਿਲ ਦੇਣਗੇ। ਉਲਟਾ ਹੁੰਦਾ ਸਗੋਂ ਇਹ ਹੈ ਕਿ ਜਿਸ ਕਿਸੇ ਨੂੰ ਭਾਰਤ ਸਰਕਾਰ ਨੇ ਕਾਨੂੰਨੀ ਕਾਰਵਾਈ ਰਾਹੀਂ ਇਧਰ ਮੰਗਾਉਣਾ ਚਾਹਿਆ ਜਾਂ ਓਥੋਂ ਦੀ ਸਰਕਾਰ ਨੇ ਜਬਰੀ ਇਧਰ ਭੇਜਣਾ ਚਾਹਿਆ, ਉਨ੍ਹਾਂ ਨੇ ਅਜਿਹਾ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਹੈ।

ਰੇੜਕਾ ਹੈ ਤਾਂ ਸਿਰਫ ਕਾਲੀ ਸੂਚੀ ਦਾ। ਇਸ ਵਿਚ ਕੁਝ ਨਾਂਅ ਉਨ੍ਹਾਂ ਦੇ ਲੋਕਾਂ ਦੇ ਹਨ, ਜਿਹੜੇ ਪਹਿਲਾਂ ਭਾਰਤ ਵਿਰੋਧੀ ਸਰਗਰਮੀਆਂ ਵਿਚ ਹਿੱਸਾ ਲੈਂਦੇ ਰਹੇ ਸਨ, ਪਰ ਬਹੁਤੇ ਨਾਂਅ ਉਨ੍ਹਾਂ ਸੱਜਣਾਂ ਦੇ ਹਨ, ਜਿਨ੍ਹਾਂ ਦਾ ਕਿਸੇ ਰਾਜਨੀਤੀ ਜਾਂ ਹਿੰਸਕ ਲਹਿਰ ਨਾਲ ਕੋਈ ਵਾਸਤਾ ਨਹੀਂ ਸੀ, ਸਿਰਫ ਪੱਛਮੀ ਦੇਸ਼ਾਂ ਅੰਦਰ ਰਾਜਨੀਤਕ ਸ਼ਰਨ ਲੈਣ ਲਈ ਓਥੇ ਜਾ ਕੇ ਲਿਖ ਕੇ ਦੇ ਦੇਂਦੇ ਰਹੇ ਜਾਂ ਫਿਰ ਕਦੇ-ਕਦਾਈਂ ਭਾਰਤ ਵਿਰੋਧੀ ਬਿਆਨ ਦਾਗਦੇ ਤੇ ਮੁਜ਼ਾਹਰਾ ਕਰਦੇ ਰਹੇ ਸਨ। ਜਿਹੜੇ ਹਿੰਸਕ ਘਟਨਾਵਾਂ ਦੇ ਦਾਗੀ ਹਨ, ਉਹ ਤਾਂ ਨੇਪਾਲ ਵਿਚ ਉਤਰ ਕੇ ਪੰਜਾਬ ਦਾ ਗੇੜਾ ਮਾਰ ਜਾਂਦੇ ਹਨ, ਪੁਲਸ ਅੰਦਰ ਵੀ ਉਨ੍ਹਾਂ ਦੀਆਂ ਸਾਂਝਾਂ ਹਨ, ਜਿਨ੍ਹਾਂ ਸਦਕਾ ਸਾਰੇ ਨਾਕੇ ਉਨ੍ਹਾਂ ਨੂੰ ਰਾਹ ਦੇ ਦੇਂਦੇ ਹਨ। ਮੁਸ਼ਕਲ ਸਿਰਫ ਉਂਗਲ ਨੂੰ ਲਹੂ ਲਾ ਕੇ ਰਾਜਨੀਤਕ ਸ਼ਰਨਾਰਥੀ ਬਣਨ ਵਾਲਿਆਂ ਦੇ ਪਰਵਾਰਾਂ ਨੂੰ ਆ ਰਹੀ ਹੈ। ਨਾ ਉਨ੍ਹਾਂ ਦੀ ਰਾਜਨੀਤਕ ਪਹੁੰਚ ਹੈ, ਨਾ ਪੁਲਿਸ ਵਾਲਿਆਂ ਨਾਲ ਅੱਖ-ਮਟੱਕਾ ਤੇ ਹਰ ਵਾਰੀ ਉਹ ਹਵਾਈ ਅੱਡੇ ਉੱਤੇ ਨੁਕਰੇ ਬਿਠਾ ਲਏ ਜਾਂਦੇ ਹਨ ਜਾਂ ਵਾਪਸ ਪਰਤਾ ਦਿੱਤੇ ਜਾਂਦੇ ਹਨ। ਇਹਨਾਂ ਬਾਰੇ ਕਦੇ ਕਿਸੇ ਨੇ ਕੋਈ ਉਪਰਾਲਾ ਹੀ ਨਹੀਂ ਕੀਤਾ।

ਜੋ ਕੁਝ ਅੱਜ ਦੇ ਪ੍ਰਸੰਗ ਵਿਚ ਹੋਣਾ ਚਾਹੀਦਾ ਹੈ, ਉਸ ਬਾਰੇ ਤਿੰਨ ਗੱਲਾਂ ਠੀਕ ਲੱਗਦੀਆਂ ਹਨ। ਪਹਿਲੀ ਇਹ ਕਿ ਕਾਲੀਆਂ ਸੂਚੀਆਂ ਸੋਧ ਕੇ ਸਧਾਰਨ ਜਿਹੇ ਜ਼ਿਕਰ ਵਾਲੇ ਲੋਕਾਂ ਨੂੰ ਅੱਗੇ ਤੋਂ ਆਪਣੇ ਵਤਨ ਆਉਣ-ਜਾਣ ਦੀ ਖੁੱਲ੍ਹ ਦੇ ਦਿੱਤੀ ਜਾਵੇ, ਪੁਲਸ ਨੂੰ ਭਾਵੇਂ ਚੌਕਸੀ ਰੱਖਣ ਲਈ ਕਹਿ ਵੀ ਦਿੱਤਾ ਜਾਵੇ। ਦੂਜੀ ਇਹ ਕਿ ਸਭ ਹਿੰਸਕ ਸਰਗਰਮੀਆਂ ਵਾਲੀਆਂ ਧਿਰਾਂ ਨਾਲ ਗੱਲਬਾਤ ਦੇ ਸੰਪਰਕ ਵੀ ਸਰਗਰਮ ਕੀਤੇ ਜਾਣ ਤੇ ਉਨ੍ਹਾਂ ਦੀ ਸਰਗਰਮੀ ਦਾ ਆਧਾਰ ਬਣਦੇ ਜਨਤਕ ਰੋਹ ਦੇ ਕਾਰਨਾਂ ਨੂੰ ਘਟਾਉਣ ਜਾਂ ਹਟਾਉਣ ਲਈ ਵੀ ਯਤਨ ਆਰੰਭੇ ਜਾਣ।

ਤੀਜੀ ਇਹ ਕਿ ਜਿਨ੍ਹਾਂ ਦੇ ਨਾਂਅ ਸੁਰੱਖਿਆ ਦਸਤਿਆਂ ਜਾਂ ਸੂਹੀਆ ਏਜੰਸੀਆਂ ਦੇ ਕਾਗਜ਼ਾਂ ਵਿਚ ਸਿਖਰਾਂ ਉੱਤੇ ਲਿਖੇ ਪਏ ਹਨ, ਉਨ੍ਹਾਂ ਦੇ ਨਾਂਵਾਂ ਦੀ ਸੂਚੀ ਜਾਰੀ ਕਰਕੇ ਇਹ ਪੇਸ਼ਕਸ਼ ਕੀਤੀ ਜਾਵੇ ਕਿ ਜੇ ਉਹ ਹਿੰਸਾ ਦਾ ਖ਼ਾਤਮਾ ਚਾਹੁੰਦੇ ਹਨ ਤਾਂ ਭਾਰਤ ਦੇ ਕਿਸੇ ਵੀ ਰਾਜ ਦੀ ਕਿਸੇ ਵੀ ਅਦਾਲਤ ਮੂਹਰੇ ਜਾ ਕੇ ਪੇਸ਼ ਹੋ ਜਾਣ, ਚੰਬਲ ਘਾਟੀ ਦੇ ਆਤਮ ਸਮਰਪਣ ਕਰ ਗਏ ਡਾਕੂਆਂ ਦੇ ਕੇਸਾਂ ਵਾਂਗ ਇਹਨਾਂ ਨੂੰ ਵੀ ਮੌਤ ਦੀ ਸਜ਼ਾ ਜਾਂ ਮਾਰ-ਕੁਟਾਈ ਕਿਸੇ ਦੀ ਨਹੀਂ ਹੋਵੇਗੀ। ਜੇ ਨਿੱਜੀ ਕਾਰਨਾਂ ਕਰ ਕੇ ਡਾਕੂ ਬਣਨ ਵਾਲਿਆਂ ਨੂੰ ਇਹ ਛੋਟ ਦਿੱਤੀ ਜਾ ਸਕਦੀ ਹੈ, ਫੂਲਾਂ ਦੇਵੀ ਦੇ ਪਾਰਲੀਮੈਂਟ ਮੈਂਬਰ ਬਣਨ ਦਾ ਰਾਹ ਖੁੱਲ੍ਹਾ ਰੱਖਿਆ ਜਾ ਸਕਦਾ ਹੈ ਤਾਂ ਠੀਕ ਜਾਂ ਗਲਤ ਜਨਤਕ ਰੋਸ ਦੇ ਕਾਰਨਾਂ ਕਰ ਕੇ ਇਸ ਰਾਹੇ ਪਏ ਲੋਕਾਂ ਨੂੰ ਵੀ ਏਨਾ ਮੌਕਾ ਦੇਣਾ ਹੀ ਬਣਦਾ ਹੈ। ਇਸ ਦੇ ਬਾਅਦ ਵੀ ਜਿਹੜੇ ਲੋਕ ਆਪਣੀ ਥਾਂ ਡਟੇ ਰਹਿੰਦੇ ਹਨ, ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਚੁਣੇ ਹੋਏ ਪੈਂਤੜੇ ਅਨੁਸਾਰ ਜੋ ਕੁਝ ਭਵਿੱਖ ਦੀ ਕੁੱਖ ਵਿਚ ਹੋਵੇਗਾ, ਉਹਦੇ ਉਤੇ ਰੰਜ ਵੀ ਨਹੀਂ ਕਰਨਾ ਚਾਹੀਦਾ।

## ਨਾਜਾਇਜ਼ ਕੇਸ ਤੋਂ ਦੁਖੀ ਪੁੱਤ ਚਲ ਵਸਿਆ, ਦੂਜਾ ਜੇਲ੍ਹ 'ਚ

ਰੂਪਨਗਰ: ਕੇਂਦਰ ਸਰਕਾਰ ਜੰਮੂ-ਕਸ਼ਮੀਰ ਦੇ ਦਹਿਸ਼ਤਗਰਦਾਂ ਨੂੰ ਤਾਂ ਮੁੱਖ ਧਾਰਾ ਵਿਚ ਸ਼ਾਮਲ ਕਰਨ ਦਾ ਢਿੰਡੋਰਾ ਪਿਟ ਰਹੀ ਹੈ। ਪ੍ਰੰਤੂ 15 ਸਾਲਾ ਤੋਂ ਦਹਿਸ਼ਤਗਰਦੀ ਤਿਆਗ ਚੁੱਕੇ ਸਿੱਖ ਨੌਜਵਾਨਾਂ ਦੀਆਂ ਕਾਲੀਆਂ ਸੂਚੀਆਂ ਨੂੰ ਖਤਮ ਨਾ ਕਰਕੇ ਕੇਂਦਰ ਸਰਕਾਰ ਸਿੱਖਾਂ ਨਾਲ ਵਿਤਕਰਾ ਕਰ ਰਹੀ ਹੈ। ਇਹ ਦੋਸ਼ ਕਾਲੀ ਸੂਚੀ ਵਿਚ ਝੂਠਾ ਨਾਮ ਸ਼ਾਮਿਲ ਹੋਣ ਦੇ ਸਦਮੇ ਵਿਚ ਆਪਣਾ ਪੁੱਤ ਅਤੇ ਪਤੀ ਗੁਆ ਚੁੱਕੀ ਰੂਪਨਗਰ ਨੇੜਲੇ ਪਿੰਡ ਗੁਰਦਾਸਪੁਰਾ ਫੂਲ (ਰੇੜੂਆਣਾ) ਦੀ ਗੁਰਚਰਨ ਕੌਰ ਨੇ ਲਗਾਏ ਹਨ, ਜਿਸ ਦਾ ਇੰਗਲੈਂਡ ਦਾ ਵਸਨੀਕ ਇੱਕ ਪੁੱਤਰ ਰੂਪਨਗਰ ਜੇਲ੍ਹ ਦੀਆਂ ਸ਼ਲਾਖਾਂ ਪਿੱਛੇ ਬੰਦ ਹੈ। ਗੁਰਚਰਨ ਕੌਰ ਨੇ ਆਪਣੀ ਦੁੱਖ ਭਰੀ ਕਹਾਣੀ ਬਿਆਨ ਕਰਦਿਆਂ ਦੱਸਿਆ ਕਿ ਪੰਜਾਬ ਵਿਚ ਚੱਲੀ ਦਹਿਸ਼ਤਗਰਦੀ ਦੀ ਕਾਲੀ ਹਨੇਰੀ ਵਿਚ ਉਸ ਦੇ 16 ਕੁ ਸਾਲ ਦੇ ਇੱਕ ਪੁੱਤਰ ਸੁਖਵਿੰਦਰ ਸਿੰਘ ਸੁੱਖੀ 'ਤੇ ਪੁਲਿਸ ਨੇ ਕਈ ਝੂਠੇ ਮੁਕੱਦਮੇ ਦਰਜ ਕਰ ਦਿੱਤੇ ਸਨ ਅਤੇ ਉਹ ਕਈ ਵਾਰ ਪੁਲਿਸ ਹਿਰਾਸਤ ਵਿਚ ਵੀ ਰਿਹਾ। ਝੂਠੇ ਮੁਕਾਬਲਿਆਂ ਦੇ ਡਰੋਂ ਉਹ ਇੰਗਲੈਂਡ ਜਾ ਕੇ ਵਸਿਆ ਅਤੇ ਉਥੇ ਰਾਜਸੀ ਸ਼ਰਨ ਲੈ ਕੇ ਆਪਣਾ ਕਾਰੋਬਾਰ ਕਰਦਾ ਰਿਹਾ। ਪ੍ਰੰਤੂ ਪੁਲਿਸ ਉਨ੍ਹਾਂ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕਰਦੀ ਰਹੀ ਜਿਸ ਕਰਕੇ ਉਨ੍ਹਾਂ ਨੇ ਆਪਣਾ ਦੂਜਾ ਪੁੱਤਰ ਸੁਖਬੀਰ ਸਿੰਘ ਲਾਲੀ ਸਾਲ 1995 ਵਿਚ ਪੁਲਿਸ ਦੇ ਡਰੋਂ ਬੈਲਜ਼ੀਅਮ ਭੇਜ ਦਿੱਤਾ। ਜਿਸ ਦੀ ਉਦੋਂ ਉਮਰ ਮਹਿਜ 20 ਕੁ ਸਾਲ ਸੀ ਅਤੇ ਉਸ ਦਾ ਕਿਸੇ ਵੀ ਪੁਲਿਸ ਮੁਕੱਦਮੇ ਨਾਲ ਸਾਰੋਕਾਰ ਨਹੀਂ ਸੀ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਇੱਕ ਬੇਟੀ ਕੈਨੇਡਾ ਦੀ ਵਸਨੀਕ ਹੈ। ਗੁਰਚਰਨ ਕੌਰ ਨੇ ਦੱਸਿਆ ਕਿ ਜਦੋਂ ਉਸ ਦੇ ਤਿੰਨੋ ਬੱਚੇ ਵਿਦੇਸ਼ ਵਿਚ ਚਲੇ ਗਏ ਤਾਂ ਦੋਵੇਂ ਪਤੀ-ਪਤਨੀ ਇੱਥੇ ਇਕੱਲੇ ਰਹਿ ਗਏ। ਫਿਰ ਸੁਖਬੀਰ ਸਿੰਘ ਲਾਲੀ ਬੈਲਜੀਅਮ ਦਾ ਪੱਕਾ ਨਾਗਰਿਕ ਬਣ ਗਿਆ ਅਤੇ ਸਾਲ 2004 ਵਿਚ ਉਸ ਨੇ ਭਾਰਤ ਆਪਣੇ ਘਰ ਆਉਣ ਦਾ ਮਨ ਬਣਾਇਆ ਪਰ ਉਸ ਨੂੰ ਦਿੱਲੀ ਏਅਰਪੋਰਟ ਤੋਂ ਇਸ ਕਰਕੇ ਦੇਸ਼ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ ਕਿ ਉਸ ਦਾ ਨਾਮ ਕਾਲੀ ਸੂਚੀ ਵਿਚ ਦਰਜ ਹੈ ਫਿਰ ਉਹ ਮੁੜ ਦਿੱਲੀ ਏਅਰਪੋਰਟ ਤੋਂ ਬੈਲਜੀਅਮ ਚਲਾ ਗਿਆ ਅਤੇ ਕਾਲੀ ਸੂਚੀ ਵਿਚ ਝੂਠਾ ਨਾਮ ਆਉਣ ਕਾਰਨ ਉਸ ਨੂੰ ਗਹਿਰਾ ਸਦਮਾ ਲੱਗਾ। ਜਦੋਂ ਸੁਖਬੀਰ ਸਿੰਘ ਲਾਲੀ ਦਾ ਨਾਮ ਕਾਲੀ ਸੂਚੀ ਵਿਚ ਦਰਜ ਹੋਣ ਦਾ ਕਾਰਨ ਸਥਾਨਕ ਪੁਲਿਸ ਨੂੰ ਪੁੱਛਿਆ ਗਿਆ ਤਾਂ ਇੱਕ ਸਾਲ ਠੋਕਰਾਂ ਖਾਣ ਬਾਅਦ ਪੁਲਿਸ ਨੇ ਸੁਖਬੀਰ ਲਾਲੀ ਦਾ ਪੁਲਿਸ ਸਰਟੀਫਿਕੇਟ ਜਾਰੀ ਕਰਕੇ ਕਿਹਾ ਕਿ ਉਸ ਦਾ ਨਾਮ ਕਿਸੇ ਵੀ ਮੁਜਰਮਾਨਾ ਮੁਕੱਦਮੇ ਵਿਚ ਦਰਜ ਨਹੀਂ ਹੈ ਅਤੇ ਨਾ ਹੀ ਉਸ ਦਾ ਸਬੰਧ ਕਿਸੇ ਰਾਜਨੀਤਿਕ ਪਾਰਟੀ ਨਾਲ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

Law Offices Of Jaspreet Singh

| | | |
|---|---|---|
| 37-18, 73 Street, Suite 401<br>(Near Subzi Mandi)<br>Jackson Hts, NY-11372<br>Ph:718-533-8444<br>Fax: 718-533-8460 | 44790 S. Grimmer<br>Blvd. #204<br>Fremont CA-94538<br>Ph:510-657-6444<br>Fax: 510-657-6443 | 2945 W. Capitol Ave,<br>Sacramento CA-95691<br>Ph: 916-372-4448<br>Fax: 916-372-4440 |

# GILL





# DIGITAL VIDEO



Harry Gill 209-648-9716
Jaji 916-470-9781

ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ




www.gilldigitalvideo.com
email: gillvideo@yahoo.com



# JAGDEEP SINGH
## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ



Jagdeep Singh
CA Lic #0E42884

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave. #300A Fresno CA 93722

Our New Location : GOLD RIVER
Ph : 916-220-2128
2377 Gold Meadow, Ste #157, Gold River CA 95670



ਸਮੋਗ ਚੈਕ ਸਮੋਗ ਚੈਕ

# SMOG
SMOG CHECK

STATE OF CALIFORNIA LICENSED

ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਦਿ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।

Big Christmas Special
39.75
Big+DMV Certificate
Free Repair Upto $500
Ask for Tech

| | |
|---|---|
| • 901 California Ave & P | : 661.325-6666 |
| • 1629 California Ave & H | : 661.323.3333 |
| • 406 S. Chester Ave & Terrace Way (Inside Gas Station) | : 661.832.4444 |
| • 5333 Whtie Ln & Grissom (Inside Big Brand Tire) | : 661396.7664 (Smog) |
| • 1017 Bearmountain Blvd (Arvin) | : 661.854.7664 (Smog) |
| • 1222 Golden State & M | : 661.326.0346 |
| • 1506 N. Black Stone & Mckinley (Fresno) | : 559.268.7574 |
| • 2597 N Black Stone (Fresno) (Between Clinton & Shield) | : 559.222.9999 |
| • 1161-I Street Reedley &12th St | : 559.638.9017 |
| • 416 Orisi Ca & 63 Hwy | : 559.528.6848 |
| • 2420 Whiteson Ave & Thompson (By Kragen Auto Parts) Selma | : 559.896.5555 |
| • 646 Dinuba Ave (Reedley) (By the DMV 3073) | : 559.638.3243 |
| 1512 Dairy Ave Corcoran CA | : 559.922.4500 |

MOST CARS

ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।



# Grand Opening
# ALL TIRE 4 LESS

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ । ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ ਤਰੀਕੇ ਨਾਲ ਕਰਦੇ ਹਾਂ ।



*24 Hours Road Service*

NEW & USED TIRE SALE & SERVICE

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

710 South Hwy 59 Merced CA 95304

ਕਾਲ ਕਰੋ
Shop ▶ 209.384.0424
Hardeep S. Rai ▶ Cell:209.678.6176

bigrigtire@yahoo.com
www.alltire4less.com

# ਪੰਜਾਬ ਟਾਈਮਜ਼

ਸਨਿਚਰਵਾਰ, 27 ਫਰਵਰੀ 2010


*ਦੇਸ਼ ਦੀ ਸੁਰੱਖਿਆ ਲਈ ਆਉਣ ਵਾਲੀ ਪੀੜੀ ਲਈ ਸਿੱਖਿਆ ਜ਼ਰੂਰੀ ਹੈ।*

## ਗੁਰਦੁਆਰਾ ਸਿਆਸਤ ਅਤੇ ਸਿੱਖ

ਇਹ ਗੱਲ ਅਕਸਰ ਕਹੀ ਜਾਣ ਲੱਗੀ ਹੈ ਕਿ ਗੁਰਦੁਆਰੇ ਵੱਧ ਗਏ ਹਨ ਪਰ ਸਿੱਖੀ ਘੱਟ ਗਈ ਹੈ, ਸੰਤ ਤੇ ਪ੍ਰਚਾਰਕ ਵੱਧ ਗਏ ਹਨ ਪਰ ਗੁਰਮਤਿ ਪ੍ਰਚਾਰ ਘੱਟ ਗਿਆ ਹੈ। ਸ਼ਾਇਦ ਇਸਦੀ ਮੁਖ ਵਜ੍ਹਾ ਇਹ ਹੈ ਕਿ ਗੁਰਦੁਆਰੇ ਬਣਾਉਣ ਅਤੇ ਇਨ੍ਹਾਂ ਦਾ ਪ੍ਰਬੰਧ ਕਰਨ ਪਿਛੇ ਸਾਡੀ ਹਉਮੈ ਅਤੇ ਚੌਧਰ ਦੀ ਭਾਵਨਾ ਪਹਿਲੇ ਸਮਿਆਂ ਦੇ ਮੁਕਾਬਲੇ ਕਿਤੇ ਵੱਧ ਤੀਬਰ ਹੋ ਗਈ ਹੈ, ਸੰਤਾਂ ਅਤੇ ਪ੍ਰਚਾਰਕਾਂ ਦੀ ਭਾਵਨਾ ਸਿੱਖੀ ਪ੍ਰਚਾਰ ਨਾਲੋਂ ਨਿੱਜ ਸਵਾਰਥ ਅਤੇ ਦੌਲਤ ਕਮਾਉਣ ਦੀ ਵੱਧ ਹੈ। ਪਰਦੇਸਾਂ ਵਿਚ ਵੱਸੇ ਸਿੱਖ ਭਾਈਚਾਰੇ ਵਲ ਵੇਖੀਏ ਤਾਂ ਇਹ ਗੱਲਾਂ ਹੋਰ ਵੀ ਵਧੇਰੇ ਤੀਬਰ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਕਈ ਛੋਟੇ ਛੋਟੇ ਸ਼ਹਿਰਾਂ, ਜਿਥੇ ਗਿਣਤੀ ਦੇ ਹੀ ਸਿੱਖ ਪਰਿਵਾਰ ਵਸਦੇ ਹਨ, ਤਿੰਨ-ਤਿੰਨ ਗੁਰਦੁਆਰੇ ਬਣੇ ਹੋਏ ਹਨ। ਅਜਿਹਾ ਕਿਉਂ? ਇਹ ਸੋਚਣ ਵਾਲੀ ਗੱਲ ਹੈ।

ਪਰਦੇਸਾਂ ਵਿਚ ਜੇ ਗੁਰੂਘਰਾਂ ਦੀ ਸਿਆਸਤ ਵਲ ਨਿਗ੍ਹਾ ਮਾਰੀ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਬਹੁਤੇ ਗੁਰੂਘਰ ਬਣਨ ਪਿਛੇ ਜਿਥੇ ਭਾਈਚਾਰੇ ਦਾ ਵੱਧਣਾ ਹੈ ਉਥੇ ਇਸ ਤੋਂ ਕਿਤੇ ਵੱਧ ਹਉਮੈ ਅਤੇ ਚੌਧਰ ਕਾਇਮ ਕਰਨ ਦੀ ਭਾਵਨਾ ਦਾ ਟਕਰਾਓ ਜਿੰਮੇਵਾਰ ਹੈ। ਜਾਣਕਾਰ ਸੂਤਰਾਂ ਅਨੁਸਾਰ ਸੈਂਕੜਿਆਂ ਦੀ ਗਿਣਤੀ ਵਿਚ ਅਜਿਹੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰੇ ਰਜਿਸਟਰ ਹਨ ਜਿਹੜੇ ਕਾਗਜ਼ਾਂ ਵਿਚ ਹੀ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦੇ ਪਿਛੇ ਭਾਵਨਾ ਸਿੱਖੀ ਦੀ ਨਹੀਂ ਸਗੋਂ ਕਿਸੇ ਨਾ ਕਿਸੇ ਤਰ੍ਹਾਂ ਬੰਦੇ ਅਮਰੀਕਾ-ਕੈਨੇਡਾ ਲਿਆਉਣ ਦੀ ਹੈ। ਪਿਛਲੇ ਕੁਝ ਸਮੇਂ ਵਿਚ ਵੱਖੋ ਵੱਖ ਜਾਤ-ਬਰਾਦਰੀਆਂ ਦੇ ਨਾਂ ਉਤੇ ਅਤੇ ਵੱਖ ਵੱਖ ਸੰਪਰਦਾਵਾਂ ਵਲੋਂ ਵੀ ਗੁਰੂ ਘਰ ਬਣਾਉਣ ਦੀ ਰਵਾਇਤ ਚੱਲੀ ਹੈ। ਵੱਖ ਵੱਖ ਵਿਚਾਰਧਾਰਾਵਾਂ ਦੀਆਂ ਜਥੇਬੰਦੀਆਂ ਵਲੋਂ ਵੀ ਗੁਰੂ ਘਰਾਂ ਉਤੇ ਆਪੋ ਆਪਣੀ ਜਥੇਬੰਦੀ ਦੇ ਹਮਾਇਤੀ ਬੰਦਿਆਂ ਦਾ ਕਬਜ਼ਾ ਕਰਾਉਣ ਲਈ ਸਿਆਸਤ ਖੇਡੀ ਜਾਂਦੀ ਹੈ। ਗੁਰੂਘਰਾਂ ਦੇ ਗ੍ਰੰਥੀਆਂ ਵਲੋਂ ਆਪਣੇ ਹਿਤਾਂ ਲਈ ਵਖਰੀ ਸਿਆਸਤ ਖੇਡੀ ਜਾਂਦੀ ਹੈ ਅਤੇ ਕਈ ਵਾਰ ਇਸੇ ਕਰ ਕੇ ਸੰਗਤ ਵੰਡੀ ਜਾਂਦੀ ਹੈ। ਇਥੇ ਕਿੰਨੇ ਹੀ ਗੁਰੂਘਰਾਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਸ਼ਾਇਦ ਹੀ ਕੋਈ ਗੁਰੂਘਰ ਬਾਕੀ ਬਚਿਆ ਹੋਵੇ ਜਿਥੇ ਪ੍ਰਬੰਧ ਤੇ ਕਾਬਜ਼ ਹੋਣ ਲਈ ਲੜਾਈ ਨਾ ਹੋਈ ਹੋਵੇ। ਪ੍ਰਬੰਧ ਉਤੇ ਕਾਬਜ਼ ਲੋਕਾਂ ਵਲੋਂ ਚੋਣਾਂ ਤੋਂ ਬਾਅਦ ਅਗਲੇ ਪ੍ਰਬੰਧਕਾਂ ਨੂੰ ਅਕਸਰ ਨਾ ਕੋਈ ਹਿਸਾਬ-ਕਿਤਾਬ ਦਿੱਤਾ ਜਾਂਦਾ ਹੈ ਅਤੇ ਨਾ ਹੀ ਰਿਕਾਰਡ। ਜਿਹੜਾ ਧੜਾ ਕਾਬਜ਼ ਹੋ ਜਾਂਦਾ ਹੈ, ਉਹ ਲਗਦੀ ਵਾਹ ਕਬਜ਼ਾ ਛਡਣ ਲਈ ਤਿਆਰ ਨਹੀਂ ਹੁੰਦਾ। ਕਈ ਵਾਰ ਲੜਾਈ-ਝਗੜਾ ਮਾਰ-ਕੁਟਾਈ ਤਕ ਅਤੇ ਇਕ-ਦੂਜੇ ਨਾਲ ਧੱਕੋਜ਼ੋਰੀ ਹੋਣ ਤਕ ਪਹੁੰਚ ਜਾਂਦਾ ਹੈ। ਅਦਾਲਤਾਂ ਵਿਚ ਕੇਸ ਜਾਣ 'ਤੇ ਭਾਈਚਾਰੇ ਦਾ ਹਜਾਰਾਂ ਨਹੀਂ ਕਈ ਵਾਰ ਲੱਖਾਂ ਡਾਲਰ ਵਕੀਲਾਂ ਦੇ ਪੇਟੇ ਚਲਾ ਜਾਂਦਾ ਹੈ।

ਜਦੋਂ ਚੋਣਾਂ ਹੁੰਦੀਆਂ ਹਨ ਤਾਂ ਕਈ ਵਾਰ ਇਹ ਸਿਆਸਤ ਏਡਾ ਭੈੜਾ ਰੂਪ ਅਖਤਿਆਰ ਕਰ ਲੈਂਦੀ ਹੈ ਕਿ ਚੰਗੀ ਭਾਵਨਾ ਵਾਲੇ ਸਿੱਖਾਂ ਦੇ ਮਨਾਂ ਵਿਚ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਚੋਣਾਂ ਜ਼ਰੂਰੀ ਹਨ? ਕਿਉਂ ਨਾ ਕੋਈ ਹੋਰ ਰਾਹ ਅਖਤਿਆਰ ਕੀਤਾ ਜਾਏ। ਵੱਖ ਵੱਖ ਥਾਈਂ ਟਰਸਟਾਂ, ਸਥਾਈ ਬੋਰਡਾਂ ਅਤੇ ਸਿਲੈਕਸ਼ਨ ਦਾ ਰਾਹ ਅਪਨਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਪ੍ਰੰਤੂ ਨਤੀਜੇ ਕਰੀਬ ਕਰੀਬ ਉਹੀ ਹਨ। ਕਾਰਨ ਇਹ ਹੈ ਕਿ ਸਾਡੇ ਮਨਾਂ ਵਿਚ ਗੁਰੂ ਦੀ ਭੈਅ-ਭਾਵਨਾ ਦੀ ਥਾਂ 'ਤੇ ਨਿਜ ਸਵਾਰਥ ਅਤੇ ਹਉਮੈ ਭਾਰੂ ਹੈ। ਕਈ ਧਿਰਾਂ ਵਲੋਂ ਬੜੀ ਜ਼ੋਰਦਾਰ ਵਕਾਲਤ ਕੀਤੀ ਜਾਂਦੀ ਹੈ ਕਿ ਕਿਉਂਕਿ ਚੋਣਾਂ ਦਾ ਰਾਹ ਵੀਹ ਤਰ੍ਹਾਂ ਦੀਆਂ ਬੁਰਾਈਆਂ ਗੁਰੂ ਘਰ ਲੈ ਕੇ ਆਉਂਦਾ ਹੈ, ਇਸ ਲਈ ਇਲੈਕਸ਼ਨ ਦੀ ਥਾਂ 'ਤੇ ਸਿਲੈਕਸ਼ਨ ਦਾ ਰਾਹ ਅਪਨਾਇਆ ਜਾਵੇ। ਗੁਰੂ ਘਰ ਦੀ ਸੰਗਤ ਸਰਬਸੰਮਤੀ ਨਾਲ ਆਪਣੇ ਨੁਮਾਇੰਦੇ ਚੁਣੇ ਜੋ ਗੁਰੂ ਘਰ ਦਾ ਪ੍ਰਬੰਧ ਚਲਾਉਣ। ਇਸ ਖਾਤਰ ਕਈ ਥਾਂਵਾਂ 'ਤੇ ਪਰਚੀ ਪਾਉਣ ਦਾ ਰਾਹ ਵੀ ਅਪਨਾਇਆ ਗਿਆ ਹੈ। ਪ੍ਰਬੰਧ 'ਚ ਆਉਣ ਦੇ ਚਾਹਵਾਨਾਂ ਦੇ ਨਾਵਾਂ ਦੀਆਂ ਪਰਚੀਆਂ ਪਾ ਦਿੱਤੀਆਂ ਜਾਂਦੀਆਂ ਹਨ ਅਤੇ ਕਿਸੇ ਬੱਚੇ ਤੋਂ ਪਰਚੀ ਕਢਾ ਲਈ ਜਾਂਦੀ ਹੈ। ਸਵਾਲ ਇਥੇ ਫਿਰ ਉਹੋ ਹੈ ਕਿ ਜੇ ਮਨਸ਼ਾ ਗੁਰੂ ਦੀ ਸੇਵਾ ਹੋਵੇ ਅਤੇ ਮਨਾਂ ਵਿਚ ਗੁਰੂ ਦਾ ਭੈਅ ਹੋਵੇ ਤਾਂ ਕਿਸੇ ਤਰ੍ਹਾਂ ਦੇ ਲੜਾਈ ਝਗੜੇ ਜਾਂ ਵੈਰ ਵਿਰੋਧ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅੱਜ ਦੇ ਮਾਹੌਲ ਵਿਚ ਨਵਾਬ ਕਪੂਰ ਸਿੰਘ ਵਰਗੇ ਸਿਦਕਵਾਨ ਸਿੱਖ ਲੱਭਣੇ ਔਖੇ ਹਨ ਜੋ ਨਵਾਬੀ ਦੀ ਥਾਂ ਗੁਰੂ ਦੀਆਂ ਫੌਜਾਂ ਦੇ ਘੋੜਿਆਂ ਦੀ ਲਿੱਦ ਚੁੱਕਣਾ ਆਪਣੇ ਵਡੇਰੇ ਭਾਗ ਸਮਝਦੇ ਸਨ।

ਦਿੱਤੇ ਹੋਏ ਹਾਲਾਤ ਵਿਚ ਚੋਣਾਂ ਹੀ ਸਭ ਤੋਂ ਕਾਰਗਰ ਰਾਸਤਾ ਹੈ। ਖਾਸਕਰ ਇਸ ਮੁਲਕ ਵਿਚ ਜਿਥੇ ਹਰ ਕੰਮ ਜਮਹੂਰੀ ਤਰੀਕੇ ਨਾਲ ਹੁੰਦਾ ਹੈ। ਚੋਣਾਂ ਦਾ ਰਾਹ ਅਪਨਾ ਲੈਣ ਵਿਚ ਕੋਈ ਵੀ ਹਰਜ਼ ਨਹੀਂ। ਸਭ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਚੋਣਾਂ ਲੜਨ ਵੇਲੇ ਇਹ ਖਿਆਲ ਰੱਖਣ ਕਿ ਉਹ ਕਿਸੇ ਸਿਆਸੀ ਪਾਰਟੀ ਜਾਂ ਫਿਰ ਕਿਸੇ ਆਮ ਜਥੇਬੰਦੀ ਦੀਆਂ ਚੋਣਾਂ ਨਹੀਂ ਲੜ ਰਹੀਆਂ। ਗੁਰੂ ਘਰ ਦਾ ਮਾਮਲਾ ਹੈ, ਗੁਰੂ ਦਾ ਭੈਅ ਮਨ 'ਚ ਰੱਖਿਆ ਜਾਵੇ, ਚੋਣ ਪ੍ਰਚਾਰ ਵੇਲੇ ਅਜਿਹੀ ਕੋਈ ਵੀ ਗੱਲ ਨਾ ਕੀਤੀ ਜਾਵੇ ਜਿਸ ਕਰਕੇ ਸਾਨੂੰ ਗੁਰੂ ਦੀ ਹਜ਼ੂਰੀ ਵਿਚ ਸ਼ਰਮਿੰਦਿਆਂ ਹੋਣਾ ਪਵੇ। ਸੰਗਤ ਵੀ ਇਸ ਗੱਲ ਦਾ ਖਿਆਲ ਕਰੇ ਕਿ ਆਪਸੀ ਧੜੇਬੰਦੀਆਂ ਦੀ ਥਾਂ 'ਤੇ ਚੰਗੇ ਕਿਰਦਾਰ ਅਤੇ ਗੁਰਮਤਿ ਜੀਵਨ ਵਾਲੇ ਵਿਅਕਤੀਆਂ ਨੂੰ ਹੀ ਗੁਰੂ ਘਰ ਦੇ ਪ੍ਰਬੰਧਕ ਚੁਣਿਆ ਜਾਵੇ। ਜੇ ਸਹੀ ਪੁੱਛਿਆ ਜਾਵੇ ਤਾਂ ਇਹ ਸੰਗਤ ਹੀ ਹੈ ਜੋ ਗੁਰੂ ਘਰਾਂ ਦੇ ਪ੍ਰਬੰਧ ਨੂੰ ਸਾਫ ਸੁਥਰਾ ਬਣਾ ਸਕਦੀ ਹੈ। ਵਰਨਾ ਸਾਨੂੰ ਆਪਣੀ ਨਵੀਂ ਪੀੜ੍ਹੀ ਤੋਂ ਇਹੋ ਸੁਣਨ ਨੂੰ ਮਿਲੇਗਾ ਕਿ ਗੁਰਦੁਆਰੇ ਕੀ ਲੈਣ ਜਾਈਏ? ਤੁਹਾਡੇ ਲੜਾਈ-ਝਗੜੇ ਵੇਖਣ? ਜੇ ਅਸੀਂ ਇਨ੍ਹਾਂ ਗੱਲਾਂ ਵੱਲ ਧਿਆਨ ਨਾ ਦਿੱਤਾ ਤਾਂ ਸਾਡੀ ਨਵੀਂ ਪੀੜ੍ਹੀ ਸਿੱਖੀ ਤੋਂ ਦੂਰ ਹੀ ਜਾਂਦੀ ਰਹੇਗੀ ਅਤੇ ਉਸ ਨੂੰ ਸਿੱਖੀ ਵੱਲ ਮੋੜਨਾ ਔਖਾ ਹੋ ਜਾਵੇਗਾ। ਗੁਰੂਘਰਾਂ ਲਈ ਵਡੀਆਂ-ਵਡੀਆਂ ਇਮਾਰਤਾਂ ਬਣਾ ਦੇਣਾ ਹੀ ਕਾਫੀ ਨਹੀਂ, ਸਾਡੀ ਵਾਰਸ ਅਗਲੀ ਪੀੜੀ ਨੂੰ ਨਾਲ ਜੋੜਨਾ ਜਰੂਰੀ ਹੈ। ਗੁਰੂਘਰਾਂ ਨੂੰ ਇਸ ਮਾਮਲੇ ਵਿਚ ਆਦਰਸ਼ ਬਣਾਉਣਾ ਇਸ ਲਈ ਵੀ ਜ਼ਰੂਰੀ ਹੈ ਕਿ ਸਾਨੂੰ ਦੂਜੇ ਧਰਮਾਂ ਵਾਲੇ ਵੀ ਵੇਖ ਰਹੇ ਹੁੰਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਲਮ ਵਿਚਾਰੀ ਕੀ ਕਰੇ?*

ਗੱਲਾਂ ਨਾਲ ਅਗਿਆਨ ਮੁੱਕਦਾ ਨਾ, ਬਿਨਾ ਗਿਆਨ ਦੀ ਚੜ੍ਹੇ ਸਵੇਰ ਮੀਆਂ।
ਉਥੇ ਪੇਸ਼ ਨਾ ਜਾਂਦੀ ਕੋਈ ਵਿਦਵਤਾ ਦੀ, ਭਰਿਆ ਦਿਲਾਂ ਵਿਚ ਹੋਏ ਹਨੇਰ ਮੀਆਂ।
ਦਾਰੂ ਕੋਈ ਵੀ ਐਸੀ ਨਹੀਂ ਬਣੀ ਹਾਲੇ, ਕਰੇ ਗਿੱਦੜਾਂ ਤਾਈਂ ਦਲੇਰ ਮੀਆਂ।
ਪੜ੍ਹ ਕੇ ਜੁਗਤੀਆਂ ਬਾਜ ਨਾ ਕਦੇ ਬਣਦੇ, ਤਿੱਤਰ ਹੋਣ ਜਾਂ ਹੋਣ ਬਟੇਰ ਮੀਆਂ।
ਗੈਰਤ ਹੋਵੇ ਨਾ ਜਿਨ੍ਹਾਂ ਦੇ ਖੂਨ ਅੰਦਰ, ਕਿਵੇਂ ਬਣਨ ਉਹ ਮਰਦ ਦਲੇਰ ਮੀਆਂ?
ਟੀਕੇ ਅਣਖਾਂ ਦੇ ਲਾਓ ਬੇਸ਼ੱਕ ਭਰ ਕੇ, ਭੇਡ ਬਣੇਗੀ ਕਿਸ ਤਰ੍ਹਾਂ ਸ਼ੇਰ ਮੀਆਂ?

# ਪੰਜਾਬ ਦੀ ਅਰਥ-ਵਿਵਸਥਾ ਵਿਚ ਸੁਧਾਰਾਂ ਦੀ ਲੋੜ



*ਸਰਕਾਰ ਵਲੋਂ ਬਣਾਈ ਗਈ ਕਮੇਟੀ ਨੇ ਰਾਜ ਦੀ ਮਾਲੀ ਹਾਲਤ 'ਚ ਸੁਧਾਰ ਲਿਆਉਣ ਲਈ ਆਪਣੀ ਰਿਪੋਰਟ ਵਿਚ 4 ਹਜ਼ਾਰ ਕਰੋੜ ਰੁਪਏ ਦੇ ਨਵੇਂ ਮਾਲੀ ਸਾਧਨ ਜੁਟਾਉਣ ਦੇ ਢੰਗ-ਤਰੀਕੇ ਸੁਝਾਏ ਗਏ ਹਨ। ਕਿਸਾਨਾਂ ਦੀਆਂ ਮੋਟਰਾਂ ਉਤੇ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਬਿੱਲ ਲਗਾਉਣਾ, ਬੱਸ ਕਿਰਾਏ ਵਿਚ 13 ਫੀਸਦੀ ਵਾਧਾ ਅਤੇ ਵੈਟ ਦੀ ਦਰ 4% ਤੋਂ ਵਧਾ ਕੇ 5% ਕਰਨ ਦੀ ਤਜਵੀਜ਼ ਰੱਖੀ ਗਈ ਹੈ। ਕਮੇਟੀ ਵਲੋਂ ਪੇਸ਼ ਰਿਪੋਰਟ ਉਤੇ ਆਮ ਲੋਕਾਂ ਵਲੋਂ ਕਈ ਸਵਾਲ ਕੀਤੇ ਜਾ ਰਹੇ ਹਨ। ਕੀ ਸਰਕਾਰ ਪੰਜਾਬ ਦੇ ਸਾਰੇ ਕਿਸਾਨਾਂ ਨੂੰ ਇੱਕੋ ਤਕੜੀ ਵਿਚ ਰੱਖ ਕੇ ਤੋਲ ਸਕਦੀ ਹੈ।*



**ਬਲਜੀਤ ਸਿੰਘ ਨਾਭਾ**

ਫਰਵਰੀ 2007 ਵਿਚ ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਪੰਜਾਬ ਦੀ ਵਾਗਡੋਰ ਸੰਭਾਲੀ ਸੀ ਤਾਂ ਰਾਜ ਉਪਰ 43 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਸੀ। ਹੁਣ ਤਿੰਨ ਸਾਲ ਬੀਤਣ ਤੋਂ ਬਾਅਦ ਉਹ ਕਰਜ਼ਾ ਵਧ ਕੇ 63 ਹਜ਼ਾਰ ਕਰੋੜ ਦਾ ਹੋ ਗਿਆ ਹੈ। ਇਸ ਦਾ ਭਾਵ ਹੈ ਕਿ ਪੰਜਾਬ ਉਤੇ ਹਰ ਸਾਲ ਲਗਭਗ 7 ਹਜ਼ਾਰ ਕਰੋੜ ਰੁਪਏ ਦਾ ਨਵਾਂ ਕਰਜ਼ਾ ਚੜ੍ਹ ਰਿਹਾ ਹੈ। ਇਸ ਨਾਲ ਪੰਜਾਬ ਦੀ ਮਾਲੀ ਸਥਿਤੀ ਬਹੁਤ ਖਰਾਬ ਹੋ ਗਈ ਹੈ। ਪੰਜਾਬ ਸਰਕਾਰ ਨੇ ਆਪਣੀ ਮਾਲੀ ਹਾਲਤ ਸੁਧਾਰਨ ਅਤੇ ਵਿੱਤੀ ਘਾਟਾ ਘਟਾਉਣ ਦੀ ਕੋਸ਼ਿਸ਼ ਵਜੋਂ 2-ਮੈਂਬਰੀ ਕਮੇਟੀ ਬਣਾਈ ਸੀ। ਇਸ ਕਮੇਟੀ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਨਅਤ ਮੰਤਰੀ ਮਨੋਰੰਜਨ ਕਾਲੀਆ ਸ਼ਾਮਲ ਸਨ। ਇਸ ਕਮੇਟੀ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਪੰਜਾਬ ਸਰਕਾਰ ਨੂੰ ਆਪਣੇ ਵਿੱਤ ਮੰਤਰੀ ਉੱਤੇ ਵਿਸ਼ਵਾਸ ਨਹੀਂ। ਇਸ ਤੋਂ ਪਹਿਲਾਂ ਵੀ ਕਈ ਵਾਰ ਮਨਪ੍ਰੀਤ ਸਿੰਘ ਬਾਦਲ ਆਪਣੇ ਭਾਸ਼ਣਾਂ ਵਿਚ ਸਬਸਿਡੀਆਂ ਬੰਦ ਕਰਨ ਜਾਂ ਘਟਾਉਣ ਉਤੇ ਜ਼ੋਰ ਦਿੰਦੇ ਰਹੇ ਹਨ ਅਤੇ ਹਰ ਵਾਰ ਉਨ੍ਹਾਂ ਦੀ ਗੱਲ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਟਾਲਦੇ ਆ ਰਹੇ ਹਨ। ਸ਼ਾਇਦ ਇਸੇ ਕਰਕੇ ਵਿੱਤ ਮੰਤਰੀ ਨੂੰ ਕਮੇਟੀ ਵਿਚ ਸ਼ਾਮਲ ਕਰਨਾ ਠੀਕ ਨਹੀਂ ਸਮਝਿਆ ਗਿਆ।

ਸਰਕਾਰ ਵਲੋਂ ਬਣਾਈ ਗਈ ਕਮੇਟੀ ਨੇ ਰਾਜ ਦੀ ਮਾਲੀ ਹਾਲਤ ਵਿਚ ਸੁਧਾਰ ਲਿਆਉਣ ਲਈ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਹੈ। ਇਸ ਰਿਪੋਰਟ ਵਿਚ 4 ਹਜ਼ਾਰ ਕਰੋੜ ਰੁਪਏ ਦੇ ਨਵੇਂ ਮਾਲੀ ਸਾਧਨ ਜੁਟਾਉਣ ਦੇ ਢੰਗ-ਤਰੀਕੇ ਸੁਝਾਏ ਗਏ ਹਨ। ਕਿਸਾਨਾਂ ਦੀਆਂ ਮੋਟਰਾਂ ਉਤੇ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਬਿੱਲ ਲਗਾਉਣਾ, ਬੱਸ ਕਿਰਾਏ ਵਿਚ 13 ਫੀਸਦੀ ਵਾਧਾ ਅਤੇ ਵੈਟ ਦੀ ਦਰ 4 ਪ੍ਰਤੀਸ਼ਤ ਤੋਂ ਵਧਾ ਕੇ 5 ਪ੍ਰਤੀਸ਼ਤ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਕਮੇਟੀ ਵਲੋਂ ਪੇਸ਼ ਰਿਪੋਰਟ ਉਤੇ ਆਮ ਲੋਕਾਂ ਵਲੋਂ ਕਈ ਸਵਾਲ ਕੀਤੇ ਜਾ ਰਹੇ ਹਨ। ਕੀ ਸਰਕਾਰ ਪੰਜਾਬ ਦੇ ਸਾਰੇ ਕਿਸਾਨਾਂ ਨੂੰ ਇੱਕੋ ਤਕੜੀ ਵਿਚ ਰੱਖ ਕੇ ਤੋਲ ਸਕਦੀ ਹੈ।

ਪੰਜਾਬ ਦੀ ਕਿਸਾਨੀ ਨੂੰ ਤਿੰਨ ਕੈਟਾਗਰੀਆਂ ਵਿਚ ਵੰਡਿਆ ਜਾ ਸਕਦਾ ਹੈ। ਕੁਝ ਕਿਸਾਨ ਤਾਂ ਵੱਡੀਆਂ ਜ਼ਮੀਨਾਂ ਦੇ ਮਾਲਕ ਹਨ ਅਤੇ ਉਨ੍ਹਾਂ ਨੇ ਖੇਤੀ ਦੇ ਨਾਲ ਹੋਰ ਕਾਰੋਬਾਰ ਵੀ ਸ਼ੁਰੂ ਕੀਤੇ ਹੋਏ ਹਨ। ਇਨ੍ਹਾਂ ਕੋਲ ਹਰ ਤਰ੍ਹਾਂ ਦੀਆਂ ਆਧੁਨਿਕ ਸਹੂਲਤਾਂ ਮੌਜੂਦ ਹਨ। ਇਸ ਤਰ੍ਹਾਂ ਦੇ ਕਿਸਾਨਾਂ ਦੀ ਸੰਖਿਆ ਲਗਭਗ 10 ਪ੍ਰਤੀਸ਼ਤ ਦੇ ਕਰੀਬ ਹੈ। ਹੋਰ 50 ਪ੍ਰਤੀਸ਼ਤ ਕਿਸਾਨ ਅਜਿਹੇ ਹਨ, ਜੋ ਮਾਲੀ ਹਾਲਤ ਪੱਖੋਂ ਸ਼ਹਿਰਾਂ ਵਿਚ ਰਹਿਣ ਵਾਲੇ ਉਪਰਲੇ ਦਰਜੇ ਦੇ ਮੱਧ-ਵਰਗੀ ਪਰਿਵਾਰਾਂ ਦੇ ਬਰਾਬਰ ਹਨ ਅਤੇ ਬਾਕੀ ਰਹਿੰਦੇ 40 ਪ੍ਰਤੀਸ਼ਤ ਕਿਸਾਨ ਮਾਲੀ ਪੱਖੋਂ ਬਹੁਤ ਕਮਜ਼ੋਰ ਹਨ। ਇਹ ਲੋਕ ਮਸਾਂ ਹੀ ਤਿੰਨ ਵਕਤ ਦੀ ਰੋਟੀ ਜੋਗਾ ਪੈਸਾ ਕਮਾਉਂਦੇ ਹਨ। ਇਨ੍ਹਾਂ ਦੇ ਬੱਚਿਆਂ ਕੋਲ ਪੜ੍ਹਨ ਲਈ ਕਿਤਾਬਾਂ, ਕਾਪੀਆਂ ਅਤੇ ਪਾਉਣ ਲਈ ਵਰਦੀ ਦੀ ਵੀ ਕਮੀ ਦੇਖੀ ਜਾਂਦੀ ਹੈ। ਇਸ ਤਰ੍ਹਾਂ ਪੰਜਾਬ ਦੇ ਸਾਰੇ ਕਿਸਾਨਾਂ ਨੂੰ ਇੱਕੋ ਜਿਹਾ ਸਮਝਣਾ ਸਰਕਾਰ ਦੀ ਵੱਡੀ ਭੁੱਲ ਹੈ।

ਗਰੀਬ ਕਿਸਾਨਾਂ ਉੱਤੇ ਮੋਟਰਾਂ ਦੇ ਬਿੱਲਾਂ ਦੇ ਪੈਣ ਵਾਲੇ ਬੋਝ ਨਾਲ ਇਨ੍ਹਾਂ ਦੇ ਰਹਿਣ-ਸਹਿਣ ਦਾ ਪੱਧਰ ਹੋਰ ਨੀਵਾਂ ਹੋਵੇਗਾ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਛੋਟੇ ਕਿਸਾਨਾਂ ਦੀ ਹਾਲਤ ਵਿਚ ਸੁਧਾਰ ਲਿਆਉਣ ਲਈ ਉਨ੍ਹਾਂ ਨੂੰ ਵੱਡੇ ਜ਼ਿਮੀਦਾਰਾਂ ਤੋਂ ਵੱਖਰਾ ਕੀਤਾ ਜਾਵੇ। 5 ਏਕੜ ਤੋਂ ਘੱਟ ਜ਼ਮੀਨ ਰੱਖਣ ਵਾਲੇ ਕਿਸਾਨਾਂ ਨੂੰ ਬਿਜਲੀ ਦੇ ਬਿੱਲ ਮੁਆਫ਼ ਕੀਤੇ ਜਾਣ। ਪੰਜ ਤੋਂ 10 ਏਕੜ ਜ਼ਮੀਨ ਵਾਲੇ ਕਿਸਾਨਾਂ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਪ੍ਰਤੀ ਮਹੀਨਾ ਬਿੱਲ ਠੀਕ ਰਹੇਗਾ, ਪਰ 10 ਏਕੜ ਤੋਂ ਵੱਧ ਜ਼ਮੀਨਾਂ ਵਾਲੇ ਕਿਸਾਨਾਂ ਦਾ ਬਿਜਲੀ ਦੇ ਬਿੱਲਾਂ ਦਾ ਰੇਟ ਵਧਾਇਆ ਜਾ ਸਕਦਾ ਹੈ। ਵੱਡੀਆਂ ਜ਼ਮੀਨਾਂ ਦੇ ਮਾਲਕ ਕਿਸਾਨ ਆਪਣੇ ਕਈ ਤਰ੍ਹਾਂ ਦੇ ਵਪਾਰਾਂ ਤੋਂ ਹੋਣ ਵਾਲੀ ਆਮਦਨ ਨੂੰ ਖੇਤੀ ਨਾਲ ਜੋੜਦੇ ਹਨ ਅਤੇ ਟੈਕਸ ਦੇਣ ਤੋਂ ਬਚੇ ਰਹਿੰਦੇ ਹਨ। ਪੰਜਾਬ ਸਰਕਾਰ ਨੂੰ ਗਰੀਬ ਕਿਸਾਨਾਂ ਵਲ ਬਿਨਾ ਕਿਸੇ ਪੱਖ-ਪਾਤ ਤੋਂ ਖ਼ਾਸ ਧਿਆਨ ਦੇਣ ਦੀ ਲੋੜ ਹੈ, ਤਾਂ ਜੋ ਉਹ ਵੀ ਭਾਰਤ ਦੇ ਵਿਕਾਸ ਦੀ ਦੌੜ ਵਿਚ ਆਪਣੇ ਆਪ ਨੂੰ ਸ਼ਾਮਲ ਕਰ ਸਕਣ।

ਸੁਖਬੀਰ-ਕਾਲੀਆ ਕਮੇਟੀ ਨੇ ਬੱਸਾਂ ਦਾ ਕਿਰਾਇਆ ਵਧਾਉਣ ਦੀ ਸਿਫਾਰਸ਼ ਕੀਤੀ ਹੈ। ਹੁਣ ਇਹ ਕਿਰਾਇਆ 40 ਪੈਸੇ ਪ੍ਰਤੀ ਕਿਲੋਮੀਟਰ ਤੋਂ ਵਧ ਕੇ 56 ਪੈਸੇ ਪ੍ਰਤੀ ਕਿਲੋਮੀਟਰ ਹੋ ਗਿਆ ਹੈ। ਇਸੇ ਤਰ੍ਹਾਂ ਵਧੇ ਹੋਏ ਕਿਰਾਏ ਨਾਲ ਰਾਜ ਦੇ ਟਰਾਂਸਪੋਰਟ ਮਹਿਕਮੇ ਨੂੰ 50 ਕਰੋੜ ਰੁਪਏ ਦੀ ਵਾਧੂ ਆਮਦਨ ਹੋਵੇਗੀ। ਕਿਰਾਏ ਵਿਚ ਵਾਧਾ ਆਮ ਜਨਤਾ ਉਤੇ ਨਜਾਇਜ਼ ਬੋਝ ਜਾਪਦਾ ਹੈ। ਇਸ ਤੋਂ ਇਲਾਵਾ ਸਿਆਸੀ ਨੇਤਾ ਵੱਧ ਸਵਾਰੀਆਂ ਵਾਲੇ ਰੂਟਾਂ 'ਤੇ ਆਪਣੀਆਂ ਬੱਸਾਂ ਚਲਾਉਂਦੇ ਹਨ ਅਤੇ ਘਾਟੇ ਵਾਲੇ ਰੂਟਾਂ 'ਤੇ ਸਰਕਾਰੀ ਬੱਸਾਂ ਨੂੰ ਧੱਕ ਦਿੱਤਾ ਜਾਂਦਾ ਹੈ। ਇਸ ਸੰਬੰਧ ਵਿਚ ਇਕ ਛੋਟੀ ਜਿਹੀ ਉਦਾਹਰਣ ਵਲ ਧਿਆਨ ਦੇਣਾ ਜ਼ਰੂਰੀ ਬਣਦਾ ਹੈ। ਮਲੇਰਕੋਟਲੇ ਤੋਂ ਪਟਿਆਲੇ ਦਾ ਰੂਟ ਲਗਭਗ ਪੂਰੀ ਤਰ੍ਹਾਂ ਸਰਕਾਰੀ ਹੈ। ਇੱਥੇ ਚੱਲਣ ਵਾਲੀਆਂ ਪੈਪਸੂ ਟਰਾਂਸਪੋਰਟ ਦੀਆਂ ਬੱਸਾਂ ਦੀ ਕੋਈ ਸਮਾਂ ਸਾਰਣੀ ਨਹੀਂ ਹੈ। ਪੈਪਸੂ ਟਰਾਂਸਪੋਰਟ ਦਾ ਮੁੱਖ ਦਫਤਰ ਪਟਿਆਲਾ ਹੋਣ ਦੇ ਬਾਵਜੂਦ ਇਸ ਰੂਟ 'ਤੇ ਚੱਲਣ ਵਾਲੀਆਂ ਬੱਸਾਂ ਜਾਂ ਤਾਂ 4-4 ਇਕੱਠੀਆਂ ਆ ਜਾਂਦੀਆਂ ਹਨ ਅਤੇ ਕੇਵਲ ਡਰਾਈਵਰ ਅਤੇ ਕੰਡਕਟਰ ਅਤੇ ਦੋ ਚਾਰ ਸਵਾਰੀਆਂ ਨਾਲ ਆਪਣਾ ਸਫਰ ਪੂਰਾ ਕਰਦੀਆਂ ਹਨ ਤੇ ਜਾਂ ਫੇਰ 2-2 ਘੰਟੇ ਦੇ ਅੰਤਰ ਨਾਲ ਕੋਈ ਬੱਸ ਵੇਖਣ ਨੂੰ ਮਿਲਦੀ ਹੈ। ਇਸ ਤਰ੍ਹਾਂ ਦੇ ਹੋਣ ਵਾਲੇ ਨੁਕਸਾਨ ਤੋਂ ਬਚਣ ਦਾ ਸਰਕਾਰ ਕੋਲ ਕੋਈ ਜਵਾਬ ਨਹੀਂ ਅਤੇ ਸਵਾਰੀਆਂ ਨੂੰ ਨਿੱਤ ਆਉਣ ਵਾਲੀਆਂ ਦਿੱਕਤਾਂ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ।

ਹਰ ਸਾਲ ਪੰਜਾਬ ਰਾਜ ਬਿਜਲੀ ਬੋਰਡ ਬਿਜਲੀ ਚੋਰੀ ਨਾਲ ਕਰੋੜਾਂ ਰੁਪਏ ਦੇ ਨੁਕਸਾਨ ਨੂੰ ਝੱਲਦਾ ਹੈ। ਇਹ ਚੋਰੀਆਂ ਜ਼ਿਆਦਾਤਰ ਅਸਰ-ਰਸੂਖ ਵਾਲੇ ਵੱਡੇ ਘਰਾਣਿਆਂ ਵਲੋਂ ਕੀਤੀਆਂ ਜਾਂਦੀਆਂ ਹਨ ਅਤੇ ਜਦੋਂ ਇਨਾਂ ਵੱਡੀਆਂ ਮੱਛੀਆਂ ਨੂੰ ਕੋਈ ਬਿਜਲੀ ਬੋਰਡ ਦਾ ਕਰਮਚਾਰੀ ਫੜਦਾ ਹੈ ਤਾਂ ਉਸਨੂੰ ਬਹੁਤ ਨੁਕਸਾਨ ਉਠਾਉਣਾ ਪੈਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਮਾਲੀ ਹਾਲਤ ਬਹੁਤ ਕਮਜ਼ੋਰ ਹੈ। ਸੰਨ 2009-10 ਦੇ ਬਜਟ ਦੌਰਾਨ ਪੰਜਾਬ ਨੇ 4234 ਕਰੋੜ ਰੁਪਏ ਦਾ ਘਾਟਾ ਦਿਖਾਇਆ ਅਤੇ ਕੁੱਲ ਮਾਲੀ ਘਾਟਾ 7660 ਕਰੋੜ ਰੁਪਏ ਦੱਸਿਆ ਗਿਆ ਸੀ, ਜਦੋਂਕਿ 2008-09 ਦੇ ਮਾਲੀ ਸਾਲ ਦੌਰਾਨ ਬਜਟ ਘਾਟਾ ਇਕ ਹਜ਼ਾਰ ਕਰੋੜ ਰੁਪਏ ਅਤੇ ਕੁੱਲ ਮਾਲੀ ਘਾਟਾ 4365 ਕਰੋੜ ਰੁਪਏ ਹੀ ਸੀ।

ਇਸ ਤਰ੍ਹਾਂ ਬਜਟ ਘਾਟਾ 4.2 ਗੁਣਾ ਵਧਿਆ ਹੈ ਅਤੇ ਕੁਲ ਮਾਲੀ ਘਾਟੇ ਵਿਚ 57 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਵੱਡੇ ਮਾਲੀ ਘਾਟੇ ਨੂੰ ਕੰਟਰੋਲ ਕਰਨ ਲਈ ਪੰਜਾਬ ਸਰਕਾਰ ਨੂੰ ਆਪਣੇ ਸਰਕਾਰੀ ਖ਼ਰਚਿਆਂ ਉਤੇ ਕਾਬੂ ਪਾਉਣ ਦੀ ਲੋੜ ਹੈ। ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਨੂੰ ਉਨ੍ਹਾਂ ਦੀ ਆਮਦਨ ਨਾਲ ਜੋੜ ਕੇ ਦੇਖਣਾ ਚਾਹੀਦਾ ਹੈ। ਪਰ ਸਰਕਾਰ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਦੇ ਖ਼ਰਚਿਆਂ ਵਲ ਕੋਈ ਧਿਆਨ ਨਹੀਂ ਦੇ ਰਹੀ। ਉਨ੍ਹਾਂ ਦੀਆਂ ਤਨਖ਼ਾਹਾਂ ਅਤੇ ਭੱਤਿਆਂ ਵਿਚ ਬੇਤਹਾਸ਼ਾ ਵਾਧਾ ਕੀਤਾ ਗਿਆ ਹੈ।

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਬਿਜਲੀ ਪ੍ਰਬੰਧ ਵਿਚ ਸੁਧਾਰ ਕਰਨ ਲਈ 1420 ਕਰੋੜ ਰੁਪਏ ਦੀ ਮੰਗ ਕੀਤੀ ਹੈ। ਇਹ ਮੰਗ ਬਿਲਕੁਲ ਜਾਇਜ਼ ਹੈ, ਕਿਉਂਕਿ ਪੰਜਾਬ ਦਾ ਕਿਸਾਨ ਲਗਭਗ 50 ਪ੍ਰਤੀਸ਼ਤ ਅਨਾਜ ਕੇਂਦਰੀ ਪੂਲ ਵਿਚ ਪਾ ਰਿਹਾ ਹੈ। ਇਸ ਦੇ ਨਾਲ ਪੰਜਾਬ ਸਰਕਾਰ ਨੂੰ ਆਪਣੀ ਆਮਦਨ ਨੂੰ ਵਧਾਉਣ ਦੇ ਵਸੀਲੇ ਵੀ ਤਲਾਸ਼ ਕਰਨੇ ਪੈਣਗੇ। ਕੇਂਦਰ ਦੀਆਂ ਕੁਝ ਸਕੀਮਾਂ ਲਈ ਦਿੱਤੇ ਜਾਂਦੇ ਫੰਡ ਵੀ ਪੰਜਾਬ ਸਰਕਾਰ ਵੱਲੋਂ ਵਰਤੇ ਨਹੀਂ ਜਾ ਰਹੇ। ਇਸ ਦਾ ਕਾਰਨ ਇਹ ਹੈ ਕਿ ਉਹ ਆਪਣਾ ਬਣਦਾ ਹਿੱਸਾ ਪਾਉਣ ਤੋਂ ਅਸਮਰਥ ਰਹਿੰਦੀ ਹੈ। ਇਸੇ ਤਰ੍ਹਾਂ ਕੇਂਦਰ ਵੱਲੋਂ ਨਰੇਗਾ ਸਕੀਮ ਲਈ ਦਿੱਤੇ ਫੰਡਾਂ ਦਾ ਵੀ ਪੰਜਾਬ ਸਰਕਾਰ ਫ਼ਾਇਦਾ ਨਹੀਂ ਉਠਾ ਰਹੀ। ਪਿੱਛੇ ਜਿਹੇ ਬਾਦਲ ਸਰਕਾਰ ਆਪਣੇ ਕੁਝ ਮੰਤਰੀਆਂ ਦੀ ਇਕ ਟੀਮ ਨੂੰ ਆਸਟਰੇਲੀਆ ਦੇ ਦੌਰੇ 'ਤੇ ਭੇਜਣਾ ਚਾਹੁੰਦੀ ਸੀ, ਤਾਂ ਜੋ ਉਹ ਉਥੋਂ ਦੇ ਟ੍ਰੈਫ਼ਿਕ ਨਿਯਮਾਂ ਨੂੰ ਸਮਝ ਸਕਣ। ਪਰ ਪੰਜਾਬ ਦੇ ਖ਼ਜ਼ਾਨਾ ਮੰਤਰੀ ਨੇ ਆਪਣੀ ਸਿਆਣਪ ਦਿਖਾਉਂਦੇ ਹੋਏ ਮੁੱਖ ਮੰਤਰੀ ਨੂੰ ਰੋਕਿਆ ਕਿ ਮੰਤਰੀਆਂ ਅਤੇ ਵਿਧਾਇਕਾਂ ਨੂੰ ਇਸ ਤਰ੍ਹਾਂ ਫਾਲਤੂ ਦੌਰਿਆਂ ਲਈ ਵਿਦੇਸ਼ਾਂ ਵਿਚ ਭੇਜਣਾ ਰਾਜ ਦੀ ਮਾਲੀ ਹਾਲਤ ਨੂੰ ਹੋਰ ਖ਼ਰਾਬ ਕਰ ਸਕਦਾ ਹੈ।

ਪੰਜਾਬ ਨੂੰ ਆਪਣੀ ਮਾਲੀ ਹਾਲਤ ਵਿਚ ਸੁਧਾਰ ਲਈ ਇੱਕ ਠੋਸ ਨੀਤੀ ਦੀ ਲੋੜ ਹੈ। ਇਸ ਨੀਤੀ ਵਿਚ ਗਰੀਬ ਜਨਤਾ ਉੱਪਰ ਬੋਝ ਘਟਾਉਣ ਅਤੇ ਵਪਾਰ ਅਤੇ ਖੇਤੀ ਸੈਕਟਰ ਵਿਚ ਮੌਜੂਦ ਵੱਡੀਆਂ ਮੱਛੀਆਂ ਨੂੰ ਨੱਥ ਪਾਉਣਾ ਸਮੇਂ ਦੀ ਭਰਪੂਰ ਲੋੜ ਹੈ। ਪੰਜਾਬ ਦੇ ਖ਼ਜ਼ਾਨੇ ਵਿਚ ਕੁੱਲ ਆਮਦਨ ਦਾ 60 ਪ੍ਰਤੀਸ਼ਤ ਹਿੱਸਾ ਵੈਟ ਦੁਆਰਾ ਅਤੇ 40 ਪ੍ਰਤੀਸ਼ਤ ਹਿੱਸਾ ਐਕਸਾਈਜ਼ ਡਿਊਟੀ, ਸਟੈਪ ਡਿਊਟੀ, ਵਾਹਨਾਂ 'ਤੇ ਲੱਗਣ ਵਾਲੇ ਟੈਕਸ ਅਤੇ ਬਿਜਲੀ ਡਿਊਟੀ (ਕਰ) ਰਾਹੀਂ ਪ੍ਰਾਪਤ ਹੁੰਦਾ ਹੈ। ਜੇਕਰ ਰਿਸ਼ਵਤਖੋਰੀ ਨੂੰ ਨੱਥ ਪਾਈ ਜਾਵੇ ਤਾਂ 40 ਪ੍ਰਤੀਸ਼ਤ ਹਿੱਸੇ ਵਾਲੀ ਆਮਦਨ ਨੂੰ ਵਧਾਇਆ ਜਾ ਸਕਦਾ ਹੈ।

ਭਾਰਤ ਸਰਕਾਰ ਵਲੋਂ ਪੰਜਾਬ ਦੇ ਗਵਾਂਢੀ ਰਾਜਾਂ ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਉੱਤਰਾਂਚਲ ਲਈ ਇੰਡਸਟਰੀ ਲਾਉਣ ਵਾਲਿਆਂ ਲਈ ਕਈ ਛੋਟਾਂ ਦਾ ਐਲਾਨ ਕੀਤਾ ਹੋਇਆ ਹੈ। ਇਹ ਐਲਾਨ ਐਨ.ਡੀ.ਏ. ਦੀ ਸਰਕਾਰ ਦੌਰਾਨ ਹੋਇਆ ਸੀ। ਉਸ ਵਕਤ ਅਕਾਲੀ ਦਲ ਦੇ ਵੀ ਐਨ.ਡੀ.ਏ. ਸਰਕਾਰ ਵਿਚ ਮੰਤਰੀ ਸਨ ਅਤੇ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ, ਪਰ ਅਕਾਲੀ ਦਲ ਵਲੋਂ ਕੋਈ ਇਤਰਾਜ਼ ਨਹੀਂ ਸੀ ਕੀਤਾ ਗਿਆ।

ਹੁਣ ਇਕ ਵਾਰ ਫੇਰ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣੀ ਹੈ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਦੇ ਮੰਤਰੀਆਂ ਕੋਲ ਇਹ ਗੱਲ ਜ਼ੋਰ ਨਾਲ ਉਠਾਈ ਹੈ। ਪੰਜਾਬ ਵਿਚ ਇੰਡਸਟਰੀ ਦੀ ਬਹੁਤ ਘਾਟ ਹੈ, ਕਿਉਂਕਿ ਇੰਡਸਟਰੀ ਲਾਉਣ ਵਾਲਿਆਂ ਨੂੰ ਹੋਰਨਾਂ ਸੂਬਿਆਂ ਵਾਂਗ ਪੰਜਾਬ ਵਿਚ ਸਹੂਲਤਾਂ ਨਹੀਂ ਮਿਲਦੀਆਂ। ਜੇਕਰ ਪੰਜਾਬ ਨੂੰ ਵੀ ਹੋਰ ਰਾਜਾਂ ਵਰਗੀਆਂ ਟੈਕਸ ਵਿਚ ਛੋਟਾਂ ਮਿਲਣ ਤਾਂ ਏਥੇ ਇੰਡਸਟਰੀਆਂ ਲੱਗਣ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਇਸ ਨਾਲ ਬੇਰੁਜ਼ਗਾਰੀ ਘਟੇਗੀ ਅਤੇ ਮਾਲੀ ਹਾਲਤ ਵਿਚ ਵੀ ਸੁਧਾਰ ਹੋਵੇਗਾ।

# ਵਿਦੇਸ਼ ਸਕੱਤਰਾਂ ਦੀ ਹੋਣ ਵਾਲੀ ਗੱਲਬਾਤ ਬਾਂਝ ਹੀ ਸਾਬਿਤ ਹੋਵੇਗੀ?

**ਵੇਦਪ੍ਰਤਾਪ ਵੈਦਿਕ**

ਪੁਣੇ ਵਿਸਫੋਟ ਨੇ ਦੁਬਾਰਾ ਦੇਸ਼ ਦਾ ਮੱਥਾ ਠਣਕਾ ਦਿੱਤਾ ਹੈ। ਅਜੇ ਪਾਕਿਸਤਾਨ ਦੀ ਗੱਲਬਾਤ ਦੇ ਐਲਾਨ ਦੀ ਸਿਆਹੀ ਸੁੱਕੀ ਵੀ ਨਹੀਂ ਸੀ ਕਿ ਪੁਣੇ ਦੀ ਧਰਤੀ ਖੂਨ ਨਾਲ ਲਾਲ ਹੋ ਗਈ। ਪੁਣੇ ਵਿਚ ਮੁੰਬਈ ਨੂੰ ਦੋਹਰਾਇਆ ਗਿਆ ਹੈ। ਹੁਣ ਕੀ ਕੀਤਾ ਜਾਵੇ? ਗੱਲਬਾਤ ਕੀਤੀ ਜਾਵੇ ਜਾਂ ਨਾ ਕੀਤੀ ਜਾਵੇ? ਬਹੁਤ ਸਾਰੇ ਮਾਹਿਰਾਂ ਅਤੇ ਦੇਸ਼ ਦੇ ਕੁਝ ਨੇਤਾਵਾਂ ਦੀ ਵੀ ਰਾਇ ਹੈ ਕਿ ਪਾਕਿਸਤਾਨ ਨਾਲ ਇਸ ਵਕਤ ਗੱਲ ਕਰਨਾ ਬਿਲਕੁਲ ਬੇਤੁਕਾ ਹੈ। ਇਹ ਗੱਲਬਾਤ ਅਤਿਵਾਦੀਆਂ ਦਾ ਮਨੋਬਲ ਵਧਾਏਗੀ। ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਪਰਦਾ ਪਾਵੇਗੀ ਅਤੇ ਪਾਕਿਸਤਾਨੀ ਸਰਕਾਰ ਦੇ ਨਿਕੰਮੇਪਨ ਤੋਂ ਸਾਰੀ ਦੁਨੀਆਂ ਦਾ ਧਿਆਨ ਹਟਾਵੇਗੀ। ਸਵਾ ਸਾਲ ਬੀਤ ਗਿਆ, ਪਰ ਮੁੰਬਈ ਦੇ ਦੋਸ਼ੀਆਂ ਨੂੰ ਜੋ ਸਰਕਾਰ ਸਜ਼ਾ ਨਹੀਂ ਦੇ ਸਕੀ, ਉਹ ਭਾਰਤ ਵਿਰੋਧੀ ਅਤਿਵਾਦੀਆਂ 'ਤੇ ਰੋਕ ਕਿਉਂ ਲਗਾਏਗੀ? ਭਾਰਤ ਦੀ ਗੱਲ ਵਿਚ ਇਦਾਂ ਦਾ ਕੀ ਜਾਦੂ ਹੋਵੇਗਾ ਕਿ ਉਹ ਪਾਕਿਸਤਾਨੀ ਸਰਕਾਰ ਨੂੰ ਭਾਰਤ ਵਿਰੋਧੀ ਅਤਿਵਾਦੀਆਂ ਦੀ ਕਮਰ ਤੋੜਨ ਦੇ ਲਈ ਮਜਬੂਰ ਕਰ ਦੇਵੇਗੀ? ਕੀ ਲੱਤਾਂ ਦੇ ਭੂਤ ਗੱਲਾਂ ਨਾਲ ਮੰਨਣਗੇ? 25 ਫਰਵਰੀ ਨੂੰ ਹੋਣ ਵਾਲੀ ਵਿਦੇਸ਼ ਸਕੱਤਰਾਂ ਦੀ ਗੱਲਬਾਤ ਬਾਂਝ ਹੀ ਸਾਬਿਤ ਹੋਵੇਗੀ?

ਮੇਰੀ ਰਾਇ ਇਸ ਤੋਂ ਇਕਦਮ ਉਲਟ ਹੈ। ਕੀ ਅਸੀਂ ਅਤਿਵਾਦੀਆਂ ਨੂੰ ਆਪਣਾ ਏਜੰਡਾ ਤੈਅ ਕਰਨ ਦੇਵਾਂਗੇ? ਨਹੀਂ। ਜੇਕਰ ਪਾਕਿਸਤਾਨ ਹੁਣ ਗੱਲਬਾਤ ਤੋਂ ਬਚਣਾ ਚਾਹੁੰਦਾ ਤਾਂ ਵੀ ਸਾਨੂੰ ਗੱਲਬਾਤ ਉਸ 'ਤੇ ਥੋਪ ਦੇਣੀ ਚਾਹੀਦੀ। ਕਿਉਂ? ਇਸ ਲਈ ਕਿ ਪੁਣੇ ਵਿਸਫੋਟ ਨੇ ਉਸਨੂੰ ਨੰਗਾ ਕਰ ਦਿੱਤਾ ਹੈ। ਉਸਦੀ ਕੂਟਨੀਤਕ ਹਾਲਤ ਪਹਿਲਾਂ ਤੋਂ ਵੀ ਕਮਜ਼ੋਰ ਹੋ ਗਈ ਹੈ। ਹੁਣ ਉਹ ਕਿਸ ਮੂੰਹ ਨਾਲ ਕਹੇਗਾ ਕਿ ਅਤਿਵਾਦ ਤਾਂ ਸਧਾਰਣ ਮੁੱਦਾ ਹੈ। ਵੱਡੇ ਮੁੱਦੇ ਤਾਂ ਕਸ਼ਮੀਰ, ਸਿਯਾਚਿਨ, ਜਲ ਵਿਵਾਦ ਆਦਿ ਹਨ। ਪੁਣੇ ਨੇ ਅਤਿਵਾਦ ਨੂੰ ਮੁੱਦਿਆਂ ਦਾ ਮੁੱਦਾ ਬਣਾ ਦਿੱਤਾ ਹੈ। ਉਥੇ ਹੋਈ ਵਿਦੇਸ਼ੀਆਂ ਦੀ ਹੱਤਿਆ ਨੇ ਸਾਰੇ ਸੰਸਾਰ ਦਾ ਧਿਆਨ ਖਿੱਚਿਆ ਹੈ। ਪਾਕਿਸਤਾਨ ਸਰਕਾਰ ਦੀ ਹਾਲਤ ਅਮਰੀਕਾ ਦੀਆਂ ਨਜ਼ਰਾਂ ਵਿਚ ਵੀ ਪਤਲੀ ਪੈ ਗਈ ਹੈ। ਇਹ ਸਹੀ ਮੌਕਾ ਹੈ, ਜਦ ਪਾਕਿਸਤਾਨ ਨੂੰ ਗੱਲਬਾਤ ਦੇ ਅਖਾੜੇ ਵਿਚ ਲਿਆਂਦਾ ਜਾਵੇ।

ਇਸ ਤਰ੍ਹਾਂ ਕਿਉਂ ਕੀਤਾ ਜਾਵੇ? ਇਸ ਲਈ ਕਿ ਗੱਲਬਾਤ ਨਾ ਕਰਨ ਨਾਲ ਕੁਝ ਵੀ ਨਹੀਂ ਨਿਕਲਣ ਵਾਲਾ। ਭਾਜਪਾ ਗਠਜੋੜ ਸਰਕਾਰ ਨੇ ਸੰਸਦ 'ਤੇ ਹੋਏ ਹਮਲੇ ਦੇ ਬਾਅਦ ਗੱਲਬਾਤ ਭੰਗ ਕੀਤੀ ਸੀ ਅਤੇ ਸਰਹੱਦ 'ਤੇ ਫੌਜਾਂ ਦੌੜਾ ਦਿੱਤੀਆਂ ਸੀ। ਤਾਂ ਕੀ ਹੋਇਆ? ਦੇਸ਼ 20 ਹਜ਼ਾਰ ਕਰੋੜ ਦੇ ਥੱਲੇ ਆ ਗਿਆ ਅਤੇ ਸਾਨੂੰ ਝੱਖ ਮਾਰ ਕੇ ਗੱਲਬਾਤ ਦੁਬਾਰਾ ਸ਼ੁਰੂ ਕਰਨੀ ਪਈ। ਉਸੇ ਗੱਲਬਾਤ ਰਾਹੀਂ ਵਾਜਪਾਈ ਸਰਕਾਰ ਨੇ 2004 ਵਿਚ ਸਿੱਟਾ ਕੱਢਿਆ। ਮੁਸ਼ੱਰਫ ਨੇ ਵਾਅਦਾ ਕੀਤਾ ਕਿ ਉਹ ਪਾਕਿਸਤਾਨੀ ਜ਼ਮੀਨ ਦਾ ਇਸਤੇਮਾਲ ਭਾਰਤ ਵਿਰੋਧੀ ਅਤਿਵਾਦੀਆਂ ਨੂੰ ਨਹੀਂ ਕਰਨ ਦਵੇਗਾ। ਕੀ ਸਾਡੀ ਗੱਲਬਾਤ ਰਾਹੀਂ ਉਸਤੋਂ ਵੀ ਜ਼ਿਆਦਾ ਠੋਸ ਅਤੇ ਸਹੀ ਕਾਰਵਾਈ ਨੂੰ ਅੰਜਾਮ ਨਹੀਂ ਦਿੱਤਾ ਜਾ ਸਕਦਾ ਹੈ? ਜ਼ਰੂਰ ਦਿੱਤਾ ਜਾ ਸਕਦਾ ਹੈ ਬਸ਼ਰਤੇ ਕਿ ਭਾਰਤ ਸਰਕਾਰ ਕੁਝ ਸਾਹਸ ਅਤੇ ਕਲਪਨਾਸ਼ੀਲਤਾ ਦੀ ਮਿਸਾਲ ਦੇਵੇ।

ਜਿਵੇਂ ਕਿ ਡਰ ਸੀ ਕਿ ਗੱਲਬਾਤ ਤੋਂ ਪਹਿਲਾਂ ਕੋਈ ਵੀ ਵੱਡਾ ਹਾਦਸਾ ਹੋ ਸਕਦਾ ਹੈ ਪਰ ਅਸੀਂ ਘਬਰਾਈਏ ਨਾ ਅਤੇ ਪਾਕਿਸਤਾਨ ਨੂੰ ਮਜਬੂਰ ਕਰੀਏ ਕਿ ਉਹ ਸਿਰਫ ਜ਼ੁਬਾਨੀ ਜਮਾ-ਖਰਚ ਤੋਂ ਥੋੜਾ ਅੱਗੇ ਵਧੇ। ਅਤਿਵਾਦ ਦੀ ਲੜਾਈ ਉਹ ਅਤੇ ਅਸੀਂ ਮਿਲ ਕੇ ਲੜੀਏ। ਸੰਯੁਕਤ ਮੋਰਚਾ ਬਣਾਈਏ। ਭਾਰਤ ਅਤੇ ਪਾਕਿਸਤਾਨ ਦੀਆਂ ਫੌਜਾਂ ਮਿਲ ਕੇ ਅਤਿਵਾਦ ਦਾ ਖਾਤਮਾ ਕਰਨ। ਸਭ ਤੋਂ ਪਹਿਲਾਂ ਉਹ ਇਸ ਸਾਂਝੀ ਕਾਰਵਾਈ ਦੀ ਸ਼ੁਭ ਸ਼ੁਰੂਆਤ ਅਫਗਾਨਿਸਤਾਨ ਤੋਂ ਕਰਨ। ਤੀਜਾ ਦੇਸ਼ ਵਿਚ ਜੋ ਵਿਸ਼ਵ ਅਤਿਵਾਦ ਦਾ ਅੱਡਾ ਬਣ ਚੁੱਕਿਆ ਹੈ। ਉਸਦੇ ਬਾਅਦ ਇਕ ਦੂਜੇ ਦੀ ਸਰਹੱਦ ਵਿਚ ਜਾ ਕੇ ਸਾਂਝੀ ਕਾਰਵਾਈ ਕਰਨ। ਜੇ ਪਾਕਿਸਤਾਨ ਦੀ ਸਰਕਾਰ ਸੱਚਮੁੱਚ ਅਤਿਵਾਦ ਨੂੰ ਜੜ੍ਹਾਂ ਤੋਂ ਉਖਾੜਨਾ ਚਾਹੁੰਦੀ ਹੈ ਤਾਂ ਉਹ ਇਸ ਪ੍ਰਸਤਾਵ ਦਾ ਸਵਾਗਤ ਕਰੇਗੀ। ਇਸ ਪ੍ਰਸਤਾਵ ਦਾ ਸਭ ਤੋਂ ਤਕੜਾ ਸਵਾਗਤ ਤਾਂ ਪੱਛਮੀ ਰਾਸ਼ਟਰ ਕਰਨਗੇ, ਜੋ ਅਫਗਾਨ-ਦਲਦਲ ਵਿਚ ਆਪਣਾ ਪਿੱਛਾ ਛੁਡਾਉਣਾ ਚਾਹੁੰਦੇ ਹਨ। ਇਸ ਪ੍ਰਸਤਾਵ 'ਤੇ ਅਮਲ ਕਰਾਉਣ ਲਈ ਪੱਛਮੀ ਰਾਸ਼ਟਰ ਪਾਕਿਸਤਾਨ ਨੂੰ ਵੱਡੇ ਤੋਂ ਵੱਡਾ ਲਾਲਚ ਦੇਣ ਨੂੰ ਵੀ ਤਿਆਰ ਹੋ ਜਾਣਗੇ। ਜੇ ਦੋਵੇਂ ਵਿਦੇਸ਼ ਸਕੱਤਰਾਂ ਦੀ ਗੱਲਬਾਤ ਵਿਚ ਇਹ ਸੂਤਰ ਅੱਗੇ ਵਧ ਜਾਣ ਅਤੇ ਦੋਵੇਂ ਸਰਕਾਰਾਂ ਇਸ ਪਟੜੀ ਤੇ ਚੱਲ ਪੈਣ ਤਾਂ 21ਵੀਂ ਸਦੀ ਨੂੰ ਏਸ਼ੀਆ ਅਤੇ ਦੱਖਣੀ ਏਸ਼ੀਆ ਦੀ ਸਦੀ ਬਨਣ ਵਿਚ ਜ਼ਿਆਦਾ ਦੇਰ ਨਹੀਂ ਲਗੇਗੀ।



ਪਰ ਕੀ ਇਦਾਂ ਹੋ ਸਕਦਾ ਹੈ? ਮੰਨ ਲਓ ਕਿ ਮੁਸ਼ਕਿਲ ਹੈ। ਤਾਂ ਕੀ ਹੋਇਆ? ਕੀ ਗੱਲਬਾਤ ਖਤਮ ਕਰ ਦਈਏ? ਤਾਂ ਹੋਰ ਰਸਤਾ ਕੀ ਹੈ? ਕੀ ਅਸੀਂ ਅਤਿਵਾਦ ਦੇ ਅੱਡਿਆਂ 'ਤੇ ਸਿੱਧਾ ਹਮਲਾ ਕਰਨ ਨੂੰ ਤਿਆਰ ਹਾਂ? ਕੀ ਅਮਰੀਕਾ ਸਾਨੂੰ ਸਿੱਧੀ ਕਾਰਵਾਈ ਕਰਨ ਦੇਵੇਗਾ? ਫਿਲਹਾਲ ਅਸੀਂ ਇਦਾਂ ਦਾ ਕੁਝ ਕਰ ਸਕੀਏ ਇਹ ਕੋਰੀ ਕਲਪਨਾ ਹੈ। ਤਾਂ ਫਿਰ ਕੀ ਗੱਲਬਾਤ ਬਾਂਝ ਸਾਬਿਤ ਨਹੀਂ ਹੋਵੇਗੀ? ਇਹ ਸਾਡੇ 'ਤੇ ਨਿਰਭਰ ਹੈ ਕਿ ਉਹ ਬਾਂਝ ਸਾਬਿਤ ਹੋਵੇਗੀ ਜਾਂ ਉਪਜਾਊ? ਜੇ ਸਾਡੇ ਵਿਚ ਦਮ ਹੋਵੇ ਤਾਂ ਅਸੀਂ ਪੱਥਰ ਤੋਂ ਵੀ ਪਾਣੀ ਨਿਚੋੜ ਸਕਦੇ ਹਾਂ? ਅਸੀਂ ਬਾਂਝ ਨੂੰ ਉਪਜਾਊ ਬਣਾ ਸਕਦੇ ਹਾਂ। ਜੇ ਪਾਕਿਸਤਾਨੀ ਸਰਕਾਰ ਸਾਂਝੇ ਮੋਰਚਾ ਦੇ ਪ੍ਰਸਤਾਵ ਨੂੰ ਬਿਲਕੁਲ ਰਦ ਕਰ ਦੇਵੇ ਤਾਂ ਸਾਰੇ ਸੰਸਾਰ ਨੂੰ ਪਤਾ ਚਲ ਜਾਵੇਗਾ ਕਿ ਜਰਦਾਰੀ-ਗਿਲਾਨੀ ਸਰਕਾਰ ਕੋਰੀ ਕਠਪੁਤਲੀ ਹੈ। ਉਹ ਫੌਜ ਅਤੇ ਆਈ ਐਸ ਆਈ ਦੇ ਅੱਗੇ ਬੇਵਸ ਹੈ। ਆਪਣੀ ਇਸ ਮਜਬੂਰੀ ਨੂੰ ਉਹ ਚਾਹੇ ਤਾਂ ਜੰਮ ਕੇ ਭੁਨਾ ਸਕਦੀ ਹੈ ਜਾਂ ਉਹ ਪਾਕਿਸਤਾਨ ਦੀ ਜਨਤਾ ਅਤੇ ਅਮਰੀਕਾ ਨੂੰ ਆਪਣੇ ਨਾਲ ਲੈ ਕੇ ਫੌਜ ਦੇ ਵਿਰੁਧ ਮੋਰਚਾ ਖੋਲ ਸਕਦੀ ਹੈ।

ਪਾਕਿਸਤਾਨ ਵਿਚ ਫੌਜ ਦੇ ਦਬਦਬੇ ਦਾ ਇਕਮਾਤਰ ਕਾਰਨ ਉਸ ਦਾ ਭਾਰਤ ਵਿਰੋਧ ਹੈ। ਉਹ ਜਿਹਾਦੀਆਂ ਨੂੰ ਆਪਣੀ ਵਿਦੇਸ਼ ਨੀਤੀ ਦਾ ਖੱਬਾ ਹੱਥ ਮੰਨਦੀ ਹੈ। ਜਰਦਾਰੀ ਸਰਕਾਰ ਹੁਣ ਫੌਜ ਦੇ ਸ਼ਿਕੰਜੇ ਵਿਚ ਫਸਣ ਹੀ ਵਾਲੀ ਹੈ। ਚੁਣੀ ਹੋਈ ਨਿਆਂਪਾਲਿਕਾ ਨਾਲ ਉਸਦੀ ਮੁਠਭੇੜ ਸ਼ੁਰੂ ਹੋ ਗਈ ਹੈ। ਸੈਨਾਪਤੀ ਕਿਆਨੀ ਅਗਲੇ ਚਾਰ ਪੰਜ ਮਹੀਨੇ ਵਿਚ ਰਿਟਾਇਰ ਹੋਣ ਵਾਲੇ ਹਨ। ਉਸ ਤੋਂ ਪਹਿਲਾਂ ਹੀ ਉਹ ਲੋਕਤੰਤਰ ਨੂੰ ਰਿਟਾਇਰ ਕਰ ਸਕਦੇ ਹਨ। ਇਸ ਲਈ ਜ਼ਰਦਾਰੀ ਲਈ ਇਹ ਜ਼ਬਰਦਸਤ ਮੌਕਾ ਹੈ, ਜਦਕਿ ਅਤਿਵਾਦੀਆਂ ਨੂੰ ਖਤਮ ਕਰਨ ਦੇ ਬਹਾਨੇ ਉਹ ਫੌਜ ਦਾ ਦਬਦਬਾ ਹਮੇਸ਼ਾ ਲਈ ਖਤਮ ਕਰਵਾ ਦੇਣ। ਇੰਨੇ ਵੱਡੇ ਸਾਹਸ ਲਈ ਜਿਨਾਹ ਜਾਂ ਜੁਲਫਿਕਾਰ ਅਲੀ ਭੁੱਟੋ ਦਾ ਜਿਗਰ ਚਾਹੀਦਾ ਹੈ। ਕੀ ਜ਼ਰਦਾਰੀ ਦਾ ਜਿਗਰ ਇੰਨਾ ਤਕੜਾ ਹੈ?

ਮੰਨ ਲਓ ਕਿ ਨਹੀਂ ਹੈ। ਇਸੇ ਲਈ ਭਾਰਤ-ਪਾਕਿ ਗੱਲਬਾਤ ਵਿਚ ਉਹ ਕਿਤੇ ਨਹੀਂ ਪਹੁੰਚਣਗੇ। ਉਦੋਂ ਵੀ ਭਾਰਤ ਦਾ ਪਲੜਾ ਕਾਫੀ ਭਾਰੀ ਹੋ ਜਾਵੇਗਾ। ਬਾਂਝ ਗੱਲਬਾਤ ਦਾ ਹਵਾਲਾ ਦੇ ਕੇ ਭਾਰਤ ਸਾਰੀ ਦੁਨੀਆਂ ਨੂੰ ਦੱਸੇਗਾ ਕਿ ਅਤਿਵਾਦ ਦੀ ਅਸਲੀ ਮਾਂ ਕੌਣ ਹੈ? ਜਦੋਂ ਤਕ ਅਮਰੀਕਾ ਪਾਕਿਸਤਾਨੀ ਫੌਜ ਅਤੇ ਆਈ ਐਸ ਆਈ ਦੇ ਗੋਡੇ ਨਹੀਂ ਟਿਕਾਉਂਦਾ, ਅਤਿਵਾਦ ਲਗਾਤਾਰ ਜਾਰੀ ਰਹੇਗਾ। ਦੂਜੇ ਸ਼ਬਦਾਂ ਵਿਚ ਅਤਿਵਾਦ ਤੋਂ ਤੰਗ ਹੋਈ ਦੁਨੀਆਂ ਨੂੰ ਉਸਦੀ ਨੀਂਦ ਤੋਂ ਜਗਾਉਣ ਵਿਚ ਭਾਰਤ-ਪਾਕਿ ਗੱਲਬਾਤ ਬਹੁਤ ਹੀ ਸਾਰਥਕ ਭੂਮਿਕਾ ਨਿਭਾ ਸਕਦੀ ਹੈ।

ਇਸ ਗੱਲਬਾਤ ਦੇ ਭੰਗ ਹੋਣ 'ਤੇ ਭਾਰਤ ਚਾਹੇ ਤਾਂ ਉਸ ਨੂੰ ਉਸ ਅਨੁਸਾਰ ਭੂਮਿਕਾ ਮਿਲ ਸਕਦੀ ਹੈ। ਹਾਲੇ ਉਹ ਦੱਖਣੀ ਏਸ਼ੀਆ ਵਿਚ ਅਮਰੀਕਾ ਦਾ ਸਨਮਾਨਤ ਦੋਸਤ ਹੈ। ਉਸਦਾ ਆਚਰਣ ਖੇਤਰੀ ਮਹਾਸ਼ਕਤੀ ਦਾ ਨਹੀਂ ਹੈ। ਪਾਕਿਸਤਾਨ ਦੀ ਪੋਲ ਖੁਲ੍ਹਣ 'ਤੇ ਇਕ ਨਵਾਂ ਸਮੀਕਰਨ ਬਣ ਸਕਦਾ ਹੈ। ਭਾਰਤ ਅਤੇ ਅਮਰੀਕਾ ਖੁੱਲ੍ਹ ਕੇ ਹੱਥ ਮਿਲਾਉਣ। ਮਹਾਸ਼ਕਤੀ ਅਤੇ ਖੇਤਰੀ ਸ਼ਕਤੀ ਸਾਂਝਾ ਮੋਰਚਾ ਬਣਾਉਣ। ਇਹ ਦੋ ਵੱਡਿਆਂ ਦਾ ਸਾਂਝਾ ਮੋਰਚਾ ਪੂਰੇ ਦੱਖਣੀ ਏਸ਼ੀਆ 'ਚ ਅਤਿਵਾਦ ਦੇ ਕਬਾੜ ਦੀ ਸਫਾਈ ਦੀ ਮੁਹਿੰਮ ਚਲਾਵੇਗਾ। ਇਸ ਪ੍ਰਸਤਾਵਿਤ ਵੱਡੀ ਭੂਮਿਕਾ ਨੂੰ ਜ਼ਮੀਨ 'ਤੇ ਉਤਾਰਨ ਤੋਂ ਪਹਿਲਾਂ ਇਹ ਨਾਪਣਾ ਜ਼ਰੂਰੀ ਹੈ ਕਿ ਪਾਕਿਸਤਾਨ ਕਿੰਨੇ ਪਾਣੀ ਵਿਚ ਹੈ। ਇਸੇ ਲਈ ਉਸਦੇ ਨਾਲ ਗੱਲਬਾਤ ਜ਼ਰੂਰੀ ਹੈ।

# ਕੁਝ ਮਾਮਲਿਆਂ 'ਚ ਸੁਖਬੀਰ ਦੀ ਸੋਚ 'ਅੱਗਾ ਦੌੜ ਪਿੱਛਾ ਚੌੜ' ਵਾਲੀ

**ਬੀ.ਕੇ. ਚੰਮ**

**ਸੱਤਾਧਾਰੀ ਅਕਾਲੀ ਲੀਡਰਸ਼ਿਪ ਸ਼ਾਇਦ ਇਸ ਗੱਲ 'ਤੇ ਵਿਸ਼ਵਾਸ ਕਰਦੀ ਹੈ ਕਿ ਕੋਈ ਵੱਡੀ ਗਲਤੀ ਕਰਕੇ ਉਸ ਦੀ ਕੀਮਤ ਚੁਕਾਉਣ ਤੋਂ ਬਿਹਤਰ ਹੈ ਕਿ ਕੰਮ ਹੀ ਨਾ ਕੀਤਾ ਜਾਵੇ ਪਰ ਵੋਟਰ ਵੀ ਇਸ ਗੱਲ ਨੂੰ ਨਹੀਂ ਮੰਨਦੇ, ਉਹ ਤਾਂ ਚਾਹੁੰਦੇ ਹਨ ਕਿ ਸਰਕਾਰ ਕੰਮ ਕਰੇ।**

ਪੰਜਾਬ 'ਚ ਵਿਵਾਦਾਂ ਦਾ ਸਿਲਸਿਲਾ ਚੱਲਦਾ ਹੀ ਰਹਿੰਦਾ ਹੈ। ਇਸ ਵਿਚ ਨਵਾਂ ਵਿਵਾਦ ਭਗਤ ਰਵਿਦਾਸ ਦੇ ਪੈਰੋਕਾਰਾਂ ਵਲੋਂ ਆਪਣਾ ਇਕ ਅਲੱਗ 'ਰਵਿਦਾਸੀਆ ਧਰਮ' ਸਿਰਜ ਕੇ ਸਿੱਖ ਧਰਮ ਨਾਲ ਆਪਣੇ ਯੁੱਗਾਂ ਪੁਰਾਣੇ ਸੰਬੰਧਾਂ ਤੋਂ ਅਲੱਗ ਹੋਣਾ ਅਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਡਿਪਟੀ ਕਮਿਸ਼ਨਰਾਂ ਨੂੰ ਅਕਾਲੀ ਨੇਤਾਵਾਂ ਨੂੰ ਖੁਸ਼ ਰੱਖਣ ਬਾਰੇ ਦਿੱਤੇ ਗਏ ਨਿਰਦੇਸ਼ ਹਨ।

ਵੱਖਰਾ 'ਰਵਿਦਾਸੀਆ ਧਰਮ' ਸਿਰਜ ਕੇ ਜਿਸ ਦਾ ਐਲਾਨ ਡੇਰਾ ਸੱਚਖੰਡ ਬੱਲਾਂ, ਜਲੰਧਰ ਵਲੋਂ ਕੀਤਾ ਗਿਆ ਹੈ, ਉਪਰੰਤ ਹੁਣ ਰਵਿਦਾਸੀਆ ਧਰਮ ਦਾ ਪਵਿੱਤਰ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਦੀ ਥਾਂ 'ਤੇ 'ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ' ਹੋਵੇਗਾ ਅਤੇ 'ਹਰਿ' ਇਸ ਦਾ ਧਾਰਮਿਕ ਚਿੰਨ੍ਹ ਹੋਵੇਗਾ। ਭਾਵੇਂ ਇਸ ਅਲੱਗ ਧਰਮ ਦੀ ਸਥਾਪਨਾ ਨੇ ਰਵਿਦਾਸੀਆ ਭਾਈਚਾਰੇ ਨੂੰ ਵੰਡ ਦਿੱਤਾ ਪਰ ਇਸਨੇ ਧਾਰਮਿਕ ਸਿਆਸੀ ਮੁੱਦੇ ਨੂੰ ਖੜ੍ਹਾ ਕਰ ਦਿੱਤਾ ਹੈ ਕਿਉਂਕਿ ਸਿੱਖ ਭਾਈਚਾਰਾ ਸਦੀਆਂ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਆਇਆ ਹੈ। ਇਨ੍ਹਾਂ ਦੋਵਾਂ ਭਾਈਚਾਰਿਆਂ ਵਿਚਾਲੇ ਤਣਾਅ ਬੀਤੇ ਸਾਲ ਕੁਝ ਸਿੱਖ ਕੱਟੜਪੰਥੀਆਂ ਵਲੋਂ ਡੇਰਾ ਸੱਚਖੰਡ ਬੱਲਾਂ ਦੇ ਉਪ ਮੁਖੀ ਸੰਤ ਰਾਮਾਨੰਦ ਦੀ ਵਿਆਨਾ (ਆਸਟਰੀਆ) ਵਿਚ ਹੱਤਿਆ ਤੋਂ ਬਾਦ ਪੈਦਾ ਹੋਇਆ ਸੀ। ਇਸ ਘਟਨਾ ਵਿਚ ਡੇਰਾ ਮੁਖੀ ਸੰਤ ਨਿਰੰਜਣ ਦਾਸ ਗੋਲੀਆਂ ਨਾਲ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਏ ਸਨ।

ਰਾਮਦਾਸੀਆ ਧਰਮ ਦੀ ਸਥਾਪਨਾ ਨੇ 'ਧਰਮ ਅਤੇ ਰਾਜਨੀਤੀ ਦੇ ਵੱਖ-ਵੱਖ ਹੋਣ' ਦੇ ਮੁੱਦੇ ਵਲ ਧਿਆਨ ਕੇਂਦ੍ਰਿਤ ਕੀਤਾ ਸੀ। ਅਕਾਲੀ ਦਲ ਅਤੇ ਉਸ ਦੇ ਕੰਟਰੋਲ ਵਾਲੀ ਐਸ.ਜੀ.ਪੀ.ਸੀ., ਜਿਸ ਦਾ ਮੁੱਖ ਕੰਮ ਸਿੱਖ ਧਰਮ ਦਾ ਪ੍ਰਚਾਰ, ਸਿੱਖ ਵਿਰਾਸਤ ਦੀ ਸੰਭਾਲ ਕਰਨਾ ਅਤੇ ਸਿੱਖ ਧਾਰਮਿਕ ਅਸਥਾਨਾਂ ਤੇ ਹੋਰ ਸੰਸਥਾਨਾਂ ਦਾ ਪ੍ਰਬੰਧ ਕਰਨਾ ਹੈ, ਦਾ ਇਹ ਮੁੱਖ ਉਦੇਸ਼ ਹੈ।

ਅਸਲ ਵਿਚ ਪਿਛਲੇ ਕਈ ਦਹਾਕਿਆਂ ਵਿਚ ਇਸ ਦੇ ਕਾਰਜ-ਵਿਹਾਰ ਨਾਲ ਹੋਇਆ ਇਹ ਹੈ ਕਿ ਇਸ ਨਾਲ ਕਈ 'ਪੰਥ' ਅਲੱਗ ਹੋਏ ਹਨ। ਇਹ ਇਕ ਸੰਯੋਗ ਹੀ ਨਹੀਂ ਹੈ ਕਿ ਰਾਧਾ ਸੁਆਮੀ ਅਤੇ ਖੇਤਰ ਵਿਚ ਪਨਪ ਰਹੇ ਕਈ ਡੇਰੇ ਵੱਡੀ ਗਿਣਤੀ ਵਿਚ ਸਿੱਖ ਪੈਰੋਕਾਰਾਂ ਨੂੰ ਆਪਣੇ ਵਲ ਆਕਰਸ਼ਿਤ ਕਰ ਰਹੇ ਹਨ। ਇਹ ਧਾਰਮਿਕ ਸੰਸਥਾਵਾਂ ਤੇ ਸੰਗਠਨ ਕੋਈ ਸਿਆਸੀ ਸੰਸਥਾਵਾਂ ਨਹੀਂ ਹਨ। ਇਹ ਮੁੱਖ ਤੌਰ 'ਤੇ ਸਮਾਜ ਸੁਧਾਰ ਦੇ ਉਸ ਖੇਤਰ ਵਿਚ ਸਰਗਰਮ ਹਨ, ਜਿਸ ਵਲ ਐਸ.ਜੀ.ਪੀ.ਸੀ. ਅਜੇ ਤਕ ਜ਼ਿਕਰਯੋਗ ਕੰਮ ਕਰਨ ਵਿਚ ਅਸਫਲ ਰਹੀ ਹੈ।

ਇਹ ਬਿਨਾ ਕਾਰਨ ਹੀ ਨਹੀਂ ਹੈ ਕਿ ਐਸ.ਜੀ.ਪੀ.ਸੀ. ਅਤੇ ਅਕਾਲੀ ਲੀਡਰਸ਼ਿਪ ਸਿੱਖਾਂ ਦੇ ਵਿਆਪਕ ਵਰਗ 'ਤੇ 'ਡੇਰਿਆਂ' ਦੇ ਪ੍ਰਭਾਵ ਤੋਂ ਚਿੰਤਤ ਹੈ। ਇਸ ਸਥਿਤੀ ਨੇ ਐਸ.ਜੀ.ਪੀ.ਸੀ. ਅਤੇ ਅਕਾਲੀ ਦਲ ਜੋ 'ਧਰਮ ਅਤੇ ਰਾਜਨੀਤੀ ਦੀ ਅਭਿੰਨਤਾ' ਦੇ ਸਿਧਾਂਤ ਨੂੰ ਮੰਨਦੇ ਹਨ, ਦੇ ਆਧਾਰ 'ਤੇ ਸਿੱਖ ਧਾਰਮਿਕ ਸੰਸਥਾ ਦਾ ਕੰਟਰੋਲ ਕਰਦੇ ਹਨ, ਦੇ ਪ੍ਰਭਾਵ ਅਤੇ ਕੰਟਰੋਲ ਨੂੰ ਕਮਜ਼ੋਰ ਕੀਤਾ ਹੈ। ਜਦੋਂ ਵੀ ਕਿਸੇ 'ਡੇਰੇ' ਦੀ ਕੋਈ ਕਾਰਵਾਈ ਅਜਿਹਾ ਸਿਆਸੀ ਸਰੂਪ ਧਾਰਨ ਕਰ ਲੈਂਦੀ ਹੈ, ਜੋ ਅਕਾਲੀ ਰਾਜਨੀਤੀ ਦੇ ਅਨੁਰੂਪ ਨਹੀਂ ਹੁੰਦੀ ਹੈ ਤਾਂ ਉਹ ਐਸ.ਜੀ.ਪੀ.ਸੀ ਅਤੇ ਅਕਾਲੀ ਲੀਡਰਸ਼ਿਪ ਦਾ ਨਿਸ਼ਾਨਾ ਬਣ ਜਾਂਦੀ ਹੈ। ਉਹ ਨਹੀਂ ਚਾਹੁੰਦੇ ਕਿ 'ਧਰਮ ਅਤੇ ਰਾਜਨੀਤੀ 'ਚ ਅਭਿੰਨਤਾ' ਦੀ ਦਵਾਈ ਦਾ ਕੋਈ ਹੋਰ ਪ੍ਰਯੋਗ ਕਰੇ। ਇਹ ਬੀਤੇ ਸਾਲ ਉਸ ਸਮੇਂ ਹੋਇਆ, ਜਦੋਂ ਵਿਧਾਨ ਸਭਾ ਚੋਣਾਂ ਵਿਚ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਨੇ ਸਮੂਹਿਕ ਤੌਰ 'ਤੇ ਕਾਂਗਰਸ ਨੂੰ ਵੋਟਾਂ ਦੇ ਕੇ ਅਕਾਲੀ ਦਲ ਨੂੰ ਉਸ ਦੇ ਮਾਲਵਾ ਦੇ ਮਜ਼ਬੂਤ ਗੜ੍ਹ ਵਿਚ ਹੀ ਹਰਾ ਦਿੱਤਾ ਸੀ।

ਨਵੇਂ ਧਾਰਮਿਕ-ਰਾਜਨੀਤਕ ਵਿਵਾਦਾਂ ਦਾ ਮੁੱਖ ਕਾਰਨ ਅਕਾਲੀ ਲੀਡਰਸ਼ਿਪ ਵਲੋਂ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਦਾ ਆਪਣੇ ਸਿਆਸੀ ਉਦੇਸ਼ਾਂ ਲਈ ਦੁਰਉਪਯੋਗ ਹੈ। ਇਹ ਕੋਈ ਨਵਾਂ ਘਟਨਾਕ੍ਰਮ ਨਹੀਂ ਹੈ। ਸਮੇਂ-ਸਮੇਂ 'ਤੇ ਆਉਣ ਵਾਲੀ ਅਕਾਲੀ ਲੀਡਰਸ਼ਿਪ ਦਾ ਮੁੱਖ ਯਤਨ ਐਸ.ਜੀ.ਪੀ.ਸੀ. 'ਤੇ ਆਪਣਾ ਕੰਟਰੋਲ ਕਰਨ ਦਾ ਰਿਹਾ ਹੈ। ਉਹ ਐਸ.ਜੀ.ਪੀ.ਸੀ ਦੇ ਧਾਰਮਿਕ ਮੰਚ ਅਤੇ ਇਸਦੇ ਭਾਰੀ ਆਰਥਿਕ ਸ੍ਰੋਤਾਂ ਦੀ ਵਰਤੋਂ ਆਪਣੇ ਸਿਆਸੀ ਉਦੇਸ਼ਾਂ ਦੀ ਪੂਰਤੀ ਲਈ ਕਰਦੇ ਰਹੇ ਹਨ, ਸਿਰਫ ਇਕ ਅੰਤਰ ਇਹ ਹੈ ਕਿ ਬਾਦਲ ਅਕਾਲੀ ਦਲ ਜਿਸਦੇ ਕੰਟਰੋਲ ਵਿਚ ਸਾਲਾਂ ਤੋਂ ਐਸ.ਜੀ.ਪੀ.ਸੀ. ਅਤੇ ਧਾਰਮਿਕ ਨੇਤਾਵਾਂ 'ਤੇ ਪ੍ਰਭਾਵ ਹੈ, ਵਲੋਂ ਆਪਣੇ ਸਿਆਸੀ ਉਦੇਸ਼ਾਂ ਲਈ ਇਸਦੀ ਵਰਤੋਂ ਦੇ ਨਵੇਂ ਆਯਾਮ ਬਣਾਏ ਗਏ ਹਨ।

ਜਦੋਂ ਤਕ ਐਸ.ਜੀ.ਪੀ.ਸੀ. ਦੇ ਕੰਮਕਾਰ ਵਿਚ ਮੁੱਢੋਂ-ਸੁੱਢੋਂ ਸੁਧਾਰ ਨਹੀਂ ਹੁੰਦਾ, ਉਦੋਂ ਤਕ ਪੰਜਾਬ ਨੂੰ ਧਾਰਮਿਕ ਵਿਵਾਦਾਂ ਅਤੇ ਉਨ੍ਹਾਂ ਦੇ ਗੰਭੀਰ ਸਿਆਸੀ ਸਿੱਟਿਆਂ ਤੋਂ ਨਹੀਂ ਬਚਾਇਆ ਜਾ ਸਕਦਾ।

ਹੁਣ ਚਾਹੇ ਤੁਸੀਂ ਇਸਨੂੰ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੀ ਕਮਜ਼ੋਰ ਕਾਰਜ ਪ੍ਰਣਾਲੀ ਦਾ ਸਿੱਟਾ ਕਹਿ ਲਓ ਕਿ ਲਗਭਗ 3 ਸਾਲ ਪਹਿਲਾਂ ਇਸ ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ ਤੋਂ ਹੀ ਕਈ ਵਿਵਾਦ ਪੈਦਾ ਹੋਏ ਹਨ, ਜਿਨ੍ਹਾਂ 'ਚੋਂ ਕੁਝ ਟਾਲੇ ਵੀ ਜਾ ਸਕਦੇ ਸਨ। ਇਨ੍ਹਾਂ ਵਿਵਾਦਾਂ ਕਾਰਨ ਅਕਾਲੀ ਦਲ-ਭਾਜਪਾ ਵਿਚਾਲੇ ਸੰਬੰਧਾਂ 'ਚ ਖਟਾਸ ਵੀ ਆਈ ਹੈ। ਇਸ ਕ੍ਰਮ 'ਚ ਨਵਾਂ ਵਿਵਾਦ ਉਪ-ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸੂਬੇ ਦੇ ਹਰੇਕ ਡਿਪਟੀ ਕਮਿਸ਼ਨਰ ਨੂੰ 40 ਅਕਾਲੀ ਵਰਕਰਾਂ ਦੀ ਸੂਚੀ ਭੇਜ ਕੇ ਉਨ੍ਹਾਂ ਨੂੰ ਇਹ ਨਿਰਦੇਸ਼ ਦੇਣ ਨਾਲ ਪੈਦਾ ਹੋਇਆ ਹੈ ਕਿ 'ਇਨ੍ਹਾਂ ਅਕਾਲੀ ਨੇਤਾਵਾਂ ਨੂੰ ਪਹਿਲ ਦਿੱਤੀ ਜਾਵੇ। ਇਨ੍ਹਾਂ ਨੂੰ ਖੁਸ਼ ਤੇ ਸੰਤੁਸ਼ਟ ਰੱਖਿਆ ਜਾਵੇ, ਨਹੀਂ ਤਾਂ ਤੁਹਾਨੂੰ ਇਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।'

ਬੀਤੇ ਸਮੇਂ 'ਚ ਵੀ ਕਾਂਗਰਸੀ ਅਤੇ ਅਕਾਲੀ ਸੱਤਾਧਾਰੀ ਲੀਡਰਸ਼ਿਪ ਨੇ ਨੌਕਰਸ਼ਾਹੀ ਦਾ ਰਾਜਨੀਤੀਕਰਨ ਕਰਨ ਅਤੇ ਆਪਣੇ ਸਿਆਸੀ ਹਿੱਤਾਂ ਲਈ ਉਨ੍ਹਾਂ ਦੀ ਵਰਤੋਂ ਕਰਨ ਵਿਚ ਕੋਈ ਸੰਕੋਚ ਨਹੀਂ ਕੀਤਾ ਸੀ ਪਰ ਸੁਖਬੀਰ ਵਲੋਂ ਡਿਪਟੀ ਕਮਿਸ਼ਨਰਾਂ ਨੂੰ ਭੇਜਿਆ ਗਿਆ ਇਹ ਨਿਰਦੇਸ਼ ਨਾ ਸਿਰਫ ਸਿਆਸੀ ਉਦੇਸ਼ਾਂ ਲਈ ਨੌਕਰਸ਼ਾਹੀ ਦੀ ਖੁੱਲ੍ਹੀ ਵਰਤੋਂ ਹੈ, ਬਲਕਿ ਇਸਨੇ ਮੌਜੂਦਾ ਅਕਾਲੀ-ਭਾਜਪਾ ਸਰਕਾਰ ਤੋਂ ਬਾਅਦ ਆਉਣ ਵਾਲੀਆਂ ਸਰਕਾਰਾਂ ਲਈ ਵੀ ਇਕ ਉਦਾਹਰਣ ਪੇਸ਼ ਕਰ ਦਿੱਤੀ ਹੈ।

ਇੱਥੋਂ ਤਕ ਕਿ ਪੰਜਾਬ ਭਾਜਪਾ ਨੇ ਨਵੇਂ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਵਿਚ ਆਪਣੇ ਸੱਤਾਧਾਰੀ ਗੱਠਜੋੜ ਦੇ ਸਹਿਯੋਗੀ ਨੂੰ ਯਾਦ ਦਿਵਾਇਆ ਹੈ ਕਿ ਉਹ ਦੋਵਾਂ ਪਾਰਟੀਆਂ ਦੀ ਗੱਠਜੋੜ ਸਰਕਾਰ ਦੀ ਸੰਚਾਲਨ ਕਰ ਰਿਹਾ ਹੈ, ਨਾ ਕਿ 'ਇਕ ਪ੍ਰਾਈਵੇਟ ਲਿਮਟਿਡ ਕੰਪਨੀ' ਦਾ।

ਭਾਜਪਾ ਨੂੰ ਇਸ ਗੱਲ ਦੀ ਵੀ ਨਾਰਾਜ਼ਗੀ ਹੈ ਕਿ ਸਰਕਾਰ ਵਲੋਂ ਚਲਾਈ ਗਈ ਇਸ਼ਤਿਹਾਰੀ ਮੁਹਿੰਮ ਵਿਚ ਭਾਜਪਾ ਦੀ ਬੇਧਿਆਨੀ ਕੀਤੀ ਜਾ ਰਹੀ ਹੈ।

ਲੱਗਦਾ ਹੈ ਕਿ ਅਕਾਲੀ ਨੇਤਾਵਾਂ ਨੂੰ ਖੁਸ਼ ਰੱਖਣ ਲਈ ਸੁਖਬੀਰ ਵਲੋਂ ਦਿੱਤੇ ਗਏ ਨਿਰਦੇਸ਼ਾਂ ਪ੍ਰਤੀ ਉਸ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਨਹੀਂ ਹੈ। ਭਾਜਪਾ ਨੂੰ ਜੋ ਨਾਰਾਜ਼ਗੀ ਹੈ, ਉਹ ਇਹ ਹੈ ਕਿ ਅਕਾਲੀ ਪਾਰਟੀ ਵਲੋਂ ਗੱਠਜੋੜ ਧਰਮ ਦਾ ਪਾਲਣ ਨਾ ਕਰਦੇ ਹੋਏ ਡਿਪਟੀ ਕਮਿਸ਼ਨਰ ਨੂੰ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਭਾਜਪਾ ਵਰਕਰਾਂ ਨੂੰ ਵੀ ਖੁਸ਼ ਅਤੇ ਸੰਤੁਸ਼ਟ ਰੱਖਣ।

ਸੁਖਬੀਰ ਦੇ ਉਕਤ ਨਿਰਦੇਸ਼ਾਂ ਅਤੇ ਉਸ ਕਾਰਜ ਪ੍ਰਣਾਲੀ ਦੀ ਇਕ ਇਕੱਲੀ ਉਦਾਹਰਨ ਨਹੀਂ ਹੈ, ਜੋ ਕਿ ਇਕਤਰਫਾ ਅਤੇ ਤਾਨਾਸ਼ਾਹੀ ਨੂੰ ਦਰਸਾਉਂਦੀ ਹੈ ਤੇ ਜਿਸ ਨਾਲ ਪੰਜਾਬ ਦੇ ਲੋਕਤੰਤਰ ਦੇ ਭਵਿੱਖ ਦੇ ਅੱਗੇ ਪ੍ਰਸ਼ਨ ਚਿੰਨ੍ਹ ਲੱਗ ਜਾਂਦੇ ਹਨ। ਇਸਦੀ ਸ਼ੁਰੂਆਤ ਬੀਤੇ ਸਾਲ ਸਥਾਨਕ ਲੋਕਲ ਬਾਡੀਜ਼ ਚੋਣਾਂ ਵਿਚ ਹਥਿਆਰਬੰਦ ਅਕਾਲੀ ਤੱਤਾਂ ਦੁਆਰਾ ਕੀਤੀ ਗਈ ਵਿਆਪਕ ਹੇਰਾਫੇਰੀ ਅਤੇ ਬਾਅਦ ਵਿਚ ਹੋਰ ਕੁਝ ਘਟਨਾਵਾਂ ਵੀ ਹੋਈਆਂ, ਜਿਨ੍ਹਾਂ ਵਿਚ ਸੂਚਨਾ ਦੇ ਸ੍ਰੋਤਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਉਣ ਲਈ ਸਰਕਾਰੀ ਤੰਤਰ ਦੀ ਦੁਰਵਰਤੋਂ ਅਤੇ ਪੰਜਾਬ ਤੇ ਚੰਡੀਗੜ੍ਹ ਵਿਚ ਪ੍ਰਤੱਖ ਤੌਰ 'ਤੇ 'ਮਨੋਪਲੀ' ਰਾਹੀਂ ਚੈਨਲਾਂ 'ਤੇ ਕੰਟਰੋਲ ਵੀ ਸ਼ਾਮਿਲ ਹੈ।


ਇਸ ਵਿਚ ਸ਼ੱਕ ਨਹੀਂ ਕਿ ਅਕਸਰ ਸੁਖਬੀਰ ਨੇ ਕੁਝ ਖੇਤਰਾਂ ਵਿਚ ਆਪਣੀ ਨੌਜਵਾਨ ਪਹਿਲ ਅਤੇ ਲੀਡਰਸ਼ਿਪ ਦਾ ਪ੍ਰਦਰਸ਼ਨ ਕੀਤਾ ਹੈ। ਖ਼ਾਸ ਕਰਕੇ ਵੱਡੀਆਂ ਅਤੇ ਅਹਿਮ ਯੋਜਨਾਵਾਂ ਦੇ ਐਲਾਨ ਕਰਨ 'ਚ ਉਨ੍ਹਾਂ ਨੇ ਉਤਸ਼ਾਹ ਪ੍ਰਦਰਸ਼ਿਤ ਕੀਤਾ ਹੈ। ਇਹ ਵੱਖ ਗੱਲ ਹੈ ਕਿ ਕੁਝ ਮਾਮਲਿਆਂ ਵਿਚ ਉਨ੍ਹਾਂ ਦੀਆਂ ਯੋਜਨਾਵਾਂ ਪੰਜਾਬੀ ਦੀ ਪੁਰਾਣੀ ਕਹਾਵਤ 'ਅੱਗਾ ਦੌੜ ਪਿੱਛਾ ਚੌੜ' ਦੀ ਯਾਦ ਦਿਵਾਉਂਦੀਆਂ ਹਨ।

ਸੱਤਾਧਾਰੀ ਅਕਾਲੀ ਲੀਡਰਸ਼ਿਪ ਸ਼ਾਇਦ ਇਸ ਗੱਲ 'ਤੇ ਵਿਸ਼ਵਾਸ ਕਰਦੀ ਹੈ ਕਿ ਕੋਈ ਵੱਡੀ ਗਲਤੀ ਕਰਕੇ ਉਸ ਦੀ ਕੀਮਤ ਚੁਕਾਉਣ ਤੋਂ ਬਿਹਤਰ ਹੈ ਕਿ ਕੰਮ ਹੀ ਨਾ ਕੀਤਾ ਜਾਵੇ ਪਰ ਵੋਟਰ ਵੀ ਇਸ ਗੱਲ ਨੂੰ ਨਹੀਂ ਮੰਨਦੇ, ਉਹ ਤਾਂ ਚਾਹੁੰਦੇ ਹਨ ਕਿ ਸਰਕਾਰ ਕੰਮ ਕਰੇ।

ਹੁਣ ਸਮਾਂ ਆ ਗਿਆ ਹੈ ਕਿ ਚੋਟੀ ਦੀ ਅਕਾਲੀ ਲੀਡਰਸ਼ਿਪ ਜੇ ਇਹ ਚਾਹੁੰਦੀ ਹੈ ਕਿ ਪੰਜਾਬ ਆਪਣੇ ਅਤੀਤ ਦੀ ਗਰਿਮਾ, ਖੁਸ਼ਹਾਲੀ ਤੇ ਉੱਚ ਪੱਧਰ ਨੂੰ ਮੁੜ ਪ੍ਰਾਪਤ ਕਰੇ ਤੇ ਸੂਬੇ 'ਚ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਬਣੀ ਰਹੇ ਤਾਂ ਉਸਨੂੰ ਆਪਣੀਆਂ ਧਾਰਮਿਕ-ਸਿਆਸੀ ਨੀਤੀਆਂ ਬਾਰੇ ਗੰਭੀਰਤਾ ਨਾਲ ਆਤਮ ਵਿਸ਼ਲੇਸ਼ਣ ਕਰ ਲੈਣਾ ਚਾਹੀਦਾ ਹੈ।

# ਕਲਿਯੁਗ ਦੀ ਕਵੀਸ਼ਰੀ-ਆ ਗਏ ਦਿਨ ਕਲਯੁਗ ਦੇ ਮਾੜੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਬੋਤੇ ਉਤੇ ਚੜ੍ਹੇ ਜਾਂਦੇ ਤਿੰਨ ਸਿੰਘ ਜੀ,
ਬੋਤੇ ਨੂੰ ਲੱਗਾ ਭਾਰ, ਉਹ ਪਿਆ ਅੜਿੰਗ ਜੀ।
ਖੇਤਾਂ ਵਿਚ ਚਰਦੀਆਂ ਤਿੰਨ ਕੱਟੀਆਂ
ਅਸੀਂ ਜਾ ਕੇ ਉਨ੍ਹਾਂ ਦੀਆਂ ਪੂਛਾਂ ਪੱਟੀਆਂ।
ਛੱਪੜ ਕੰਢੇ ਸੰਗਤਾਂ ਨੇ ਡੱਡ ਮਾਰਿਆ
ਧੰਨ ਬਾਬਾ ਨਾਨਕ ਜਿਹਨੇ ਜੱਗ ਤਾਰਿਆ।

ਕਹਿਣ ਨੂੰ ਤਾਂ ਇਨ੍ਹਾਂ ਸਤਰਾਂ ਨੂੰ ਵੀ 'ਕਵਿਤਾ' ਕਿਹਾ ਜਾਵੇਗਾ। ਪ੍ਰੰਤੂ ਕਾਵਯ-ਵਿੱਦਿਆ ਦੇ ਪਿੰਗਲ ਦਾ ਕੋਈ ਵੀ ਜਾਣਕਾਰ, ਇਨ੍ਹਾਂ ਪੰਕਤੀਆਂ ਨੂੰ ਕਵਿਤਾ ਮੰਨਣੋਂ ਇਨਕਾਰੀ ਹੋਵੇਗਾ। ਚਲੋ ਫਿਰ ਵੀ ਇਨ੍ਹਾਂ ਵਿਚ ਥੋੜੀ-ਬਹੁਤੀ ਛੰਦਾ-ਬੰਦੀ ਦੀ ਝਲਕ ਅਤੇ ਕਾਫੀਆ ਤੁਕਾਂਤ ਮਿਲਦਾ ਹੈ। ਪਰ ਅਹਿ ਜਿਹੜੀ ਖੁਲ੍ਹੀ ਕਵਿਤਾ ਰਚੀ ਜਾ ਰਹੀ ਹੈ, ਉਸਦਾ ਨਮੂਨਾ ਦੇਖੋ ਜ਼ਰਾ-

ਸਾਡੇ ਕੋਠੇ ਨਿੰਮ ਦਾ ਬੂਟਾ
ਬਾਹਰ ਖੜ੍ਹਾ ਸਰਪੰਚ
ਦੇਈਂ ਗਵਾਂਢਣੇ ਫਾਹੁੜਾ
ਮੈਂ ਰਜਾਈ ਨਗੰਦਣੀ।

ਅਖੇ 'ਲਿਖੇ ਮੂਸਾ ਪੜ੍ਹੇ ਖੁਦਾ!' ਇਹੋ ਜਿਹੀਆਂ 'ਖੁੱਲ੍ਹੀਆਂ ਕਵਿਤਾਵਾਂ' ਸ਼ਾਇਦ ਇਨ੍ਹਾਂ ਨੂੰ ਲਿਖਣ ਵਾਲਿਆਂ ਦੀ 'ਪਕੜ' ਵਿਚ ਭਾਵੇਂ ਆ ਜਾਂਦੀਆਂ ਹੋਣ, ਪਰ ਆਮ ਪਾਠਕਾਂ ਦੀ ਨਜ਼ਰ ਵਿਚ ਤਾਂ ਇਹ ਕਾਲੇ ਅੱਖਰਾਂ ਬਰਾਬਰ ਹੀ ਹੁੰਦੀਆਂ ਹਨ। ਨਾ ਕੋਈ ਰਸ, ਨਾ ਕੋਈ ਖਿਆਲ ਲੜੀ ਅਤੇ ਨਾ ਹੀ ਕੋਈ ਸੰਦੇਸ਼। ਹਾਂ, ਅੰਤ੍ਰੀਵੀ 'ਭਾਵ-ਅਰਥਾਂ' ਦੇ ਨਾਂ ਥੱਲੇ, ਇਨ੍ਹਾਂ ਦੇ ਮਨ ਇੱਛਤ ਮਤਲਬ ਕੱਢ-ਕੱਢ ਕੇ, ਦਿਲ ਨੂੰ ਖੁਸ਼ ਕਰੀ ਜਾਓ ਜਾਂ ਉਦਾਸੀ 'ਚ ਮੂੰਹ ਲਟਕਾਈ ਬੈਠੇ ਰਹੋ। ਇਹ ਪਾਠਕ ਦੀ ਆਪਣੀ ਸੋਚ ਉਡਾਰੀ 'ਤੇ ਹੀ ਨਿਰਭਰ ਕਰਦਾ ਹੈ। ਦੂਸਰੀਆਂ ਭਾਸ਼ਾਵਾਂ ਦੇ ਪਾਠਕਾਂ ਦੀ ਤਾਂ ਮਾਡਰਨ ਖੁਲ੍ਹੀ ਕਵਿਤਾ, ਪਹਿਲੀ ਪਸੰਦ ਹੋ ਸਕਦੀ ਹੈ, ਪਰ ਪੰਜਾਬੀ ਸੁਭਾਅ, ਖਾਸ ਕਰਕੇ ਪੇਂਡੂ ਵਸੋਂ ਵਿਚ ਠੁੱਕਦਾਰ ਛੰਦਾ-ਬੰਦੀ ਨੂੰ ਹੀ ਚਾਹ ਕੇ ਪੜ੍ਹਿਆ-ਸੁਣਿਆ ਜਾਂਦਾ ਹੈ। ਜਿਵੇਂ ਇਕ ਤੇਲੀ ਦੇ 'ਜਾਟ ਰੇ ਜਾਟ ਤੇਰੇ ਸਿਰ ਪਰ ਖਾਟ' ਕਹਿਣ 'ਤੇ ਜਦੋਂ ਜੱਟ ਕਹਿੰਦਾ ਹੈ, 'ਤੇਲੀ ਓ ਤੇਲੀ ਤੇਰੇ ਸਿਰ 'ਤੇ ਕੋਹਲੂ' ਤਾਂ ਅੱਗਿਉਂ ਤੇਲੀ ਵਲੋਂ ਜੱਟ ਨੂੰ ਕਾਫੀਆ ਨਾ ਮਿਲਣ ਦਾ ਤਾਅਨਾ ਹੀ ਮਾਰਿਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਜੱਟ ਆਪਣਾ ਟੋਟਕਾ ਛੱਡਦਾ ਹੈ, 'ਕਾਫੀਆ ਮਿਲੇ ਨਾ ਮਿਲੇ ਸਾਲਿਆ ਭਾਰ ਥੱਲੇ ਤਾਂ ਮਰੇਗਾ ਹੀ ਨਾ'।

ਖੁਦ ਮੈਨੂੰ ਬੇ-ਸਿਰ ਪੈਰ ਦੇ ਗੀਤ ਕਵਿਤਾਵਾਂ ਨਾਲੋਂ ਬੈਂਤ, ਕਬਿੱਤ, ਸਵੱਯੀਆ, ਡਿਉਡਾ ਅਤੇ ਸਿਰਖੰਡੀ-ਛੰਦ ਆਦਿਕ ਬਹੁਤ ਪਿਆਰੇ ਲੱਗਦੇ ਹਨ। ਕਿਸੇ ਮਨੁੱਖੀ ਬੀਮਾਰੀ 'ਤੇ ਆਸਟ੍ਰੇਲੀਆ ਵਿਚ ਐਮ.ਡੀ. ਕਰ ਰਹੇ ਮੇਰੇ ਇਕ ਅਜੀਜ਼ ਨੌਜਵਾਨ ਡਾਕਟਰ ਨੇ ਮੈਨੂੰ ਕੁਝ ਵੀਡੀਓ ਕਲਿਪ ਭੇਜੇ, ਨਾਲ ਜ਼ਰੂਰ ਸੁਣਨ ਦੀ ਹਦਾਇਤ ਵੀ ਲਿਖੀ ਹੋਈ ਸੀ। ਇਹ ਸੋਚਦਿਆਂ ਕਿ ਮਾਡਰਨ ਸੋਚ ਵਾਲੇ ਡਾਕਟਰ ਨੇ ਅਕਾਸ਼ ਤੋਂ ਤਾਰੇ ਤੋੜਨ ਵਾਲੀ ਕੋਈ ਲੁਕਵੀਂ ਕਵਿਤਾ ਹੀ ਭੇਜੀ ਹੋਣੀ ਹੈ, ਮੈਂ ਕਈ ਦਿਨ ਭੇਜੇ ਗਏ ਮੈਟਰ 'ਤੇ ਕੋਈ ਗੌਰ ਨਾ ਕੀਤਾ। ਲੇਕਿਨ ਜਦ ਫੁਰਸਤ ਦੇ ਪਲਾਂ ਵਿਚ ਇਹ ਪਟਾਰੀ ਖੋਲ੍ਹੀ ਤਾਂ ਸੁਣਦਿਆਂ ਸਾਰ ਮੈਂ ਅਸ਼-ਅਸ਼ ਕਰ ਉੱਠਿਆ। ਆਪ ਮੁਹਾਰੇ ਮੇਰੇ ਮੂੰਹੋਂ ਨਿਕਲਿਆ- "ਹੈਗੇ ਨੇ ਹਾਲੇ ਬਾਬੂ ਰਜਬ ਅਲੀ ਦੇ ਚੇਲੇ ਬਾਲਕੇ, ਜਿਹੜੇ ਰੂਹਾਂ ਨੂੰ ਲਰਜ਼ਾ ਦੇਣ ਵਾਲੇ ਛੰਦ ਲਿਖਦੇ ਤੇ ਬੋਲਦੇ ਹਨ!"...ਕੋਈ ਮਹਾਂ ਚਿੱਤਰਕਾਰ ਵੀ ਅਜੋਕੇ ਪੰਜਾਬੀ ਸਮਾਜ ਦਾ ਐਸਾ ਦ੍ਰਿਸ਼-ਚਿਤ੍ਰਣ ਨਹੀਂ ਕਰ ਸਕਦਾ ਜੈਸਾ ਕਿ ਇਸ ਕਵੀਸ਼ਰੀ ਵਿਚ ਕਲਮਬੰਦ ਕੀਤਾ ਗਿਆ ਹੈ। 'ਆ ਗਏ ਦਿਨ ਕਲਿਯੁਗ ਦੇ ਮਾੜੇ' ਸਿਰਲੇਖ ਵਾਲੀ ਇਹ ਕਵੀਸ਼ਰੀ, ਜੋ ਸੁਖਦੇਵ ਸਿੰਘ ਤੇ ਸਾਥੀਆਂ ਦੀ ਗਾਈ ਹੋਈ ਹੈ, ਪਾਠਕਾਂ ਅੱਗੇ ਪੇਸ਼ ਕਰ ਰਿਹਾਂ।

ਰਵਾਇਤ ਅਨੁਸਾਰ ਸਰਸਵਤੀ ਦਾ ਨਾਂ ਲੈ ਕੇ, ਕਲਗੀਧਰ ਨੂੰ ਸੀਸ ਨਿਵਾ ਕੇ ਅਤੇ ਰਜਬ ਅਲੀ ਖਾਂ, ਉਸਤਾਦ ਜੀ ਨੂੰ ਸਲਾਮ ਕਰਕੇ 'ਦੋਹਿਰਾ' ਬੋਲਿਆ ਗਿਆ ਹੈ-

ਕਲੀ-ਕਾਲ ਕੇ ਬੀਚ ਮੇਂ
ਉਲਟੀ ਚਲ ਪਈ ਕਾਰ,
ਮਿੱਤਰ ਦਗਾ ਕਮਾਂਵਦੇ
ਕਰ ਮਿੱਤਰ ਸੇ ਪਿਆਰ।

ਇਸ ਤੋਂ ਬਾਅਦ ਅਜੋਕੇ ਪਦਾਰਥਵਾਦੀ ਯੁੱਗ ਦੀਆਂ ਹਨੇਰੀਆਂ ਵਿਚ ਹੋ ਰਹੀ ਧਰਮ ਦੀ ਹਾਨੀ ਨੂੰ ਇਉਂ ਦਰਸਾਇਆ ਗਿਆ ਹੈ-

ਅਜਕਲ ਜ਼ੁਲਮ ਨੇ ਬੁਰਜ ਉਸਾਰੇ,
ਢਹਿੰਦੇ ਜਾਂਦੇ ਧਰਮ ਚੁਬਾਰੇ
ਗਿਰਜੇ, ਗੁਰਦੁਆਰੇ ਤੇ ਮੰਦਰ,
ਕਾਜੀ ਰੋਣ ਮਸੀਤਾਂ ਅੰਦਰ
ਲੋਕ ਨਾ ਕਰਦੇ ਸ਼ਰਮਾਂ ਨੂੰ।
ਹੋ ਗਈ ਆਪ-ਮੁਹਾਰੀ ਦੁਨੀਆਂ
ਮੰਨਣੋਂ ਹਟ ਗਈ ਧਰਮਾਂ ਨੂੰ
ਹਰ ਥਾਂ ਲੋਭ-ਜ਼ੁਲਮ ਦਾ ਰਾਜ ਐ,
ਮੋਮਨ ਲੱਗ ਪਏ ਖਾਣ ਵਿਆਜ ਐ।
ਹਿੰਦੂ ਸਿੱਖ ਵੀ ਰਸਮਾਂ ਛੱਡਣ,
ਨਾ ਦਸਵੰਧ ਕਮਾਈਉਂ ਕੱਢਣ
ਨਾ ਗੱਲ ਸਮਝਣ ਬਾਣੀ ਦੀ।
ਆ ਗਏ ਦਿਨ ਕਲਿਯੁਗ ਦੇ ਮਾੜੇ,
ਵਧ ਗਈ ਕਾਰ ਸ਼ੈਤਾਨੀ ਦੀ!

ਸਭਿਆਚਾਰਕ ਮੇਲਿਆਂ ਦੇ ਨਾਂ ਹੇਠ ਦਿਖਾਏ ਜਾ ਰਹੇ 'ਲੁੱਚ-ਪੁਣੇ' ਦਾ ਨਕਸ਼ਾ ਦੇਖੋ ਕੈਸਾ ਦਿਲਚਸਪ ਹੈ-

ਲੋਕ ਗਾਇਕ ਬਣੇ ਮੁਸ਼ਟੰਡੇ
ਤੂੰਬੀ ਵਿਚ ਫਸਾਏ ਡੰਡੇ।
ਟੰਗ ਦੀ ਬਾਂਹ ਤੇ ਬਾਂਹ ਦੀ ਟੰਗ ਹੈ,
ਸੁਰ ਤੋਂ ਬਾਹਰ ਪਾਲਦੇ ਸੰਗ ਹੈ।
ਕੌਣ ਕਹਿਣ ਤਾਂ ਗਾਣਾ ਗਾਉਂਦੇ।
ਪਿੰਡੋਂ ਸ਼ਹਿਰੋਂ ਲੱਭ ਕੇ ਕਿੱਧਰੋਂ,
ਨਾਲ ਇਕ ਕੁੜੀ ਲਿਆਉਂਦੇ ਐ।

ਇਸ ਕੰਜਰਪੁਣੇ ਨੂੰ ਮਸਤ ਹੋ ਕੇ ਸੁਣਨ ਵਾਲੇ 'ਰੱਬ ਵਰਗੇ ਸ੍ਰੋਤਿਆਂ' ਦੀ ਖ਼ਸਲਤ ਦਾ ਰੰਗ ਦੇਖ ਲਉ-

ਜਾਨਣ ਸੁਰ ਨਾ ਜਾਨਣ ਤਾਲ ਐ,
ਆਖਣ ਜੋੜੀ ਬੜੀ ਕਮਾਲ ਐ।
ਝਾਕਾ ਲਵੇ ਪਨੀਰੀ ਹੁਣ ਦੀ,
ਇਹ ਕੋਈ ਗੀਤ ਗੂਤ ਨਹੀਂ ਸੁਣਦੀ,
ਵੇਖੇ 'ਝਲਕ' ਜਨਾਨੀ ਦੀ।
ਆ ਗਏ ਦਿਨ ਕਲਿਯੁਗ ਦੇ ਮਾੜੇ...।

ਅਣਖੀਲੇ ਪੰਜਾਬੀਆਂ ਨੂੰ ਬੇ-ਗੈਰਤ ਅਤੇ ਬੇ-ਹਯਾ ਬਣਾ ਰਹੇ ਇਸ ਮਾਰੂ ਕਹਿਰ ਤੋਂ ਬਚਾਉਣ ਲਈ ਕਵੀਸ਼ਰ ਸੁਖਦੇਵ ਸਿੰਘ ਹੱਥ ਜੋੜ ਕੇ ਅਰਜੋਈ ਕਰਦਾ ਹੈ:

ਸੁਣੋ ਬਜ਼ੁਰਗੋ ਮਾਈਓ ਵੀਰੋ,
ਮੁੰਡਿਉ ਭੈਣੋਂ ਉਮਰ ਪਠੀਰੋ।
ਸਾਡੀ ਅਰਜ਼ ਕੰਨਾਂ ਵਿਚ ਪਾਇਓ,
ਕਦੇ ਨਾ 'ਖਾੜ੍ਹਾ ਪਿੰਡ ਲਗਵਾਇਉ,
ਗੰਦੇ ਗੀਤ ਗਾਉਣਿਆਂ ਦਾ।
ਸੱਭਿਆਚਾਰ ਪੰਜਾਬੀ ਵਿਰਸੇ ਨੂੰ
ਢਾਹ ਮਾੜੀ ਲਾਉਣਿਆਂ ਦਾ!

ਕਿਸੇ ਮੌਕੇ ਛੈਲ-ਛਬੀਲੇ, ਸਾਬਤ-ਸੂਰਤ ਰੰਗ ਬਰੰਗੀਆਂ ਦਸਤਾਰਾਂ ਬੰਨ੍ਹਣ ਵਾਲੇ ਪੰਜਾਬੀ ਗਭਰੂਆਂ ਦੀ, ਹੁਣ ਦੀ ਪਤਿਤਪੁਣੇ ਦਾ ਸ਼ਿਕਾਰ ਹੋਇਆ ਦੀ ਦਰਦਨਾਕ ਤਸਵੀਰ ਦੇਖੋ:

ਮੁੰਡੇ ਮੂਹਰਿਉਂ ਕੇਸ ਕਟਾਵਣ,
ਬਚਦੇ ਗਿੱਚੀ 'ਤੇ ਲਟਕਾਵਣ।
ਤੇ ਇਕ ਕੰਨ 'ਚ ਪਹਿਨਦੇ ਬੁੰਦੇ,
ਜਿਵੇਂ ਨਚਾਰ ਸੀ ਪਹਿਲਾਂ ਹੁੰਦੇ,
ਲੱਕੀਂ ਜੀਨ ਚੜ੍ਹਾ ਲਈ ਐ,
ਹੈ ਲੜਕਾ ਕਿ ਲੜਕੀ?
ਇਹ ਗੱਲ ਸਮਝਣ ਵਾਲੀ ਐ!
ਭੋਰਾ ਭਰ ਨਾ ਮੰਨਦੇ ਹਾਨੀ,
ਮਰਦੋਂ ਬਣਨਾ ਚਾਹੁਣ ਜਨਾਨੀ
ਤੁਰਦੇ ਤੋਰ ਲਿਆਉਂਦੇ ਲੋਹੜੇ,
ਮਾਰਨ ਕੁੜੀਆਂ ਵਾਂਗ ਮਰੋੜੇ
ਜਿਦਾਂ 'ਡੌਲ' ਜਪਾਨੀ ਦੀ।
ਆ ਗਏ ਦਿਨ ਕਲਿਯੁਗ ਦੇ ਮਾੜੇ...!

ਮਾਤਾ ਭਾਗੋ ਅਤੇ ਬੀਬੀ ਹਰਸ਼ਰਨ ਕੌਰ ਦੀਆਂ ਵਾਰਸ ਪੰਜਾਬਣ ਕੁੜੀਆਂ ਜਿਨਾਂ ਦੇ ਚਿਹਰਿਆਂ 'ਤੇ ਹਯਾ ਦੀ ਲਾਲੀ ਡਲ੍ਹਕਾਂ ਮਾਰਦੀ ਹੁੰਦੀ ਸੀ, ਜਿਨ੍ਹਾਂ ਦਾ ਸੁਹਜ ਭਰਿਆ ਪਹਿਰਾਵਾ ਦੁਨੀਆਂ ਭਰ 'ਚ ਸਲਾਹਿਆ ਜਾਂਦਾ ਸੀ, ਉਨ੍ਹਾਂ ਦੀ ਵਰਤਮਾਨ ਦਸ਼ਾ ਢਿੱਡ 'ਚ ਮੁੱਕੀਆਂ ਦੇ ਕੇ ਸੁਣਨ ਵਾਲੀ ਹੈ:

ਆਹ ਜੋ ਪੜ੍ਹਨ ਕਾਲਜੀਂ ਕੁੜੀਆਂ
ਬਹੁਤੀਆਂ ਗਲਤ ਕੰਮਾਂ ਵਿਚ ਰੁੜੀਆਂ
ਸ੍ਰੋਤਿਉ ਜਮਾ ਗਵਾ'ਤੀ ਜੱਗ ਦੀ,
ਮੂੰਹ 'ਚੋਂ ਬੋਲਦਿਆਂ ਸੰਗ ਲਗਦੀ।
ਟੱਪੀਆਂ ਲਾਲ ਲਕੀਰਾਂ ਨੂੰ।
ਦੱਸੀਏ ਬੋਲ ਅਸੀਂ ਕੀ ਥੋਨੂੰ,
ਸਮਝੋ 'ਗੁਪਤ' ਨਜ਼ੀਰਾਂ ਨੂੰ।
ਬਿਊਟੀ-ਪਾਰਲਰਾਂ ਵਿਚ ਜਾ ਕੇ,
ਕੁੜੀਆਂ ਆਵਣ ਕੇਸ ਕਟਾ ਕੇ
ਝਾਲਰ ਲਟਕੇ ਮੱਥਿਆਂ 'ਤੇ।
ਅੱਖੀਂ ਸ਼ਹਿਰ ਵਿਚ ਦੇਖੋ,
ਜੇ ਵਿਸ਼ਵਾਸ ਨੀਂ ਕੱਥਿਆਂ 'ਤੇ।
ਐਸੇ ਸੂਟ ਸਿਊਂਦੇ ਟੇਲਰ,
ਲਗਦੇ ਫਿਲਮ ਦੇ ਦਿਸਣ ਟ੍ਰੇਲਰ।
ਲੱਗਣ ਨਾ ਸਿਆਣਿਆਂ ਨੂੰ ਚੰਗੀਆਂ,
ਇੱਕ ਬਟਾ ਤਿੰਨ...ਨੰਗੀਆਂ!

ਸਿਆਸਤਦਾਨਾਂ ਅਤੇ ਪੰਜਾਬ ਦੋਖੀ ਅਨਸਰਾਂ ਦੀ ਮਿਲੀਭੁਗਤ ਨਾਲ ਗੁਰੂਆਂ ਦੇ ਨਾਮ 'ਤੇ ਵਸਦੇ ਪੰਜਾਬ ਵਿਚ ਵਗਾਏ ਜਾ ਰਹੇ ਨਸ਼ਿਆਂ ਦੇ ਦਰਿਆਵਾਂ ਵਿਚ ਗੋਤੇ ਖਾ ਰਹੇ ਨਸ਼ੇੜੀਆਂ ਦੀਆਂ ਕਰਤੂਤਾਂ ਬਿਆਨ ਕਰਦਿਆਂ, ਚੁਸਤ ਕਵੀਸ਼ਰ ਨੇ ਕਿਵੇਂ ਅੰਗਰੇਜ਼ੀ ਦੇ ਸ਼ਬਦ ਫਿੱਟ ਕੀਤੇ ਨੇ, ਦੇਖੋ ਕਮਾਲ!

ਵਧ ਗਏ ਨਸ਼ੇ ਗਿਣੇ ਨਾ ਜਾਂਦੇ,
ਬੁਢੜੇ ਗੱਭਰੂ, ਅਧਖੜ ਖਾਂਦੇ।
ਸਿਗਰਟ, ਬੀੜੀ ਸੁਲਫਾ ਗਾਂਜਾ,
ਕੁਝ ਨਾ ਛੱਡਦੇ ਫੇਰਨ ਮਾਂਜਾ,
ਮੂੰਹ ਵਿਚ ਰੱਖਦੇ ਜ਼ਰਦਿਆਂ ਨੂੰ।
ਗੋਲੀਆਂ ਖਾ ਗਲੀਆਂ ਵਿਚ ਡਿਗਦੇ,
ਮਸਾਂ ਬਚਾਉਂਦੇ ਮਰਦਿਆਂ ਨੂੰ।
'ਡੈਜ਼ੀ ਪਾਮ' ਗੋਲੀਆਂ ਖਾਂਦੇ
ਬਿਲਕੁਲ ਡੈਮ-ਫੂਲ ਹੋ ਜਾਂਦੇ।
'ਫੈਂਸੀਡ੍ਰਿਲ' ਜੋ ਪੀਣ ਦੁਆਈ,
ਸਮਝੋ ਮੌਤ ਆਈ ਕਿ ਆਈ।
ਲਾਉਣ ਜੋ 'ਨੌਰਫੀਨ' ਦੇ ਟੀਕੇ,
ਉਨ ਕੋ ਕੁੱਝ ਚਿਰ ਮੌਤ ਉਡੀਕੇ
ਜਿਹੜੀ ਨਾੜ 'ਚ ਲੱਗੇ 'ਇੰਜੈਕਸ਼ਨ'
ਹੋ ਜਏ ਬੰਦ ਉਸਦਾ 'ਐਕਸ਼ਨ'
ਨਾੜਾਂ ਸੁੱਕਣ ਸਰੀਰ ਦੀਆਂ।
ਮਾਂ-ਪਿਉ ਰੋਣ, ਜਨਾਨੀ ਪਿੱਟਦੀ
ਘੜੀਆਂ ਔਣ ਅਖੀਰ ਦੀਆਂ।

ਬਹੁਤ ਹੀ ਦਰਦ ਭਰੀ ਆਵਾਜ਼ 'ਚ ਕਵੀਸ਼ਰ ਨੇ ਇਨ੍ਹਾਂ ਨਸ਼ਿਆਂ ਦੀ ਲਾਹਣਤ ਤੋਂ ਛੁਟਕਾਰਾ ਪਾਉਣ ਲਈ ਇਉਂ ਅਰਜ਼ ਗੁਜ਼ਾਰੀ ਹੈ-

ਸਾਡੀ ਸੁਣ ਲਓ ਵੀਰ ਭਰਾਵੋ,
ਐਸੇ ਨਸ਼ਿਆਂ ਤੋਂ ਸਹੁੰ ਖਾਵੋ।
ਮੰਗਣ ਹੋਰ ਖਾਣ ਨੂੰ ਜਿਹੜੇ,
ਦਿਉ ਨਾ ਮੂੰਹ 'ਤੇ ਜੜੋ ਚਪੇੜੇ
ਜਿਉਂ ਸੱਟ ਵੱਜਦੀ ਕਾਨੀ ਦੀ।
ਆ ਗਏ ਦਿਨ ਕਲਿਯੁਗ ਦੇ ਮਾੜੇ...!

ਰਿਸ਼ਵਤਾਂ ਅਤੇ ਦੋ ਨੰਬਰ ਦੇ ਧੰਦਿਆਂ ਕਾਰਨ ਧਨਾਢ ਬਣ ਚੁੱਕੇ ਸਿਆਸੀ ਆਗੂਆਂ, ਵਪਾਰੀਆਂ ਅਤੇ ਅਫਸਰਾਂ ਦੇ ਇਖਲਾਕਹੀਣ ਕਾਰਨਾਮੇ, ਰਾਜਸੀ ਚੌਧਰੀਆਂ ਤੇ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਹੁੰਦੀ ਪਰਜਾ ਦੀ ਲੁੱਟ ਖਸੁੱਟ ਤੇ ਖੁਆਰੀ ਇਨ੍ਹਾਂ ਸਤਰਾਂ ਰਾਹੀਂ ਬਿਆਨੀ ਗਈ ਹੈ:

ਜਿਤਨੇ 'ਬਿੱਗ ਸਿਟੀ' ਵਿਚ ਹੋਟਲ,
ਨੰਗੇ ਨਾਚ ਨਚਾਉਂਦੇ ਟੋਟਲ।
ਜਿੰਨੇ ਧਨਾਢ ਅਮੀਰ ਵਪਾਰੀ
ਸਭ ਦੀ ਮੱਤ ਕਾਮ ਨੇ ਮਾਰੀ।
ਡਿਊਟੀ ਭੁੱਲ ਗਏ ਸਭ ਅਧਿਕਾਰੀ,
ਸਭ ਦੀ ਮੱਤ ਪੈਸੇ ਨੇ ਮਾਰੀ।
ਸਭ ਦੀ ਇੱਕੋ ਟੋਪੀ ਸੇਲੀ,
ਐਮ.ਪੀ, ਐਮ.ਐਲ.ਏ. ਦੇ ਬੇਲੀ।
ਰਹਿੰਦੇ ਉਹਦੇ ਪੱਖ ਦੇ ਐ।
ਪੈਸੇ ਲਏ ਬਗੈਰ ਨਾ ਚਪੜਾਸੀ ਰੱਖਦੇ ਐ!
ਆਈ.ਏ.ਐਸ. ਰੈਂਕ ਦੇ ਅਹੁਦੇ
ਲਾਉਂਦੇ ਪੈਸਿਆਂ ਵਾਲੇ ਸੌਦੇ।
ਹੋਵੇ ਕਿੰਨਾ ਵਕੀਲ 'ਕਲੈਵਰ'
ਮਾਇਆ ਬਾਝ ਬਣੂ ਕੰਮ 'ਨੈਵਰ'
ਨਾ ਕੋਈ ਪੁੱਛ ਕੁਰਬਾਨੀ ਦੀ।
ਆ ਗਏ ਦਿਨ ਕਲਿਯੁਗ ਦੇ ਮਾੜੇ...!

'ਜਥਾ ਰਾਜਾ ਤਥਾ ਪਰਜਾ' ਦੇ ਅਖਾਣ ਮੁਤਾਬਕ ਉਤਲਿਆਂ ਦੀ ਦੇਖਾ-ਦੇਖੀ ਵਿਗੜੇ ਤਿਗੜੇ ਸਮਾਜ ਵਿਚ ਜੋ ਕੜ੍ਹੀ ਘੁਲ ਰਹੀ ਹੈ, ਉਸਦਾ ਰੰਗ ਦੇਖੋ:

ਰਲੇ ਨਾ ਨਾਰ ਪਤੀ ਦੀ ਮਰਜੀ,
ਜੰਮ ਕੇ ਗਏ ਔਲਾਦਾਂ ਧਰ ਜੀ।
ਮਾਂ ਪੁਤ ਵਿਚ ਕਚਹਿਰੀ ਝਗੜਨ,
ਪਿਉ ਨੂੰ ਪੁੱਤ ਦਾੜ੍ਹੀਉਂ ਪਕੜਨ,
ਵਿਗੜਿਆ ਚੌਰਾ ਕਹਿੰਦੇ ਐ।
ਅੱਗਿਉਂ ਬਾਪ ਕਰੇ ਕੋਈ ਚਾਰਾ,
ਤਾਂ ਹੇਠਾਂ ਸੁੱਟ ਲੈਂਦੇ ਐ!
ਕਰ ਕੇ ਕੌਲ ਜ਼ਬਾਨੋਂ ਪਰਤਣ,
ਆਪਸ 'ਚ ਸਕੇ ਭਰਾ ਨਾ ਵਰਤਣ।
ਚੋਰੀਉਂ ਵੱਢਣ ਮੱਕੀ ਦੇ ਟਾਂਡੇ,
ਚੁੱਕ ਲਏ ਭੈਣ, ਭੈਣ ਦੇ ਭਾਂਡੇ
ਇਹ ਗੱਲ ਬੜੀ ਹੈਰਾਨੀ ਦੀ...!

ਆਖਰ ਵਿਚ ਰੱਬ ਉਤੇ ਵੀ ਗਿਲਾ ਕਰਦਿਆਂ ਹੋਇਆਂ, ਕਲੂ-ਕਾਲ ਦੇ ਸਾੜੇ ਹੋਏ ਸਮੁੱਚੇ ਸਮਾਜ ਵਿਚ ਡਿਗ ਰਹੀਆਂ ਕਦਰਾਂ-ਕੀਮਤਾਂ ਬਾਰੇ ਰੁਦਨ ਕਰਦਿਆਂ ਕਵੀਸ਼ਰ ਛੰਦ ਸੁਣਾਉਂਦਾ ਹੈ:

ਬੇੜੀ ਕਲੀ-ਕਾਲ ਨੇ ਡੋਬੀ,
'ਬਾਬੂ' ਦੁਨੀਆਂ ਹੋ ਗਈ ਲੋਭੀ।
ਜਿਸ ਤੋਂ ਬਿਨਾ ਬਚਦੇ ਬਿੰਦ ਨਾ,
ਚੇਲੇ ਗੁਰੂ ਪੀਰ ਨੂੰ ਨਿੰਦਣ,
ਮਿੱਤਰ ਦਗਾ ਕਮਾਉਂਦੇ ਐ।
ਪਿਆਰ ਮੁਹੱਬਤਾਂ ਪਾ ਕੇ,
ਮਗਰੋਂ ਐਂ ਥੁੱਕ ਲਾਉਂਦੇ ਐ।
ਹੋ ਗਿਆ ਰੱਬ ਵੀ ਜਿਹੋ ਜਿਹੀਆਂ ਨਜਤਾਂ,
ਜਾਂਦਾ ਯਾਰ, ਯਾਰ 'ਤੇ ਭਿੱਜ ਤਾਂ।
ਬਣਦੇ ਨਰਕਾਂ ਦੇ ਅਧਿਕਾਰੀ,
ਤੱਕ ਕੇ ਮਿੱਤਰ ਯਾਰ ਦੀ ਨਾਰੀ।
ਧੀ ਤੇ ਭੈਣ ਬਿਗਾਨੀ ਜੀ...।
ਆ ਗਏ ਦਿਨ ਕਲਿਯੁਗ ਦੇ ਮਾੜੇ
ਵਧ ਗਈ ਕਾਰ ਸ਼ੈਤਾਨੀ ਦੀ।

ਆਪਣੇ ਪਿਆਰੇ ਮਾਦਰੇ ਵਤਨ ਦੀ ਸਰਜਮੀਂ 'ਤੇ ਹੋ ਰਹੇ ਉਪੱਦਰ, ਪੰਜਾਬੀ ਭਾਈਚਾਰੇ ਦੀਆਂ ਸੋਨ-ਸੁਨਹਿਰੀ ਰਵਾਇਤਾਂ, ਗੁਰੂ-ਵਰੋਸਾਈਆਂ ਪਰੰਪਰਾਵਾਂ ਅਤੇ ਸ਼ਾਨਾਂ ਨੂੰ ਪਲੀਤ ਕਰਨ ਲੱਗੀਆਂ ਦ੍ਰਿਸ਼ਟ-ਅਦ੍ਰਿਸ਼ਟ ਤਾਕਤਾਂ ਵਲੋਂ ਮਚਾਏ ਕਹਿਰ ਦੀ ਉਕਤ ਕਵੀਸ਼ਰੀ ਬਣਾਉਣ ਵਾਲੇ ਕਵੀਸ਼ਰ, ਭਾਈ ਸੁਖਦੇਵ ਸਿੰਘ ਨੂੰ ਪਿੰਡ ਪਿੰਡ ਬੁਲਾ ਕੇ ਸਨਮਾਨਿਤ ਕਰਨਾ ਚਾਹੀਦਾ ਹੈ। ਅਸਲ ਕਵੀਸ਼ਰੀ 'ਯੂ-ਟਿਊਬ' ਤੇ ਵੀ ਪਾ ਦਿੱਤੀ ਗਈ ਹੈ। ਮੇਰੇ ਹੇਠਾਂ ਲਿਖੇ 'ਈ-ਮੇਲ' 'ਤੇ ਸੰਪਰਕ ਕਰਕੇ ਵੀ ਮੰਗਵਾਈ ਜਾ ਸਕਦੀ ਹੈ। ਇਕ ਵਾਰ ਸੁਣਿਉਂ ਜ਼ਰੂਰ, ਇਹ ਮੇਰੀ ਸਿਫਾਰਸ਼ ਹੈ।

# ਪੁਆਧੀ ਸੱਭਿਆਚਾਰ ਦਾ ਸ਼ੀਸ਼ਾ-ਬੀਰੂ ਭਰਿਆਈ



ਪੰਜਾਬੀ ਅਖੌਤ ਹੈ ਕਿ 'ਢੋਲ ਸਾਵਾਂ ਤੇ ਭਰਿਆਈ ਵਣਵਾਂ' ਭਾਵ ਜਦੋਂ ਕਿਸੇ ਕਸਬ ਨੂੰ ਕਰਨ ਵਾਲਾ ਤਾਂ ਬਦਲ ਜਾਵੇ ਪਰ ਕਸਬ ਉਹੀ ਰਹੇ। ਪਰ ਬੀਰੂ ਭਰਿਆਈ 'ਤੇ ਇਹ ਅਖੌਤ ਲਾਗੂ ਨਹੀਂ ਹੁੰਦੀ। ਸੱਠਾਂ ਸਾਲਾਂ ਤੋਂ ਉਹ ਲਗਾਤਾਰ ਢੋਲ ਅਤੇ ਸਾਰੰਗੀ ਵਜਾ ਰਿਹਾ ਹੈ। ਬੀਰੂ ਭਰਿਆਈ ਪੁਆਧੀ ਭਾਖਾ ਦਾ ਦੂਤ ਵੀ ਹੈ ਅਤੇ ਪਹਿਰੇਦਾਰ ਵੀ। ਉਹ ਫੱਕਰ ਸੁਭਾਅ ਦਾ ਸੁਆਮੀ ਹੈ। ਉਸ ਨੂੰ ਇਹ ਪਤਾ ਹੀ ਨਹੀਂ ਕਿ ਉਹ ਕਿੰਨਾ ਕੀਮਤੀ ਅਤੇ ਮਹਾਨ ਕਾਰਜ ਕਰ ਰਿਹਾ ਹੈ। ਉਹ ਸੁਤੇ ਸਿੱਧ ਅਤੇ ਸਹਿਜ ਸੁਭਾਅ ਹੀ ਪੁਆਧੀ ਭਾਖਾ ਦੇ ਸੰਚਾਰ ਅਤੇ ਵਿਸਥਾਰ ਦੀ ਸੇਵਾ ਨਿਭਾਅ ਰਿਹਾ ਹੈ। ਪੁਆਧੀ ਖੇਤਰ ਦਾ ਸ਼ਾਇਦ ਉਹ ਆਪਣੀ ਪੀੜ੍ਹੀ ਦਾ ਆਖਰੀ ਜਾਂ ਇਕੱਲਾ ਚਿਰਾਗ ਹੀ ਬਚਿਆ ਹੈ, ਜਿਹੜਾ ਪੁਆਧ ਦੇ ਪਿੰਡਾਂ ਦੇ ਘਰ-ਘਰ ਜਾ ਕੇ ਅਲਖ ਜਗਾ ਕੇ ਰੋਜ਼ੀ-ਰੋਟੀ ਦੇ ਹੀਲੇ ਰਾਹੀਂ ਪੁਆਧੀ ਮਾਂ ਬੋਲੀ ਦੀ ਨਿਵੇਕਲੀ ਸੇਵਾ ਕਰ ਰਿਹਾ ਹੈ।

ਬੀਰੂ ਪੁਆਧੀ ਸੱਭਿਆਚਾਰ ਦਾ ਸ਼ੀਸ਼ਾ ਹੈ। ਉਸ ਵਿਚੋਂ ਪੁਆਧੀ ਰਹਿਤਲ ਦੇ ਦੀਦਾਰ ਕੀਤੇ ਜਾ ਸਕਦੇ ਹਨ। ਚੰਡੀਗੜ੍ਹ ਦੀਆਂ ਜੜ੍ਹਾਂ ਵਿਚ ਤੇਜ਼ੀ ਨਾਲ ਧਨੀ ਹੋ ਰਹੀ ਪੁਆਧ ਦੀ ਨਵੀਂ ਪਨੀਰੀ ਨੂੰ ਪਤਾ ਹੀ ਨਹੀਂ ਕਿ ਪੁਆਧੀ ਭਾਖਾ ਦਾ ਰਤਨ, ਗੁਰਬਤ ਦੀ ਮਾਰ ਦਾ ਮਾਰਿਆ ਪਿਆ ਹੈ। ਫਿਕਰ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਇਥੇ ਚਾਰ-ਚੁਫੇਰੇ ਸਭਿਆਚਾਰ ਦੇ ਨਾਂ 'ਤੇ ਵੱਡੇ-ਵੱਡੇ ਅਡੰਬਰ ਰਚੇ ਜਾਂਦੇ ਹਨ, ਪਰ ਕਿਸੇ ਕੋਲ ਬੀਰੂ ਦਾ ਗੌਣ ਪਾਣੀ ਅਤੇ ਉਸ ਦੇ ਲੋਕ ਸਾਜ਼ਾਂ ਦੀਆਂ ਹੂਕਾਂ ਸੁਣਨ ਦੀ ਵਿਹਲ ਨਹੀਂ ਹੈ।

ਬੀਰੂ ਪੁਆਧ ਦੀਆਂ ਸੱਥਾਂ, ਮੇਲਿਆਂ, ਜੱਗਾਂ, ਇਕੱਠਾਂ, ਦਰਗਾਹਾਂ ਦੀ ਰੂਹ ਹੈ। ਉਹ ਪੁਆਧ ਦੇ ਸਭਿਆਚਾਰ ਦਾ ਪ੍ਰਸ਼ਾਦ ਘਰ-ਘਰ ਵਰਤਾ ਰਿਹਾ ਹੈ। ਜ਼ਿਲਾ ਫਤਿਹਗੜ੍ਹ ਸਾਹਿਬ ਦੇ ਪਿੰਡ ਭਗੜਾਣਾ ਵਿਖੇ ਪੂਰਨ ਸਿੰਘ ਦੇ ਗ੍ਰਹਿ ਵਿਖੇ 1939 ਨੂੰ ਬੀਰੂ ਨੇ ਜਨਮ ਲਿਆ ਸੀ। ਕਾਗਜ਼ਾਂ ਵਿਚ ਉਸ ਦਾ ਨਾਂ ਬਲਬੀਰ ਸਿਹੁੰ ਹੈ, ਪਰ ਇਲਾਕੇ ਵਿਚ ਬੀਰੂ ਭਰਿਆਈ ਦੇ ਨਾਂ ਨਾਲ ਹੀ ਉਸ ਨੂੰ ਜਾਣਦੇ ਹਨ। ਦਸ ਸਾਲ ਦੀ ਉਮਰ ਵਿਚ ਉਹ ਪਿਤਾ-ਪੁਰਖੀ ਕਸਬ ਵਿਚ ਪੈ ਗਿਆ ਸੀ ਪਹਿਲਾਂ ਪਹਿਲ ਉਹ ਪਿਉ ਦੀ ਸਾਰੰਗੀ ਨਾਲ ਢੱਡ ਵਜਾਉਂਦਾ ਹੁੰਦਾ ਸੀ। ਫੇਰ ਉਸ ਨੇ ਸਾਰੀ ਉਮਰ ਢੋਲ ਨੂੰ ਢਿੱਡ ਨਾਲ ਅਤੇ ਸਾਰੰਗੀ ਨੂੰ ਮੋਢੇ ਨਾਲ ਲਾਈ ਰੱਖਿਆ। ਉਸ ਦੀ ਗਾਇਕੀ ਸਰਲ ਅਤੇ ਰਵਾਇਤੀ ਹੈ। ਬਹੁਤਾ ਤਾਂ ਉਸ ਨੇ ਆਸਾ ਰਾਮ ਸੁਹਾਣੇ ਵਾਲਿਆਂ ਨੂੰ ਗਾਇਆ, ਪਰ ਹੋਰ ਵੀ ਜਿਹੜੇ ਪੁਰਾਤਨ ਪ੍ਰਸੰਗ ਉਸ ਵੇਲੇ ਮਸ਼ਹੂਰ ਸਨ, ਉਹ ਵੀ ਗਾਏ ਨੇ। ਉਸ ਦੀ ਗਾਇਕੀ ਵਿਚ ਸਾਦਗੀ ਅਤੇ ਨਿਰਮਲਤਾ ਹੈ। ਚਿਹਰੇ 'ਤੇ ਮਾਸੂਮੀਅਤ ਅਤੇ ਬੁੱਲ੍ਹਾਂ 'ਤੇ ਸ਼ੁਕਰਾਨਾ ਹੈ। ਬੀਰੂ ਨੇ ਕਦੇ ਕਿਸੇ ਕੋਲ ਸ਼ਿਕਵਾ ਨਹੀਂ ਕੀਤਾ। ਭਾਣੇ ਵਿਚ ਰਹਿਣਾ ਤਾਂ ਉਸ ਤੋਂ ਸਿੱਖੇ। ਉਹ ਪੁਆਧ ਦੀ ਵਿਰਾਸਤ ਹੈ।

ਬੀਰੂ ਪੁਆਧੀ ਭਾਖਾ ਦਾ ਅਜੇ ਵੀ ਵੱਗ ਰਿਹਾ ਚੋਅ ਹੈ। ਇਸ ਨੇ ਵਹੀ ਜਾਣਾ ਹੈ। ਨਹੀਂ ਤਾਂ ਪੁਆਧ ਦੀ ਧਰਤੀ ਤੋਂ ਜਿਵੇਂ ਬਾਕੀ ਚੋਅ ਸੁੱਕ-ਮੁੱਕ ਗਏ ਹਨ, ਉਨ੍ਹਾਂ ਦੇ ਨਕਸ਼ ਅਲੋਪ ਹੋ ਗਏ, ਇਕ ਦਿਨ ਬੀਰੂ ਨਾਲ ਵੀ ਅਜਿਹਾ ਹੋ ਜਾਣਾ ਹੈ। ਗੁਰਬਤ, ਕਮਜ਼ੋਰ ਸਿਹਤ ਅਤੇ ਅਣਗੌਲੇਪਣ ਦੇ ਚਲਦਿਆਂ ਉਹ ਇਹ ਸਿਆਲ ਤਾਂ ਕੱਢ ਗਿਆ ਹੈ। ਉਹ ਕੰਧੀ 'ਤੇ ਰੁੱਖੜਾ ਹੈ ਪਰ ਇਸ ਤੋਂ ਪਹਿਲਾਂ ਉਸ ਦੀ ਸੰਭਾਲ ਕਰਨ ਦੀ ਅਤਿਅੰਤ ਲੋੜ ਹੈ। ਇਸ ਕਾਰਜ ਲਈ ਕਿਸੇ ਸੰਸਥਾ/ਸੂਰਮੇ ਨੂੰ ਕੰਨ ਧਰਨ ਦੀ ਲੋੜ ਹੈ। ਉਹਦੇ ਕੋਲ ਜ਼ਬਾਨੀ-ਕਲਾਮੀ ਜੋ ਸਾਹਿਤਕ ਖਜ਼ਾਨਾ ਹੈ, ਉਹ ਸੰਭਾਲਣ ਦੀ ਲੋੜ ਹੈ। ਡਾ. ਗੁਰਮੀਤ ਸਿੰਘ ਬੈਦਵਾਨ ਬੀਰੂ ਦੀ ਗੌਰ ਕਰਦਾ ਅਤੇ ਬਿੜਕ ਰੱਖਦਾ ਰਹਿੰਦਾ ਹੈ। ਬੀਰੂ ਬਹੁਤ ਹੀ ਮੱਧਮ ਟਿਮਟਿਮਾ ਪੁਆਧ ਦਾ ਚਿਰਾਗ ਹੈ। ਉਸ ਨੂੰ ਤੇਲ ਬੱਤੀ ਅਤੇ ਉਸ ਦੀ ਲੋਅ ਨੂੰ ਓਟ ਦੀ ਲੋੜ ਹੈ। **-ਬਿਊਰੋ**

## ਮਸ਼ਕਰੀ

ਕੋਈ ਵਧੀਆ ਫਿਲਮ ਲੱਗੀ ਹੋਈ ਹੋਣ ਕਰਕੇ ਸਿਨਮੇ ਵਿਚ ਹਾਊਸ-ਫੁੱਲ ਚੱਲ ਰਿਹਾ ਸੀ। ਚਲਦੇ ਸ਼ੋਅ ਦੌਰਾਨ ਸਿਨਮਾ ਹਾਲ ਵਿਚ ਅਚਾਨਕ ਅੱਗ ਲੱਗ ਗਈ। ਦੇਖਦਿਆਂ ਦੇਖਦਿਆਂ ਅੱਗ ਦੀਆਂ ਲਪਟਾਂ ਨਿਕਲਣ ਲੱਗ ਪਈਆਂ। ਸਾਰੇ ਹਾਲ ਵਿਚ ਚੀਕ ਚਿਹਾੜਾ ਪੈ ਗਿਆ। ਦਰਸ਼ਕਾਂ ਵਿਚ ਭਗਦੜ ਜਿਹੀ ਮਚ ਗਈ। ਸਾਰੇ ਇਕ ਦੂਸਰੇ ਨੂੰ ਲਿਤਾੜਦੇ ਮਿੱਧਦੇ ਹੋਏ ਇਧਰ ਉਧਰ ਨੂੰ ਭੱਜਣ ਲੱਗੇ। ਇੰਨੇ ਨੂੰ ਹਾਲ ਦੇ ਵਿਚਾਲੇ ਜਿਹੇ ਇੱਕ ਬੰਦਾ ਆਪਣੀ ਸੀਟ 'ਤੇ ਖੜ੍ਹਾ ਹੋ ਕੇ ਗਰਜਿਆ, "ਭਰਾਵੋ, ਠਹਿਰੋ-ਠਹਿਰੋ! ਅੱਗ ਤੋਂ ਘਬਰਾਵੋ ਨਾ। ਮੈਂ ਤੁਹਾਨੂੰ ਸੁਰੱਖਿਅਤ ਬਾਹਰ ਜਾਣ ਦਾ ਢੰਗ ਦੱਸਦਾ ਹਾਂ!!"

ਡਰੇ ਸਹਿਮੇ ਸਾਰੇ ਦਰਸ਼ਕ ਦੋ ਪਲ ਖਲੋ ਕੇ ਉਤਸੁਕਤਾ ਨਾਲ ਉਸ ਬੰਦੇ ਵਲ ਨੀਝ ਲਾ ਕੇ ਦੇਖਣ ਲੱਗੇ ਕਿ ਉਹ ਅੱਗ ਤੋਂ ਬਚਣ ਦਾ ਕਿਹੜਾ ਤਰੀਕਾ ਦੱਸੇਗਾ। ਜਿਉਂ ਹੀ ਸਾਰੇ ਜਣੇ ਖੜ੍ਹੇ ਹੋਏ। ਉਹ ਬੰਦਾ ਮਲਕੜੇ ਜਿਹੇ ਸੀਟ ਤੋਂ ਉਤਰਿਆ, ਕਾਹਲੀ ਕਾਹਲੀ ਪੈਰ ਪੁਟਦਾ ਦਰਵਾਜ਼ੇ 'ਚੋਂ ਬਾਹਰ ਆਉਂਦਾ ਬੋਲਿਆ, "ਭਗਦੜ ਨਾ ਮਚਾਉ, ਇੰਜ 'ਕੱਲਾ 'ਕੱਲਾ ਬਾਹਰ ਨੂੰ ਆਈ ਜਾਵੋ।

*-ਤਰਲੋਚਨ ਸਿੰਘ ਦੁਪਾਲਪੁਰ*

# ਅਮਰੀਕੀ ਦਬਾਅ ਹੇਠ ਹੋ ਰਹੀ ਹੈ ਪਾਕਿ ਨਾਲ ਗੱਲਬਾਤ

**ਇਸਲਾਮਾਬਾਦ:** ਭਾਰਤ-ਪਾਕਿਸਤਾਨ ਦਰਮਿਆਨ ਗੱਲਬਾਤ ਅਮਰੀਕਾ ਦੇ ਦਬਾਅ ਹੇਠ ਹੋ ਰਹੀ ਹੈ ਅਤੇ ਅਮਰੀਕਾ ਇਸ ਨੂੰ ਸਫਲ ਬਣਾਉਣ ਲਈ ਹਰ ਪਾਸਿਓਂ ਯਤਨ ਕਰ ਰਿਹਾ ਹੈ। ਅਮਰੀਕਾ ਇਹ ਮੰਨਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਗੱਲਬਾਤ ਦੀ ਸਫਲਤਾ ਹੀ ਅਫ਼ਗਾਨਿਸਤਾਨ ਦੀ ਸਫਲਤਾ ਦੀ ਕੁੰਜੀ ਹੈ। ਪਾਕਿ ਸਰਕਾਰ ਦੇ ਸੂਤਰਾਂ ਦੇ ਹਵਾਲੇ ਨਾਲ ਇਥੇ ਮੀਡੀਆ ਦੀਆਂ ਰਿਪੋਰਟਾਂ ਵਿਚ ਦਸਿਆ ਗਿਆ ਹੈ ਕਿ ਅਮਰੀਕਾ ਸ਼ਾਂਤ ਰਹਿ ਕੇ ਭਾਰਤ-ਪਾਕਿ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਦੀ ਸਫਲਤਾ ਲਈ ਕੰਮ ਕਰ ਰਿਹਾ ਹੈ। ਸੂਤਰਾਂ ਮੁਤਾਬਕ ਦੋਹਾਂ ਦੇਸ਼ਾਂ ਨੂੰ ਗੱਲਬਾਤ ਦੀ ਮੇਜ਼ ਉਤੇ ਲਿਆਉਣ ਤੋਂ ਬਾਅਦ ਅਮਰੀਕੀ ਡਿਪਲੋਮੈਟ ਇਸਲਾਮਾਬਾਦ ਅਤੇ ਨਵੀਂ ਦਿੱਲੀ ਵਿਚ ਉਥੋਂਦੇ ਨੇਤਾਵਾਂ ਨਾਲ ਮਿਲਕੇ ਬੈਠਕ ਦੇ ਉਸਾਰੂ ਨਤੀਜਿਆਂ ਨੂੰ ਯਕੀਨੀ ਬਣਾਉਣ ਲਈ ਯਤਨਸ਼ੀਲ ਹਨ। ਸੂਤਰਾਂ ਮੁਤਾਬਕ ਅਮਰੀਕੀ ਸੈਨੇਟ ਵਿਚ ਵਿਦੇਸ਼ ਸੰਬੰਧੀ ਕਮੇਟੀ ਦੇ ਮੁਖੀ ਜਾਨ ਕੈਰੀ ਦੀ ਦੋਹਾਂ ਦੇਸ਼ਾਂ ਦੀਆਂ ਰਾਜਧਾਨੀਆਂ ਦੀ ਯਾਤਰਾ ਦਾ ਮੁਖ ਏਜੰਡਾ ਇਹੀ ਸੀ। ਦੋਹਾਂ ਦੇਸ਼ਾਂ ਦਰਮਿਆਨੂੰ ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਹੋਣੀ ਹੈ। ਡਿਪਲੋਮੈਟਿਕ ਸੂਤਰਾਂ ਦਾ ਕਹਿਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਕਿ ਕੋਈ ਲੁਕਵੀਂ ਤਾਕਤ ਭਾਰਤ ਅਤੇ ਪਾਕਿਸਤਾਨ ਦਰਮਿਆਨ ਸੰਪਰਕ ਦੀ ਡੋਰ ਨੂੰ ਮੁੜ ਤੋਂ ਕੱਟਣ ਲਈ ਸਰਗਰਮ ਹੋ ਗਈ ਹੈ।

ਭਾਰਤ ਅਤੇ ਪਾਕਿਸਤਾਨ ਦੀ ਸਿਆਸੀ ਅਗਵਾਈ ਦੀ ਪ੍ਰਸ਼ੰਸਾ ਕਰਦੇ ਹੋਏ ਓਬਾਮਾ ਪ੍ਰਸ਼ਾਸਨ ਨੇ ਕਿਹਾ ਕਿ ਪੂਨੇ 'ਚ ਹੋਏ ਅਤਿਵਾਦੀ ਹਮਲੇ ਨਾਲ ਦੋਹਾਂ ਦੇਸ਼ਾਂ 'ਚ ਹੋ ਰਹੀ ਗਲਬਾਤ 'ਚ ਰੁਕਾਵਟ ਨਾ ਆਉਣਾ ਕਾਫ਼ੀ ਵਧੀਆ ਗਲ ਹੈ। ਰਾਜਨੀਤਕ ਮਾਮਲਿਆਂ ਦੇ ਸਹਾਇਕ ਵਿਦੇਸ਼ ਮੰਤਰੀ ਪੀ. ਜੇ. ਕ੍ਰਾਉਲੇ ਨੇ ਇਥੇ ਪੱਤਰਕਾਰਾਂ ਨੂੰ ਦਸਿਆ ਕਿ ਦੋਹਾਂ ਦੇਸ਼ਾਂ ਦੇ ਨੇਤਾਵਾਂ ਨੇ ਰਾਜਨੀਤਕ ਬਹਾਦਰੀ ਵਿਖਾਈ ਅਤੇ ਗੱਲਬਾਤ ਨੂੰ ਰੋਕਣ ਲਈ ਕੀਤੇ ਹਮਲੇ ਦੇ ਬਾਵਜੂਦ ਗਲਬਾਤ ਅਗੇ ਵਧਾਈ। ਇਸ ਤੋਂ ਅਸੀਂ ਖ਼ੁਸ਼ ਹਾਂ। ਕ੍ਰਾਉਲੇ ਨੇ ਕਿਹਾ, ਸਾਨੂੰ ਲਗਦਾ ਹੈ ਕਿ ਇਹ ਬਹੁਤ ਜ਼ਰੂਰੀ ਗਲਬਾਤ ਹੈ। ਪਹਿਲਾਂ ਵੀ ਕਈ ਵਾਰ ਭਾਰਤ ਅਤੇ ਪਾਕਿਸਤਾਨ 'ਚ ਅਜਿਹੀ ਗੱਲਬਾਤ ਹੋ ਚੁਕੀ ਹੈ। ਸਾਨੂੰ ਲਗਦਾ ਹੈ ਕਿ ਇਸ ਖੇਤਰ 'ਚ ਅਮਨ ਸ਼ਾਂਤੀ ਲਈ ਉਨ੍ਹਾਂ ਦੇ ਸਬੰਧ ਚੰਗੇ ਹੋਣਾ ਬਹੁਤ ਜ਼ਰੂਰੀ ਹੈ। ਭਾਰਤ ਅਤੇ ਪਾਕਿਸਤਾਨ ਦੋਹਾਂ ਦੇਸ਼ਾਂ ਦੀ ਵਡੀ ਸਮਸਿਆ ਅਤਿਵਾਦ ਦੀ ਹੈ ਇਸ ਲਈ ਓਬਾਮਾ ਪ੍ਰਸ਼ਾਸਨ ਨੂੰ ਬੇਸਬਰੀ ਨਾਲ ਇਸ ਦੇ ਨਤੀਜਿਆਂ ਦੀ ਉਡੀਕ ਹੈ। ਕ੍ਰਾਉਲੇ ਨੇ ਕਿਹਾ ਕਿ ਮੈਨੂੰ ਨਹੀਂ ਲਗਦਾ ਕਿ ਸਾਨੂੰ ਇੰਨੀ ਜਲਦੀ ਜਿਤ ਦਾ ਐਲਾਨ ਕਰ ਦੇਣਾ ਚਾਹੀਦਾ ਹੈ।

## ਉਦਾਸੀ ਲੈ ਸਕਦੀ ਜਾਨ !

**ਲੰਦਨ:** ਜੇਕਰ ਤੁਹਾਡਾ ਦਿਲ ਉਦਾਸ ਹੈ ਤਾਂ ਥੋੜਾ ਸਚੇਤ ਹੋ ਕੇ ਇਹ ਖਬਰ ਪੜੋਂ ਕਿਉਂਕਿ ਤੁਹਾਡੀ ਉਦਾਸੀ ਜਾਨਲੇਵਾ ਵੀ ਹੋ ਸਕਦੀ ਹੈ। ਯੂਨੀਵਰਸਿਟੀ ਕਾਲੇਜ ਆੱਫ ਲੰਦਨ ਨੇ ਅਧਿਐਨ ਵਿਚ ਦਸਿਆ ਕਿ ਜੋ ਲੋਕ ਉਦਾਸੀ ਦੀ ਸ਼ਿਕਾਇਤ ਕਰਦੇ ਹਨ, ਉਨਾਂ ਦੇ ਜੀਵਨ ਵਿਚ ਗੁਜਰ ਜਾਣ ਦੀ ਅਸ਼ੰਕਾ ਵਧ ਜਾਂਦੀ ਹੈ। ਜੋ ਲੋਕ ਉਦਾਸੀ ਦੇ ਸ਼ਿਕਾਰ ਹਨ, ਉਨਾਂ ਦੇ ਦਿਲ ਦੇ ਰੋਗਾਂ ਨਾਲ ਮਰਨ ਦੀ ਅਸ਼ੰਕਾ ਸੰਤੁਸ਼ਟ ਲੋਕਾਂ ਦੇ ਮੁਕਾਬਲੇ ਢਾਈ ਗੁਣਾ ਤਕ ਜਿਆਦਾ ਵੱਧ ਜਾਂਦੀ ਹੈ।

## ਖਾਲਸਾ ਸਕੂਲ ਸੈਨ ਹੋਜ਼ੇ ਦੇ ਬੱਚਿਆਂ ਨੇ ਹੇਤੀ ਭੁਚਾਲ ਪੀੜਤਾਂ ਲਈ ਫੰਡ ਇਕੱਠਾ ਕੀਤਾ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰਦਆਰਾ ਸੈਨ ਹੋਜ਼ੇ ਵਲੋਂ ਚਲਾਏ ਜਾਂਦੇ ਖਾਲਸਾ ਸਕੂਲ ਦੇ ਬੱਚਿਆਂ ਰਮਨਪਰੀਤ ਕੌਰ



ਢੇਰੀ,ਖ਼ੁਸ਼ਵੀਰ ਕੌਰ ਪਾਵਲਾ ਅਤੇ ਜਸ਼ਨਪਰੀਤ ਕੌਰ ਨੇ ਹੇਤੀ ਭੁਚਾਲ ਪੀੜਤਾਂ ਲਈ 3510 ਡਾਲਰ ਇਕੱਠ ਕੀਤੇ।

ਬੱਚਿਆਂ ਵਲੋਂ ਇਕੱਠਾ ਕੀਤਾ ਇਹ ਫੰਡ ਲੰਘੇ ਐਤਵਾਰ ਯੂਨਾਈਟਡ ਸਿੱਖਸ ਦੇ ਨੁਮਾਇੰਦੇ ਕਸ਼ਮੀਰ ਸਿੰਘ ਸ਼ਾਹੀ ਨੂੰ ਗੁਰਦਆਰਾ ਸੈਨ ਹੋਜ਼ੇ ਵਿਚ ਭੇਟ ਕੀਤਾ। ਚੈਕ ਭੇਟ ਕਰਨ ਸਮੇਂ ਖਾਲਸਾ ਸਕੂਲ ਦੇ ਪ੍ਰਿੰਸੀਪਲ ਡਾ. ਗੁਰਿੰਦਰਪਾਲ ਸਿੰਘ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

## ਨਾਰਾਜ਼ ਆਦਮੀ ਨੇ ਇਮਾਰਤ 'ਚ ਜਹਾਜ਼ ਮਾਰਿਆ

**ਹਿਊਸਟਨ:** ਅਮਰੀਕਾ ਦੇ ਟੈਕਸ ਵਿਭਾਗ ਤੋਂ ਗੁੱਸੇ ਇਕ ਸਾਫ਼ਟਵੇਅਰ ਇੰਜੀਨੀਅਰ ਵਲੋਂ ਟੈਕਸਸ ਵਿਚ ਆਪਣੇ ਇਕ ਛੋਟੇ ਆਕਾਰ ਦੇ ਜਹਾਜ਼ ਨੂੰ ਵਿਭਾਗ ਦੀ 7 ਮੰਜ਼ਿਲਾ ਇਮਾਰਤ ਵਿਚ ਲਿਆ ਮਾਰਨ ਕਰ ਕੇ ਇਸ ਅੰਦਰ ਮੌਜੂਦ ਲਗਭਗ 200 ਵਿਅਕਤੀਆਂ ਨੂੰ ਆਪਣੀ ਜਾਨ ਬਚਾਉਣ ਲਈ ਇਧਰ ਉਧਰ ਭੱਜਣਾ ਪਿਆ। ਇਸ ਆਤਮਘਾਤੀ ਹਮਲੇ ਵਿਚ ਪਾਇਲਟ ਮਾਰਿਆ ਗਿਆ ਤੇ ਦੋ ਵਿਅਕਤੀ ਜ਼ਖ਼ਮੀ ਹੋ ਗਏ। ਪਾਇਲਟ ਦੀ ਪਛਾਣ ਜੋਸਫ਼ ਐਂਡਰਿਊ ਸਟੈਕ ਵਜੋਂ ਕੀਤੀ ਗਈ ਹੈ।

ਅਮਰੀਕਾ ਦੇ ਕਾਨੂੰਨ ਅਧਿਕਾਰੀ ਨੇ ਦਸਿਆ ਕਿ ਜਾਂਚਕਰਤਾ ਪਾਇਲਟ ਵਲੋਂ ਵੈਬਸਾਈਟ 'ਤੇ ਲਿਖੇ ਸਰਕਾਰ ਵਿਰੋਧੀ ਇਕ ਲੰਮੇ ਚੌੜੇ ਐਲਾਨ ਪੱਤਰ ਦੀ ਜਾਂਚ ਕਰ ਰਹੇ ਹਨ। ਇਸ ਵੈਬਸਾਈਟ 'ਤੇ ਲਿਖੇ ਸੰਦੇਸ਼ ਤੋਂ ਪਤਾ ਲਗਦਾ ਹੈ ਕਿ ਸਟੈਕ ਨੂੰ ਵਿਭਾਗ ਨਾਲ ਕੋਈ ਸਮੱਸਿਆ ਸੀ ਅਤੇ ਉਸ ਨੇ ਇਸ ਵਿਚ ਕਿਹਾ ਹੈ ਕਿ ਵਿਭਾਗ ਦੇ ਕੰਨਾਂ ਨੂੰ ਅਪਣੀ ਗੱਲ ਸੁਣਾਉਣ ਲਈ ਹਿੰਸਾ ਹੀ ਇਕ ਮਾਤਰ ਰਸਤਾ ਰਹਿ ਗਿਆ ਹੈ। ਵੈਬਸਾਈਟ ਵਿਚ ਕਰ ਵਿਭਾਗ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਮੇਰੇ ਮਾਸ ਦੇ ਕੁਝ ਟੁਕੜੇ ਲੈ ਲਉ ਅਤੇ ਚੈਨ ਨਾਲ ਸੌਂ ਜਾਉ।

ਸਟੈਕ ਨੇ 7 ਪੰਨਿਆਂ ਦੇ ਖ਼ੁਦਕੁਸ਼ੀ ਨੋਟ ਵਿਚ ਅਮਰੀਕੀ ਟੈਕਸ ਕਾਨੂੰਨਾਂ ਖ਼ਾਸ ਕਰ ਕੇ ਨਿਯਮ 1706 ਦੀ ਜੰਮ ਕੇ ਨੁਕਤਾਚੀਨੀ ਕੀਤੀ।

ਦੱਸਣਯੋਗ ਹੈ ਕਿ ਕਰ ਵਿਭਾਗ ਦੀ ਇਮਾਰਤ ਵਿਚ 190 ਕਰਮਚਾਰੀ ਕੰਮ ਕਰਦੇ ਹਨ। ਕਰ ਵਿਭਾਗ ਦੇ ਬੁਲਾਰੇ ਰਿਚਰਡ ਸੀ ਸੈਮਫ਼ੋਰਡ ਨੇ ਕਿਹਾ ਕਿ ਵਿਭਾਗ ਸਾਰੇ ਕਰਮਚਾਰੀਆਂ ਦਾ ਪਤਾ ਲਗਾਉਣ ਦਾ ਯਤਨ ਕਰ ਰਿਹਾ ਹੈ।

ਇਸੇ ਦੌਰਾਨ ਹੋਮਲੈਂਡ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਨਹੀਂ ਲਗਦਾ ਕਿ ਇਹ ਇਕ ਅਤਿਵਾਦੀ ਹਮਲਾ ਸੀ। ਇਸ ਘਟਨਾ ਸਬੰਧੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਵੀ ਜਾਣਕਾਰੀ ਦਿਤੀ ਗਈ ਹੈ। ਘਟਨਾ ਤੋਂ ਬਾਅਦ ਅਹਿਤਿਆਤ ਵਜੋਂ ਕਾਲੋਰਾਡੋ ਸਥਿਤ ਉੱਤਰ ਅਮਰੀਕੀ ਰਖਿਆ ਐਰੋਸਪੇਸ ਕਮਾਂਡ ਨੇ ਦੋ ਐਫ਼-16 ਜਹਾਜ਼ਾਂ ਨੂੰ ਘਟਨਾ ਵਾਲੇ ਸਥਾਨ 'ਤੇ ਗਸ਼ਤ ਲਈ ਤਾਇਨਾਤ ਕਰ ਦਿਤਾ ਹੈ।

ਓਸਟਨ ਪੁਲਿਸ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਹਾਲਾਤ ਪੂਰੀ ਤਰ੍ਹਾਂ ਕਾਬੂ ਹੇਠ ਹਨ। ਦੂਜੇ ਪਾਸੇ ਓਸਟਨ ਅੱਗ ਬੁਝਾਊ ਵਿਭਾਗ ਦੇ ਸਹਾਇਕ ਪ੍ਰਮੁੱਖ ਹੈਰੀ ਇਵਾਂਸ ਨੇ ਕਿਹਾ ਕਿ ਇਹ ਜਹਾਜ਼ ਇਮਾਰਤ ਦੀ ਦੂਜੀ ਮੰਜ਼ਿਲ ਨਾਲ ਜਾ ਟਕਰਾਇਆ। ਉਨ੍ਹਾਂ ਕਿਹਾ ਕਿ ਇਸ ਨਾਲ ਇਮਾਰਤ ਦੀ ਦੂਜੀ ਅਤੇ ਤੀਜੀ ਮੰਜ਼ਿਲ ਤਬਾਹ ਹੋ ਗਈ ਹੈ।







# 'ਸਾਡਾ ਚੈਨਲ' ਦੇ ਮੁੱਖ ਅਧਿਕਾਰੀ ਸਿੱਧੂ ਦਮਦਮੀ ਦਾ ਸਨਮਾਨ



**ਬੇਕਰਜ਼ਫੀਲਡ (ਮਨਦੀਪ ਮਾਨ):** ਜਲਦੀ ਹੀ ਅਮਰੀਕਾ ਵਿਚ ਚੌਵੀ ਘੰਟੇ ਚੱਲਣ ਵਾਲਾ ਇਕ ਨਵਾਂ ਨਿਊਜ਼ ਚੈਨਲ ਅਰੰਭ ਹੋਵੇਗਾ ਜੋ ਅਮਰੀਕਾ ਅਤੇ ਕੈਨੇਡਾ ਤੋਂ ਇਕੋ ਸਮੇਂ ਚੱਲਿਆ ਕਰੇਗਾ। ਇਹ ਜਾਣਕਾਰੀ 'ਸਾਡਾ ਚੈਨਲ' ਨਾਂ ਦੇ ਇਸ ਚੈਨਲ ਦੇ ਮੁੱਖ ਕਾਰਜਕਾਰੀ ਅਫਸਰ ਅਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਸ੍ਰੀ ਸਿੱਧੂ ਦਮਦਮੀ ਨੇ ਦਿੰਦਿਆਂ ਦੱਸਿਆ ਕਿ ਇਹ ਚੈਨਲ ਆਉਂਦੀ 17 ਮਾਰਚ ਤੋਂ ਡਿਸ਼ ਨੈਟਵਰਕ ਉਪਰ ਬਾਕਾਇਦਾ ਚੱਲਣਾ ਸ਼ੁਰੂ ਹੋ ਜਾਵੇਗਾ ਅਤੇ ਅਮਰੀਕਾ-ਕੈਨੇਡਾ ਵਿਚ ਇਹ ਚੈਨਲ 'ਜ਼ੀ-ਪੰਜਾਬੀ' ਨਾਂ ਹੇਠ ਅਤੇ ਤਜ਼ਰਬੇਕਾਰ ਵਿਅਕਤੀਆਂ ਜਸਪਾਲ ਸ਼ੇਤਰਾ ਅਤੇ ਸ਼ਮੀਲ ਦੀ ਦੇਖ-ਰੇਖ ਹੇਠ ਚੱਲੇਗਾ। ਸ੍ਰੀ ਦਮਦਮੀ ਇਨ੍ਹੀਂ ਦਿਨੀਂ ਇਸ ਚੈਨਲ ਨੂੰ ਲਾਂਚ ਕਰਨ ਸਬੰਧੀ ਅਮਰੀਕਾ ਦੇ ਦੌਰੇ 'ਤੇ ਹਨ।

ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਵਲੋਂ ਸੈਲਮਾ ਵਿਖੇ ਲੰਘੇ ਸਨਿਚਰਵਾਰ ਕਰਵਾਏ ਗਏ ਇਕ ਰੂਬਰੂ ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਦਮਦਮੀ ਨੇ ਪੱਤਰਕਾਰੀ ਦੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹੁੰਦਿਆਂ ਭ੍ਰਿਸ਼ਟਾਚਾਰ ਨੂੰ ਨੰਗਾ ਕੀਤਾ ਅਤੇ ਰਿਸ਼ਵਤਖੋਰੀ ਕਰਨ ਵਾਲੀਆਂ ਵੱਡੀਆਂ ਸਿਆਸੀ ਮੱਛੀਆਂ ਨੂੰ ਬੇਨਕਾਬ ਕੀਤਾ। ਉਨ੍ਹਾਂ ਆਪਣੇ ਸਾਹਿਤਕ ਸਫਰ ਬਾਰੇ ਵੀ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸ੍ਰੀ ਸਿੱਧੂ ਦਮਦਮੀ ਦਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਸਟੇਜ ਦੀ ਕਾਰਵਾਈ ਸੰਸਥਾ ਦੇ ਜਨਰਲ ਸਕੱਤਰ ਸ੍ਰੀ ਸੰਤੋਖ ਸਿੰਘ ਮਿਨਹਾਸ ਨੇ ਚਲਾਈ। ਹੋਰਨਾਂ ਤੋਂ ਇਲਾਵਾ ਪ੍ਰੋ. ਗੁਰੂਮੇਲ ਸਿੰਘ ਸਿੱਧੂ, ਹਰਜਿੰਦਰ ਸਿੰਘ ਕੰਗ, ਸੰਸਥਾ ਦੇ ਪ੍ਰਧਾਨ ਪ੍ਰਿੰ. ਪ੍ਰੀਤਮ ਸਿੰਘ ਨਾਹਲ, ਮਨਮੋਹਨ ਸਿੰਘ ਸਠਿਆਲਾ ਸਾਬਕਾ ਐਮ.ਐਲ.ਏ., ਰੇਡੀਓ ਹੋਸਟ ਗੁਰਪ੍ਰੀਤ ਮਾਨ, ਪਾਲ ਧਾਲੀਵਾਲ ਅਤੇ ਦਲਜੀਤ ਰਿਆੜ ਨੇ ਵੀ ਆਪਣੇ ਵਿਚਾਰ ਰੱਖੇ।

# ਮਰਦਮਸ਼ੁਮਾਰੀ ਸਬੰਧੀ ਬੇਕਰਜ਼ਫੀਲਡ ਵਿਚ ਕੈਂਪ

**ਬੇਕਰਜ਼ਫੀਲਡ (ਮਨਦੀਪ ਮਾਨ):** ਮਰਦਮਸ਼ੁਮਾਰੀ ਸਬੰਧੀ ਕੈਂਪ ਸਥਾਨਕ ਸੀਨੀਅਰ ਸਿਟੀਜ਼ਨ ਸੈਂਟਰ ਦੇ ਸਹਿਯੋਗ ਨਾਲ ਲੰਘੇ ਐਤਵਾਰ ਸਥਾਨਕ ਪਲਾਂਜ ਰੋਡ ਗੁਰੂ ਘਰ ਵਿਖੇ ਲਗਾਇਆ ਗਿਆ। ਕੈਂਪ ਦੌਰਾਨ ਇਕੱਤਰ ਸੰਗਤਾਂ ਨੂੰ ਮਰਦਮਸ਼ੁਮਾਰੀ ਸਬੰਧੀ ਪੂਰੀ ਜਾਣਕਾਰੀ ਮੁਹੱਈਆ ਕਰਵਾਈ ਗਈ ਅਤੇ ਦੱਸਿਆ ਗਿਆ ਕਿ ਇਸ ਸਬੰਧੀ ਫਾਰਮ ਆਉਂਦੀ 15 ਮਾਰਚ ਤੋਂ ਮੇਲ ਰਾਹੀਂ ਮਿਲਣੇ ਸ਼ੁਰੂ ਹੋ ਜਾਣਗੇ।



ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਘਰ ਦੇ ਹਰ ਮੈਂਬਰ ਦਾ ਨਾਂ ਇਸ ਫਾਰਮ ਵਿਚ ਜ਼ਰੂਰ ਲਿਖ ਕੇ ਭੇਜੇ ਤਾਂ ਜੋ ਜਨਸੰਖਿਆ ਦੇ ਆਧਾਰ ਉਪਰ ਸਰਕਾਰ ਪਾਸੋਂ ਵਧ ਤੋਂ ਵਧ ਫੰਡ ਸ਼ਹਿਰ ਦੀ ਤਰੱਕੀ ਲਈ ਲਏ ਜਾ ਸਕਣ ਅਤੇ ਸਿੱਖਾਂ ਦੀ ਸਹੀ ਅਬਾਦੀ ਬਾਰੇ ਵੀ ਪਤਾ ਲੱਗ ਸਕੇ। ਇਸ ਵਰ੍ਹੇ ਇਹ ਬਜ਼ਟ 480 ਬਿਲੀਅਨ ਡਾਲਰ ਦਾ ਹੈ ਅਤੇ ਜਨਸੰਖਿਆ ਦੇ ਆਧਾਰ 'ਤੇ ਇਹ ਪੈਸੇ ਸ਼ਹਿਰਾਂ ਨੂੰ ਵੰਡੇ ਜਾਣਗੇ। ਇਹ ਵੀ ਦੱਸਿਆ ਗਿਆ ਕਿ ਮਰਦਮਸ਼ੁਮਾਰੀ ਸਬੰਧੀ ਫਾਰਮ ਵਿਚ ਸਿਰਫ ਨਾਂ, ਪਤਾ ਅਤੇ ਜਨਮ ਤਾਰੀਖ ਹੀ ਪੁੱਛੀ ਜਾਂਦੀ ਹੈ ਹੋਰ ਕੋਈ ਪ੍ਰਾਇਵੇਸੀ ਨਹੀਂ, ਇਸ ਕਰਕੇ ਪਰਿਵਾਰ ਦੇ ਹਰ ਮੈਂਬਰ ਦਾ ਨਾਂ ਇਸ ਫਾਰਮ ਵਿਚ ਜ਼ਰੂਰ ਦਰਜ ਕੀਤਾ ਜਾਵੇ।

ਸਰਕਾਰੀ ਮਹਿਕਮੇ ਤਰਫੋਂ ਬੀਬੀ ਰਿਆਨ ਨੇ ਇਸ ਬਾਰੇ ਆਪਣੀ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ ਅਤੇ ਅਪੀਲ ਕੀਤੀ ਕਿ ਹਰ ਕੋਈ ਇਸ ਜਨਗਣਨਾ ਦਾ ਹਿੱਸਾ ਜ਼ਰੂਰ ਬਣੇ। ਇਸ ਮੌਕੇ ਸੀਨੀਅਰ ਸੈਂਟਰ ਦੇ ਚੇਅਰਮੈਨ ਜਥੇਦਾਰ ਮਲਕੀਤ ਸਿੰਘ ਮਾਨ, ਸਕੱਤਰ ਗਿਆਨੀ ਗੁਰਚਰਨ ਸਿੰਘ, ਮੀਤ ਪ੍ਰਧਾਨ ਮਾਸਟਰ ਗੁਰਪ੍ਰਤਾਪ ਸਿੰਘ, ਦਲਬੀਰ ਸਿੰਘ ਲੌਂਗੀਆ, ਸੁਖਦੇਵ ਸਿੰਘ ਸਾਹਨੇਵਾਲ, ਗੁਰਚਰਨ ਸਿੰਘ ਦੀਨਾ, ਗੁਰੂ ਘਰ ਦੇ ਪ੍ਰਧਾਨ ਸ. ਨਿਰਭੈ ਸਿੰਘ ਚਾਹਲ, ਸਕੱਤਰ ਭਾਈ ਭੁਪਿੰਦਰ ਸਿੰਘ, ਡਾ. ਗੁਰਚਰਨ ਸਿੰਘ ਢਿੱਲੋਂ, ਅਜਮੇਰ ਸਿੰਘ ਢਿੱਲੋਂ, ਰਜਿੰਦਰ ਸਿੰਘ ਰਾਏ, ਡਾ. ਪ੍ਰੀਤਮ ਸਿੰਘ ਬਦੇਸ਼ਾ, ਅੰਮ੍ਰਿਤਪਾਲ ਸੂਮਲ, ਬਲਵੰਤ ਸਿੰਘ ਵੜੈਚ ਆਦਿ ਪਤਵੰਤੇ ਸੱਜਣ ਹਾਜ਼ਰ ਸਨ।




Attorney at Law

Bob Lynn Edwards, Jr.

Free Initial Consultation

Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.



www.BobEdwards.com

Ph:510-770-0500

3869 Peralta Boulevard, Fremont CA 94536-3712

M.K. Nijjar DDS

Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments

Treatments & Prevention of Gum Diseases New Patients & Children Welcome

510-794-7058

WWW.DRNIJJAR.COM

(Across From Washigton Hospital & Bart)
1895 Mowry Ave. Ste 104 Fremont

SINGH PINLESS COMMUNICATION

www.singhpinless.com

(ਇਸ ਸਾਈਟ ਤੇ ਤੁਸੀਂ ਆਪਣੇ ਆਪ ਵੀ ਫੋਨ ਚਾਰਜ ਕਰ ਸਕਦੇ ਹੋ)
ਜਾਂ ਸਾਡੇ ਬੈਂਕ ਖਾਤੇ ਵਿੱਚ ਡਾਲਰ ਜਮ੍ਹਾਂ ਕਰਵਾ ਸਕਦੇ ਹੋ ।

ਇੰਡੀਆ ਵਿੱਚ ਵਸਦੇ ਆਪਣੇ ਭੈਣਾਂ, ਭਰਾਵਾਂ, ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਗੱਲਾਂ ਕਰਨ ਵਾਸਤੇ
ਅਮਰੀਕਾ ਦੀ ਸਭ ਤੋਂ ਸਾਫ ਸੁਥਰੀ ਆਵਾਜ਼ ਵਾਲੀ ਅਤੇ ਸਭ ਤੋਂ ਸ਼ਰਤੀਆ ਸਸਤੀ ਫੋਨ ਕੰਪਨੀ

NO
Hidden Charges
Connection Fee
Montly Fee
Other Charges

ਸੈਲ ਫੋਨ, ਘਰ ਦੇ ਫੋਨ ਅਤੇ ਘਰ ਦੇ ਕੰਮ ਤੋਂ
ਵੀ ਕਾਲ ਕਰ ਸਕਦੇ ਹੋ ਅਤੇ ਤੁਸੀਂ ਪੰਜ
ਫੋਨ ਤੱਕ ਵੀ ਐਡ ਕਰਵਾ ਸਕਦੇ ਹੋ

1.66¢ PER MIN.


$100 ਵਿਚ 100 ਘੰਟੇ
6000 ਮਿੰਟ

ਇੰਡੀਆ ਗੱਲ ਕਰੋ

ਕਾਲ ਕਰੋ 1.800.258.1927
661-889-1927

# ਮੇਰੇ ਭਾਰਤੀ ਹੋਣ 'ਤੇ ਕਿਸੇ ਨੂੰ ਕੀ ਇਤਰਾਜ਼:ਸ਼ਾਹਰੁਖ਼

## ਰਾਜ ਬੱਬਰ 'ਤੇ ਅਪਰਾਧਕ ਮਾਮਲਾ ਤੈਅ, ਦੀਪਿਕਾ ਦੇ ਪ੍ਰੋਗਰਾਮ 'ਚ ਹੰਗਾਮਾ ਹੋਇਆ



**ਮੁੰਬਈ:** ਆਈ. ਪੀ. ਐਲ. 'ਚ ਪਾਕਿਸਤਾਨੀ ਖਿਡਾਰੀਆਂ ਨੂੰ ਸ਼ਾਮਲ ਕਰਨ ਦਾ ਸਮਰਥਨ ਦੀ ਟਿਪਣੀ ਤੋਂ ਬਾਅਦ ਸ਼ਿਵ ਸੈਨਾ ਦੀ ਨਰਾਜ਼ਗੀ ਦਾ ਸਾਹਮਣਾ ਕਰ ਰਹੇ ਬਾਲੀਵੁਡ ਦੇ ਬਾਦਸ਼ਾਹ ਸ਼ਾਹਰੁਖ਼ ਖ਼ਾਨ ਨੇ ਕਿਹਾ ਕਿ ਉਨ੍ਹਾਂ ਇਸ ਵਿਵਾਦ ਦੇ ਪਿਛੇ ਦੀ ਗਲ ਨਹੀਂ ਸਮਝ ਨਹੀਂ ਆਉਂਦੀ ਅਤੇ ਜੇਕਰ ਸ਼ਿਵ ਸੈਨਾ ਨੂੰ ਉਨ੍ਹਾਂ ਦੀ ਫ਼ਿਲਮ ਮਾਈ ਨੇਮ ਇਜ਼ ਖ਼ਾਨ ਤੋਂ ਕੋਈ ਪ੍ਰੇਸ਼ਾਨੀ ਹੁੰਦੀ ਤਾਂ ਉਹ ਮੁਆਫ਼ੀ ਮੰਗ ਲੈਂਦੇ। ਸ਼ਾਹਰੁਖ਼ ਖ਼ਾਨ ਦਾ ਕਹਿਣਾ ਹੈ ਕਿ ਇਕ ਗਲ ਜਿਸ ਤੋਂ ਉਹ ਬੜੇ ਪ੍ਰੇਸ਼ਾਨ ਹਨ ਉਹ ਇਹ ਕਿ ਇਨ੍ਹਾਂ ਸਾਰੇ ਮਾਮਲਿਆਂ 'ਚ ਉਨ੍ਹਾਂ ਦੀ ਭਾਰਤੀ ਨਾਗਰਿਕਤਾ 'ਤੇ ਸਵਾਲਾਂ ਦਾ ਕੋਈ ਮਤਲਬ ਹੀ ਨਹੀਂ ਬਣਦਾ। ਉਨ੍ਹਾਂ ਕਿਹਾ ਜੇਕਰ ਫਿਲਮ ਨੂੰ ਲੈ ਕੇ ਸ਼ਿਵ ਸੈਨਾ ਨੂੰ ਕੋਈ ਪ੍ਰੇਸ਼ਾਨੀ ਹੁੰਦੀ ਤਾਂ ਉਹ ਜ਼ਰੂਰ ਮੁਆਫ਼ੀ ਮੰਗਦੇ ਪਰ ਉਨ੍ਹਾਂ ਮੁਆਫ਼ੀ ਨਹੀਂ ਮੰਗੀ ਕਿਉਂਕਿ ਉਨ੍ਹਾਂ ਨੂੰ ਇਸ ਵਿਵਾਦ ਦੇ ਪਿਛੇ ਦੀ ਗਲ ਹੀ ਨਹੀਂ ਸਮਝ ਆ ਰਹੀ। ਸ਼ਾਹਰੁਖ਼ ਨੇ ਦਸਿਆ ਕਿ ਜੇਕਰ ਮੇਰੀ ਫ਼ਿਲਮ 'ਚ ਕੋਈ ਗੜਬੜ ਹੁੰਦੀ ਤਾਂ ਮੈਂ ਜ਼ਰੂਰ ਮੁਆਫ਼ੀ ਮੰਗਦਾ ਅਤੇ ਮੈਂ ਪਹਿਲਾਂ ਵੀ ਅਜਿਹਾ ਕੀਤਾ ਹੈ। ਮੈਂ ਅਪਣੀ ਫ਼ਿਲਮਾਂ ਰਾਹੀਂ ਕਿਸੇ ਦੀ ਬੇਇਜ਼ਤੀ ਨਹੀਂ ਕਰਨਾ ਚਾਹੁੰਦਾ ਮੇਰਾ ਮਕਸਦ ਦਾ ਲੋਕਾਂ ਦਾ ਮਨੋਰੰਜਨ ਕਰਨਾ ਹੈ। ਮੈਨੂੰ ਅਪਣੀ ਭਾਰਤੀ ਨਾਗਰਿਕਤਾ 'ਤੇ ਬਾਰ-ਬਾਰ ਸ਼ਪਸ਼ਟੀਕਰਨ ਦੇਣਾ ਪਿਆ ਹੈ। ਸ਼ਾਹਰੁਖ਼ ਨੇ ਕਿਹਾ ਕਿ ਉਹ ਸ਼ਿਵ ਸੈਨਾ ਦੇ ਨੇਤਾਵਾਂ ਦੀ ਇੱਜ਼ਤ ਕਰਦੇ ਹਨ ਅਤੇ ਸੋਚਦੇ ਹਨ ਕਿ ਰਾਜਨੀਤੀ ਅਤੇ ਦੇਸ਼ ਭਗਤੀ ਨੂੰ ਮਨੋਰੰਜਨ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ ਹੈ।

ਇਸ ਦੌਰਾਨ ਬਾਲੀਵੁੱਡ ਅਦਾਕਾਰ ਤੇ ਕਾਂਗਰਸੀ ਸਾਂਸਦ ਰਾਜ ਬੱਬਰ 'ਤੇ ਦਿੱਲੀ ਦੀ ਇੱਕ ਅਦਾਲਤ ਵਿਚ ਅਪਰਾਧਕ ਮਾਮਲਾ ਤੈਅ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਾਲ 2000 ਵਿਚ ਜਦੋਂ ਰਾਜ ਬੱਬਰ ਸਮਾਜਵਾਦੀ ਪਾਰਟੀ 'ਚ ਸਨ ਤਾਂ ਉਸ ਸਮੇਂ ਉਨ੍ਹਾਂ 'ਤੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੇ ਆਸ-ਪਾਸ ਮੌਜੂਦ ਪੁਲਿਸ ਕਰਮਚਾਰੀਆਂ ਉਪਰ ਪੱਥਰ ਮਾਰਨ ਦਾ ਦੋਸ਼ ਲਗਾਇਆ ਗਿਆ ਸੀ। ਅਦਾਲਤ ਨੇ ਦੋਸ਼ ਤੈਅ ਕਰਦੇ ਹੋਏ ਕਿਹਾ ਕਿ ਰਾਜ ਬੱਬਰ ਨੇ ਆਪਣੇ ਸ਼ਹਿ ਦੋਸ਼ੀਆਂ ਨਾਲ ਮਿਲ ਕੇ 9 ਮਈ 2000 ਨੂੰ ਗੈਰ ਕਾਨੂੰਨੀ ਢੰਗ ਨਾਲ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੇ ਨੇੜੇ ਇਕੱਠੇ ਹੋ ਕੇ ਪੁਲਿਸ ਦੇ ਐਸ ਆਈ ਅਤੇ ਹੋਰ ਕਰਮਚਾਰੀਆਂ 'ਤੇ ਪੱਥਰਾਂ ਨਾਲ ਹਮਲਾ ਕਰਕੇ ਉਨ੍ਹਾਂ ਦੀ ਡਿਊਟੀ 'ਚ ਵਿਘਨ ਪਾਇਆ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਰਿਹਾਇਸ਼ ਦੇ ਨੇੜੇ ਰੈਲੀ ਕੱਢਣ ਦਾ ਵੀ ਯਤਨ ਕੀਤਾ ਗਿਆ।

ਇਕ ਹੋਰ ਰਿਪੋਰਟ ਅਨੁਸਾਰ ਗੁਜਰਾਤ ਦੇ ਸੂਰਤ ਸ਼ਹਿਰ 'ਚ ਆਪਣੀ ਨਵੀਂ ਫਿਲਮ 'ਕਾਰਤਿਕ ਕਾਲਿੰਗ ਕਾਰਤਿਕ' ਦੇ ਪ੍ਰਮੋਸ਼ਨ 'ਚ ਪਹੁੰਚੀ ਦੀਪਿਕਾ ਪਾਦੁਕੋਣ ਅਤੇ ਫ਼ਰਹਾਨ ਅਖ਼ਤਰ ਨੂੰ ਉਸ ਸਮੇਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਜਦੋਂ ਪ੍ਰੈੱਸ ਕਾਨਫ਼ਰੰਸ ਤੋਂ ਠੀਕ ਪਹਿਲਾਂ ਮੀਡੀਆ ਅਤੇ ਪ੍ਰਸ਼ੰਸਕਾਂ 'ਚ ਝੜਪ ਹੋ ਗਈ। ਲੋਕਾਂ ਨੂੰ ਜਿਵੇਂ ਪਤਾ ਲਗਿਆ ਤਾਂ ਲੋਕ ਉਥੇ ਇਕਠੇ ਹੋਣ ਲਗੇ। ਵੇਖਦੇ ਹੀ ਵੇਖਦੇ ਧੱਕਾ ਮੁਕੀ ਝੜਪਾਂ 'ਚ ਤਬਦੀਲ ਹੋ ਗਈ। ਸਿਨੇਮਾ ਹਾਲ ਨੇ ਇਸ ਪ੍ਰੈੱਸ ਕਾਨਫ਼ਰੰਸ ਬਾਰੇ ਪ੍ਰਸ਼ਾਸਨ ਨੂੰ ਨਹੀਂ ਦਸਿਆ ਸੀ। ਗੌਰਤਲਬ ਹੈ ਕਿ ਹਾਲ 'ਚ ਹੀ ਸਲਮਾਨ ਖ਼ਾਨ ਜਦ ਜੈਪੁਰ ਮੈਰਾਥਨ 'ਚ ਭਾਗ ਲੈਣ ਲਈ ਰਾਜਸਥਾਨ ਗਏ ਤਾਂ ਉਥੇ ਕਾਫੀ ਹੰਗਾਮਾ ਹੋ ਗਿਆ ਸੀ। ਸਲਮਾਨ ਖ਼ਾਨ ਦੀ ਨਵੀਂ ਫਿਲਮ ਵੀਰ ਦੇ ਪ੍ਰਮੋਸ਼ਨ ਦੌਰਾਨ ਹੈਦਰਾਬਾਦ 'ਚ ਵੀ ਲੋਕਾਂ ਦਾ ਹਜੂਮ ਉਮੜ ਪਿਆ ਸੀ।

ਸੁਭ ਕਰਮਨ ਤੇ ਕਬਹੂੰ ਨ ਟਰੋਂ

ਪੰਥਕ ਸਲੇਟ

ਵਲੋਂ ਸੱਦਾ ਪੱਤਰ

ਗੁਰਦਵਾਰਾ ਸਾਹਿਬ ਫਰੀਮੋਂਟ ਦੀ 14 ਮਾਰਚ ਨੂੰ ਹੋਣ ਜਾ ਰਹੀ ਚੋਣ ਵਿਚ ਪੰਥਕ ਸਲੇਟ ਵਲੋਂ ਭਾਈ ਤਾਰਾ ਸਿੰਘ, ਭਾਈ ਤਰਸੇਮ ਸਿੰਘ, ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਗੁਰਚਰਨ ਸਿੰਘ ਮਾਨ ਅਤੇ ਭਾਈ ਗੁਰਮੇਲ ਸਿੰਘ ਬਾਠ ਨੂੰ ਸੰਗਤਾਂ ਦੇ ਰੁਬਰੂ ਕਰਨ ਲਈ ਇਕ ਵਿਸ਼ੇਸ਼ ਪੰਥਕ ਇਕੱਠ ਰੋਜ਼ ਵਾਟਰ ਹਾਲ, ਸੈਨ ਹੋਜ਼ੇ ਵਿਖੇ ਹੇਠ ਲਿਖੇ ਅਨੁਸਾਰ ਕੀਤਾ ਜਾ ਰਿਹਾ ਹੈ।

27 ਫਰਵਰੀ 2010 (ਸ਼ਨੀਵਾਰ), ਸ਼ਾਮ 4 ਤੋਂ 7 ਵਜੇ
ਰੋਜ਼ ਵਾਟਰ ਹਾਲ - 1180 ਮਰਫੀ ਐਵੀਨਿਊ, ਸੈਨ ਹੋਜ਼ੇ 95131
ਫੋਨ: 408-390-4321

ਆਪ ਸਭ ਨੂੰ ਪੂਰੇ ਉਤਸ਼ਾਹ ਨਾਲ ਇਸ ਪੰਥਕ ਇਕੱਠ ਵਿਚ ਸਮੇਂ ਸਿਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:

ਸੁਖਦੇਵ ਸਿੰਘ ਬੈਨੀਵਾਲ 408.421.9463
ਸਰਬਜੋਤ ਸਿੰਘ ਸਵੱਦੀ 408.449.1639
ਜਸਵੀਰ ਸਿੰਘ ਪਵਾਰ
ਨੀਟੂ ਸਿੰਘ ਕਾਹਲੋਂ 408.624.6525
ਭੁਪਿੰਦਰ ਸਿੰਘ ਚੀਮਾ 408.203.8054
ਗੁਰਬਖਸ਼ ਸਿੰਘ ਢਿਲੋਂ 408.859.7049
ਲਹਿਮਬਰ ਸਿੰਘ 408.410.7502
ਸੁਖਦੇਵ ਸਿੰਘ ਗੇਲੋਂ 408.314.4952

ਸੁਖਵਿੰਦਰ ਸਿੰਘ ਗੋਗੀ
ਦਲਜੀਤ ਸਿੰਘ ਮਾਵੀ
ਹਰਪਾਲ ਸਿੰਘ
ਹਰਪ੍ਰਕਾਸ਼ ਸਿੰਘ ਢਿਲੋਂ
ਪਰਮਜੀਤ ਸਿੰਘ ਸੰਧੂ
ਚੰਦਰ ਸ਼ੇਖਰ
ਸਤਿੰਦਰ ਸਿੰਘ ਮੰਗਰ
ਕਰਪਾਲ ਸਿੰਘ ਅਟਵਾਲ






## ਬੇਕਰਜ਼ਫੀਲਡ ਵਿਚ ਫਿਲਮ ਸੁਖਮਨੀ 27 ਨੂੰ ਲੱਗੇਗੀ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਦੇਸ ਪਰਦੇਸ਼ ਵਿਚ ਹਿੱਟ ਜਾ ਰਹੀ ਸਾਈਂ ਪ੍ਰੋਡਕਸ਼ਨ ਦੀ ਫਿਲਮ ਸੁਖਮਨੀ ਇਥੇ ਸਨਿਚਰਵਾਰ 27 ਫਰਵਰੀ ਨੂੰ ਸਥਾਨਕ ਸਿਨੇਮਾ ਛੇ ਵਿਚ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 6 ਵਜੇ ਤੱਕ ਦਿਖਾਈ ਜਾ ਰਹੀ ਹੈ।

ਇਕ ਬੱਚੀ ਅਤੇ ਫੌਜੀ ਅਫਸਰ ਦੀ ਜ਼ਿੰਦਗੀ ਨਾਲ ਸਬੰਧਤ ਇਸ ਫਿਲਮ ਵਿਚ ਮੁੱਖ ਭੁਮਿਕਾਵਾਂ ਗੁਰਦਾਸ ਮਾਨ, ਜੂਹੀ ਚਾਵਲਾ, ਦਿਵਿਆ ਦੱਤਾ ਆਦਿ ਸਿਤਾਰਿਆਂ ਨੇ ਨਿਭਾਈਆਂ ਹਨ। ਫਿਲਮ ਦੇ ਸ਼ੋਅ ਫੁੱਲ ਜਾ ਰਹੇ ਹਨ। ਟਿਕਟਾਂ ਸਥਾਨਕ ਪੰਜਾਬੀ ਸਟੋਰਾਂ ਤੋਂ ਖਰੀਦੀਆਂ ਜਾ ਸਕਦੀਆਂ ਹਨ।

*Visit us on the web:*
***punjabtimesusa.com***





# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਉਤਸ਼ਾਹ ਨਾਲ ਮਨਾਇਆ

**ਫਰੀਮਾਂਟ:** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਨਿਊਆਰਕ ਟਾਊਨ ਦੇ ਨਿਊਆਰਕ ਪੈਵਿਲਿਅਨ ਵਿਚ ਬੇ-ਏਰੀਏ ਦੀਆਂ ਸੰਗਤਾਂ ਵਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਕੈਲੀਫੋਰਨੀਆ ਦੇ ਹੋਰ ਸ਼ਹਿਰਾਂ ਦੀਆਂ ਗੁਰੂ ਰਵਿਦਾਸ ਸਭਾਵਾਂ ਦੇ ਨੁਮਾਇੰਦਿਆਂ ਨੇ ਵੀ ਭਰਵੀਂ ਹਾਜਰੀ ਲਵਾਈ। ਬੁਲਾਰਿਆਂ ਨੇ ਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਜੀਵਨ ਅਤੇ ਜਾਤ-ਪਾਤ ਨੂੰ ਖਤਮ ਕਰਨ ਲਈ ਕੀਤੇ ਗਏ ਸੰਘਰਸ਼ ਉਤੇ ਚਾਨਣਾ ਪਾਇਆ।



ਪ੍ਰੋਗਰਾਮ ਦਾ ਆਰੰਭ ਸਭਾ ਦੇ ਗ੍ਰੰਥੀ ਕੈਪਟਨ ਸਵਰਨ ਸਿੰਘ ਵਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਕ ਸ਼ਬਦ ਨਾਲ ਕੀਤਾ। ਛੋਟੀ ਬੱਚੀ ਮਨਦੀਪ ਕੌਰ ਅਤੇ ਉਸਦੇ ਛੋਟੇ ਜਿਹੇ ਭਰਾ ਨੇ ਸੰਗਤਾਂ ਨੂੰ ਇਕ ਸ਼ਬਦ ਰਾਹੀਂ ਨਿਹਾਲ ਕੀਤਾ। ਬੇ-ਏਰੀਆ ਦੇ ਸੂਫੀ ਗਾਇਕ ਸੁਖਦੇਵ ਸਾਹਿਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਗੁਰੂ ਰਵਿਦਾਸ ਜੀ ਦੇ ਸ਼ਬਦ ਗਾ ਕੇ ਆਪਣੀ ਅਕੀਦਤ ਦੇ ਫੁਲ ਭੇਟ ਕੀਤੇ। ਸਰਬਜੀਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਅਤੇ ਭਾਈ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਇਤਿਹਾਸਕ ਵਾਰਾਂ ਗਾ ਕੇ ਸੰਗਤਾਂ ਨੂੰ ਗੁਰੂ ਦੇ ਚਰਨਾਂ ਨਾਲ ਜੋੜਿਆ।

ਇਸ ਮੌਕੇ ਕਮਿਊਨਟੀ ਦੀ ਉਘੀ ਸ਼ਖਸੀਅਤ ਸੁਖਰਾਜ ਚੋਪੜਾ ਨੇ ਸੰਗਤਾਂ ਨੂੰ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿਤੀ। ਸਭਾ ਵਲੋਂ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਗਿਆ। ਸ੍ਰੀ ਕੇਵਲ ਬੋਲੀਨਾ, ਹਰਬੰਸ ਸਿੰਘ ਮਹੇ, ਰਾਜ ਕੁਮਾਰ, ਸ੍ਰੀ ਬੁਧੂ ਰਾਮ, ਗਿਆਨੀ ਹਰਬਿਲਾਸ ਸਿੰਘ (ਹੈਡ ਗ੍ਰੰਥੀ ਪਿਟਸਬਰਗ), ਕੰਵਲਦੇਵ (ਜਨਰਲ ਸਕੱਤਰ ਪਿਟਸਬਰਗ), ਮਹਿੰਦਰ ਸਿੰਘ ਮਾਹੀ, ਪ੍ਰਧਾਨ ਸ਼ਿੰਗਾਰਾ ਸਿੰਘ (ਯੂਬਾ ਸਿਟੀ), ਗੁਰਦੇਵ ਸਿੰਘ ਸੰਧੂ (ਪ੍ਰਧਾਨ ਗੁਰੂਘਰ ਮਿਲਪੀਟਸ), ਬਲਦੇਵ ਸੁੰਮਨ, ਕੇਵਲ ਸਿੰਘ (ਚੇਅਰਮੈਨ), ਵਿਨੋਦ ਕੁਮਾਰ (ਪ੍ਰਧਾਨ) ਨੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਮੱਖਣ ਲੁਹਾਰਾਂ ਦੇ ਲਿਖੇ ਗੀਤਾਂ ਦੀ ਇਕ ਸੀ ਡੀ ਵੀ ਰਿਲੀਜ਼ ਕੀਤੀ ਗਈ।
























# ਪੰਥਕ ਸਲੇਟ ਵਲੋਂ ਹਾਲ ਹੀ ਵਿਚ ਕੀਤੀ ਗਈ ਮੀਟਿੰਗ ਤਸਵੀਰਾਂ ਦੀ ਜ਼ੁਬਾਨੀ






















ਬੇ-ਏਰੀਏ ਵਿਚ ਹੋਈ ਇਸ ਭਰਵੀਂ ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਵਲੋਂ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਹੇਠਲੀ ਪੰਥਕ ਸਲੇਟ ਨੂੰ ਜ਼ੋਰਦਾਰ ਹਮਾਇਤ ਦਾ ਐਲਾਨ

















ੴ ਸਤਿਗੁਰ ਪ੍ਰਸਾਦਿ॥

## ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ

# ਮਾਮਲਾ ਗਲਤ ਤਰੀਕੇ ਨਾਲ ਬਣਾਈਆਂ ਗਈਆਂ ਵੋਟਾਂ ਦਾ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਆਪ ਜੀ ਦੀ ਜਾਣਕਾਰੀ ਦੇ ਲਈ ਇੱਥੇ ਅਸੀਂ ਆਪ ਜੀ ਨੂੰ ਦੱਸਣਾ ਚਾਹੁੰਦੇ ਹਾਂ ਕਿ ਫਰੀਮਾਂਟ ਗੁਰਦੁਆਰੇ ਦੀ ਸੁਪਰੀਮ ਕੌਂਸਲ ਅਤੇ ਕਮੇਟੀ ਵੱਲੋਂ ਵੋਟਾਂ ਬਣਾਉਣ ਸਮੇਂ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਅਤੇ ਸੰਗਤ ਦੇ ਹੱਕਾਂ ਨਾਲ ਧੋਖਾ ਕਿਵੇਂ ਤੇ ਕਿਸ ਕਿਸ ਨੇ ਕੀਤਾ, ਵੋਟਾਂ ਬਣਾਉਣ ਦਾ ਅਸਲੀ ਢੰਗ ਕੀ ਸੀ ਅਤੇ ਕਦੋਂ ਸ਼ੁਰੂ ਹੋਇਆ?

ਆਪ ਸੰਗਤ ਇਸ ਗੱਲ ਤੋਂ ਜਾਣੂ ਹੋ ਕਿ ਅੱਜ ਦੀ ਜੋ ਮੌਜੂਦਾ ਕਮੇਟੀ ਹੈ, ਇਨ੍ਹਾਂ ਹੀ ਪੁਰਸ਼ਾਂ ਦਾ 2005 ਤੋਂ ਪਹਿਲਾਂ 8 ਸਾਲ ਗੁਰਦੁਆਰੇ ਉਤੇ ਕਬਜ਼ਾ ਸੀ। ਉਸ ਸਮੇਂ ਗੁਰੂ ਘਰ ਦੀ ਕੋਈ ਮੈਂਬਰਸ਼ਿਪ ਨਹੀਂ ਸੀ। ਮੌਜੂਦਾ ਪ੍ਰਬੰਧਕ ਆਪਣੇ ਘਰੋਂ ਹੀ ਕਮੇਟੀ ਬਣਾ ਕੇ ਲਿਆਉਂਦੇ ਸਨ ਅਤੇ ਜੈਕਾਰਾ ਲਾ ਕੇ ਆਪ ਹੀ ਕਮੇਟੀ ਨੂੰ ਪਾਸ ਕਰ ਦਿੰਦੇ ਸਨ (ਉਦਾਹਰਣ ਲਈ ਸੰਗਤ 2005 ਤੋਂ ਪਹਿਲਾਂ ਦੀਆਂ ਕਮੇਟੀਆਂ ਵਿਚ ਦੇਖ ਸਕਦੀ ਹੈ ਕਿ ਕਿਤੇ ਵੀ ਕੋਈ ਸੰਗਤ ਦਾ ਮੈਂਬਰ ਕਦੇ ਵੀ ਕਮੇਟੀ ਵਿਚ ਨਹੀਂ ਲੱਭੇਗਾ, ਸਗੋਂ ਇਨ੍ਹਾਂ ਦੇ ਗਰੁੱਪ ਦੇ ਹੀ ਆਦਮੀ ਹਰ ਵਾਰ ਕਮੇਟੀ ਦੇ ਚੌਧਰੀ ਬਣਦੇ ਰਹੇ ਹਨ।) ਇਸ ਸਾਰੇ ਕਬਜ਼ੇ ਦੇ ਅੰਤ ਦਾ ਮੁੱਢ ਉਸ ਸਮੇਂ ਬੱਝਾ ਜਦੋਂ ਇਸ ਕਮੇਟੀ ਨੇ ਆਪਣੇ ਆਕਾ ਦੀ ਅਗਵਾਈ ਵਿਚ ਸੰਨ 2002 ਵਿਚ ਗੁਰੂ ਘਰ ਵਿਚ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸੁਖਦੇਵ ਸਿੰਘ ਦੀ ਕੁੱਟਮਾਰ ਕੀਤੀ, ਪੱਗ ਲਾਹੀ ਅਤੇ ਬੀਬੀਆਂ ਨੂੰ ਧੱਕੇ ਮਾਰੇ। ਇਨ੍ਹਾਂ ਦੀ ਇਸ 'ਧੱਕੇਸ਼ਾਹੀ' ਨੂੰ ਰੋਕਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਭਾਈ ਰਾਮ ਸਿੰਘ ਹੋਰਾਂ ਨੇ ਸੰਗਤ ਦੇ ਸਹਿਯੋਗ ਨਾਲ ਲੰਬੀ ਅਤੇ ਕਾਨੂੰਨੀ ਲੜਾਈ ਲੜ ਕੇ ਇਨ੍ਹਾਂ ਦੀ 'ਧੱਕੇਸ਼ਾਹੀ' ਦਾ ਅੰਤ ਕੀਤਾ ਅਤੇ ਗੁਰਦੁਆਰੇ ਦੇ ਪ੍ਰਬੰਧਕਾਂ ਦੀ ਚੋਣ ਪਹਿਲੀ ਵਾਰ ਸੰਗਤਾਂ ਨੂੰ ਆਪ ਕਰਨ ਦਾ ਹੱਕ ਦਿਵਾਇਆ।

ਯਾਦ ਰਹੇ ਇਹ ਲੋਕ (ਜੋ ਕੋਰਟ ਦੇ ਰਿਕਾਰਡ ਵਿਚ ਮੌਜੂਦ ਹੈ) ਕਿਤੇ ਆਪੂੰ ਬਣੇ ਹੋਏ ਸੁਪਰੀਮ ਕੌਂਸਲ ਦੇ ਪੰਜ ਮੈਂਬਰਾਂ ਨੂੰ ਗੁਰੂ ਸਾਹਿਬ ਦੇ ਸਾਜੇ ਹੋਏ ਪੰਜ ਪਿਆਰਿਆਂ ਦੇ ਬਰਾਬਰ ਦੇ ਦੱਸਦੇ ਸਨ ਅਤੇ ਸਾਰੀ ਉਮਰ ਭਰ ਲਈ ਚੁਣੇ ਹੋਣ ਦਾ ਦਾਅਵਾ ਕਰਦੇ ਸਨ, ਜੋ ਸਿੱਖੀ ਸਿਧਾਂਤ ਨਾਲ ਘਿਨਾਉਣਾ ਖਿਲਵਾੜ ਸੀ ਜੋ ਮੌਜੂਦਾ ਪ੍ਰਬੰਧਕਾਂ ਨੇ ਪ੍ਰਬੰਧ ਨੂੰ ਸਦਾ ਆਪਣੇ ਹੱਥਾਂ ਵਿਚ ਰੱਖਣ ਲਈ ਕੀਤਾ।

ਪਰ ਕੋਰਟ ਨੇ ਸੰਗਤ ਦੀ ਬੇਨਤੀ ਨੂੰ ਮੰਨ ਕੇ ਗੁਰੂ ਘਰ ਦੀ ਸੰਗਤ ਨੂੰ ਕੋਰਟ ਦੀ ਦੇਖ-ਰੇਖ ਵਿਚ ਮੈਂਬਰਸ਼ਿਪ ਬਣਾਉਣ ਦਾ ਕੰਮ ਪਹਿਲੀ ਵਾਰ ਸਿਰੇ ਲਾਇਆ ਅਤੇ ਸੰਗਤ ਨੂੰ ਆਪ ਪ੍ਰਬੰਧਕ ਚੁਣਨ ਦਾ ਪਹਿਲੀ ਵਾਰ ਮੌਕਾ ਦਿੱਤਾ। ਉਸ ਤੋਂ ਬਾਅਦ ਇਨ੍ਹਾਂ ਲੋਕਾਂ ਦਾ ਸੰਗਤ ਨੇ ਗੁਰੂ ਘਰ ਵਿਚੋਂ ਸਫਾਇਆ ਕੀਤਾ ਤੇ ਆਪਣੀ ਮਰਜ਼ੀ ਨਾਲ ਪ੍ਰਬੰਧਕ ਚੁਣੇ। ਉਸ ਤੋਂ ਬਾਅਦ ਅਗਲੇ ਸਾਲ ਫੇਰ ਵੋਟਾਂ ਬਣੀਆਂ ਤੇ ਉਸ ਤੋਂ ਬਾਅਦ 2 ਸਾਲ ਬਾਅਦ ਫਿਰ ਬਣੀਆਂ। 2008 ਦੀਆ ਵੋਟਾਂ ਸੀਨੀਅਰਜ਼ ਦੀ ਦੇਖ-ਰੇਖ ਵਿਚ ਬਣੀਆਂ। ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਕ ਹਰ ਆਦਮੀ ਜੋ ਸਿੱਖ ਹੈ ਅਤੇ 7 ਕਾਉਂਟੀਆਂ ਦਾ ਵਸਨੀਕ ਹੈ (ਜੋ ਸ਼ਰਤਾਂ ਮੈਂਬਰਸ਼ਿਪ ਫਾਰਮ ਵਿਚ ਹਨ, ਪੂਰੀਆਂ ਕਰਦਾ ਹੈ, ਮੈਂਬਰ ਬਣ ਸਕਦਾ ਹੈ। ਮੈਂਬਰ ਬਣਨ ਦਾ ਤਰੀਕਾ ਹੈ ਕਿ ਗੁਰਦੁਆਰੇ ਦੇ ਫਾਰਮ ਭਰ ਕੇ ਜੋ ਵੀ ਉਸ ਸਮੇਂ ਜ਼ਿੰਮੇਵਾਰ ਆਦਮੀ ਮੌਜੂਦ ਹੈ, ਕੋਲ ਜਮ੍ਹਾ ਕਰਵਾ ਕੇ ਮੈਂਬਰ ਬਣ ਸਕਦਾ ਹੈ) ਜੋ ਪਿਛਲੀਆਂ ਕਮੇਟੀਆਂ ਨੇ ਬਾਕਾਇਦਾ ਬਾਖੂਬੀ ਨਿਭਾਇਆ ਸੀ। ਯਾਦ ਰਹੇ ਵੋਟਾਂ ਬਣਾਉਣ ਦੇ ਦਿਨ ਮਿੱਥਣ, ਨਵੀਆਂ ਬਣੀਆਂ ਵੋਟਾਂ ਦੀ ਲਿਸਟ ਤਿਆਰ ਕਰਨ ਅਤੇ ਨਵੀਆਂ ਵੋਟਾਂ ਬਣਾਉਣ ਲਈ ਜ਼ਿੰਮੇਵਾਰ ਆਦਮੀਆਂ ਦੀਆਂ ਡਿਊਟੀਆਂ ਲਾਉਣ ਦਾ ਕੰਮ ਸਿਰਫ ਸੁਪਰੀਮ ਕੌਂਸਲ ਦਾ ਹੈ, ਜਿਸਦੀ ਹੈਡ ਬੀਬੀ ਗੁਰਬਖਸ਼ ਕੌਰ ਕਾਹਲੋਂ ਹਨ, ਸੰਵਿਧਾਨ ਮੁਤਾਬਕ ਕਮੇਟੀ ਮੈਂਬਰ ਜਾਂ ਪ੍ਰਧਾਨ ਇਹ ਕੰਮ ਨਹੀਂ ਕਰ ਸਕਦਾ।

ਇਸ ਵਾਰ ਜਦੋਂ ਸੁਪਰੀਮ ਕੌਂਸਲ ਨੇ ਨਵੀਆਂ ਵੋਟਾਂ ਬਣਾਉਣ ਲਈ ਦਿਨ ਮਿੱਥੇ ਕਿ ਇਸ ਇਸ ਦਿਨ ਵੋਟਾਂ ਬਣਨਗੀਆਂ ਤਾਂ ਨਵੀਆਂ ਵੋਟਾਂ ਬਣਨ ਦਾ ਕੰਮ ਸ਼ੁਰੂ ਹੋਇਆ। ਜਦੋਂ ਇਨ੍ਹਾਂ ਨੇ ਸਾਰੇ ਕਾਇਦੇ ਕਾਨੂੰਨ ਛਿੱਕੇ ਤੇ ਟੰਗ ਦਿੱਤੇ ਤਾਂ ਵਿਰੋਧੀ ਧਿਰ ਨੇ ਸੰਗਤਾਂ ਦੀ ਆਵਾਜ਼ ਸੁਪਰੀਮ ਕੌਂਸਲ ਕੋਲ ਪਹੁੰਚਾਈ। ਬੜੀ ਜੱਦੋਜਹਿਦ ਤੋਂ ਬਾਅਦ ਸੁਪਰੀਮ ਕੌਂਸਲ ਨੇ ਵਿਰੋਧੀ ਧਿਰ ਦੇ 3 ਆਦਮੀਆਂ ਨੂੰ ਵੋਟਾਂ ਬਣਨ ਸਮੇਂ ਕੋਲ ਬੈਠ ਕੇ ਦੇਖ ਰੇਖ ਕਰਨ ਦਾ ਮੌਕਾ ਦਿੱਤਾ। ਵੋਟਾਂ ਦਾ ਕੰਮ ਇਕ ਰਜਿਸਟਰ ਉਪਰ ਕਲਮਬੰਦ ਕੀਤਾ ਜਾਣ ਲੱਗਾ ਪਰ ਪ੍ਰਬੰਧਕ ਕਮੇਟੀ ਤੇ ਉਨ੍ਹਾਂ ਦੇ ਆਕਾ ਨੂੰ ਉਨ੍ਹਾਂ 3 ਆਦਮੀਆਂ ਦਾ ਕੋਲ ਬੈਠਣਾ ਚੰਗਾ ਨਹੀਂ ਲੱਗ ਰਿਹਾ ਸੀ। ਉਸ ਦਾ ਅੰਤ ਉਨ੍ਹਾਂ ਉਸ ਸਮੇਂ ਕਰ ਦਿੱਤਾ ਜਦੋਂ ਪ੍ਰਬੰਧਕਾਂ ਨੇ ਜੋ ਸ਼ਾਮ 3 ਵਜੇ ਜਦੋਂ ਵੋਟਾਂ ਬਣਾਉਣ ਦਾ ਟਾਈਮ ਖਤਮ ਹੋਇਆ ਤੇ ਉਸ ਤੋਂ ਅਗਲੇ ਦਿਨ ਸ਼ੁਰੂ ਹੋਣਾ ਸੀ। 3 ਵਜੇ ਤੱਕ ਬਣੀਆਂ ਵੋਟਾਂ ਰਜਿਸਟਰ ਉਪਰ ਦਰਜ ਸਨ ਪਰ ਉਸ ਤੋਂ ਅਗਲੇ ਦਿਨ ਜਦੋਂ ਫਿਰ 8 ਵਜੇ ਵੋਟਾਂ ਬਣਨ ਦਾ ਕੰਮ ਸ਼ੁਰੂ ਹੋਇਆ ਤਾਂ 10 ਵਜ ਕੇ ਪੰਜ ਮਿੰਟ ਤੇ ਵਿਰੋਧੀ ਧਿਰ ਦੇ ਆਦਮੀਆਂ ਨੇ ਜਦੋਂ ਰਜਿਸਟਰ ਦੇਖਿਆ ਤਾਂ ਉਸ ਵਿਚ 86 ਵੋਟਾਂ ਵਾਧੂ ਦਰਜ ਸਨ। ਉਨ੍ਹਾਂ ਪੁੱਛਿਆ ਕਿ ਇਹ ਜੋ 86 ਵੋਟਾਂ ਦਰਜ ਨਹੀ ਸਨ ਤਾਂ ਰਾਤ ਨੂੰ ਕਿਸ ਤਰ੍ਹਾਂ ਦਰਜ ਹੋ ਗਈਆਂ ਤਾਂ ਪ੍ਰਧਾਨ ਤੇ ਹੋਰਾਂ ਨੇ ਜੁਆਬ ਦਿੱਤਾ ਕਿ ਜੇਕਰ ਅਸੀਂ ਤੁਹਾਨੂੰ ਕੋਲ ਵੀ ਨਾ ਬੈਠਣ ਦੇਂਦੇ ਤਾਂ ਤੁਸੀਂ ਕੀ ਕਰ ਲੈਂਦੇ। ਉਸ ਤੋਂ ਬਾਅਦ ਤਿੰਨਾਂ ਆਦਮੀਆਂ ਨੇ ਬੀਬੀ ਗੁਰਬਖਸ਼ ਕੌਰ ਕੋਲ ਹੋ ਰਹੀ ਇਸ ਧੱਕੇਸ਼ਾਹੀ ਸਬੰਧੀ ਲਿਖਤੀ ਰੂਪ ਵਿਚ ਦੱਸਿਆ ਕਿ ਕਿਵੇਂ 86 ਵੋਟਾਂ ਘਰਾਂ ਤੋਂ ਹੀ ਲਿਆ ਕੇ ਵਿਚ ਐਡ ਕਰ ਦਿੱਤੀਆਂ ਹਨ ਤਾਂ ਬੀਬੀ ਜੀ ਕਹਿੰਦੇ ਕਿ ਮੈਂ ਪਤਾ ਕਰਦੀ ਹਾਂ, ਜੋ ਬੀਬੀ ਜੀ ਨੇ ਅੱਜ ਤੱਕ ਵੀ ਨਹੀਂ ਕੀਤਾ। ਉਸ ਤੋਂ ਬਾਅਦ ਤਾਂ ਪ੍ਰਬੰਧਕਾਂ ਨੇ ਘਰਾਂ ਤੋਂ ਫਾਰਮ ਭਰਨ ਦੀ ਹੱਦ ਹੀ ਪਾਰ ਕਰ ਦਿੱਤੀ। ਬੀਬੀ ਗੁਰਬਖਸ਼ ਕੌਰ ਕਾਹਲੋਂ ਨੂੰ ਵਾਰ ਵਾਰ ਬੇਨਤੀ ਕਰਨ ਤੇ ਵੀ ਸੰਗਤ ਨੂੰ ਇਨਸਾਫ ਨਾ ਮਿਲਿਆ। ਇਕ ਪਾਸੇ ਸੰਗਤਾਂ ਆਪਣੇ ਕੰਮਾਂ ਤੋਂ ਟਾਈਮ ਕੱਢ ਕੇ ਜਾਂ ਆਪਣੇ ਘਰੇਲੂ ਕੰਮਾਂ ਨੂੰ ਛੱਡ ਕੇ ਆਪਣੀ ਵੋਟ ਗੁਰੂ ਘਰ ਆ ਕੇ ਬਣਾ ਰਹੀਆਂ ਸਨ ਪਰ ਦੂਜੇ ਪਾਸੇ ਕਮੇਟੀ ਪ੍ਰਧਾਨ, ਸਾਬਕਾ ਪ੍ਰਧਾਨ, ਮੌਜੂਦਾ ਸੁਪਰੀਮ ਕੌਂਸਲ ਦੀ ਚੋਣ ਲੜਨ ਜਾ ਰਿਹਾ ਇਕ ਸ਼ਖਸ, ਵੋਟਾਂ ਬਣਾਉਣ ਵਾਲੀ ਟੀਮ ਦਾ ਮੈਂਬਰ, ਲੋਕਾਂ ਦੀਆਂ ਵੋਟਾਂ ਘਰੋ ਘਰੀ ਜਾ ਕੇ ਜਾਂ ਫੈਕਸ ਰਾਹੀਂ ਫਾਰਮ ਮੰਗਵਾ ਕੇ ਬਣਾ ਰਹੇ ਸਨ, ਜੋ ਗੁਰੂ ਘਰ ਦੇ ਸੰਵਿਧਾਨ ਮੁਤਾਬਕ ਵੀ ਗਲਤ ਹੈ ਅਤੇ ਗੁਰੂ ਨਾਲ ਵੀ (ਕਿਉਂਕਿ ਵੋਟਾਂ ਗੁਰੂ ਘਰ ਦਾ ਪ੍ਰਬੰਧ ਕਰਨ ਲਈ ਹਨ ਨਾ ਕਿ ਸਰਕਾਰੀ ਮਦਦ ਲਈ) ਧੋਖਾ ਹੈ। ਉਨ੍ਹਾਂ ਸੰਗਤਾਂ ਨਾਲ ਵੀ ਜ਼ਿਆਦਤੀ ਹੈ ਜਿਨ੍ਹਾਂ ਨੂੰ ਇਸ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ ਕਿ ਕੁਝ ਲੋਕ ਤਾਂ ਘਰਾਂ ਤੋਂ ਹੀ ਵੋਟਾਂ ਬਣਾ ਲੈਣ ਪਰ ਉਨ੍ਹਾਂ ਨੂੰ ਚੱਲ ਕੇ ਗੁਰੂ ਘਰ ਆਉਣਾ ਪਿਆ। ਇਸ ਤੋਂ ਇਲਾਵਾ ਹੋਰਨਾਂ ਸ਼ਹਿਰਾਂ ਜਿਵੇਂ ਯੂਬਾ ਸਿਟੀ ਜਾਂ ਸਿਆਟਲ ਅਤੇ ਅਨੇਕਾਂ ਹੋਰ ਸ਼ਹਿਰਾਂ ਦੇ ਲਾਇਸੰਸਾਂ ਵਾਲਿਆਂ ਦੀਆਂ ਵੋਟਾਂ ਵੀ ਇਸ ਮਕਸਦ ਨਾਲ ਹੀ ਬਣਾਈਆਂ ਗਈਆਂ ਕਿ ਕਿਸੇ ਵੀ ਤਰੀਕੇ ਨਾਲ ਗੁਰਦੁਆਰੇ ਦੀ ਚੋਣ ਜਿੱਤ ਕੇ ਇਸ ਪ੍ਰਬੰਧ ਨੂੰ ਫਿਰ ਆਪਣੇ ਹੱਥਾਂ ਵਿਚ ਰੱਖੀਏ ਤਾਂ ਕਿ ਇਕ ਤਾਂ ਹਜ਼ਾਰਾਂ ਡਾਲਰਾਂ ਦਾ ਪਤਾ ਨਾ ਲੱਗੇ, ਜਿਨ੍ਹਾਂ ਦੀ ਦੁਰਵਰਤੋਂ ਕੀਤੀ ਹੈ, ਦੂਜਾ ਅੱਗੇ ਤੋਂ ਆਪਣੀ ਮਰਜ਼ੀ ਨਾਲ ਸੰਵਿਧਾਨ ਵਿਚ ਸੋਧ ਕੀਤੀ ਜਾ ਸਕੇ, ਜਿਸ ਨਾਲ ਸੰਗਤ ਤੋਂ ਫਿਰ ਉਨ੍ਹਾਂ ਦਾ ਹੱਕ ਖੋਹਿਆ ਜਾ ਸਕੇ।

ਯਾਦ ਰਹੇ ਸੰਗਤ ਤੋਂ ਵੋਟਾਂ ਦਾ ਹੱਕ ਖੋਹਣ ਲਈ ਵਾਰੀ ਵਾਰੀ ਪ੍ਰਬੰਧ ਵਿਚ ਆ ਕੇ ਕਮੇਟੀ ਬਣਾਉਣ ਦੀਆਂ ਪੇਸ਼ਕਸ਼ਾਂ ਪ੍ਰਬੰਧਕ ਕਮੇਟੀ ਤੇ ਉਨ੍ਹਾਂ ਦਾ ਆਕਾ ਅਨੇਕਾਂ ਵਾਰ ਵਿਰੋਧੀ ਧਿਰ ਨੂੰ ਕਰ ਚੁੱਕੇ ਹਨ। ਕਹਿੰਦੇ ਹਨ ਕਿ ਸਾਡੇ ਨਾਲ ਤੁਸੀਂ ਲਿਖਤੀ ਤੌਰ 'ਤੇ ਇਕ ਕਾਗਜ਼ ਤਿਆਰ ਕਰ ਲਓ, ਜਿਸ ਤਹਿਤ ਇਸ ਵਾਰ ਤੁਸੀਂ ਆ ਜਾਓ, ਅਗਲੀ ਵਾਰ ਫਿਰ ਅਸੀਂ ਆ ਜਾਵਾਂਗੇ। ਪਰ ਵਿਰੋਧੀ ਧਿਰ ਦੇ ਆਗੂਆਂ ਨੇ ਇਸ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਕਿ ਇਸ ਨਾਲ ਸੰਗਤ ਦੀ ਪਾਵਰ ਖਤਮ ਹੋ ਜਾਵੇਗੀ ਤੇ ਫਿਰ ਤੋਂ ਮਨਮਰਜ਼ੀਆਂ ਦਾ ਮੁੱਢ ਬੱਝੇਗਾ। ਸਾਡੀ ਇਹ ਲੜਾਈ ਕਿਸੇ ਚੌਧਰ ਲਈ ਨਹੀਂ ਸਗੋਂ ਪ੍ਰਬੰਧ ਦੇ ਸੁਧਾਰ ਲਈ ਸੀ ਅਤੇ ਹੈ, ਜਿਸਨੂੰ ਮੌਜੂਦਾ ਪ੍ਰਬੰਧਕਾਂ ਨੇ ਘੱਟੇ ਵਿਚ ਰੋਲਿਆ ਅਤੇ ਰੋਲ ਰਹੇ ਹਨ। ਅਸੀਂ ਤਾਂ ਪਹਿਲਾਂ ਵੀ ਸੰਗਤ ਨੂੰ ਹੱਕ ਦਿਵਾਉਣ ਦੇ ਲਈ ਆਪਣੇ ਕੋਲੋਂ ਡਾਲਰ ਖਰਚੇ ਸਨ ਤੇ ਅੱਜ ਵੀ ਇਸ ਗੱਲ ਦੇ ਹੱਕ ਵਿਚ ਹਾਂ ਕਿ ਸੰਗਤ ਹੀ ਪ੍ਰਬੰਧਕ ਚੁਣੇ। ਜਦੋਂ ਕਿ ਮੌਜੂਦਾ ਕਮੇਟੀ ਨੇ ਉਸ ਸਮੇਂ ਵੀ ਸੰਗਤ ਦਾ ਹੱਕ ਖੋਹਣ ਅਤੇ ਵੋਟਾਂ ਨਾ ਪਵਾਉਣ ਲਈ ਗੁਰੂ ਦੀ ਗੋਲਕ ਦੇ ਲੱਖਾਂ ਡਾਲਰ ਵਕੀਲ ਨੂੰ ਦੇ ਦਿੱਤੇ ਸਨ ਅਤੇ 9 ਲੱਖ ਡਾਲਰ ਦੀ ਜਮਾਨਤ ਸਿਰਫ ਇਸ ਲਈ ਹੀ ਭਰੀ ਸੀ ਕਿ ਸੰਗਤ ਨੂੰ ਗੁਰੂ ਘਰ ਦੇ ਪ੍ਰਬੰਧ ਤੋਂ ਪਾਸੇ ਰੱਖਿਆ ਜਾਵੇ ਅਤੇ ਵੋਟਾਂ ਨਾ ਪਵਾਈਆਂ ਜਾਣ।

ਸਾਧ ਸੰਗਤ ਜੀ, ਇਸ ਵਾਰ ਵੋਟਾਂ ਦੀ ਲਿਸਟ ਬਣਾਉਣ ਦੀ ਜੋ ਸੁਪਰੀਮ ਕੌਂਸਲ ਦੀ ਜ਼ਿੰਮੇਵਾਰੀ ਸੀ, ਉਹ ਬੀਬੀ ਗੁਰਬਖਸ਼ ਕੌਰ ਕਾਹਲੋਂ (ਜੋ ਸੁਪਰੀਮ ਦੀ ਹੈਡ ਸੀ) ਨੇ ਪੂਰੀ ਨਹੀਂ ਕੀਤੀ ਸਗੋਂ ਆਪ ਚੋਣ ਲੜ ਰਹੇ ਹਰਜੋਤ ਸਿੰਘ ਖਾਲਸਾ ਵਲੋਂ ਕੀਤੀ ਗਈ ਹੈ। ਦੁੱਧ ਦੀ ਰਾਖੀ ਕਿਵੇਂ ਬਿੱਲੇ ਨੂੰ ਬਿਠਾਇਆ ਜਾ ਸਕਦਾ ਹੈ, ਇਹ ਤਾਂ ਸਭ ਨੂੰ ਪਤਾ ਹੈ ਕਿ ਜੋ ਆਪ ਚੋਣ ਲੜ ਰਿਹਾ ਹੈ ਉਹ ਹੀ ਵੋਟਾਂ ਬਣਾਉਣ ਦਾ ਜ਼ਿੰਮੇਵਾਰ ਬਣ ਜਾਵੇ ਤਾਂ ਫਿਰ ਉਸ ਤੋਂ ਕੀ ਆਸ ਰੱਖਾਂਗੇ ਕਿ ਉਹ ਜਾਅਲੀ ਵੋਟਾਂ ਨਹੀਂ ਬਣਾਵੇਗਾ?

ਬੀਬੀ ਗੁਰਬਖਸ਼ ਕੌਰ ਇਸ ਸਾਰੇ ਕੁਝ ਲਈ ਜ਼ਿੰਮੇਵਾਰ ਹੈ, ਕਿਉਂਕਿ ਉਸਨੇ ਆਪਣੀ ਡਿਊਟੀ ਨਿਰਪੱਖਤਾ ਨਾਲ ਨਹੀਂ ਨਿਭਾਈ। ਵਾਰ ਵਾਰ ਸੰਗਤ ਵੱਲੋਂ ਫੋਨ ਕਰਨ ਅਤੇ ਲਿਖਤੀ ਸ਼ਿਕਾਇਤਾਂ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੂੰ ਨਹੀਂ ਸੁਣਿਆ। ਸਗੋਂ ਪਿਛਲੇ 2 ਸਾਲਾਂ ਤੋਂ ਸਕੀਮ ਬਣਾਈ ਹੈ ਕਿ ਕਿਸ ਤਰ੍ਹਾਂ ਨਾਲ ਵੋਟਾਂ ਬਣਾਈਆਂ ਜਾਣ ਤੇ ਕਿਹੜਾ ਕਿਹੜਾ ਹੱਥਕੰਡਾ ਵਰਤਿਆ ਜਾਵੇ, ਜਿਸ ਨਾਲ ਸੰਗਤ ਦੇ ਅੱਖੀਂ ਘੱਟਾ ਪਾ ਕੇ ਗਲਤ ਤਰੀਕੇ ਨਾਲ ਵੋਟਾਂ ਬਣਾ ਕੇ ਪ੍ਰਬੰਧ ਤੇ ਕਬਜ਼ਾ ਰੱਖਿਆ ਜਾਵੇ।

ਅਸੀਂ ਸੰਗਤ ਦੇ ਤੌਰ 'ਤੇ ਇਹ ਬੇਨਤੀ ਬੀਬੀ ਗੁਰਬਖਸ਼ ਕੌਰ ਨੂੰ ਕਰਦੇ ਹਾਂ ਕਿ ਤੁਸੀਂ ਸੰਗਤ ਲਈ ਕੰਡੇ ਬੀਜ ਦਿੱਤੇ ਹਨ। ਸੰਗਤ ਨੂੰ ਇਨਸਾਫ ਤਾਂ ਨਹੀਂ ਦਿੱਤਾ ਪਰ ਸੰਗਤ ਇਕ ਗੱਲ ਦੀ ਮੰਗ ਕਰਦੀ ਹੈ ਕਿ ਅਖੀਰਲੀ ਵਾਰ ਤੁਸੀਂ ਇਕ ਕੰਮ ਕਰ ਦਿੰਦੇ, ਉਹ ਇਹ ਹੈ ਕਿ ਤੁਸੀਂ ਤੇ ਹਰਜੋਤ ਸਿੰਘ, ਹਰਦੇਵ ਸਿੰਘ, ਤਜਿੰਦਰ ਧਾਮੀ, ਗੁਰਪਾਲ ਹੰਸਰਾ ਅਤੇ ਜਸਜੀਤ ਸਿੰਘ ਚੇਲਾ ਆਪਣੇ ਪਰਿਵਾਰਾਂ ਸਮੇਤ ਸੰਗਤ ਦੀ ਹਾਜ਼ਰੀ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਇਹ ਅਰਦਾਸ ਜ਼ਰੂਰ ਕਰ ਦਿਓ ਕਿ ਤੁਸੀਂ ਲੋਕਾਂ ਦੀਆਂ ਘਰਾਂ ਵਿਚੋਂ ਵੋਟਾਂ ਨਹੀਂ ਬਣਾਈਆਂ ਤੇ ਜਦੋਂ ਬਣਾ ਰਹੇ ਸੀ ਤਾਂ ਸੰਗਤਾਂ ਨੇ ਤੁਹਾਨੂੰ ਨਹੀ ਜਾਣੂ ਕਰਵਾਇਆ? ਜੇਕਰ ਤੁਸੀਂ ਇਹ ਸਭ ਕਰਨ ਲਈ ਤਿਆਰ ਹੋ ਤਾਂ ਸੰਗਤਾਂ ਨੂੰ ਸੂਚਿਤ ਕਰੋ ਕਿ ਕਿਸ ਦਿਨ ਤੁਸੀਂ ਅਰਦਾਸ ਕਰਨ ਲਈ ਆ ਰਹੇ ਹੋ।

ਅੰਤ ਵਿਚ ਸਾਡੀ ਉਨ੍ਹਾਂ ਬੇਕਸੂਰ ਵੋਟਰਾਂ ਨੂੰ ਵੀ ਹੱਥ ਬੰਨ੍ਹ ਕੇ ਬੇਨਤੀ ਹੈ, ਜਿਨ੍ਹਾਂ ਦੀਆਂ ਵੋਟਾਂ ਇਨ੍ਹਾਂ ਲੋਕਾਂ ਨੇ ਆਪਣੀ ਚੌਧਰ ਕਾਇਮ ਰੱਖਣ ਲਈ ਗੁਰੂ ਘਰ ਦੇ ਅਸੂਲਾਂ ਨੂੰ ਛਿੱਕੇ ਟੰਗ ਕੇ ਘਰਾਂ ਤੋਂ ਜਾ ਕੇ ਜਾਂ ਫੈਕਸ ਰਾਹੀਂ ਬਣਾਈਆਂ ਹਨ, ਕਿਰਪਾ ਕਰਕੇ ਆਪਣੀ ਵੋਟ ਦਾ ਇਸਤੇਮਾਲ ਨਾ ਕਰਨ ਕਿਉਂਕਿ ਇਹ ਕਾਨੂੰਨੀ ਜੁਰਮ ਵੀ ਹੈ ਅਤੇ ਗੁਰੂ ਨਾਲ ਵੀ ਧੋਖਾ ਹੈ। ਕਿਉਂਕਿ ਇਹ ਵੋਟਾਂ ਗੁਰੂ ਘਰ ਦੇ ਪ੍ਰਬੰਧ ਲਈ ਹੋ ਰਹੀਆਂ ਹਨ, ਨਾ ਕਿ ਕਿਸੇ ਸਰਕਾਰੀ ਦਫਤਰ ਲਈ। ਗੁਰੂ ਹਮੇਸ਼ਾ ਆਪਣੀ ਸਵੱਲੀ ਨਜ਼ਰ ਉਸ ਉਪਰ ਹੀ ਰੱਖੇਗਾ ਜੋ ਸੱਚ ਦਾ ਰਾਹੀ ਹੋਵੇਗਾ। ਗੁਰੂ ਉਸ ਨੂੰ ਪਲਾਂ ਛਿਣਾਂ ਵਿਚ ਹੀ ਅਰਸ਼ ਤੋਂ ਫਰਸ਼ ਤੇ ਕਰਨ ਦੀ ਸਮਰੱਥਾ ਰੱਖਦਾ ਹੈ ਜੋ ਗੁਰੂ ਤੇ ਸੰਗਤ ਨਾਲ ਧੋਖਾ ਕਰੇਗਾ।

## ਜਾਰੀ ਕਰਤਾ: ਪੰਥਕ ਸਲੇਟ, ਗੁਰੂਘਰ ਫਰੀਮਾਂਟ

**ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਗੁਰਮੇਲ ਸਿੰਘ ਬਾਠ, ਭਾਈ ਗੁਰਚਰਨ ਸਿੰਘ ਮਾਨ, ਭਾਈ ਤਾਰਾ ਸਿੰਘ ਗਿੱਲ, ਭਾਈ ਤਰਸੇਮ ਸਿੰਘ ਬਸਾਂ ਵਾਲੇ**

# ਸੱਤਾ ਵਿਚ ਵਾਪਸੀ ਦੇ ਸੁਪਨਿਆਂ ਨਾਲ ਭਾਜਪਾ ਦਾ ਸੰਮੇਲਨ ਖ਼ਤਮ

## ਭਾਜਪਾ ਪ੍ਰਧਾਨ ਨੇ ਫਿਰ ਰਾਮ ਮੰਦਰ ਬਣਾਉਣ ਦਾ ਨਾਹਰਾ ਮਾਰਿਆ



**ਇੰਦੌਰ :** ਲੰਮੇ ਸਮੇਂ ਤੋਂ ਆਪਣੇ ਖੁਰ ਰਹੇ ਆਧਾਰ ਤੋਂ ਚਿੰਤਤ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਇੰਦੌਰ ਵਿਖੇ ਸ਼ੁਰੂ ਹੋਇਆ ਤਿੰਨ ਰੋਜ਼ਾ ਕੌਮੀ ਸੰਮੇਲਨ ਆਪਣੀ ਵੋਟ ਬੈਂਕ 'ਚ 10 ਫੀਸਦੀ ਵਾਧਾ ਕਰਨ, 2014 ਤੱਕ ਸੱਤਾ 'ਚ ਵਾਪਸੀ ਤੇ ਪਾਰਟੀ ਲੀਡਰਸ਼ਿਪ ਵਿਚ ਪੀੜ੍ਹੀਗਤ ਬਦਲਾਅ ਬਾਰੇ ਰਸਮੀ ਮੋਹਰ ਲਗਾਉਣ ਸਬੰਧੀ ਹਸੀਨ ਸੁਪਨਿਆਂ ਨਾਲ ਖ਼ਤਮ ਹੋ ਗਿਆ।ਸੰਮੇਲਨ ਦੇ ਆਖ਼ਰੀ ਦਿਨ ਭਗਵਾਂ ਪਾਰਟੀ ਨੇ ਜਿੱਥੇ ਵੱਧ ਰਹੀ ਮਹਿੰਗਾਈ ਲਈ ਸੋਨੀਆ ਗਾਂਧੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਇੱਕ ਮਤਾ ਪਾਸ ਕੀਤਾ, ਉਥੇ ਮੁਸਲਿਮ ਬਹੁਗਿਣਤੀ ਸੂਬੇ ਜੰਮੂ-ਕਸ਼ਮੀਰ ਨੂੰ ਖੁਦਮੁਖਤਿਆਰੀ ਦੇਣ 'ਤੇ ਜ਼ਬਰਦਸਤ ਅੰਦੋਲਨ ਸ਼ੁਰੂ ਕਰਨ ਦੀ ਧਮਕੀ ਵੀ ਦਿੱਤੀ। ਇਸ ਦੇ ਨਾਲ ਹੀ ਭਾਜਪਾ ਆਗੂਆਂ ਨੇ ਕੇਂਦਰ ਸਰਕਾਰ ਵਲੋਂ ਮੁਸਲਿਮ ਭਾਈਚਾਰੇ ਤੇ ਦਲਿਤ ਈਸਾਈਆਂ ਨੂੰ ਰਾਖਵਾਂਕਰਨ ਦੇਣ ਨੂੰ ਕਾਂਗਰਸ ਪਾਰਟੀ ਵਲੋਂ ਰਚੀ ਜਾ ਰਹੀ ਸਿਆਸੀ ਸਾਜ਼ਿਸ਼ ਦੱਸਿਆ। ਹਮੇਸ਼ਾ ਦੀ ਤਰ੍ਹਾਂ ਘੱਟ ਗਿਣਤੀਆਂ ਬਾਰੇ ਆਪਣਾ ਫਿਰਕੂ ਰਵੱਈਆ ਜਾਰੀ ਰੱਖਦਿਆਂ ਭਾਜਪਾ ਆਗੂਆਂ ਨੇ ਕਿਹਾ ਕਿ ਜੇਕਰ ਇਸ ਫੈਸਲੇ ਦਾ ਵਿਰੋਧ ਕਰਦਿਆਂ ਉਨ੍ਹਾਂ ਨੂੰ ਕੁਰਬਾਨੀ ਦੇਣੀ ਪਈ ਤਾਂ ਉਹ ਤਿਆਰ ਰਹਿਣਗੇ।

ਸੰਮੇਲਨ ਵਿਚ ਮਹਿੰਗਾਈ ਬਾਰੇ ਆਰਥਿਕ ਪ੍ਰਸਤਾਵ ਐਨਡੀਏ ਸਰਕਾਰ ਦੌਰਾਨ ਵਿੱਤ ਮੰਤਰੀ ਰਹੇ ਯਸਵੰਤ ਸਿਨਹਾ ਵਲੋਂ ਪੇਸ਼ ਕੀਤਾ ਗਿਆ। ਪ੍ਰਸਤਾਵ ਨੂੰ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਇੱਕ ਅਰਥ ਸ਼ਾਸਤਰੀ ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਚੱਲ ਰਹੀ ਇਸ ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਇਸ ਸਰਕਾਰ ਦੀ ਕਮਜ਼ੋਰੀ ਦੇ ਚੱਲਦਿਆਂ ਪੂਰੇ ਏਸ਼ੀਆ ਦੇ ਮੁਕਾਬਲੇ ਭਾਰਤ 'ਚ ਮਹਿੰਗਾਈ ਦੀ ਦਰ ਸਭ ਤੋਂ ਵੱਧ ਹੈ। ਮਹਿੰਗਾਈ ਬਾਰੇ ਸਰਕਾਰ ਖਿਲਾਫ਼ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ, "ਜਦੋਂ ਧੁੱਪ ਚੜ੍ਹੀ ਹੋਈ ਸੀ, ਉਸ ਸਮੇਂ ਛੱਤ ਬਣਾਉਣ ਦਾ ਕੰਮ ਨਹੀਂ ਕੀਤਾ ਗਿਆ, ਜਦੋਂ ਬਰਸਾਤ ਹੋਈ ਤਾਂ ਸਰਕਾਰ ਇਸ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ।" ਪ੍ਰਧਾਨ ਮੰਤਰੀ ਬਾਰੇ ਲਾਲ ਕ੍ਰਿਸ਼ਨ ਅਡਵਾਨੀ ਵਲੋਂ ਅਪਣਾਈ ਸੁਰ ਅਨੁਸਾਰ ਬੋਲਦਿਆਂ ਉਨ੍ਹਾਂ ਕਿਹਾ ਕਿ ਇਹ ਉਸ ਸਰਕਾਰ ਵਿਚ ਹੋਇਆ ਹੈ, ਜਿਸ ਦਾ ਪ੍ਰਧਾਨ ਮੰਤਰੀ ਇੱਕ ਪ੍ਰਸਿੱਧ ਅਰਥ ਸ਼ਾਸਤਰੀ ਹੈ ਤੇ ਪ੍ਰਧਾਨ ਮੰਤਰੀ ਅਹੁਦੇ ਲਈ ਇਹ ਉਸ ਦੀ ਇੱਕੋ-ਇੱਕ ਯੋਗਤਾ ਹੈ। ਜੰਮੂ-ਕਸ਼ਮੀਰ ਨੂੰ ਕੁਝ ਹੱਦ ਤੱਕ ਖੁਦਮੁਖਤਿਆਰੀ ਦੇਣ ਸਬੰਧੀ ਕਾਂਗਰਸ ਪਾਰਟੀ ਵਲੋਂ ਬਣਾਈ ਨੀਤੀ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਖ਼ੁਦਮੁਖਤਿਆਰੀ ਦੇ ਬਹਾਨੇ 1953 ਤੋਂ ਪਹਿਲਾਂ ਦੀ ਸਥਿਤੀ ਲਿਆਉਣ ਦਾ ਯਤਨ ਕੀਤਾ ਗਿਆ ਤਾਂ ਸਰਕਾਰ ਨੂੰ ਅਜਿਹੇ ਸਿਆਸੀ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ ਜਿਹੋ ਜਿਹਾ ਦੇਸ਼ ਨੇ ਅੱਜ ਤੱਕ ਨਹੀਂ ਵੇਖਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਬਜਟ ਸੈਸ਼ਨ ਦੌਰਾਨ ਪ੍ਰਧਾਨ ਮੰਤਰੀ ਤੋਂ ਸਪਸ਼ਟੀਕਰਨ ਵੀ ਮੰਗਿਆ ਜਾਵੇਗਾ। ਸੰਮੇਲਨ ਵਿਚ ਇਹ ਮੁੱਦਾ ਉਠਾਉਂਦਿਆਂ ਅਡਵਾਨੀ ਨੇ ਇਸ ਨੀਤੀ ਨੂੰ ਦੇਸ਼ ਲਈ ਵੱਡਾ ਧੋਖਾ ਦੱਸਿਆ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ 'ਚ 1953 ਤੋਂ ਪਹਿਲਾਂ ਦੀ ਸਥਿਤੀ ਦਾ ਮਤਲਬ ਹੋਵੇਗਾ, "ਇੱਕ ਦੇਸ਼, ਦੋ ਵਿਧਾਨ, ਦੋ ਨਿਸ਼ਾਨ, ਦੋ ਪ੍ਰਧਾਨ" ਜੋ ਕਿ ਭਾਜਪਾ ਨੂੰ ਬਿਲਕੁਲ ਮਨਜ਼ੂਰ ਨਹੀਂ ਹੈ।

ਇਸੇ ਦੌਰਾਨ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਵੀ ਅਡਵਾਨੀ ਦਾ ਪੱਖ ਪੂਰਿਆ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਉਹ 24 ਫਰਵਰੀ ਨੂੰ ਜੰਮੂ-ਕਸ਼ਮੀਰ ਜਾ ਕੇ ਵੱਡੇ ਅੰਦੋਲਨ ਦੀ ਸ਼ੁਰੂਆਤ ਕਰਨਗੇ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਇਹ ਸਭ ਕੁਝ ਅਮਰੀਕਾ ਦੇ ਦਬਾਅ ਹੇਠ ਕੀਤਾ ਜਾ ਰਿਹਾ ਹੈ। ਇਸ ਦੌਰਾਨ ਲਗਾਤਾਰ ਦੋ ਵਾਰ ਲੋਕ ਸਭਾ ਚੋਣਾਂ ਵਿਚ ਹਾਰ ਚੁੱਕੀ ਅਤੇ ਅੰਦਰੂਨੀ ਫੁੱਟ ਵਿਚ ਘਿਰੀ ਭਾਜਪਾ ਨੇ ਇਕ ਵਾਰ ਫਿਰ ਅਯੋਧਿਆ ਵਿਖੇ ਰਾਮ ਮੰਦਰ ਬਣਾਉਣ ਦਾ ਮੁੱਦਾ ਉਠਾਇਆ ਅਤੇ ਮੁਸਲਮਾਨਾਂ ਨੂੰ ਇਸ ਦਾ ਰਾਹ ਸਾਫ਼ ਕਰਨ ਦੀ ਅਪੀਲ ਕੀਤੀ। ਪਾਰਟੀ ਦੇ ਨਵੇਂ ਬਣੇ ਪ੍ਰਧਾਨ ਨਿਤਿਨ ਗਡਕਰੀ ਨੇ ਭਾਜਪਾ ਦੀ ਕੌਮੀ ਕੌਂਸਲ ਦੀ ਮੀਟਿੰਗ ਵਿਚ ਅਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਭਾਜਪਾ ਅਯੋਧਿਆ ਵਿਖੇ ਰਾਮ ਮੰਦਰ ਬਣਾਉਣ ਲਈ ਦ੍ਰਿੜ ਸੰਕਲਪ ਹੈ। ਇਸ ਲਈ ਕੌਮੀ ਅੰਦੋਲਨ ਸ਼ੁਰੂ ਹੋ ਚੁੱਕਾ ਹੈ ਜਿਸ ਵਿਚ ਕਈ ਕਾਰ ਸੇਵਕਾਂ ਨੇ ਅਪਣੀ ਜਾਨ ਦਿਤੀ। ਉਨ੍ਹਾਂ ਕਿਹਾ ਕਿ ਭਾਵੇਂ ਇਹ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ ਪਰ ਉਥੋਂ ਇਸ ਦਾ ਤਸੱਲੀਬਖ਼ਸ਼ ਹੱਲ ਨਿਕਲਦਾ ਨਜ਼ਰ ਨਹੀਂ ਆਉਂਦਾ ਕਿਉਂਕਿ ਇਸ ਵਿਚ ਕੋਈ ਜਿੱਤੇਗਾ ਅਤੇ ਕੋਈ ਹਾਰੇਗਾ। ਗਡਕਰੀ ਨੇ ਮੁਸਲਮਾਨਾਂ ਨੂੰ ਅਪੀਲ ਕੀਤੀ ਕਿ ਜੇ ਉਹ ਰਾਮ ਮੰਦਰ ਵਾਲੀ ਥਾਂ ਛੱਡ ਦੇਣ ਤਾਂ ਭਾਜਪਾ ਮੁਸਲਮਾਨਾਂ ਲਈ ਮਸਜਿਦ ਬਣਾਉਣ 'ਚ ਮਦਦ ਕਰੇਗੀ। ਉਨ੍ਹਾਂ ਕਿਹਾ, "ਮੀਡੀਆ ਅਕਸਰ ਇਹ ਸਵਾਲ ਕਰਦਾ ਹੈ ਕਿ ਗਡਕਰੀ ਦੇ ਆਉਣ ਤੋਂ ਬਾਅਦ ਰਾਮ ਮੰਦਰ ਬਾਰੇ ਕੋਈ ਗੱਲ ਨਹੀਂ ਹੋਈ ਪਰ ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਰਾਮ ਮੰਦਰ ਭਾਜਪਾ ਦੀ ਆਤਮਾ ਹੈ ਅਤੇ ਅਸੀਂ ਸਭਿਅਕ ਰਾਸ਼ਟਰਵਾਦ ਵਿਚ ਯਕੀਨ ਰਖਦੇ ਹਾਂ।" 2014 ਵਿਚ ਹੋਣ ਵਾਲੀਆਂ ਆਮ ਚੋਣਾਂ ਦੌਰਾਨ ਸੱਤਾ ਵਿਚ ਵਾਪਸੀ ਲਈ ਕਮਰਕਸਾ ਕਰਦੇ ਹੋਏ ਗਡਕਰੀ ਨੇ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਕੰਮ ਕਰਨ ਦੀ ਆਦਤ ਪਾਉਣ ਅਤੇ ਚਾਪਲੂਸੀ ਛੱਡਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਯਾਦ ਰੱਖੋ, ਇਸ ਵਾਰ ਅਸੀਂ ਅਸਫ਼ਲ ਨਹੀਂ ਹੋ ਸਕਦੇ। ਅਸੀਂ ਸੰਗਠਨ ਨੂੰ ਸਮੂਹਕ ਤੌਰ 'ਤੇ ਚਲਾਵਾਂਗੇ ਪਰ ਅਨੁਸ਼ਾਸਣਹੀਣਤਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।" ਪਾਰਟੀ ਵਰਕਰਾਂ ਨੂੰ ਭ੍ਰਿਸ਼ਟਾਚਾਰ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਲੋਕ ਸਾਨੂੰ ਰਵਾਇਤੀ ਕਦਰਾਂ-ਕੀਮਤਾਂ ਵਾਲੀ ਪਾਰਟੀ ਦੇ ਰੂਪ ਵਿਚ ਦੇਖਦੇ ਹਨ।

ਕਾਂਗਰਸ ਤੋਂ ਵੋਟਾਂ ਦੇ ਪ੍ਰਤੀਸ਼ਤ ਵਿਚ 10 ਫ਼ੀ ਸਦੀ ਪਛੜ ਜਾਣ ਬਾਰੇ ਲਗਾਤਾਰ ਚਿੰਤਾ ਪ੍ਰਗਟ ਕਰ ਚੁੱਕੇ ਗਡਕਰੀ ਨੇ ਇਸ ਫ਼ਾਸਲੇ ਨੂੰ ਦੂਰ ਕਰਨ ਲਈ ਸਾਰੇ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਦਲਿਤਾਂ, ਆਦੀਵਾਸੀਆਂ ਅਤੇ ਘੱਟ ਗਿਣਤੀਆਂ ਦਰਮਿਆਨ ਪਾਰਟੀ ਦਾ ਆਧਾਰ ਮਜ਼ਬੂਤ ਕਰਨ ਦੇ ਕੰਮ ਨੂੰ ਗੰਭੀਰਤਾ ਨਾਲ ਲੈਣ। ਖ਼ੁਦ ਦੇ ਇਕ ਆਮ ਵਰਕਰ ਤੋਂ ਪ੍ਰਧਾਨਗੀ ਅਹੁਦੇ ਤਕ ਪੁੱਜਣ ਦੀ ਉਦਾਹਰਣ ਦਿੰਦਿਆਂ ਗਡਕਰੀ ਨੇ ਕਾਂਗਰਸ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਉਥੇ ਜੱਦੀ-ਪੁਸ਼ਤੀ ਸਿਆਸਤ ਦਾ ਦਬਦਬਾ ਹੈ। ਉਨ੍ਹਾਂ ਕਿਹਾ, "ਭਾਜਪਾ ਅਜਿਹੀ ਪਾਰਟੀ ਨਹੀਂ ਜਿਸ 'ਤੇ ਇਕ ਪਰਵਾਰ ਦਾ ਕਬਜ਼ਾ ਹੋਵੇ।" ਇਹ ਸਾਰਿਆਂ ਦੀ ਭਾਈਵਾਲੀ ਵਾਲੀ ਪਾਰਟੀ ਹੈ।

## *ਨਾਈਜਰ 'ਚ ਫੌਜੀ ਰਾਜ ਲਾਗੂ*


**ਕਿਆਮੋ:** ਯੂਰੇਨੀਅਮ ਦੇ ਅਥਾਹ ਭੰਡਾਰ ਹੋਣ ਦੇ ਬਾਵਜੂਦ ਪੱਛਮੀ ਅਫ਼ਰੀਕਾ ਦੇ ਪਛੜੇ ਤੇ ਗਰੀਬ ਦੇਸ਼ ਨਾਈਜਰ 'ਚ ਤਖ਼ਤਾਪਲਟਣ ਤੋਂ ਬਾਅਦ ਫੌਜੀ ਰਾਜ ਲਾਗੂ ਕਰ ਦਿੱਤਾ ਗਿਆ ਹੈ।

ਫੌਜ ਦੇ ਸੀਨੀਅਰ ਅਧਿਕਾਰੀਆਂ ਨੇ ਸਰਕਾਰ ਨੂੰ ਬਰਖਾਸਤ ਕਰਨ ਦੇ ਨਾਲ-ਨਾਲ ਰਾਸ਼ਟਰਪਤੀ ਮਾਮਾਦੋ ਤਾਂਦਜਾ ਨੂੰ ਹਟਾਉਣ ਦਾ ਐਲਾਨ ਕੀਤਾ। ਫੌਜੀ ਅਧਿਕਾਰੀਆਂ ਨੇ ਐਲਾਨ ਕੀਤਾ ਕਿ ਸਕੁਆਰਡਨ ਸਾਲੋ ਜਿਬੋ ਉਨ੍ਹਾਂ ਦੇ ਨਵੇਂ ਆਗੂ ਹੋਣਗੇ। ਜਿਬੋ ਦੀ ਹਥਿਆਰਬੰਦ ਇਕਾਈ ਨੇ ਤਖ਼ਤਾਪਲਟਣ 'ਚ ਵੱਡੀ ਭੂਮਿਕਾ ਨਿਭਾਈ ਹੈ।

Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।


Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਅਦਾਲਤ ਨੇ ਸੱਜਣ ਕੁਮਾਰ ਦੀ ਆਕੜ ਭੰਨੀ, ਹੋਰ ਰਾਹਤ ਤੋਂ ਨਾਂਹ



**ਨਵੀਂ ਦਿੱਲੀ :** ਹਜ਼ਾਰਾਂ ਮਾਸੂਮਾਂ ਦਾ ਕਤਲ ਕਰਵਾਉਣ ਦੇ ਬਾਵਜੂਦ ਕਾਨੂੰਨ ਅਤੇ ਅਦਾਲਤਾਂ ਨੂੰ ਟਿੱਚ ਜਾਣਨ ਵਾਲੇ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਆਕੜ ਭੰਨਣ ਲਈ ਅਦਾਲਤਾਂ ਸਰਗਰਮ ਹੋ ਗਈਆਂ ਹਨ। ਇਸ ਦੀ ਉਦਾਹਰਣ ਬੁੱਧਵਾਰ ਨੂੰ ਸੱਜਣ ਕੁਮਾਰ ਵਿਰੁਧ ਆਏ ਦੋ ਫ਼ੈਸਲਿਆਂ ਤੋਂ ਮਿਲਦੀ ਹੈ। ਸੱਜਣ ਕੁਮਾਰ ਵਿਰੁਧ ਆਏ ਇਨ੍ਹਾਂ ਫੈਸਲਿਆਂ ਨੇ ਇਕ ਵਾਰ ਫ਼ਿਰ ਸਪੱਸ਼ਟ ਕਰ ਦਿੱਤਾ ਹੈ ਕਿ ਭਾਵੇਂ ਸਰਕਾਰ ਕਿਸੇ ਵਿਅਕਤੀ ਨੂੰ ਬਚਾਉਣ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰੀ ਜਾਵੇ ਪਰ ਇੱਕ ਨਾ ਇੱਕ ਦਿਨ ਅਦਾਲਤਾਂ ਨੇ ਸੱਚ ਨੂੰ ਸਭ ਦੇ ਸਾਹਮਣੇ ਲਿਆਉਂਦਿਆਂ ਲੋਕਾਂ ਦੇ ਹੱਕ 'ਚ ਫ਼ਤਵਾ ਦੇਣਾ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੀ ਕੜਕੜਡੂਮਾ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਜਿੱਥੇ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤਾ, ਉਥੇ ਦਿੱਲੀ ਹਾਈ ਕੋਰਟ 'ਚ ਉਸ ਦੀ ਅਗਾਊਂ ਜ਼ਮਾਨਤ ਅਰਜ਼ੀ ਸਬੰਧੀ ਫ਼ੈਸਲਾ ਰਾਖਵਾਂ ਹੋਣ 'ਤੇ ਸੀਬੀਆਈ ਵਲੋਂ ਉਸ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ ਵਧ ਗਈ ਹੈ। ਦੱਸਣਾ ਬਣਦਾ ਹੈ ਕਿ ਹੇਠਲੀ ਅਦਾਲਤ ਵਲੋਂ ਉਸਦੀ ਜ਼ਮਾਨਤ ਅਰਜ਼ੀ ਰੱਦ ਕਰਨ ਤੋਂ ਬਾਅਦ ਦਿੱਲੀ ਹਾਈ ਕੋਰਟ ਨੇ ਵੀ ਸੱਜਣ ਕੁਮਾਰ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸੱਜਣ ਕੁਮਾਰ ਨੇ ਹਾਈ ਕੋਰਟ ਤੋਂ ਮੰਗ ਕੀਤੀ ਸੀ ਕਿ ਉਸ ਨੂੰ ਹੇਠਲੀ ਅਦਾਲਤ ਦਾ ਫ਼ੈਸਲਾ ਰੱਦ ਕਰਦਿਆਂ ਅਗਾਊਂ ਜ਼ਮਾਨਤ ਦਿੱਤੀ ਜਾਵੇ, ਪਰ ਅਦਾਲਤ ਨੇ ਇਸ ਤੋਂ ਸਪੱਸ਼ਟ ਇਨਕਾਰ ਕਰਦਿਆਂ ਕਿਹਾ ਕਿ ਉਹ ਅਗਾਊਂ ਜ਼ਮਾਨਤ ਸਬੰਧੀ ਫ਼ੈਸਲਾ ਰੋਜ਼ਾਨਾ ਸੁਣਵਾਈ ਤਹਿਤ ਹੀ ਲੈਣਗੇ। ਇਸ ਉਪਰੰਤ ਦਿੱਲੀ ਹਾਈ ਕੋਰਟ ਨੇ ਉਨ੍ਹਾਂ ਨੂੰ ਹਰ ਹੀਲੇ ਕੜਕੜਡੂਮਾ ਅਦਾਲਤ 'ਚ ਪੇਸ਼ ਹੋਣ ਦਾ ਹੁਕਮ ਦਿੱਤਾ ਸੀ, ਪਰ ਸੱਜਣ ਕੁਮਾਰ ਬਹਾਨਾ ਬਣਾਉਂਦਿਆਂ 23 ਫਰਵਰੀ ਨੂੰ ਵੀ ਅਦਾਲਤ 'ਚ ਹਾਜ਼ਰ ਨਹੀਂ ਹੋਏ। ਸੱਜਣ ਕੁਮਾਰ ਦੀ ਗ਼ੈਰ ਹਾਜ਼ਰੀ 'ਤੇ ਸਖ਼ਤ ਰੁਖ਼ ਅਪਣਾਉਂਦਿਆਂ ਐਡੀਸ਼ਨਲ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ ਲੋਕੇਸ਼ ਸ਼ਰਮਾ ਨੇ ਕਿਹਾ 'ਦੋਸ਼ੀ ਨੂੰ ਅਦਾਲਤ 'ਚ ਪੇਸ਼ ਹੋਣ ਲਈ ਕਿਹਾ ਗਿਆ ਸੀ, ਪਰ ਉਸ ਨੇ ਉਪਰਲੀ ਅਦਾਲਤ 'ਚ ਜਾਣ ਦਾ ਮਨ ਬਣਾਇਆ, ਜੋ ਸਹੀ ਸੀ ਪਰ ਉਥੋਂ ਰਾਹਤ ਨਾ ਮਿਲਣ ਤੋਂ ਬਾਅਦ ਦੋਸ਼ੀ ਨੂੰ ਉਚ ਅਦਾਲਤ ਦੇ ਹੁਕਮ ਦਾ ਪਾਲਣ ਕਰਨਾ ਚਾਹੀਦਾ ਸੀ, ਜੋ ਉਸ ਨੇ ਨਹੀਂ ਕੀਤਾ। ਇਸ ਤੋਂ ਪਤਾ ਲੱਗਦਾ ਹੈ ਕਿ ਦੋਸ਼ੀ ਅਦਾਲਤਾਂ ਅਤੇ ਕਾਨੂੰਨ ਨੂੰ ਟਿੱਚ ਸਮਝਦਾ ਹੈ। ਅਦਾਲਤ ਨੇ ਆਪਣੇ ਹੁਕਮ 'ਚ ਕਿਹਾ ਕਿ ਮਾਮਲਾ ਉਚ ਅਦਾਲਤ 'ਚ ਸੁਣਵਾਈ ਅਧੀਨ ਹੋਣ ਕਾਰਨ ਕਿਸੇ ਨੂੰ ਰਾਹਤ ਦੇਣਾ ਸਹੀ ਨਹੀਂ ਹੈ। ਸੁਣਵਾਈ ਦੌਰਾਨ ਸੀਬੀਆਈ ਦੇ ਵਕੀਲ ਨੇ ਸੱਜਣ ਕੁਮਾਰ ਦੇ ਵਕੀਲ ਦੀ ਉਸ ਅਰਜ਼ੀ ਦਾ ਵਿਰੋਧ ਕੀਤਾ, ਜਿਸ ਵਿਚ ਉਨ੍ਹਾਂ ਆਪਣੇ ਮੁਵੱਕਲ ਦੀ ਅਦਾਲਤ 'ਚ ਨਿੱਜੀ ਪੇਸ਼ੀ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਅਰਜ਼ੀ ਨੂੰ ਮਨਜ਼ੂਰ ਕਰਨਾ ਦੋਸ਼ੀ ਨੂੰ ਰਾਹਤ ਦੇਣਾ ਹੋਵੇਗਾ, ਕਿਉਂਕਿ ਖ਼ੁਦ ਹਾਈ ਕੋਰਟ ਨੇ ਇਹ ਅਰਜ਼ੀ ਨਾਮਨਜ਼ੂਰ ਕਰ ਦਿੱਤੀ ਹੈ। ਹਾਈ ਕੋਰਟ 'ਚ ਉਨ੍ਹਾਂ ਦੀ ਅਰਜ਼ੀ ਦੇ ਮੱਦੇਨਜ਼ਰ ਸਥਾਨਕ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਮੁਲਤਵੀ ਕੀਤੀ।

ਇਸ ਦੌਰਾਨ '84 ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਦੀ ਸੁਣਵਾਈ ਦੌਰਾਨ ਪ੍ਰਦਰਸ਼ਨ ਕਰ ਰਹੇ ਸੈਂਕੜੇ ਅਕਾਲੀ ਕਾਰਕੁੰਨਾਂ ਨੂੰ 17 ਫਰਵਰੀ ਵਾਲੇ ਦਿਨ ਦਿੱਲੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਆਗੂਆਂ ਨੇ

## ਪ੍ਰਦਰਸ਼ਨ ਦੌਰਾਨ ਸੈਂਕੜੇ ਅਕਾਲੀ ਕਾਰਕੁੰਨ ਗ੍ਰਿਫ਼ਤਾਰ, ਸੱਜਣ ਕੁਮਾਰ ਦੀ ਗ੍ਰਿਫ਼ਤਾਰੀ ਸਬੰਧੀ ਚਿਦੰਬਰਮ ਨੂੰ ਪੱਤਰ ਲਿਖਿਆ

ਦੱਸਿਆ ਕਿ ਭਾਵੇਂ ਅਸੀਂ ਸੁਣਵਾਈ ਦੌਰਾਨ ਉਥੇ ਨਾ ਜਾਣ ਦਾ ਫ਼ੈਸਲਾ ਲਿਆ ਸੀ, ਪ੍ਰੰਤੂ ਇਸ ਦੇ ਬਾਵਜੂਦ ਵਰਕਰਾਂ ਨੇ ਮਾਣਯੋਗ ਅਦਾਲਤ 'ਤੇ ਭਰੋਸਾ ਕਰਦਿਆਂ ਉਥੇ ਜਾਣ ਦਾ ਐਲਾਨ ਕਰ ਦਿੱਤਾ। ਅਦਾਲਤ ਵਲੋਂ ਸੱਜਣ ਨੂੰ ਸੰਭਾਵੀ ਸਜ਼ਾ ਸੁਣਾਏ ਜਾਣ ਦੇ ਮੱਦੇਨਜ਼ਰ ਵੱਡੀ ਗਿਣਤੀ 'ਚ ਵਰਕਰ ਉਥੇ ਪਹੁੰਚ ਗਏ, ਜਿਨ੍ਹਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਥਾਣੇ ਵਿਚ ਬੰਦ ਕਰ ਦਿੱਤਾ।ਉਨ੍ਹਾਂ ਦੱਸਿਆ ਕਿ ਦਿੱਲੀ ਪੁਲਿਸ ਨੇ ਦਿੱਲੀ ਇਕਾਈ ਦੇ ਪ੍ਰਧਾਨ ਜਥੇਦਾਰ ਮਨਜੀਤ ਸਿੰਘ ਜੀਕੇ, ਦਲ ਦੇ ਕੌਮੀ ਮੀਤ ਪ੍ਰਧਾਨ ਉਂਕਾਰ ਸਿੰਘ ਥਾਪਰ, ਕੌਮੀ ਜਨਰਲ ਸਕੱਤਰ ਜਥੇਦਾਰ ਅਵਤਾਰ ਸਿੰਘ ਹਿੱਤ, ਸ਼੍ਰੋਮਣੀ ਕਮੇਟੀ ਮੈਂਬਰ ਕੁਲਦੀਪ ਸਿੰਘ ਭੋਗਲ, ਯੂਥ ਵਿੰਗ ਦੇ ਪ੍ਰਧਾਨ ਮਨਜੀਤ ਸਿੰਘ ਸਿਰਸਾ, ਦਿੱਲੀ ਕਮੇਟੀ ਦੇ ਮੈਂਬਰ ਸਤਨਾਮ ਸਿੰਘ ਔਲਖ, ਹਰਵਿੰਦਰ ਸਿੰਘ ਕੇਪੀ, ਹਰਪ੍ਰੀਤ ਸਿੰਘ, ਸੁਖਮਨ ਸਿੰਘ, ਜੋਗਿੰਦਰ ਸਿੰਘ, ਕੁਲਵਿੰਦਰ ਸਿੰਘ ਤੇ ਬਾਬੂ ਸਿੰਘ ਸਮੇਤ ਕਈ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ।

ਇਕ ਹੋਰ ਰਿਪੋਰਟ ਅਨੁਸਾਰ ਦਿੱਲੀ ਦੀ ਸਥਾਨਕ ਅਦਾਲਤ ਅਤੇ ਦਿੱਲੀ ਹਾਈਕੋਰਟ ਵਲੋਂ ਸੱਜਣ ਕੁਮਾਰ ਵਿਰੁਧ ਸਖ਼ਤ ਰੁਖ਼ ਅਪਣਾਏ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਦੀ ਇਸ ਮਾਮਲੇ 'ਚ ਚੁੱਪ ਦਾ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੇ ਸਖ਼ਤ ਨੋਟਿਸ ਲਿਆ ਹੈ। ਦਲ ਦੇ ਦਿੱਲੀ ਇਕਾਈ ਦੇ ਆਗੂਆਂ ਨੇ ਇਸ ਮਾਮਲੇ 'ਚ ਕੇਂਦਰੀ ਗ੍ਰਿਹ ਮੰਤਰੀ ਪੀ ਚਿਦੰਬਰਮ ਨੂੰ ਪੱਤਰ ਲਿਖ ਕੇ ਸੱਜਣ ਕੁਮਾਰ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ।

ਅਕਸਰ ਮੀਡੀਆ ਤੋਂ ਦੂਰ ਰਹਿਣ ਅਤੇ ਉਪਰੋਕਤ ਮਾਮਲੇ ਨੂੰ ਇਥੋਂ ਤਕ ਪਹੁੰਚਾਉਣ 'ਚ ਅਹਿਮ ਭੂਮਿਕਾ ਅਦਾ ਕਰਨ ਵਾਲੀ ਇਸ ਕੇਸ ਦੀ ਮੁੱਖ ਗਵਾਹ ਬੀਬੀ ਨਿਰਪ੍ਰੀਤ ਕੌਰ ਨੇ ਦਸਿਆ, ''1 ਨਵੰਬਰ ਨੂੰ ਮੇਰੇ ਪਿਤਾ ਨਿਰਮਲ ਸਿੰਘ ਨੂੰ ਸੱਜਣ ਕੁਮਾਰ ਦਾ ਸਾਲਾ ਬਲਵਾਨ ਖੋਖਰ ਅਤੇ ਸਾਬਕਾ ਵਿਧਾਇਕ ਮਹਿੰਦਰ ਯਾਦਵ ਧੋਖੇ ਨਾਲ ਲੈ ਗਏ ਸਨ। ਇਸ ਤੋਂ ਬਾਅਦ ਕਿਸ਼ਨ ਲਾਲ ਖੋਖਰ (ਭਰਾ ਬਲਵਾਨ ਖੋਖਰ), ਕੈਪਟਨ ਭਾਗਮਲ ਨੇ ਮੇਰੇ ਸਾਹਮਣੇ ਹੀ ਉਨ੍ਹਾਂ ਨੂੰ ਜਿਉਂਦਾ ਸਾੜ ਦਿਤਾ।''

ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ, ਕੌਮੀ ਮੀਤ ਪ੍ਰਧਾਨ ਓਂਕਾਰ ਸਿੰਘ ਥਾਪਰ, ਕੌਮੀ ਜਨਰਲ ਸਕੱਤਰ ਅਵਤਾਰ ਸਿੰਘ ਹਿੱਤ, ਐਸਜੀਪੀਸੀ ਮੈਂਬਰ ਕੁਲਦੀਪ ਸਿੰਘ ਭੋਗਲ ਤੇ ਦਲ ਦੇ ਯੂਥ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਦਸਤਖ਼ਤਾਂ ਵਾਲੇ ਇਸ ਪੱਤਰ ਵਿਚ ਲਿਖਿਆ ਗਿਆ ਹੈ ਕਿ ਅਦਾਲਤਾਂ ਵਲੋਂ ਸੱਜਣ ਕੁਮਾਰ ਨੂੰ ਰਾਹਤ ਨਾ ਦੇਣ ਸਬੰਧੀ ਸੁਣਾਏ ਫੈਸਲਿਆਂ ਦੇ ਬਾਵਜੂਦ ਕੇਂਦਰ ਸਰਕਾਰ ਨੇ ਇਸ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕਿਆ ਹੈ।

**ਗ੍ਰਿਫ਼ਤਾਰ ਦੇ ਡਰੋਂ ਹਾਈ ਕੋਰਟ ਦਾ ਦਰਵਾਜ਼ਾ ਖਟਖਟਾਇਆ:** ਸਿੱਖ ਕਤਲੇਆਮ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਾਂਗਰਸੀ ਆਗੂ ਸੱਜਣ ਕੁਮਾਰ ਨੇ ਹੇਠਲੀ ਅਦਾਲਤ ਵਲੋਂ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕੀਤੇ ਜਾਣ ਤੋਂ ਬਾਅਦ 16 ਫ਼ਰਵਰੀ ਨੂੰ ਹਾਈ ਕੋਰਟ ਦਾ ਦਰਵਾਜ਼ਾ ਖਟਖਟਾਇਆ ਜਿਥੇ ਅਦਾਲਤ ਨੇ ਸੱਜਣ ਕੁਮਾਰ ਨੂੰ ਛੇਤੀ ਸੁਣਵਾਈ ਦੀ ਮਿਤੀ ਦੇਣ ਤੋਂ ਇਨਕਾਰ ਕਰ ਦਿਤਾ। ਕਾਰਜਕਾਰੀ ਚੀਫ਼ ਜਸਟਿਸ ਐਮ.ਬੀ. ਲੋਕੁਰ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਪਟੀਸ਼ਨ ਉਤੇ ਆਮ ਵਾਂਗ ਸੁਣਵਾਈ ਹੋਵੇਗੀ। ਕਾਂਗਰਸੀ ਆਗੂ ਦੇ ਵਕੀਲ ਅਨਿਲ ਸ਼ਰਮਾ ਨੇ ਅਪੀਲ ਵਿਚ ਕਿਹਾ ਕਿ ਹੇਠਲੀ ਅਦਾਲਤ ਨੇ ਗਲਤ ਤਰੀਕੇ ਨਾਲ ਮੇਰੇ ਮੁਵੱਕਲ ਦੀ ਜ਼ਮਾਨਤ ਅਰਜ਼ੀ ਇਸ ਆਧਾਰ 'ਤੇ ਖ਼ਾਰਜ ਕਰ ਦਿਤੀ ਕਿ ਜਿਸ ਅਦਾਲਤ ਨੇ ਸੰਮਨ ਜਾਰੀ ਕੀਤੇ ਹਨ, ਸਿਰਫ਼ ਉਹੀ ਜ਼ਮਾਨਤ ਦੇ ਸਕਦੀ ਹੈ।

ਹੇਠਲੀ ਅਦਾਲਤ ਨੇ ਸੱਜਣ ਕੁਮਾਰ ਦੀ ਪਟੀਸ਼ਨ ਇਹ ਕਹਿੰਦੇ ਹੋਏ ਰੱਦ ਕਰ ਦਿਤੀ ਸੀ ਕਿ ਲੋਕਾਂ ਵਲੋਂ ਲਗਾਏ ਦੋਸ਼ਾਂ ਨੂੰ ਪੂਰੀ ਤਰ੍ਹਾਂ ਗਲਤ ਵੀ ਨਹੀਂ ਕਿਹਾ ਜਾ ਸਕਦਾ। ਅਦਾਲਤ ਨੇ 38 ਸਫ਼ਿਆਂ ਦੇ ਅਪਣੇ ਆਦੇਸ਼ ਵਿਚ ਕਿਹਾ ਸੀ ਕਿ ਸੱਜਣ ਕੁਮਾਰ ਦੀ ਪਟੀਸ਼ਨ ਵਿਚ ਇਕ ਵੀ ਅਜਿਹੀ ਵਜ੍ਹਾ ਨਹੀਂ ਦੱਸੀ ਗਈ ਜਿਸ ਦੇ ਆਧਾਰ 'ਤੇ ਉਨ੍ਹਾਂ ਨੂੰ ਅਗਾਊਂ ਜ਼ਮਾਨਤ ਦੇ ਯੋਗ ਸਮਝਿਆ ਜਾਵੇ। ਅਦਾਲਤ ਨੇ ਕਿਹਾ ਸੀ ਕਿ ਦੋਸ਼ਾਂ ਦੀ ਸਚਾਈ ਮਾਮਲੇ ਦੀ ਸੁਣਵਾਈ ਦਾ ਵਿਸ਼ਾ ਹੈ ਅਤੇ ਤੱਥਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਕੁਝ ਦਮ ਹੈ।

## ਅਦਾਲਤਾਂ ਨੂੰ ਸੀਬੀਆਈ ਜਾਂਚ ਸਬੰਧੀ ਹੁਕਮ ਦੇਣ ਦਾ ਹੱਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਆਪਣੇ ਇਕ ਅਹਿਮ ਫੈਸਲੇ 'ਚ ਭਾਵੇਂ ਸੂਬਾ ਸਰਕਾਰਾਂ ਦੀ ਸਹਿਮਤੀ ਤੋਂ ਬਿਨਾਂ ਕਿਸੇ ਮਾਮਲੇ ਦੀ ਸੀਬੀਆਈ ਜਾਂਚ ਦੇ ਹੁਕਮ ਦੇਣ ਸਬੰਧੀ ਅਦਾਲਤੀ ਸ਼ਕਤੀ ਨੂੰ ਸੰਵਿਧਾਨਕ ਮਾਨਤਾ ਦੇ ਦਿੱਤੀ ਹੈ ਪਰ ਇਸ ਦੇ ਨਾਲ ਹੀ ਬੈਂਚ ਨੇ ਸਪੱਸ਼ਟ ਕੀਤਾ ਹੈ ਕਿ ਆਪਣੇ ਇਸ ਅਧਿਕਾਰ ਦੀ ਵਰਤੋਂ ਆਮ ਵਾਂਗ ਨਾ ਕੀਤੀ ਜਾਵੇ।ਚੀਫ਼ ਜਸਟਿਸ ਕੇ ਜੀ ਬਾਲਾਕ੍ਰਿਸ਼ਨ ਦੀ ਪ੍ਰਧਾਨਗੀ ਵਾਲੇ ਪੰਜ ਮੈਂਬਰੀ ਬੈਂਚ ਨੇ ਸਰਬਸੰਮਤੀ ਨਾਲ ਲਏ ਫ਼ੈਸਲੇ 'ਚ ਕਿਹਾ ਕਿ ਸੁਪਰੀਮ ਕੋਰਟ ਤੇ ਹਾਈ ਕੋਰਟ ਆਪਣੇ ਅਜਿਹੇ ਅਧਿਕਾਰਾਂ ਦੀ ਵਰਤੋਂ ਬਿਨਾ ਘੋਖ ਪੜਤਾਲ ਤੋਂ ਕਰੇ।ਉਪਰੋਕਤ ਅਧਿਕਾਰ ਦੀ ਆਮ ਵਾਂਗ ਵਰਤੋਂ ਕਰਨ ਦੇ ਪੱਖ 'ਚ ਬੈਂਚ ਨੇ ਕਿਹਾ ਕਿ ਜੇਕਰ ਹਰ ਮਾਮਲੇ 'ਚ ਅਦਾਲਤਾਂ ਆਪਣੇ ਇਸ ਹੱਕ ਦੀ ਵਰਤੋਂ ਕਰਦੀਆਂ ਹਨ ਤਾਂ ਉਨ੍ਹਾਂ ਕੋਲ ਮਾਮਲਿਆਂ ਦੇ ਢੇਰ ਲੱਗ ਜਾਣਗੇ।

# ਪੁਨੇ ਧਮਾਕਾ ਆਜ਼ਮੀ ਦੇ ਕਤਲ ਦਾ ਬਦਲਾ?

**ਮੁੰਬਈ :** ਅਦਾਲਤ ਵਿਚ ਅੱਤਵਾਦੀਆਂ ਦੇ ਕੇਸਾਂ ਦੀ ਪੈਰਵੀ ਕਰਨ ਵਾਲੇ ਵਕੀਲ ਸ਼ਾਹਿਦ ਆਜ਼ਮੀ ਦੀ ਹੱਤਿਆ ਦਾ ਬਦਲਾ ਲੈਣ ਲਈ ਪੁਨੇ ਵਿਚ ਬੰਬ ਧਮਾਕਾ ਕੀਤਾ ਗਿਆ ਹੈ। ਇਸ ਦੀ ਕੰਨਸੋਅ ਅਪਰਾਧ ਜਗਤ ਦੇ ਸੂਤਰਾਂ ਤੋਂ ਮਿਲੀ ਹੈ। ਇਨ੍ਹਾਂ ਸੂਤਰਾਂ ਅਨੁਸਾਰ ਇਸ ਬੰਬ ਧਮਾਕੇ ਪਿੱਛੇ ਇੰਡੀਅਨ ਮੁਜਾਹਦੀਨ ਦਾ ਹੀ ਹੱਥ ਹੈ। ਸੂਤਰਾਂ ਦਾ ਕਹਿਣਾ ਹੈ ਕਿ ਅੱਤਵਾਦੀਆਂ ਨੇ ਪੁਨੇ ਨੂੰ ਅਧਾਰ ਬਣਾਇਆ ਹੋਇਆ ਸੀ। ਇੱਥੋ ਰਹਿ ਕੇ ਦੇਸ਼ ਵਿਚ ਅੱਤਵਾਦੀ ਹਮਲਿਆਂ ਦੀਆਂ ਯੋਜਨਾਵਾਂ ਨੂੰ ਅਮਲ ਵਿਚ ਲਿਆਂਦੇ ਜਾਣ ਦਾ ਕੰਮ ਕੀਤਾ ਜਾਂਦਾ ਸੀ।

ਏ ਟੀ ਐਸ ਨੇ 2008 ਵਿਚ ਪੁਨੇ ਤੋਂ ਇੰਡੀਅਨ ਮੁਜਾਹਦੀਨ ਦੇ 20 ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਸੀ। ਇਸਦੇ ਬਾਦ ਹੀ ਮੁੰਬਈ ਉਤੇ ਅੱਤਵਾਦੀਆਂ ਦਾ ਹਮਲਾ ਹੋਇਆ। ਪੁਨੇ ਵਿਚ ਬੰਬ ਧਮਾਕੇ ਨਹੀਂ ਕੀਤੇ ਜਾ ਰਹੇ ਸਨ, ਕਿਉਂਕਿ ਪੁਨੇ ਵਿਚ ਅੱਤਵਾਦੀਆਂ ਦਾ ਅਧਾਰ ਸੀ ਅਤੇ ਉਹ ਨਹੀਂ ਚਾਹੁੰਦੇ ਸਨ ਕਿ ਪੁਲਿਸ ਦੀ ਉਨ੍ਹਾਂ ਉਤੇ ਨਜ਼ਰ ਪਵੇ, ਪਰ ਸ਼ਾਹਿਦ ਆਜ਼ਮੀ ਦੀ ਹੱਤਿਆ ਦੇ ਬਾਅਦ ਜਲਦਬਾਜ਼ੀ ਵਿਚ ਕੁਝ ਕਰਨ ਦੀ ਯੋਜਨਾ ਬਣਾਈ ਗਈ ਅਤੇ ਪੁਨੇ ਦੀ ਜਰਮਨ ਬੇਕਰੀ ਵਿਚ ਬੰਬ ਧਮਾਕਾ ਕੀਤਾ ਗਿਆ। ਭਾਵੇਂਕਿ ਪੁਨੇ ਦੇ ਕਮਿਸ਼ਨਰ ਸਤਪਾਲ ਸਿੰਘ ਇਸ ਘਟਨਾ ਨੂੰ ਸ਼ਾਹਿਦ ਆਜ਼ਮੀ ਦੀ ਹੱਤਿਆ ਦਾ ਬਦਲਾ ਲੈਣ ਦੀ ਘਟਨਾ ਨਹੀਂ ਮੰਨਦੇ। ਉਨ੍ਹਾਂ ਦਾ ਕਹਿਣਾ ਹੈ ਕਿ ਜਾਂਚ ਤੋਂ ਬਾਅਦ ਹੀ ਅਸਲੀਅਤ ਸਾਹਮਣੇ ਆਵੇਗੀ।

ਇਸ ਲਈ ਇਸ ਬਾਰੇ ਕੁਝ ਕਹਿਣਾ ਠੀਕ ਨਹੀਂ ਹੋਵੇਗਾ। ਸੀ ਸੀ ਟੀ ਵੀ ਵੀਡੀਓ ਦੇ ਅਧਾਰ ਉਤੇ ਸ਼ੱਕੀ ਵਿਅਕਤੀਆਂ ਦੀਆਂ ਤਸਵੀਰਾਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਏ ਟੀ ਐੱਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਠੋਸ ਸਬੂਤ ਹਨ, ਜਿਸ ਦੇ ਚੱਲਦਿਆਂ ਹੀ ਗ੍ਰਿਫਤਾਰੀਆਂ ਹੋਣਗੀਆਂ। ਦੋ ਸ਼ੱਕੀ ਵਿਅਕਤੀਆਂ ਵਿਚੋਂ ਇਕ ਮੋਹਸਿਨ ਚੌਧਰੀ ਹੈ, ਜੋ ਇੰਡੀਅਨ ਮੁਜਾਹਦੀਨ ਦਾ ਮੈਂਬਰ ਹੈ। ਅਹਿਮਦਾਬਾਦ ਅਤੇ ਦਿੱਲੀ ਬੰਬ ਧਮਾਕਿਆਂ ਵਿਚ ਵੀ ਮੋਹਸਿਨ ਦਾ ਹੀ ਹੱਥ ਸੀ।

ਇਸ ਦੌਰਾਨ ਪੁਣੇ ਧਮਾਕੇ 'ਚ ਜ਼ਖ਼ਮੀ ਦੋ ਵਿਦਿਆਰਥੀਆਂ ਦੀ ਮੌਤ ਹੋ ਜਾਣ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ 15 ਤੱਕ ਪਹੁੰਚ ਗਈ ਹੈ। ਪੰਜ ਹੋਰ ਜ਼ਖ਼ਮੀਆਂ ਦੀ ਹਾਲਤ ਫ਼ਿਲਹਾਲ ਚਿੰਤਾਜਨਕ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਬੀਤੀ 13 ਫਰਵਰੀ ਨੂੰ ਪੁਣੇ ਦੀ ਜਰਮਨ ਬੇਕਰੀ ਵਿਚ ਧਮਾਕੇ ਦੌਰਾਨ ਮਰਨ ਵਾਲਿਆਂ ਵਿਚ 4 ਵਿਦੇਸ਼ੀ ਵੀ ਸ਼ਾਮਲ ਹਨ।

# ਮਾਇਆਵਤੀ ਦੇ ਬੁੱਤਾਂ ਦਾ ਅਸਲ ਮੰਤਵ ਕੀ ਹੈ?



**ਨਵੀਂ ਦਿੱਲੀ:** ਉੱਤਰ ਪ੍ਰਦੇਸ਼ ਦੀ ਮਾਇਆਵਤੀ ਸਰਕਾਰ ਨੂੰ ਇੱਕ ਹੋਰ ਝਟਕਾ ਦਿੰਦਿਆਂ ਸੁਪਰੀਮ ਕੋਰਟ ਨੇ ਸੂਬੇ ਦੀ ਰਾਜਧਾਨੀ ਲਖਨਊ ਤੇ ਉਭਰਦੇ ਸ਼ਹਿਰ ਨੋਇਡਾ 'ਚ ਸੂਬਾ ਸਰਕਾਰ ਵਲੋਂ ਲਗਾਏ 'ਹਾਥੀ ਬੁੱਤਾਂ' ਦਾ ਅਸਲ ਮੰਤਵ ਪਤਾ ਕਰਨ ਲਈ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਹਨ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਕੇ ਜੀ ਬਾਲਾਕ੍ਰਿਸ਼ਨਨ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਚੋਣ ਕਮਿਸ਼ਨ 3 ਮਹੀਨਿਆਂ ਦੇ ਅੰਦਰ-ਅੰਦਰ ਇਹ ਪਤਾ ਲਗਾਵੇ ਕਿ, ਕੀ ਇਹ ਬੁੱਤ ਸਰਕਾਰੀ ਖ਼ਰਚ 'ਤੇ ਲਗਾ ਕੇ ਪਾਰਟੀ ਦੇ ਚੋਣ ਚਿੰਨ੍ਹ ਵਜੋਂ ਤਾਂ ਨਹੀਂ ਵਰਤੇ ਜਾ ਰਹੇ? ਬੈਂਚ ਨੇ ਇਹ ਹੁਕਮ ਰਵੀ ਕਾਂਤ ਤੇ ਸੁਕੁਮਾਰ (ਦੋਵੇਂ ਵਕੀਲ) ਵਲੋਂ ਦਾਇਰ ਜਨਹਿੱਤ ਅਰਜ਼ੀ ਦੀ ਸੁਣਵਾਈ ਕਰਦਿਆਂ ਦਿੱਤਾ। ਉਪਰੋਕਤ ਦੋਵਾਂ ਵਕੀਲਾਂ ਨੇ ਆਪਣੀ ਅਰਜ਼ੀ 'ਚ ਦੋਸ਼ ਲਗਾਇਆ ਸੀ ਕਿ ਸੂਬਾ ਸਰਕਾਰ ਜਨਤਾ ਦੇ ਪੈਸੇ ਦੀ ਗਲਤ ਵਰਤੋਂ ਕਰਕੇ ਇਸ ਨੂੰ ਦਲਿਤ ਆਗੂਆਂ, ਮਾਇਆਵਤੀ ਤੇ ਪਾਰਟੀ ਦੇ ਚੋਣ ਚਿੰਨ੍ਹ ਹਾਥੀ ਦੇ ਬੁੱਤ ਲਗਵਾਉਣ ਲਈ ਵਰਤ ਰਹੀ ਹੈ। ਆਪਣੀ ਅਰਜ਼ੀ 'ਚ ਸ੍ਰੀ ਕਾਂਤ ਨੇ ਇਹ ਵੀ ਦਾਅਵਾ ਕੀਤਾ ਕਿ ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਜਾਣਕਾਰੀ ਮੁਤਾਬਕ ਇਨ੍ਹਾਂ ਬੁੱਤਾਂ 'ਤੇ ਸਰਕਾਰ ਨੇ 52.2 ਕਰੋੜ ਰੁਪਏ ਖ਼ਰਚੇ ਹਨ।ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਨੇ ਸੂਬੇ ਅੰਦਰ ਵੱਖ-ਵੱਖ ਥਾਵਾਂ 'ਤੇ ਹਾਥੀ ਦੇ 60 ਬੁੱਤ ਲਗਾਏ ਹੋਏ ਹਨ।

ਬੈਂਚ ਨੇ ਚੋਣ ਚਿੰਨ੍ਹ ਵਾਲੇ ਇਸ ਮਸਲੇ ਨੂੰ ਚੋਣ ਕਮਿਸ਼ਨ ਕੋਲ ਭੇਜ ਦਿੱਤਾ ਹੈ, ਕਿਉਂਕਿ ਅਰਜ਼ੀਕਾਰ ਨੇ ਇਸੇ ਤਰ੍ਹਾਂ ਦੀ ਇੱਕ ਹੋਰ ਅਰਜ਼ੀ ਚੋਣ ਕਮਿਸ਼ਨ ਨੂੰ ਵੀ ਭੇਜੀ ਹੋਈ ਹੈ। ਆਪਣੀ ਅਰਜ਼ੀ 'ਚ ਇਨ੍ਹਾਂ ਵਕੀਲਾਂ ਨੇ ਮੰਗ ਕੀਤੀ ਹੈ ਕਿ ਮਾਇਆਵਤੀ ਨੂੰ ਸਰਕਾਰੀ ਖ਼ਰਚ 'ਤੇ ਆਪਣੇ ਅਤੇ ਹਾਥੀ ਦੇ ਬੁੱਤ ਲਗਾਉਣ ਤੋਂ ਰੋਕਿਆ ਜਾਵੇ। ਇਸ ਦੇ ਨਾਲ ਹੀ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਈ ਜਾਵੇ।

ਦੋਵਾਂ ਵਕੀਲਾਂ ਨੇ ਦਾਅਵਾ ਕੀਤਾ ਹੈ ਕਿ ਮਾਇਆਵਤੀ ਵਲੋਂ 2008-09 ਤੇ 2009-10 ਦੇ ਬਜਟ ਵਿਚੋਂ ਕਰੀਬ 2 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਅਜਿਹੇ ਬੁੱਤ ਲਾਉਣ 'ਤੇ ਖ਼ਰਚੀ ਗਈ ਹੈ।

# ਰਾਸ਼ਟਰ ਮੰਡਲ ਖੇਡਾਂ ਦੇ ਮੱਦੇਨਜ਼ਰ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਵਿਸ਼ੇਸ਼ ਪ੍ਰਬੰਧ

**ਨਵੀਂ ਦਿੱਲੀ :** ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਰਾਸ਼ਟਰ ਮੰਡਲ ਖੇਡਾਂ ਦੌਰਾਨ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ, ਖੇਡ ਪ੍ਰੇਮੀਆਂ ਅਤੇ ਖਿਡਾਰੀਆਂ ਨੂੰ ਇਤਿਹਾਸਿਕ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਅਤੇ ਸਿੱਖ ਧਰਮ ਤੇ ਇਤਿਹਾਸ ਸਬੰਧੀ ਜਾਣਕਾਰੀ ਉਪਲਬਧ ਕਰਵਾਉਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਅਸ਼ੋਕਾ ਰੋਡ ਵਾਲੇ ਪਾਸੇ ਗੁਰਦਵਾਰਾ ਬੰਗਲਾ ਸਾਹਿਬ ਦੇ ਨਵੀਂਕਰਣ ਦਾ ਚੱਲ ਰਿਹਾ ਕੰਮ ਵੀ ਜਲਦੀ ਹੀ ਪੂਰਾ ਹੋ ਰਿਹਾ ਹੈ। ਇਹ ਜਾਣਕਾਰੀ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਹਰਵਿੰਦਰ ਸਿੰਘ ਸਰਨਾ ਅਤੇ ਮੌਜੂਦਾ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਨੇ ਇਥੇ ਜਾਰੀ ਬਿਆਨ ਰਾਹੀਂ ਦਿਤੀ। ਉਨ੍ਹਾਂ ਦਸਿਆ ਕਿ ਗੁਰਦਵਾਰਾ ਬੰਗਲਾ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਲਈ ਸਹੂਲਤਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਇਸ ਨਾਲ ਹੀ ਉਨ੍ਹਾਂ ਨੂੰ ਸਿੱਖ ਧਰਮ ਸਬੰਧੀ ਜਾਣਕਾਰੀ ਦੇਣ ਲਈ ਵੱਖ-ਵੱਖ ਭਾਸ਼ਾਵਾਂ ਵਿਚ ਸੰਖੇਪ ਸਿੱਖ ਇਤਿਹਾਸ ਦੀ ਪ੍ਰਕਾਸ਼ਨਾ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਹੋਰ ਦਸਿਆ ਕਿ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਹੀ ਲਗਭਗ ਇਕ ਹਜ਼ਾਰ ਦੀ ਸਮਰੱਥਾ ਵਾਲਾ ਏ.ਸੀ. ਲੰਗਰ ਹਾਲ ਪੂਰੀ ਤਰ੍ਹਾਂ ਤਿਆਰ ਹੈ। ਕਾਰ ਪਾਰਕਿੰਗ ਦੀ ਸਮਰੱਥਾ ਦੁਗਣੀ ਕੀਤੇ ਜਾਣ ਦੇ ਪ੍ਰਬੰਧ ਵੀ ਕੀਤੇ ਜਾ ਰਹੇ ਹਨ, ਤਾਂ ਜੋ ਉਥੇ ਲਗਭਗ ਇਕ ਹਜ਼ਾਰ ਗੱਡੀਆਂ ਇਕੋ ਸਮੇਂ ਪਾਰਕ ਹੋ ਸਕਣ। ਇਨ੍ਹਾਂ ਆਗੂਆਂ ਨੇ ਦਸਿਆ ਕਿ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਆਧੁਨਿਕ ਸਹੂਲਤਾਂ ਨਾਲ ਲੈਸ ਨਿਵਾਸ ਸਥਾਨ ਵੀ ਤਿਆਰ ਹੈ। ਇਸ ਤੋਂ ਬਿਨਾਂ ਗੁਰਦਵਾਰਾ ਰਕਾਬ ਗੰਜ ਸਾਹਿਬ, ਗੁਰਦਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਮਜਨੂੰ ਟਿੱਲਾ ਆਦਿ ਇਤਿਹਾਸਿਕ ਗੁਰਦਵਾਰਿਆਂ ਵਿਚ ਵੀ ਆਧੁਨਿਕ ਸਹੂਲਤਾਂ ਨਾਲ ਲੈਸ ਨਿਵਾਸ ਤਿਆਰ ਕੀਤੇ ਗਏ ਹਨ। ਇਕ ਸਵਾਲ ਦੇ ਜਵਾਬ ਵਿਚ ਇਨ੍ਹਾਂ ਮੁਖੀਆਂ ਨੇ ਦਸਿਆ ਕਿ ਇਨ੍ਹਾਂ ਨਿਵਾਸਾਂ ਵਿਚ ਠਹਿਰਣ ਵਾਲਿਆਂ ਲਈ ਗੁਰਧਾਮਾਂ ਦੀ ਪਵਿੱਤਰਤਾ ਅਤੇ ਮਰਿਆਦਾ ਦਾ ਸਤਿਕਾਰ ਕਰਨ ਪ੍ਰਤੀ ਵਚਨਬੱਧਤਾ ਦਾ ਪਾਲਣ ਕਰਨਾ ਜ਼ਰੂਰੀ ਹੋਵੇਗਾ।

ਗੁਰਦਵਾਰਾ ਬੰਗਲਾ ਸਾਹਿਬ ਵਿਖੇ ਬਣਾਏ ਗਏ ਏ.ਸੀ. ਲੰਗਰ ਹਾਲ ਸਬੰਧੀ ਇਨ੍ਹਾਂ ਮੁਖੀਆਂ ਨੇ ਦਸਿਆ ਕਿ ਇਥੇ ਲੰਗਰ ਦੀ ਹਥੀਂ ਸੇਵਾ ਕਰਨ ਦੀ ਪਰੰਪਰਾ ਬਣਾਈ ਰੱਖਣ ਨਾਲ ਹੀ ਆਧੁਨਿਕ ਡਿਸ਼ਵਾਸ਼ਰ ਅਤੇ ਹੋਰ ਮਾਡਰਨ ਸਹੂਲਤਾਂ ਵੀ ਉਪਲੱਬਧ ਕਰਵਾਈਆਂ ਗਈਆਂ ਹਨ।

**ਚੱਲ ਸੋ ਚੱਲ**

# ਹਾਕੀ ਦੇ ਸੁਧਾਰ ਲਈ ਤਬਦੀਲੀਆਂ ਜਰੂਰੀ

**ਡੀ.ਐਸ. ਮਾਂਗਟ**

ਅਜੇ ਬਹੁਤਾ ਸਮਾਂ ਨਹੀਂ ਹੋਇਆ ਜਦੋਂ ਹਾਕੀ ਨੂੰ ਦੇਸ਼ ਦੀ ਰੀੜ ਦੀ ਹੱਡੀ ਕਿਹਾ ਜਾਂਦਾ ਸੀ ਅਤੇ ਜਦੋਂ ਵੀ ਭਾਰਤੀ ਟੀਮ ਖੇਡਦੀ ਹੁੰਦੀ ਤਾਂ ਸਾਰੇ ਦੇਸ਼ ਵਾਸੀ ਕੰਮਾਂ ਕਾਰਜਾਂ ਨੂੰ ਛੱਡ ਕੇ ਟੋਲਿਆਂ ਵਿਚ ਇਕ ਟਰਾਂਜਿਸਟਰ ਤੋਂ ਕੁਮੈਂਟਰੀ ਸੁਣਦੇ ਦੇਖੇ ਜਾਂਦੇ ਸਨ ਕਿਉਂਕਿ ਟੀਮ ਵਿਚ ਬਹੁਤੇ ਨਾਮੀ ਖਿਡਾਰੀ ਹੀ ਹੁੰਦੇ ਸਨ ਅਤੇ ਹਰ ਬੱਚਾ ਚਾਹੁੰਦਾ ਸੀ ਕਿਵੇਂ ਵੀ ਧਿਆਨ ਚੰਦ, ਬਲਵੀਰ ਉਧਮ ਅਤੇ ਅਜੀਤਪਾਲ ਬਣਾਂ। ਪਰ ਅੱਜ ਇਹ ਗੱਲ ਅਲੋਪ ਹੋ ਗਈ ਹੈ ਅਤੇ ਦਰਸ਼ਕਾਂ ਲਈ ਵੀ ਇਸਨੂੰ ਦੇਖਣ ਦਾ ਕੋਈ ਸਵਾਦ ਨਹੀਂ ਰਹਿ ਗਿਆ ਕਿਉਂਕਿ ਹਰ ਵਾਰੀ ਹਾਰ ਦੀ ਹੀ ਖਬਰ ਸੁਣਨ ਵਿਚ ਆਉਂਦੀ ਹੈ। ਬਜਾਏ ਕਿ ਸਾਡੀ ਗਿਰਦੀ ਹਾਕੀ ਦੀ ਹਾਲਤ ਨੂੰ ਸੁਧਾਰਿਆ ਜਾਵੇ, ਆਪਣੇ ਹੀ ਘਰ ਵਿਚ ਹੋਣ ਵਾਲੇ ਵਿਸ਼ਵ ਹਾਕੀ ਕੱਪ ਲਈ ਝੰਜੂ ਪਾਇਆ ਹੋਇਆ ਹੈ ਅਤੇ ਫਿਰ ਚੰਗੇ ਨਤੀਜੇ ਦੀ ਉਮੀਦ ਕਰਨਾ ਤਾਂ ਉਹੀ ਗੱਲ ਹੈ ਜਿਵੇਂ ਕੋਈ ਮਦਾਰੀ ਬਾਂਦਰ ਜਾਂ ਰਿੱਛ ਦਾ ਤਮਾਸ਼ਾ ਤਾਂ ਕਰਨਾ ਚਾਹੁੰਦਾ ਹੋਵੇ ਪਰ ਉਸ ਕੋਲ ਨਾ ਡੰਡਾ ਹੋਵੇ ਨਾ ਡੁੱਗ ਡੁਗੀ। ਜਦੋਂ ਅਸੀਂ ਸਰਹੱਦ ਪਾਰ ਝਾਤੀ ਮਾਰਦੇ ਹਾਂ ਤਾਂ ਸਾਡੇ ਵਿਚੋਂ ਹੀ ਵੱਖ ਹੋਇਆ ਪਾਕਿਸਤਾਨ ਅੱਜ ਤੱਕ 4 ਵਿਸ਼ਵ ਕੱਪ ਜਿੱਤ ਚੁਕਾ ਹੈ ਅਤੇ ਇੰਡੀਆ ਕੇਵਲ ਇਕ, ਆਖਰ ਕਿਉਂ?

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਹਾਕੀ ਵਿਚ ਸਮੇਂ ਸਮੇਂ ਤੇ ਤਬਦੀਲੀਆਂ ਆਈਆਂ ਹਨ। ਐਸਟਰੋ ਟਰਫ ਜਾਂ ਪੌਲੀਗਰਾਸ ਦੀ ਗਰਾਊਂਡ ਅਤੇ ਕਾਨੂੰਨ ਸਬੰਧੀ ਕੀਤੀਆਂ ਸੋਧਾਂ ਨੇ ਇਸ ਖੇਡ ਦਾ ਰੰਗ ਰੂਪ ਹੀ ਬਦਲ ਦਿੱਤਾ ਹੈ ਪਰ ਇਹ ਕੇਵਲ ਸਾਡੇ ਲਈ ਹੀ ਨਹੀਂ ਬਲਕਿ ਹਾਕੀ ਖੇਡਣ ਵਾਲੇ ਹਰ ਦੇਸ਼ 'ਤੇ ਲਾਗੂ ਹੁੰਦਾ ਹੈ। ਭਾਵੇਂ ਇਨ੍ਹਾਂ ਟਰਫਾਂ ਉਪਰ ਸਟੈਮਿਨਾ, ਸਪੀਡ, ਜੋਰ ਅਤੇ ਸਪੋਰਟਸ ਐਡੀਸ਼ਨ ਇਕ ਵੱਡਾ ਰੋਲ ਅਦਾ ਕਰਦੀ ਹੈ ਜਿਹੜਾ ਭਾਰਤੀ ਖਿਡਾਰੀਆਂ ਲਈ ਅੱਜ ਇਕ ਸਮੱਸਿਆ ਬਣਿਆ ਹੋਇਆ ਹੈ ਪਰ ਸਾਡੇ ਪਾਸ ਆਪਣਾ ਜਮਾਂਦਰੂ ਸਟਾਈਲ ਤਾਂ ਹੈ ਜਿਸ ਦੀ ਅੱਜ ਵੀ ਵਿਦੇਸ਼ੀ ਕੋਚ ਕਦਰ ਕਰਦੇ ਹਨ।

ਸੰਨ 1976 ਵਿਚ ਮੋਨਟਰੀਅਲ ਵਿਚ ਪਹਿਲੀ ਟਰਫ ਬਣੀ ਸੀ ਅਤੇ ਇੰਡੀਆ ਨੂੰ ਇਹ ਛੇ ਸਾਲ ਬਾਅਦ ਹਾਸਲ ਹੋਈ, ਉਹ ਵੀ 1982 ਦੀਆਂ ਏਸ਼ੀਆਈ ਖੇਡਾਂ ਕਾਰਨ। ਦਿਨੋਂ ਦਿਨ ਇਹ ਸੌਦਾ ਸਾਨੂੰ ਮਹਿੰਗਾ ਸਾਬਤ ਹੋਇਆ ਪਰ ਸਾਡੇ ਸਿਰ 'ਤੇ ਜੂੰ ਨਾ ਸਰਕੀ। ਜਦੋਂ ਤੱਕ ਸਕੂਲਾਂ ਦੇ ਬੱਚੇ ਸ਼ੁਰੂ ਤੋਂ ਹੀ ਇਨਾਂ ਟਰਫਾਂ ਤੇ ਨਹੀਂ ਖੇਡਦੇ ਉਦੋਂ ਤੱਕ ਚੰਗੇ ਨਤੀਜੇ ਹਾਸਲ ਨਹੀਂ ਹੋ ਸਕਦੇ। ਭਾਵੇਂ ਕੁਲ ਮਿਲਾਕੇ ਭਾਰਤ ਵਿਚ 20 ਕੁ ਇਹੋ ਜਿਹੀਆਂ ਟਰਫਾਂ ਮੌਜੂਦ ਹਨ ਪਰ ਬਾਹਰਲੇ ਮੁਲਕਾਂ ਹਾਲੈਂਡ, ਜਰਮਨੀ ਆਦਿ ਪਾਸ 100 ਤੋਂ ਵੱਧ ਗਰਾਉਂਡ ਹਨ ਇਹੀ ਵਜ੍ਹਾ ਹੈ ਕਿ ਉਹ ਵਿਸ਼ਵ ਦੀਆਂ ਟੌਪ ਟੀਮਾਂ ਵਿਚੋਂ ਜਾਣੀਆਂ ਜਾਂਦੀਆਂ ਹਨ।



ਅਸੀਂ ਉਦੋਂ ਤੱਕ ਆਪਣੀ ਖੋਈ ਹੋਈ ਇੱਜ਼ਤ ਹਾਸਲ ਨਹੀਂ ਕਰ ਸਕਦੇ ਜਦੋਂ ਤੱਕ ਇੰਟਰਕਾਂਟੀਨੈਂਟਲ ਤਮਾਸ਼ਾ ਬੰਦ ਨਹੀਂ ਕਰ ਦਿੰਦੇ। ਕਦੀ ਅਸੀਂ ਟੀਮ ਦੀ ਵਾਗਡੋਰ ਯੂਰਪੀਅਨ ਕੋਚਾਂ ਦੇ ਹੱਥਾਂ ਵਿਚ ਦੇ ਦਿੰਦੇ ਹਾਂ ਅਤੇ ਕਦੀ ਆਪਣਾ ਸਟਾਈਲ ਬਦਲ ਕੇ ਉਨ੍ਹਾਂ ਦੀ ਨਕਲ ਕਰਨੀ ਸ਼ੁਰੂ ਕਰ ਦਿੰਦੇ ਹਾਂ ਜਿਸ ਕਰਕੇ ਸਾਡੀ ਹਾਕੀ ਨਾ ਘਰ ਦੀ ਰਹੀ ਨਾ ਘਾਟ ਦੀ। ਕ੍ਰਿਕਟ ਵਾਲਿਆਂ ਨੇ ਵੀ ਅਸਟਰੇਲੀਆ ਦੇ ਕੋਚ ਚੈਪਲ ਨੂੰ ਲਿਆ ਜਿਸ ਬਾਰੇ ਹਰ ਰੋਜ ਰੌਲਾ ਰੱਪਾ ਪੈਂਦਾ ਰਿਹਾ ਅਤੇ ਕੁਝ ਹਾਸਲ ਨਾ ਹੋਇਆ ਨਾਲੇ ਵਿਦੇਸ਼ੀ ਕੋਚ ਕਦੋਂ ਚਾਹੁਣਗੇ ਕਿ ਅਸੀਂ ਉਨ੍ਹਾਂ ਤੋਂ ਚੰਗੇ ਬਣੀਏ। ਅਜਿਹਾ ਕਰਨ ਨਾਲ ਅਸੀਂ ਆਪਣੀ ਕਦਰ ਖੋਈ ਹੈ ਅਤੇ ਦੂਸਰਿਆਂ ਨੂੰ ਉੱਚਾ ਚੁਕਿਆ ਹੈ। ਲੋੜ ਹੈ ਆਪਣੇ ਹੀ ਕੋਚਾਂ ਅਤੇ ਖਿਡਾਰੀਆਂ ਨੂੰ ਵੱਡੇ ਇਨਸੈਨਟਿਵ ਦਿੱਤੇ ਜਾਣ ਤਾਂ ਕਿ ਅੱਛੇ ਨਤੀਜੇ ਮਿਲ ਸਕਣ ਬਜਾਏ ਕਿ ਆਏ ਦਿਨ ਖਿਡਾਰੀਆਂ ਵਲੋਂ ਧਰਨੇ ਲਗਾਏ ਜਾਣ।

ਭਾਰਤੀ ਹਾਕੀ ਸੰਘ ਨੂੰ 'ਇੰਡੀਆ ਹਾਕੀ' ਵਿਚ ਤਬਦੀਲ ਕਰਨਾ ਕੋਈ ਵੱਡੀ ਜਿੱਤ ਨਹੀਂ ਕਹਿ ਸਕਦੇ ਕਿਉਂਕਿ ਇਸ ਤਰ੍ਹਾਂ ਖੋਈਆਂ ਕਦਰਾਂ ਨੂੰ ਮੁੜ ਹਾਸਲ ਨਹੀਂ ਕੀਤਾ ਜਾ ਸਕਦਾ। ਛੋਟੀਆਂ ਮੋਟੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਕੇ ਲੰਮੇ ਸਮੇਂ ਦੇ ਨਤੀਜਿਆਂ ਬਾਰੇ ਸੋਚਣਾ ਅਤਿ ਜਰੂਰੀ ਹੈ। ਸਕੂਲਾਂ ਕਾਲਜਾਂ ਵਿਚ ਧੜਾ ਧੜ ਟਰਫਾਂ ਵਿਛਾਈਆਂ ਜਾਣ ਜਿਸ ਲਈ ਸਪਾਂਸਰਾਂ, ਗੌਰਮਿੰਟ ਅਤੇ ਹਾਕੀ ਪਰਮੋਟਰਾਂ ਨੂੰ ਜਾਗਰਤ ਕੀਤਾ ਜਾਵੇ। ਅੱਜ ਦੇ ਅੰਕੜੇ ਦੇਖੀਏ ਤਾਂ ਅਨੇਕਾਂ ਇਹੋ ਜਿਹੇ ਸਕੂਲ ਹਨ ਜਿਹੜੇ ਡੱਬਲ ਸਟੋਰੀ ਇਮਾਰਤ ਵਿਚ ਹੀ ਆਪਣਾ ਪੜ੍ਹਾਈ ਦਾ ਕਾਰਜ ਚਲਾਉਂਦੇ ਹਨ ਅਤੇ ਉਨ੍ਹਾਂ ਵਿਚੋਂ 80% ਇਹੋ ਜਿਹੇ ਹਨ ਜਿਨ੍ਹਾਂ ਪਾਸ ਨਾ ਲੋੜੀਂਦਾ ਖੇਡਾਂ ਦਾ ਸਮਾਨ ਹੈ ਅਤੇ ਨਾ ਹੀ ਗਰਾਉਂਡ। ਕਿਉਂ ਨਾ ਇਕ ਰਾਸ਼ਟਰੀ ਪੱਧਰ 'ਤੇ ਖੇਡ ਅਤੇ ਗਰਾਉਂਡ ਸਬੰਧੀ ਐਸੋਸੀਏਸ਼ਨ ਬਣਾ ਦਿੱਤੀ ਜਾਵੇ ਜਿਸਦੀ ਜ਼ਿੰਮੇਵਾਰੀ ਹਰ ਸਕੂਲ ਵਿਚ ਖੇਡ ਸਮਾਨ ਅਤੇ ਗਰਾਉਂਡ ਉਪਲਬਧ ਕਰਨ ਦੀ ਹੋਵੇ। ਵਿਦੇਸ਼ਾਂ ਵਿਚ ਹਰ ਸਕੂਲ ਵਿਚ ਇਹ ਸਹੂਲਤਾਂ ਆਮ ਹੀ ਮੌਜੂਦ ਹਨ। ਇਹੋ ਵਜਾ ਹੈ ਕਿ ਉਹ ਖੇਡ ਵਿਚ ਆਪਣਾ ਅਤੇ ਦੇਸ਼ ਦਾ ਨਾਂ ਰੋਸ਼ਨ ਕਰਦੇ ਹਨ।

ਹਾਕੀ ਇਕ ਵੱਖਰੀ ਬਾਲ ਗੇਮ ਬਣ ਗਈ ਹੈ ਜਿਸ ਵਿਚ ਡਰਿਬਲਿੰਗ ਜਾਂ ਮੱਧ ਗਰਾਊਂਡੀ ਪ੍ਰਦਰਸ਼ਨੀ ਦੀ ਥਾਂ ਸਕੋਰ ਕਰਨਾ ਬਹੁਤ ਜਰੂਰੀ ਹੋ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਆਪਣੀ ਗੇਮ ਜਾਂ ਸਟਾਈਲ ਨੂੰ ਖਤਮ ਕਰੀਏ ਬਲਕਿ ਇਹੋ ਜਿਹੇ ਦਾਅ ਅਤੇ ਸਿਸਟਮ ਅਪਣਾਈਏ ਜਿਸ ਨਾਲ ਵਿਰੋਧੀ ਅਤੇ ਮਜਬੂਤ ਟੀਮਾਂ ਦਾ ਜਵਾਬ ਦੇ ਸਕੀਏ। ਸੰਸਾਰ ਹਰ ਪੱਖੋਂ ਬਦਲ ਰਿਹਾ ਹੈ, ਅਸੀਂ ਵੀ ਲੋੜੀਂਦੀਆਂ ਤਬਦੀਲੀਆਂ ਅਪਣਾਈਏ ਜਿਵੇਂ ਕਿ ਬਾਹਰਲੇ ਮੁਲਕ ਪਿਛਲੇ 2 ਸਾਲ ਤੋਂ ਵਿਸ਼ਵ ਕੱਪ ਲਈ ਟੀਮਾਂ ਦੀ ਚੁਣੌਤੀ ਕਰਕੇ ਤਿਆਰੀ ਵਿਚ ਜੁਟੇ ਹੋਏ ਹਨ ਅਤੇ ਸਾਡੀ ਟੀਮ ਕੇਵਲ ਦੋ ਹਫਤੇ ਪਹਿਲਾਂ ਹੀ ਦੱਸੀ ਗਈ ਹੈ। ਸਾਡਾ ਉਹ ਹਾਲ ਹੈ, ਬੂਹੇ ਆਈ ਜੰਝ ਵਿੰਨੋ ਕੁੜੀ ਦੇ ਕੰਨ, ਫਿਰ ਨਤੀਜੇ ਵੀ ਟੁੱਟੇ ਫੁੱਟੇ ਹੀ ਮਿਲਣਗੇ। ਦਿੱਲੀ ਵਿਚ ਹੋ ਰਿਹਾ ਵਿਸ਼ਵ ਹਾਕੀ ਟੂਰਨਾਮੈਂਟ ਧਿਆਨ ਚੰਦ ਸਟੇਡੀਅਮ ਵਿਚ ਖੇਡਿਆ ਜਾਵੇਗਾ। ਇਹ ਉਹ ਜਗ੍ਹਾ ਹੈ ਜਿੱਥੇ 1951 ਦੀਆਂ ਪਹਿਲੀਆਂ ਏਸ਼ੀਆਈ ਖੇਡਾਂ ਦਾ ਜਨਮ ਹੋਇਆ ਸੀ ਅਤੇ 1982 ਵਿਚ ਦੂਸਰੀ ਵਾਰ ਹੋਈਆਂ ਸਨ, ਜਿਨ੍ਹਾਂ ਵਿਚ ਫਾਈਨਲ ਵਿਚ ਇੰਡੀਆ 1-7 ਨਾਲ ਪਾਕਿਸਤਾਨ ਤੋਂ ਹਾਰਿਆ ਸੀ। ਇਹ ਦੂਸਰਾ ਮੌਕਾ ਹੈ ਜਦੋਂ ਵਿਸ਼ਵ ਕੱਪ ਭਾਰਤ ਵਿਚ ਖੇਡਿਆ ਜਾਵੇਗਾ। ਇਸਤੋਂ ਪਹਿਲਾਂ 1981-82 ਵਿਚ ਬੰਬਈ ਵਿਚ ਹੋਇਆ ਸੀ ਜਿਥੇ ਅਸੀ ਸੈਮੀਫਾਈਨਲ ਤੱਕ ਵੀ ਨਹੀਂ ਪਹੁੰਚੇ ਸੀ। ਟੂਰਨਾਮੈਂਟ ਦੀ ਸ਼ੁਰੂਆਤ ਇੰਡੀਆ ਅਤੇ ਪਾਕਿਸਤਾਨ ਵਿਚਕਾਰ ਮੈਚ ਤੋਂ ਹੋਵੇਗੀ। ਵੇਖਣਾ ਇਹ ਹੈ ਕਿ ਵਿਸ਼ਵ ਕੱਪ ਦੀ ਡੋਲੀ ਕੌਣ ਲੈ ਕੇ ਜਾਵੇਗਾ।

## ਟਿਊਬਲਾਈਟ ਤੋਂ ਬਣੂੰ ਬਿਜਲੀ

**ਲੰਡਨ:** ਟਿਊਬ ਲਾਇਟ ਦੇ ਜਲਣ ਨਾਲ ਖਰਚ ਹੋ ਰਹੀ ਬਿਜਲੀ ਜੇਕਰ ਤੁਹਾਨੂੰ ਵਾਪਸ ਮਿਲ ਜਾਵੇ ਤਾਂ ਕਿੰਨਾ ਚੰਗਾ ਹੋਵੇ।

ਸੋਲਾਰੋਡ ਟੈਕਨੋਲਾਜੀਸ ਗਰੁਪ ਨੇ ਕਿਊਬ ਟਿਊਬ ਨਾਮ ਦਾ ਉਪਕਰਣ ਬਣਾਇਆ ਹੈ, ਜੋ ਟਿਊਬ ਲਾਇਟਸ ਦੀ ਫਲੋਰੇਸੇਂਟ ਰੋਸ਼ਨੀ ਨਾਲ ਬਿਜਲੀ ਬਣਾ ਸਕਦਾ ਹੈ। ਇਸਨੂੰ ਤੁਸੀਂ ਦੀਵਾਰ, ਡੇਸਕਟਾਪ ਜਾਂ ਖਿੜਕੀ ਦੇ ਉਪਰ ਲਗਾ ਸਕਦੇ ਹੋ। ਬੇਲਨਾਕਾਰ ਹੋਣ ਦੇ ਕਾਰਣ ਇਹ ਸਾਰਿਆਂ ਕੋਨਿਆਂ ਤੋਂ ਰੋਸ਼ਨੀ ਦੀਆਂ ਕਿਰਣਾਂ ਨੂੰ ਇਕੱਠਾ ਕਰ ਕੇ ਜਲਦੀ ਬਿਜਲੀ ਵਿਚ ਬਦਲ ਦੇਂਦਾ ਹੈ। ਕਿਊ ਟਿਊਬ ਨੂੰ ਤੁਸੀਂ ਘਰ ਦੇ ਮੇਨ ਪਾਵਰ ਪਵਾਇੰਟ ਨਾਲ ਜੋੜਕੇ ਬਿਜਲੀ ਪ੍ਰਾਪਤ ਕਰ ਸਕਦੇ ਹੋ। ਇਹ ਉਪਕਰਣ 2011 ਵਿਚ ਬਾਜਾਰ ਵਿਚ ਆਵੇਗਾ।


**SUPER TRAVEL**

**847-676-9090**

*E-mail: supertravel2003@yahoo.com*

*Lowest Fares With Excellent Service*

*AMERICAN AIR,* *JET AIRWAYS DELTA, AIR INDIA,*



*For Emergency Call anytime at*

India $545

*EARLY BIRD SALE!!!!*

**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

**DHMS, Hons, BAMS, MDEH, 30 Years experience**

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ


**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

***ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੂਰੂ***

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

*ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ*



**RAM Commercial Insurance**

**High Five Plaza #204**

**19625 Harlan Rd Lathrop CA 95330**

**Exactly on I-5 and Luise Exit Opposite to Dennis Restaurant**

**Global Multi Services**

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*


Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਬਜਟ 'ਚ ਸਰਕਾਰਾਂ ਪਾਰਟੀ ਹਿਤ ਨਹੀਂ, ਲੋਕ ਹਿਤ ਅੱਗੇ ਰੱਖਣ

**ਪ੍ਰਕਾਸ਼ ਬਿਆਣੀ**



ਵੱਡੇ ਲੋਕਾਂ ਤੋਂ ਵੱਡੀ ਸਫਲਤਾ ਅਕਸਰ ਵੱਡੀ ਭੁੱਲ ਕਰਵਾ ਦਿੰਦੀ ਹੈ। 50 ਦੇ ਦਹਾਕੇ ਵਿਚ ਪੰਡਿਤ ਨਹਿਰੂ ਜਨਤਕ ਜੀਵਨ ਦੇ ਸਿਖਰ 'ਤੇ ਸਨ। ਪਹਿਲੀ 5 ਸਾਲਾ ਯੋਜਨਾ ਤੋਂ ਬਾਅਦ ਵਿਕਾਸਸ਼ੀਲ ਦੇਸ਼ਾਂ ਵਿਚ ਭਾਰਤ ਸਭ ਤੋਂ ਅੱਵਲ ਸੀ। ਪੰਡਿਤ ਨਹਿਰੂ ਨੇ ਏਕਲਾ ਚਲੋ ਦੀ ਨੀਤੀ ਅਪਨਾਈ। ਉਨ੍ਹਾਂ ਦਾ ਕਹਿਣਾ ਸੀ, "ਅਸੀਂ ਆਪਣਾ ਰਾਹ ਖ਼ੁਦ ਬਣਾਵਾਂਗੇ, ਸਾਨੂੰ ਸਹਿ-ਯਾਤਰੀ ਨਹੀਂ ਚਾਹੀਦੇ।" ਇਸ ਸੋਚ ਨੇ ਘਰੇਲੂ ਉਦਮੀਆਂ ਤਕ ਨੂੰ ਆਰਥਿਕ ਵਿਵਸਥਾ ਦੀ ਮੁੱਖ ਧਾਰਾ ਤੋਂ ਦੂਰ ਕਰ ਦਿੱਤਾ। ਉਦਯੋਗ ਜਗਤ ਨੇ 'ਮਾਈਂਡਸੈੱਟ' ਬਣਾ ਦਿੱਤਾ ਕਿ ਦੇਸ਼ ਦੇ ਆਰਥਿਕ ਵਿਕਾਸ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ। ਵਿਦੇਸ਼ੀ ਨਿਵੇਸ਼ 'ਤੇ ਪਾਬੰਦੀ ਨੂੰ ਤਾਂ ਭੁੱਲ ਹੀ ਜਾਓ। ਸਥਾਨਕ ਉਦਯੋਗਪਤੀਆਂ ਅਤੇ ਨਿਵੇਸ਼ਕਾਂ 'ਤੇ ਕੰਟਰੋਲ ਨੇ ਆਰਥਿਕ ਵਿਕਾਸ ਦਾ ਸਾਰਾ ਬੋਝ ਸਰਕਾਰੀ ਖੇਤਰ ਦੀਆਂ ਇਕਾਈਆਂ 'ਤੇ ਪਾ ਦਿੱਤਾ।

ਆਜ਼ਾਦ ਭਾਰਤ ਦਾ ਪਹਿਲਾ ਬਜਟ (1947-48) ਪੇਸ਼ ਕਰਦਿਆਂ ਦੇਸ਼ ਦੇ ਪਹਿਲੇ ਵਿੱਤ ਮੰਤਰੀ ਆਰ.ਕੇ. ਸ਼ਨਮੁਖ ਸ਼ੈਟੀ ਨੇ ਕਿਹਾ ਸੀ, "200 ਸਾਲਾਂ ਬਾਅਦ ਦੇਸ਼ ਵਿਚ ਅਜਿਹੀ ਸਰਕਾਰ ਦਾ ਜਨਮ ਹੋਇਆ ਹੈ, ਜੋ ਆਪਣੇ ਲੋਕਾਂ ਪ੍ਰਤੀ ਜੁਆਬਦੇਹ ਹੈ।"

63 ਸਾਲਾਂ 'ਚ 13 ਪ੍ਰਧਾਨ ਮੰਤਰੀ, 24 ਵਿੱਤ ਮੰਤਰੀ ਤੇ 72 ਬਜਟਾਂ ਤੋਂ ਬਾਅਦ ਵੀ ਦੇਸ਼ ਦੇ ਹਰੇਕ ਨਾਗਰਿਕ ਨੂੰ ਰੋਟੀ, ਕੱਪੜਾ, ਮਕਾਨ, ਸਿੱਖਿਆ ਤੇ ਸਿਹਤ ਸਹੂਲਤ ਉਪਲਬਧ ਨਹੀਂ ਹੈ ਕਿਉਂਕਿ 1991 ਤਕ ਅਸੀਂ ਬਜਟ ਨੂੰ 'ਤਰੱਕੀ' ਦਾ ਜ਼ਰੀਆ ਨਹੀਂ ਮੰਨਿਆ। ਯਾਦ ਕਰੋ ਉਹ ਦਿਨ, ਜਦੋਂ ਬਜਟ ਨੇੜੇ ਆਉਂਦਾ ਸੀ ਤਾਂ ਅਸੀਂ ਸਾਰੇ ਡਰਨ ਲੱਗਦੇ ਸੀ ਕਿ ਪਤਾ ਨਹੀਂ ਸਰਕਾਰ ਕਿੰਨਾ ਟੈਕਸ ਵਧਾ ਦੇਵੇਗੀ, ਕਿਹੜੀਆਂ-ਕਿਹੜੀਆਂ ਚੀਜ਼ਾਂ ਮਹਿੰਗੀਆਂ ਕਰ ਦੇਵੇਗੀ ਜਾਂ ਕਿੰਨੀਆਂ ਨਵੀਆਂ ਆਰਥਿਕ ਪਾਬੰਦੀਆਂ ਲਾਗੂ ਕਰ ਦੇਵੇਗੀ? 1991 ਤਕ ਸਾਡੇ ਰਾਜਨੇਤਾ ਤੇ ਅਸੀਂ ਸੋਚਦੇ ਸੀ ਕਿ ਜੋ ਧਨ ਕਮਾਉਂਦਾ ਹੈ, ਉਹ ਟੈਕਸ ਚੋਰ ਹੈ, ਮੁਨਾਫਾਖੋਰ ਹੈ ਤੇ ਗਰੀਬਾਂ ਦਾ ਸ਼ੋਸ਼ਕ ਹੈ। ਇਸ ਸੋਚ ਦਾ ਹੀ ਮਾੜਾ ਸਿੱਟਾ ਹੈ ਕਿ ਭਾਰਤ ਅਮੀਰ ਹੈ ਪਰ ਭਾਰਤੀ ਗਰੀਬ ਰਹਿ ਗਏ। ਸਵਰਗੀ ਧੀਰੂਭਾਈ ਅੰਬਾਨੀ ਦਾ ਕਥਨ ਸਾਡੇ 'ਤੇ ਅੱਖਰ ਅੱਖਰ ਸਹੀ ਸਿੱਧ ਹੋਇਆ ਹੈ, "ਜੋ ਸਮਾਜ, ਜੋ ਦੇਸ਼ ਧਨ ਕਮਾਉਣ ਵਾਲਿਆਂ ਨੂੰ ਨਿੰਦਦਾ ਹੈ, ਉਹ ਗਰੀਬੀ ਵਿਚ ਹੀ ਰਹਿੰਦਾ ਹੈ।"

26 ਫਰਵਰੀ 2010 ਨੂੰ ਪ੍ਰਣਬ ਮੁਖਰਜੀ ਬਜਟ ਪੇਸ਼ ਕਰਨਗੇ। ਕੀ ਉਹ ਦੇਸ਼ ਦੀ ਅਰਥ ਵਿਵਸਥਾ ਨੂੰ ਬਜਟ ਦੇ ਜ਼ਰੀਏ ਲੋਕਲ ਤੋਂ ਗਲੋਬਲ ਬਣਾਉਣ ਦੀ ਦਿਸ਼ਾ ਵਿਚ ਅੱਗੇ ਵਧਣਗੇ? ਇਸ ਸਵਾਲ ਦਾ ਜਵਾਬ ਜਾਨਣ ਤੋਂ ਪਹਿਲਾਂ ਭਾਰਤੀ ਬਜਟ ਦੀ ਪ੍ਰੰਪਰਾ ਅਤੇ ਇਸ ਦੇ ਚੰਗੇ-ਮਾੜੇ ਸਿੱਟਿਆਂ ਬਾਰੇ ਜਾਣੀਏ।

ਪੰਡਿਤ ਜਵਾਹਰ ਲਾਲ ਨਹਿਰੂ (1947 ਤੋਂ 1964) ਦੇ ਯੁੱਗ ਨੂੰ ਦੇਖੀਏ। ਉਨ੍ਹਾਂ ਦੇ ਪ੍ਰਧਾਨ ਮੰਤਰੀ ਹੁੰਦਿਆਂ ਆਰ.ਕੇ. ਸ਼ਨਮੁਖ ਸ਼ੈਟੀ (1947-48), ਜਾਨ ਮਥਾਈ (1949-51), ਸੀ. ਡੀ. ਦੇਸ਼ਮੁਖ (1951-57), ਟੀ. ਟੀ. ਕ੍ਰਿਸ਼ਨਮਾਚਾਰੀ (1957-58), ਪੰਡਿਤ ਜਵਾਹਰ ਲਾਲ ਨਹਿਰੂ (1958-59), ਮੁਰਾਰਜੀ ਦੇਸਾਈ (1959-64) ਅਤੇ ਟੀ. ਟੀ. ਕ੍ਰਿਸ਼ਨਮਾਚਾਰੀ (1964-66) ਵਿੱਤ ਮੰਤਰੀ ਰਹੇ।

ਵੱਡੇ ਲੋਕਾਂ ਤੋਂ ਵੱਡੀ ਸਫਲਤਾ ਅਕਸਰ ਵੱਡੀ ਭੁੱਲ ਕਰਵਾ ਦਿੰਦੀ ਹੈ। 50 ਦੇ ਦਹਾਕੇ ਵਿਚ ਪੰਡਿਤ ਨਹਿਰੂ ਜਨਤਕ ਜੀਵਨ ਦੇ ਸਿਖਰ 'ਤੇ ਸਨ। ਪਹਿਲੀ 5 ਸਾਲਾ ਯੋਜਨਾ ਤੋਂ ਬਾਅਦ ਵਿਕਾਸਸ਼ੀਲ ਦੇਸ਼ਾਂ ਵਿਚ ਭਾਰਤ ਸਭ ਤੋਂ ਅੱਵਲ ਸੀ। ਪੰਡਿਤ ਨਹਿਰੂ ਨੇ ਏਕਲਾ ਚਲੋ ਦੀ ਨੀਤੀ ਅਪਨਾਈ। ਉਨ੍ਹਾਂ ਦਾ ਕਹਿਣਾ ਸੀ, "ਅਸੀਂ ਆਪਣਾ ਰਾਹ ਖ਼ੁਦ ਬਣਾਵਾਂਗੇ, ਸਾਨੂੰ ਸਹਿ-ਯਾਤਰੀ ਨਹੀਂ ਚਾਹੀਦੇ।" ਇਸ ਸੋਚ ਨੇ ਘਰੇਲੂ ਉਦਮੀਆਂ ਤਕ ਨੂੰ ਆਰਥਿਕ ਵਿਵਸਥਾ ਦੀ ਮੁੱਖ ਧਾਰਾ ਤੋਂ ਦੂਰ ਕਰ ਦਿੱਤਾ। ਉਦਯੋਗ ਜਗਤ ਨੇ 'ਮਾਈਂਡਸੈੱਟ' ਬਣਾ ਦਿੱਤਾ ਕਿ ਦੇਸ਼ ਦੇ ਆਰਥਿਕ ਵਿਕਾਸ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ। ਵਿਦੇਸ਼ੀ ਨਿਵੇਸ਼ 'ਤੇ ਪਾਬੰਦੀ ਨੂੰ ਤਾਂ ਭੁੱਲ ਹੀ ਜਾਓ। ਸਥਾਨਕ ਉਦਯੋਗਪਤੀਆਂ ਅਤੇ ਨਿਵੇਸ਼ਕਾਂ 'ਤੇ ਕੰਟਰੋਲ ਨੇ ਆਰਥਿਕ ਵਿਕਾਸ ਦਾ ਸਾਰਾ ਬੋਝ ਸਰਕਾਰੀ ਖੇਤਰ ਦੀਆਂ ਇਕਾਈਆਂ 'ਤੇ ਪਾ ਦਿੱਤਾ। ਉਨ੍ਹਾਂ ਨੂੰ ਸਾਰੇ ਸਾਧਨ ਤਾਂ ਮੁਹੱਈਆ ਸਨ ਪਰ ਕਿਸੇ ਨਾਲ ਮੁਕਾਬਲੇਬਾਜ਼ੀ ਨਾ ਹੋਣ ਕਰਕੇ ਸਰਕਾਰੀ ਖੇਤਰ ਦੀਆਂ ਇਕਾਈਆਂ ਰਾਜਨੇਤਾਵਾਂ ਤੇ ਅਫਸਰਸ਼ਾਹੀ ਲਈ ਸੋਨੇ ਦੀ ਖਾਨ ਤੇ ਮਜ਼ਦੂਰਾਂ ਲਈ ਸੈਰਗਾਹ ਬਣ ਗਈਆਂ। ਇਨ੍ਹਾਂ 'ਚ ਮੁਲਾਜ਼ਮਾਂ ਤੇ ਮਜ਼ਦੂਰਾਂ ਦੀ ਗਿਣਤੀ ਤਾਂ ਵਧਦੀ ਗਈ ਪਰ ਉਤਪਾਦਕਤਾ ਘਟਦੀ ਗਈ।

ਪੰਡਿਤ ਨਹਿਰੂ ਦੀ ਮੂਲ ਸੋਚ ਇਹ ਸੀ ਕਿ ਸਰਕਾਰੀ ਮਸ਼ੀਨਰੀ ਸੀਮਤ ਕੰਟਰੋਲ ਨਾਲ ਉਦਮਸ਼ੀਲਤਾ ਦੀ ਪ੍ਰੇਰਕ ਬਣੇ ਪਰ ਅਜਿਹਾ ਨਹੀਂ ਹੋਇਆ ਤੇ ਇਹ ਪ੍ਰਣਾਲੀ ਕੰਟਰੋਲ ਵਿਚ ਬਦਲ ਗਈ ਸੀ, ਜੋ ਕਈ ਦਹਾਕਿਆਂ ਤਕ ਇੰਜ ਹੀ ਚੱਲਦੀ ਗਈ। ਇਸ ਦਾ ਮਾੜਾ ਸਿੱਟਾ ਇਹ ਨਿਕਲਿਆ ਕਿ ਦੇਸ਼ ਨੂੰ ਨਾ ਤਾਂ ਸਮਾਜਵਾਦੀ ਅਰਥਚਾਰੇ ਦੇ ਲਾਭ ਮਿਲੇ ਤੇ ਨਾ ਹੀ ਓਪਨ ਮਾਰਕਿਟ ਸਿਸਟਮ ਦੇ ਲਾਭ। ਦੇਸ਼ ਨੇ 50 ਦੇ ਦਹਾਕੇ ਵਿਚ ਉਹ ਮੌਕਾ ਗੁਆ ਲਿਆ, ਜੋ ਦੇਸ਼ ਨੂੰ ਆਰਥਿਕ ਵਿਕਾਸ ਦੀ ਮੰਜ਼ਿਲ 'ਤੇ ਤੇਜ਼ੀ ਨਾਲ ਪਹੁੰਚਾ ਦਿੰਦਾ।

ਲਾਲ ਬਹਾਦੁਰ ਸ਼ਾਸਤਰੀ (1964-66) ਦੇ ਕਾਰਜਕਾਲ ਵਿਚ ਉਨ੍ਹਾਂ ਦੇ ਵਿੱਤ ਮੰਤਰੀ ਰਹੇ ਸਚਿੰਦਰ ਚੌਧਰੀ (1966-67), ਜੋ ਮੂਲ ਤੌਰ 'ਤੇ ਕਾਰਪੋਰੇਟ ਵਕੀਲ ਸਨ, ਉਨ੍ਹਾਂ ਦੀ ਵਿੱਤੀ ਸੂਝ-ਬੂਝ ਸਾਧਾਰਨ ਸੀ। 1965 ਵਿਚ ਅਮਰੀਕਾ ਨੇ ਭਾਰਤ-ਪਾਕਿ ਦਰਮਿਆਨ ਜੰਗ ਦਾ ਬਹਾਨਾ ਬਣਾ ਕੇ ਪੀ.ਐਲ. 480 ਸਹਾਇਤਾ ਐਗਰੀਮੈਂਟ ਨੂੰ ਜਾਰੀ ਰੱਖਣ ਤੋਂ ਨਾਂਹ ਕਰ ਦਿੱਤੀ। ਹਰੀ ਕ੍ਰਾਂਤੀ ਦੇ ਸਿੱਟੇ ਨਜ਼ਰ ਆਉਣ ਲੱਗ ਪਏ ਸਨ ਪਰ ਦੇਸ਼ ਅਨਾਜ ਦੇ ਮਾਮਲੇ ਵਿਚ ਸਵੈ-ਨਿਰਭਰ ਨਹੀਂ ਹੋਇਆ ਸੀ। ਅਮਰੀਕਾ ਨੇ ਭਾਰਤ 'ਤੇ ਇਹ ਦਬਾਅ ਪਾਉਣਾ ਸ਼ੁਰੂ ਕੀਤਾ ਕਿ ਰੁਪਈਆ 'ਓਵਰ ਵੈਲਿਊ' ਹੈ। ਇਸ ਲਈ ਇਸ ਦਾ ਮੁੱਲ ਘਟਾਓ। ਵਿੱਤ ਮੰਤਰੀ ਵਲੋਂ ਇਸ ਮੰਗ ਨੂੰ ਨਕਾਰਨ ਕਰਕੇ ਕੌਮਾਂਤਰੀ ਮੁਦਰਾ ਫੰਡ ਨੇ ਭਾਰਤ ਦੇ ਵਿਸ਼ੇਸ਼ 'ਡ੍ਰਾਇੰਗ ਰਾਈਟਸ' 'ਤੇ ਰੋਕ ਲਗਾ ਦਿੱਤੀ। ਡਾਲਰ ਦੀ ਕੀਮਤ 4.67 ਤੋਂ ਵਧ ਕੇ ਉਦੋਂ ਸਾਢੇ ਸੱਤ ਰੁਪਏ ਹੋ ਗਈ। ਸਚਿੰਦਰ ਚੌਧਰੀ ਨੇ ਕੈਪੀਟਲ ਮਾਰਕੀਟ ਨੂੰ ਉਤਸ਼ਾਹਿਤ ਕਰਨ ਵਾਲਾ ਬਜਟ ਭਾਸ਼ਣ ਜ਼ਰੂਰ ਦਿੱਤਾ ਪਰ ਦੇਸ਼ ਦੀ ਗੰਭੀਰ ਮਾਲੀ ਹਾਲਤ ਨੂੰ ਸੰਭਾਲਣ ਦੀ ਉਨ੍ਹਾਂ ਕੋਲ ਸੂਝਬੂਝ ਨਹੀਂ ਸੀ।

1966 ਵਿਚ ਕਾਂਗਰਸੀ ਨੇਤਾਵਾਂ ਨੇ ਇੰਦਰਾ ਗਾਂਧੀ ਨੂੰ 'ਗੂੰਗੀ ਗੁੱਡੀ' ਮੰਨ ਕੇ ਪ੍ਰਧਾਨ ਮੰਤਰੀ ਬਣਾਇਆ। ਕੰਮਕਾਰ ਦੇ ਦਬਾਅ ਹੇਠ ਇੰਦਰਾ ਗਾਂਧੀ ਨੇ ਮੁਰਾਰਜੀ ਦੇਸਾਈ ਨੂੰ ਵਿੱਤ ਮੰਤਰੀ ਨਿਯੁਕਤ ਕੀਤਾ। ਉਦੋਂ ਦੇਸ਼ ਦਾ ਦੋ-ਤਿਹਾਈ ਹਿੱਸਾ ਸੋਕੇ ਦੀ ਲਪੇਟ ਵਿਚ ਸੀ। ਅਨਾਜ ਦੀ ਦਰਾਮਦ 'ਤੇ ਭਾਰੀ ਖਰਚ ਕਾਰਨ ਵਿਦੇਸ਼ੀ ਸਿੱਕੇ ਦਾ ਭੰਡਾਰ ਘਟਦਾ ਜਾ ਰਿਹਾ ਸੀ। ਵੀਅਤਨਾਮ ਨੂੰ ਲੈ ਕੇ ਅਮਰੀਕਨ ਨੀਤੀ ਦੀ ਹਮਾਇਤ ਨਾ ਕਰਨ ਕਰਕੇ ਅਮਰੀਕਾ ਭਾਰਤ ਤੋਂ ਨਾਰਾਜ਼ ਸੀ। ਦੋ ਦਹਾਕਿਆਂ ਵਿਚ ਪਹਿਲੀ ਵਾਰ ਅਰਥ ਵਿਵਸਥਾ ਦੀ ਵਾਧਾ ਦਰ ਰੁਕ ਗਈ ਸੀ ਤੇ ਟੈਕਸ ਵਸੂਲੀ 30 ਫੀਸਦੀ ਤਕ ਸਿਮਟ ਕੇ ਰਹਿ ਗਈ ਸੀ। ਮੁਦਰਾ ਸਫਿਤੀ ਦੀ ਦਰ ਵਧਣ ਨਾਲ ਮਹਿੰਗਾਈ ਵੀ ਸਿਰ ਚੁੱਕ ਰਹੀ ਸੀ ਤੇ ਇੰਦਰਾ ਗਾਂਧੀ ਦਾ ਸਾਰਾ ਧਿਆਨ ਆਪਣਾ ਜਨ ਅਧਾਰ ਵਧਾਉਣ ਵਲ ਲੱਗਾ ਹੋਇਆ ਸੀ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਜਨਤਾ ਨੇ ਦੇਸ਼ ਦੀ ਦੁਰਦਸ਼ਾ ਲਈ ਕਾਂਗਰਸ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ ਸੀ। ਆਪਣਾ ਅਕਸ ਸੁਧਾਰਨ ਲਈ ਇੰਦਰਾ ਗਾਂਧੀ ਨੇ ਸ਼ਾਰਟਕੱਟ ਚੁਣਿਆ ਤੇ ਲੋਕ ਲੁਭਾਊ ਨਾਅਰਾ ਦਿੱਤਾ 'ਗਰੀਬੀ ਹਟਾਓ'। ਗਰੀਬੀ ਹਟਾਉਣ ਦੇ ਨਾਂ 'ਤੇ ਪਾਬੰਦੀਆਂ ਦਾ ਦੌਰ ਸ਼ੁਰੂ ਹੋਇਆ। ਰਾਜਨੇਤਾਵਾਂ ਤੇ ਅਫਸਰਾਂ ਦੀ ਪ੍ਰਭੁਸੱਤਾ ਇੰਨੀ ਮਜ਼ਬੂਤ ਹੋ ਗਈ ਕਿ ਦੇਸ਼ ਵਿਚ ਉਦਯੋਗਾਂ ਦੀ ਸਥਾਪਨਾ ਕਰਨਾ ਜਾਂ ਉਦਯੋਗਾਂ ਨੂੰ ਚਲਾਉਣਾ ਬਹੁਤ ਮੁਸ਼ਕਿਲ ਹੋ ਗਿਆ ਸੀ 1969 ਦੇ ਬਜਟ ਤੋਂ ਬਾਅਦ ਇੰਦਰਾ ਗਾਂਧੀ ਨੇ ਬੈਂਕਾਂ ਦਾ ਕੌਮੀਕਰਨ ਕੀਤਾ। 342 ਇੱਕਾ ਸੰਸਦ ਮੈਂਬਰਾਂ ਨਾਲ ਉਹ ਸੱਤਾ ਵਿਚ ਪਰਤੀ ਤੇ ਹਰੀ ਕ੍ਰਾਂਤੀ ਤੇ ਚੰਗੇ ਨਤੀਜੇ ਮਿਲਣ ਲੱਗ ਪਏ। ਅਸੀਂ ਉਦੋਂ ਮਾਡਰਨ ਖੇਤੀ ਨੂੰ ਅਪਨਾ ਲੈਂਦੇ ਤਾਂ ਜ਼ਿਆਦਾਤਰ ਆਬਾਦੀ ਗਰੀਬੀ ਤੋਂ ਆਪਣੇ ਆਪ ਮੁਕਤ ਹੋ ਜਾਂਦੀ। ਆਪਣੇ ਸੁਨਹਿਰੇ ਦੌਰ ਵਿਚ ਇੰਦਰਾ ਗਾਂਧੀ ਸਿਆਸਤ ਤੇ ਅਰਥ ਨੀਤੀ 'ਚ ਦੂਰੀ ਪੈਦਾ ਕਰ ਦਿੰਦੀ ਤਾਂ ਦੇਸ਼ ਅੱਜ ਦੁਨੀਆਂ ਦੀ ਇਕ ਆਰਥਿਕ ਤਾਕਤ ਹੁੰਦਾ।

ਮੁਰਾਰਜੀ ਦੇਸਾਈ, ਚੌਧਰੀ ਚਰਨ ਸਿੰਘ (1977-80) ਦੇ ਪ੍ਰਧਾਨ ਮੰਤਰੀ ਕਾਰਜਕਾਲ ਦੌਰਾਨ ਐਚ. ਐਮ. ਪਟੇਲ (1977-78), ਚਰਨ ਸਿੰਘ (1979-80) ਵਿੱਤ ਮੰਤਰੀ ਰਹੇ। ਦੋ ਸਾਲ 9 ਮਹੀਨੇ ਦੇਸ਼ ਨੂੰ ਦੋ ਗੈਰ-ਕਾਂਗਰਸੀ ਪ੍ਰਧਾਨ ਮੰਤਰੀ ਮਿਲੇ। ਮੁਰਾਰਜੀ ਦੇਸਾਈ ਅਤੇ ਚਰਨ ਸਿੰਘ ਆਪਣੇ ਸਹਿਯੋਗੀਆਂ ਨੂੰ ਨਹੀਂ ਸੰਭਾਲ ਸਕੇ ਤਾਂ ਉਹ ਦੇਸ਼ ਦੀ ਅਰਥ ਵਿਵਸਥਾ ਨੂੰ ਕਿਵੇਂ ਸੰਭਾਲਦੇ? ਜਨਵਰੀ 1980 ਵਿਚ ਇੰਦਰਾ ਗਾਂਧੀ ਦੀ ਸੱਤਾ ਵਿਚ ਵਾਪਸੀ ਹੋਈ ਪਰ ਵਿੱਤੀ ਮਾਮਲਿਆਂ ਵਿਚ ਉਨ੍ਹਾਂ ਦਾ ਰੁਖ ਨਹੀਂ ਬਦਲਿਆ ਸੀ। ਗੈਰ-ਕਾਂਗਰਸੀ ਸਰਕਾਰਾਂ ਨੇ ਉਨ੍ਹਾਂ ਨੂੰ ਖਸਤਾਹਾਲ ਅਰਥ ਵਿਵਸਥਾ ਸੌਂਪੀ ਸੀ। ਭਾਰਤੀ ਬਜਟ ਘਾਟੇ ਨਾਲ ਮੁਦਰਾ ਸਫਿਤੀ ਦੀ ਦਰ 22 ਫੀਸਦੀ ਦੀ ਹੱਦ ਟੱਪ ਗਈ ਸੀ ਤੇ 1979-80 ਦੇ ਦੂਜੇ ਸੰਕਟ ਨੇ ਵਿਦੇਸ਼ੀ ਸਿੱਕੇ ਦਾ ਭੰਡਾਰ ਖਾਲੀ ਕਰ ਦਿੱਤਾ ਸੀ। ਆਰ. ਵੈਂਕਟਰਮਨ ਆਈ. ਐਮ. ਐਫ. ਤੋਂ ਕਰਜ਼ਾ ਲੈਣ ਵਿਚ ਸਫਲ ਹੋਏ ਤੇ ਸੰਯੋਗ ਨਾਲ ਚੰਗੀ ਮਾਨਸੂਨ ਨੇ ਦੇਸ਼ ਦੀ ਜ਼ਿਆਦਾਤਰ ਆਬਾਦੀ ਨੂੰ ਮਾੜੇ ਦਿਨਾਂ ਦਾ ਸਾਹਮਣਾ ਕਰਨ ਤੋਂ ਬਚਾ ਲਿਆ। ਕੌਮਾਂਤਰੀ ਬਾਜ਼ਾਰ ਵਿਚ ਤੇਲ ਦੇ ਭਾਅ ਸਥਿਰ ਹੋ ਗਏ ਸਨ। ਦੁਨੀਆਂ ਦੇ ਬਾਜ਼ਾਰ ਮੰਦੀ ਦੇ ਦੌਰ (1979-82) 'ਚੋਂ ਨਿਕਲ ਰਹੇ ਸਨ।

ਅਮਰੀਕਨ ਰਾਸ਼ਟਰਪਤੀ ਰੋਨਾਲਡ ਰੀਗਨ ਨੇ ਉਦਯੋਗ ਪੱਖੀ ਬਜਟ ਪੇਸ਼ ਕਰਕੇ ਅਮਰੀਕਨ ਦਰਾਮਦ ਵਧਾ ਦਿੱਤੀ ਸੀ। ਇਹ ਇਕ ਅਜਿਹਾ ਮੌਕਾ ਸੀ ਕਿ ਭਾਰਤ ਵੀ ਵਿਸ਼ਵ ਮਾਰਕਿਟ ਵਿਚ ਆਪਣੀ ਲੋੜੀਂਦੀ ਜਗ੍ਹਾ ਬਣਾ ਸਕਦਾ ਸੀ ਪਰ ਬਦਕਿਸਮਤੀ ਨੇ ਦੇਸ਼ ਦਾ ਪਿੱਛਾ ਨਹੀਂ ਛੱਡਿਆ। ਇੰਦਰਾ ਗਾਂਧੀ ਆਪਣੇ ਬੇਟੇ ਸੰਜੇ ਗਾਂਧੀ ਦੀ ਬੇਵਕਤੀ ਮੌਤ ਕਾਰਨ ਉਦਾਸੀ ਵਿਚ ਡੁੱਬ ਗਈ।

1982 ਵਿਚ ਆਪਣੇ ਭਰੋਸੇਮੰਦ ਸਹਿਯੋਗੀ ਪ੍ਰਣਬ ਮੁਖਰਜੀ ਨੂੰ ਉਨ੍ਹਾਂ ਨੇ ਦੇਸ਼ ਦਾ ਵਿੱਤ ਮੰਤਰੀ ਬਣਾਇਆ, ਜਿਨ੍ਹਾਂ ਦਾ ਸਾਰਾ ਧਿਆਨ ਕੁਝ ਨਵਾਂ ਕਰਨ ਦੀ ਬਜਾਏ ਨਹਿਰੂ ਯੁੱਗ ਦੀ ਯੋਜਨਾ ਵੱਲ ਵਿਕਾਸ ਨੀਤੀ 'ਤੇ ਟਿਕਿਆ ਰਿਹਾ। ਇਸ ਦੌਰ 'ਚ ਦੇਸ਼ ਦੀ ਅਰਥ ਵਿਵਸਥਾ ਨੇ ਇਕ ਵਾਰ ਫਿਰ ਕਾਇਆ-ਕਲਪ ਦਾ ਮੌਕਾ ਗੁਆ ਲਿਆ।

ਰਾਜੀਵ ਗਾਂਧੀ (1984-89) ਨੂੰ ਵਿਰਾਸਤ ਵਿਚ ਆਰਥਿਕ ਹਾਲਾਤ ਤਸੱਲੀਬਖ਼ਸ਼ ਮਿਲੇ ਸਨ ਪਰ ਉਨ੍ਹਾਂ ਲਈ ਚੁਣੌਤੀ ਸਿਆਸੀ ਸੀ। ਪੰਜਾਬ ਤੇ ਕਸ਼ਮੀਰ 'ਚ ਲਗਾਤਾਰ ਵਧਦਾ ਅਤਿਵਾਦ ਉਨ੍ਹਾਂ ਦੇ ਸਾਹਮਣੇ ਸੀ ਤੇ ਉਨ੍ਹਾਂ ਦੀਆਂ ਕੁਝ ਨਿੱਜੀ ਕਮਜ਼ੋਰੀਆਂ ਵੀ ਸਨ। ਉਨ੍ਹਾਂ ਕੋਲ ਸਿਆਸੀ ਤਜਰਬਾ ਨਹੀਂ ਸੀ, ਜਿਸ ਕਰਕੇ ਘਾਗ ਕਾਂਗਰਸੀ ਨੇਤਾ ਉਨ੍ਹਾਂ ਦੀ ਮੁੱਠੀ ਵਿਚ ਨਹੀਂ ਸਨ। ਇਸਨੂੰ ਰਾਜੀਵ ਗਾਂਧੀ ਦਾ ਸਿਆਸੀ ਬਚਪਨਾ ਹੀ ਕਹਾਂਗੇ ਕਿ ਉਨ੍ਹਾਂ ਨੇ ਵਿੱਤ ਮੰਤਰਾਲਾ ਵੀ. ਪੀ. ਸਿੰਘ ਵਰਗੇ ਖ਼ਾਹਿਸ਼ੀ ਸਿਆਸਤਦਾਨ ਨੂੰ ਸੌਂਪ ਦਿੱਤਾ, ਜਿਨ੍ਹਾਂ ਦੇ ਸਾਰੇ ਫੈਸਲੇ ਹੜਬੜੀ ਤੇ ਰਹੱਸ ਦਾ ਸ਼ਿਕਾਰ ਹੋਏ। ਇਸ ਦੇ ਉਲਟ ਰਾਜੀਵ ਗਾਂਧੀ ਖੁੱਲ੍ਹੀ ਸੋਚ ਵਾਲੇ ਆਧੁਨਿਕ ਨੌਜਵਾਨ ਸਨ। ਉਨ੍ਹਾਂ ਨੂੰ ਪਤਾ ਸੀ ਕਿ ਦੁਨੀਆ ਦੀ ਕਾਰੋਬਾਰੀ ਸਰਗਰਮੀ ਨਾਲ ਸਾਡਾ ਦੇਸ਼ ਤਾਲਮੇਲ ਬਿਠਾਉਣ ਵਿਚ ਸਫਲ ਨਹੀਂ ਹੋ ਰਿਹਾ।

16 ਮਾਰਚ, 1985 ਨੂੰ ਰਾਜੀਵ ਗਾਂਧੀ ਦੀ ਸਰਕਾਰ ਨੇ ਜੋ ਬਜਟ ਪੇਸ਼ ਕੀਤਾ, ਉਸ ਬਾਰੇ ਉਦੋਂ ਵਿੱਤ ਵਿਸ਼ਲੇਸ਼ਕਾਂ ਨੇ ਕਿਹਾ ਸੀ ਕਿ "ਰਾਜੀਵ ਗਾਂਧੀ ਦੀ ਸਰਕਾਰ ਨੇ ਭਾਰਤੀ ਅਰਥ ਵਿਵਸਥਾ ਨੂੰ 'ਨਿਊ ਇਕਾਨਮੀ ਏਜ' ਵਿਚ ਲਿਜਾਣ ਦੀ ਸ਼ੁਰੂਆਤ ਕੀਤੀ ਹੈ। ਪਹਿਲੀ ਵਾਰ ਕਿਸੇ ਨੇ ਵਿਜ਼ਨਰੀ ਬਜਟ ਪੇਸ਼ ਕੀਤਾ ਹੈ।" ਇਹ ਬਜਟ ਰਾਜੀਵ ਗਾਂਧੀ ਨੇ ਖ਼ੁਦ ਪੇਸ਼ ਕੀਤਾ ਸੀ। ਸਰਕਾਰ ਨੂੰ ਖਾਣ ਵਾਲੇ ਤੇਲ ਤੇ ਖੰਡ ਵਰਗੀਆਂ ਜ਼ਰੂਰੀ ਚੀਜ਼ਾਂ ਦਰਾਮਦ ਕਰਨੀਆਂ ਪਈਆਂ। ਵਿਦੇਸ਼ੀ ਸਿੱਕੇ ਦੇ ਭੰਡਾਰ ਦੀ ਹਾਲਤ ਪਹਿਲਾਂ ਨਾਲੋਂ ਵੀ ਖ਼ਸਤਾ ਸੀ। ਰਾਜੀਵ ਗਾਂਧੀ ਆਪਣੀ ਮਾਂ ਵਾਲੀ ਰਾਹ 'ਤੇ ਚੱਲ ਪਏ ਸਨ, ਭਾਵ ਵੋਟਰਾਂ ਨੂੰ ਖ਼ੁਸ਼ ਕਰੋ ਤੇ ਅਰਥ ਵਿਵਸਥਾ ਨੂੰ ਭੁੱਲ ਜਾਓ।

ਫਿਰ ਉਨ੍ਹਾਂ ਨੂੰ ਨਜ਼ਰ ਆਏ ਗਾਂਧੀ ਪਰਿਵਾਰ ਦੇ ਵਫ਼ਾਦਾਰ ਨਾਰਾਇਣ ਦੱਤ ਤਿਵਾੜੀ, ਜੋ ਸਿੰਧੂਰ ਵਰਗੀ ਛੋਟੀ ਜਿਹੀ ਰਵਾਇਤੀ ਚੀਜ਼ 'ਤੇ ਅਟਕ ਕੇ ਰਹਿ ਗਏ ਤੇ ਉਨ੍ਹਾਂ ਦਾ ਬਜਟ 'ਸਿੰਧੂਰੀ ਬਜਟ' ਦੇ ਨਾਂ ਨਾਲ ਮਸ਼ਹੂਰ ਹੋਇਆ। ਰਾਜੀਵ ਗਾਂਧੀ ਤਜਰਬਾਹੀਣ ਜੋਸ਼ ਦਾ ਸ਼ਿਕਾਰ ਹੋਏ। ਸੰਗੀ-ਸਾਥੀ ਉਨ੍ਹਾਂ ਨੂੰ ਧੋਖਾ ਦੇ ਗਏ। ਤਜਰਬਾ ਹਾਸਿਲ ਕਰਕੇ ਉਹ ਆਪਣੀ ਦੂਜੀ ਪਾਰੀ ਸ਼ੁਰੂ ਕਰਦੇ, ਇਸ ਤੋਂ ਪਹਿਲਾਂ ਹੀ ਕਿਸਮਤ ਉਨ੍ਹਾਂ ਨੂੰ ਧੋਖਾ ਦੇ ਗਈ। 1991 ਤੋਂ 1996 ਤਕ ਪੀ.ਵੀ. ਨਰਸਿਮ੍ਹਾ ਰਾਓ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤੇ ਉਨ੍ਹਾਂ ਦੇ ਕਾਰਜਕਾਲ ਵਿਚ ਡਾ. ਮਨਮੋਹਨ ਸਿੰਘ ਵਿੱਤ ਮੰਤਰੀ ਰਹੇ।

ਡਾ. ਮਨਮੋਹਨ ਸਿੰਘ ਨੂੰ ਨਾਰਥ ਬਲਾਕ ਸੌਂਪਿਆ ਗਿਆ, ਜੋ ਇਕ ਅਧਿਆਪਕ ਤੋਂ ਬਿਊਰੋਕ੍ਰੇਟ ਬਣੇ ਸਨ ਤੇ ਸਰਗਰਮ ਸਿਆਸਤ ਤੋਂ ਦੂਰ ਸਨ। ਪੰਜ ਪ੍ਰਧਾਨ ਮੰਤਰੀਆਂ ਨਾਲ ਕੰਮ ਕਰ ਚੁੱਕੇ ਡਾ. ਮਨਮੋਹਨ ਸਿੰਘ ਨੂੰ ਸਰਕਾਰ ਦੀ ਵਿੱਤੀ ਕਾਰਗੁਜ਼ਾਰੀ ਦਾ ਚੰਗਾ ਖ਼ਾਸਾ ਤਜਰਬਾ ਹੈ। ਨਾਰਥ ਬਲਾਕ ਪਹੁੰਚਦਿਆਂ ਹੀ ਡਾ. ਮਨਮੋਹਨ ਸਿੰਘ ਨੇ ਸਭ ਤੋਂ ਪਹਿਲਾਂ ਦੋ ਪੜਾਵਾਂ ਵਿਚ ਰੁਪਏ ਦੀ ਕੀਮਤ ਘਟਾਈ। ਇਸ ਨਾਲ 24 ਜੁਲਾਈ 1991 ਨੂੰ ਪਹਿਲਾ ਬਜਟ ਪੇਸ਼ ਕਰਨਾ ਸੌਖਾ ਹੋ ਗਿਆ। ਡਾ. ਮਨਮੋਹਨ ਸਿੰਘ ਨੇ ਦਰਾਮਦੀ ਖਰਚ ਤੇ ਸਰਕਾਰੀ ਖਰਚ ਘਟਾਉਣਾ ਸ਼ੁਰੂ ਕੀਤਾ, ਕਸਟਮ ਤੇ ਐਕਸਾਈਜ਼ ਡਿਊਟੀ 'ਚ ਕਟੌਤੀ ਕੀਤੀ ਤੇ ਵਿਦੇਸ਼ੀ ਨਿਵੇਸ਼ਕਾਂ ਨੂੰ ਖੁੱਲ੍ਹਾ ਸੱਦਾ ਭੇਜਿਆ, ਪ੍ਰਤੱਖ ਟੈਕਸਾਂ ਨੂੰ ਦਲੀਲਪੂਰਨ ਬਣਾਇਆ। ਸਾਰੀ ਦੁਨੀਆਂ ਵਿਚ ਇਸ ਨਾਲ ਇਹ ਸੰਦੇਸ਼ ਗਿਆ ਕਿ 'ਸੁਸਤ ਗਣਰਾਜ' (ਭਾਰਤ) ਹੁਣ ਚੁਸਤ-ਦਰੁਸਤ ਹੋਣ ਲੱਗ ਪਿਆ ਹੈ।' ਸਿੱਟੇ ਵਜੋਂ ਪਰਵਾਸੀ ਭਾਰਤੀ ਹਰ ਮਹੀਨੇ ਕਰੋੜਾਂ ਡਾਲਰ ਆਪਣੇ ਵਤਨ ਭੇਜਣ ਲੱਗੇ। ਕੌਮਾਂਤਰੀ ਮੁਦਰਾ ਫੰਡ ਨੇ ਵੀ ਪਾਬੰਦੀਆਂ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ।

ਦੇਸ਼ ਦੇ ਪਹਿਲੇ ਟੈਕਨੋਕ੍ਰੇਟ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ 5 ਬਜਟਾਂ ਵਿਚ ਕਈ ਵਿੱਤੀ ਤਬਦੀਲੀਆਂ ਕੀਤੀਆਂ ਜਿਵੇਂ ਰੁਪਏ ਨੂੰ ਅੰਸ਼ਿਕ ਤੌਰ 'ਤੇ ਤਬਾਦਲਾਯੋਗ ਬਣਾਉਣਾ, ਕਸਟਮ ਡਿਊਟੀ ਡੇਢ ਸੌ ਫੀਸਦੀ ਤੋਂ ਘਟਾ ਕੇ 100 ਫੀਸਦੀ ਕਰਨਾ, ਬੈਂਕ ਦਰ 1 ਫੀਸਦੀ ਘਟਾਉਣਾ ਤੇ ਕਾਰਪੋਰੇਟ ਜਗਤ ਨੂੰ ਪੂੰਜੀ ਬਾਜ਼ਾਰ 'ਚੋਂ ਸਾਧਨ ਜੁਟਾਉਣ ਦੀ ਖੁੱਲ੍ਹ ਦੇਣਾ। ਉਨ੍ਹਾਂ ਨੇ ਹਰੇਕ ਪ੍ਰਣਾਲੀ ਵਿਚ ਸੁਧਾਰਾਂ ਦੀ ਸ਼ੁਰੂਆਤ ਕੀਤੀ।

ਹੁਣ ਡਾ. ਮਨਮੋਹਨ ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਪਹਿਲਾਂ ਪੀ. ਚਿਦੰਬਰਮ ਦੇਸ਼ ਦੇ ਵਿੱਤ ਮੰਤਰੀ ਰਹੇ ਤੇ ਹੁਣ ਪ੍ਰਣਬ ਮੁਖਰਜੀ ਵਿਤ ਮੰਤਰੀ ਹਨ। ਇਸ ਦੌਰ 'ਚ ਇਨ੍ਹਾਂ ਦੀਆਂ ਸਰਕਾਰਾਂ ਤੇ ਇਨ੍ਹਾਂ ਦੇ ਵਿੱਤ ਮੰਤਰੀਆਂ ਨੇ ਦੇਸ਼ ਦੀ ਅਰਥ ਵਿਵਸਥਾ ਨੂੰ ਅੱਗੇ ਵਧਾਉਣ ਵਾਲੇ ਬਜਟ ਪੇਸ਼ ਕੀਤੇ।

ਇਸ ਸਮੇਂ ਦੇਸ਼ ਵਿਚ ਮਹਿੰਗਾਈ ਨੇ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ ਤੇ ਦੇਸ਼ 2020 ਤਕ ਵਿਕਸਿਤ ਅਤੇ ਖ਼ੁਸ਼ਹਾਲ ਰਾਸ਼ਟਰ ਬਣਨ ਦੀ ਤਿਆਰੀ ਕਰ ਚੁੱਕਾ ਹੈ। ਹੁਣ ਦੇਖਣਾ ਇਹ ਹੈ ਕਿ ਮੌਜੂਦਾ ਮਹਿੰਗਾਈ ਤੋਂ ਹੋਰਨਾਂ ਚੁਣੌਤੀਆਂ ਵਿਚ ਪ੍ਰਣਬ ਮੁਖਰਜੀ 26 ਫਰਵਰੀ ਨੂੰ ਪੇਸ਼ ਕੀਤੇ ਜਾਣ ਵਾਲੇ ਬਜਟ ਨੂੰ ਇਸ ਦਿਸ਼ਾ ਵਿਚ ਕਿੰਨਾ ਪ੍ਰੇਰਕ ਬਣਾਉਂਦੇ ਹਨ?

## ਅੰਡੇਮਾਨ ਦੀਪ ਸਮੂਹ 'ਤੇ ਪ੍ਰਾਚੀਨ ਭਾਸ਼ਾ ਦੀ ਮੌਤ ਹੋਈ

**ਪੋਰਟ ਬਲੇਅਰ:** ਇਸ ਦੀਪ ਸਮੂਹ 'ਤੇ ਮੌਜੂਦ ਪ੍ਰਾਚੀਨ ਭਾਸ਼ਾ 'ਬੋ' ਦੀ ਉਸ ਵਕਤ ਮੌਤ ਹੋ ਗਈ ਸੀ ਜਦੋਂ ਇਹ ਭਾਸ਼ਾ ਬੋਲਣ ਵਾਲੀ ਇਕੋ-ਇਕ ਬਿਰਧ ਔਰਤ 'ਬੋਆ' ਦੀ 26 ਜਨਵਰੀ 2010 ਨੂੰ ਮੌਤ ਹੋ ਗਈ, ਜਿਸਦੀ ਉਮਰ ਹੁਣ ਲਗਭਗ 85 ਵਰ੍ਹਿਆਂ ਨੂੰ ਢੁੱਕੀ ਹੋਈ ਸੀ। ਇਸ ਭਾਸ਼ਾ ਨੂੰ ਬੋਲਣ ਵਾਲੇ ਕਬੀਲੇ ਵਿਚੋਂ ਸਿਰਫ ਬੋਆ ਹੀ ਹਾਲਾਂ ਤੱਕ ਜਿਉਂਦੀ ਸੀ ਜਿਸਦੀ ਮੌਤ ਨਾਲ ਇਸ ਭਾਸ਼ਾ ਦੀ ਵੀ ਮੌਤ ਹੋ ਗਈ ਸਮਝੀ ਜਾ ਰਹੀ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਭਾਸ਼ਾ ਵਿਗਿਆਨੀ ਪ੍ਰੋ. ਅਨਵੀਤਾ ਅਬੀ ਅਨੁਸਾਰ 'ਬੋ' ਭਾਸ਼ਾ ਅੰਡੇਮਾਨ ਦੀਆਂ ਦਸ ਮਹਾਨ ਭਾਸ਼ਾਵਾਂ ਵਿਚੋਂ ਇਕ ਸੀ। ਇਸ ਨੂੰ ਬੋਲਣ ਵਾਲੀ ਸਿਰਫ ਇਕੱਲੀ ਬਜ਼ੁਰਗ ਬੋਆ ਹੀ ਬਚੀ ਸੀ। ਜੋ ਹੁਣ ਬੁਢਾਪੇ ਵਿਚ ਇਕਲਾਪਾ ਕੱਟ ਰਹੀ ਸੀ ਤੇ ਉਸ ਨਾਲ ਬੋ ਵਿਚ ਗੱਲਬਾਤ ਕਰਨ ਵਾਲਾ ਹੋਰ ਕੋਈ ਨਹੀਂ ਸੀ। ਭਾਵੇਂ ਬਜ਼ੁਰਗ ਬੋਆ ਅੰਡੇਮਾਨ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਹੋਰਨਾਂ ਨਾਲ ਗੱਲਬਾਤ ਕਰ ਲੈਂਦੀ ਸੀ ਜੋ ਬੋ ਅਤੇ ਜੀਰੂ, ਸਾਰੀ ਅਤੇ ਖੋਰਾ ਦੀਆਂ ਮਿਲਗੋਭਾ ਹਨ। ਉਹ ਬੇਰਲੀ ਹਿੰਦੀ ਵੀ ਬੋਲ ਸਕਦੀ ਸੀ ਜਿਸਨੂੰ ਅੰਡੇਮਾਨ ਹਿੰਦੀ ਆਖਿਆ ਜਾਂਦਾ ਹੈ। ਸ੍ਰੀਮਤੀ ਬੋਆ ਉਸ ਵਕਤ ਇਕ ਪਹਾੜ 'ਤੇ ਚੜ੍ਹ ਕੇ ਬਚ ਗਈ ਸੀ ਜਦ ਇਸ ਟਾਪੂ 'ਤੇ 2004 ਵਿਚ ਸੁਨਾਮੀ ਲਹਿਰਾਂ ਆਈਆਂ ਸਨ।

ਵਰਨਣਯੋਗ ਹੈ ਕਿ ਪ੍ਰੋ. ਅਬੀ 2002 ਤੋਂ ਇਨ੍ਹਾਂ ਲੋਕਾਂ ਵਿਚਕਾਰ ਕੰਮ ਕਰ ਰਹੇ ਹਨ। ਪ੍ਰੋ. ਸਟੀਫਨ ਕੋਰੀ, ਜੋ ਇਕ ਗੈਰ-ਸਰਕਾਰੀ ਸੰਸਥਾ 'ਸਰਵਾਈਵਲ ਇੰਟਰਨੈਸ਼ਨਲ' ਦੇ ਡਾਇਰੈਕਟਰ ਹਨ ਤੇ ਇਹ ਸੰਸਥਾ ਕਬੀਲਾਈ ਖੇਤਰ ਵਿਚ ਕੰਮ ਕਰ ਰਹੀ ਹੈ, ਦਾ ਕਹਿਣਾ ਹੈ ਕਿ ਸ੍ਰੀਮਤੀ ਬੋਆ ਦੀ ਮੌਤ ਨਾਲ 'ਬੋ' ਭਾਸ਼ਾ ਜੋ ਮਨੁੱਖੀ ਸਮਾਜ ਦਾ ਅਨੋਖਾ ਅੰਗ ਸੀ, ਹੁਣ ਇਕ ਯਾਦ ਬਣ ਕੇ ਰਹਿ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀਮਤੀ ਬੋਆ ਦਾ ਘਾਟਾ ਸਾਨੂੰ ਇਹ ਚੇਤਾਵਨੀ ਦਿੰਦਾ ਹੈ ਕਿ ਅਜਿਹਾ ਕੁਝ ਅੰਡੇਮਾਨ ਦੇ ਬਾਕੀ ਕਬੀਲਿਆਂ ਨਾਲ ਨਹੀਂ ਵਾਪਰਨਾ ਚਾਹੀਦਾ। ਬੋਅ ਕਬੀਲੇ ਦੇ ਲੋਕਾਂ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਇਹ ਕਬੀਲਾ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੈ, ਜੋ ਸਭ ਤੋਂ ਪਹਿਲਾਂ ਅਫਰੀਕਾ ਤੋਂ ਦੱਖਣੀ ਏਸ਼ੀਆ ਵਿਚ ਆਉਣੇ ਸ਼ੁਰੂ ਹੋਏ ਸਨ। ਇਹ ਲੋਕ ਅੰਡੇਮਾਨ ਟਾਪੂ 'ਤੇ 65000 ਵਰ੍ਹਿਆਂ ਤੋਂ ਰਹਿੰਦੇ ਆ ਰਹੇ ਹਨ। ਪਰ ਇਸ ਕਬੀਲੇ ਦਾ ਉਸ ਵਕਤ ਖਾਤਮਾ ਹੋਣਾ ਸ਼ੁਰੂ ਹੋ ਗਿਆ ਜਦ 1858 ਵਿਚ ਫਰੰਗੀਆਂ ਨੇ ਅੰਡੇਮਾਨ ਨੂੰ ਆਪਣੀ ਬਸਤੀ ਬਣਾ ਲਿਆ ਤੇ ਇਥੇ ਆਧੁਨਿਕ ਸਭਿਅਤਾ ਦੀ ਸ਼ੁਰੂਆਤ ਕੀਤੀ ਗਈ। ਹੁਣ ਪੋਰਟ ਬਲੇਅਰ ਤੋਂ 98 ਕਿਲੋਮੀਟਰ ਦੂਰ ਸਟਰੇਟ ਨਾਂ ਦੇ ਟਾਪੂ 'ਤੇ ਮਹਾਨ ਅੰਡੇਮਾਨ ਕਬੀਲੇ ਦੇ ਸਿਰਫ 52 ਮੈਂਬਰ, ਦੋ-ਦੋ ਕਿਲੋਮੀਟਰ ਦੇ ਘੇਰੇ ਵਿਚ ਰਹਿੰਦੇ ਸਨ ਜਿਨ੍ਹਾਂ ਵਿਚੋਂ ਕੋਈ ਵੀ 'ਬੋ' ਭਾਸ਼ਾ ਬੋਲਣਾ ਨਹੀਂ ਜਾਣਦਾ। ਐਂਥਰੋਪੋਲੋਜੀਕਲ ਸਰਵੇ ਆਫ ਇੰਡੀਆ ਦੇ ਸੁਪਰਡੈਂਟ ਪੀ. ਬੀ. ਪਦਮਾਨਾਭਨ ਦਾ ਕਹਿਣਾ ਹੈ ਕਿ ਇਹ ਲੋਕ ਅਨੋਖੇ ਹਨ ਕਿਉਂਕਿ ਇਹ ਮਨੁੱਖੀ ਪਰਵਾਸ ਦੇ ਪਹਿਲੇ ਪ੍ਰਤੀਨਿਧ ਹਨ। ਪ੍ਰੋ. ਅਬੀ ਦਾ ਕਹਿਣਾ ਹੈ ਸਰਵੇ ਆਫ ਇੰਡੀਆ ਵਰਗੀ ਸੰਸਥਾ ਦੇ ਕਲਕੱਤਾ ਹੈਡਕੁਆਰਟਰ ਅਤੇ ਪੋਰਟ ਬਲੇਅਰ ਦਫ਼ਤਰ ਵਾਲਿਆਂ ਨੂੰ ਬੋਅ ਲੋਕਾਂ ਦੀ ਹੋਂਦ ਅਤੇ ਨੁਕਸਾਨ ਬਾਰੇ ਕੋਈ ਸੋਝੀ ਹੀ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਬੀਲਿਆਂ ਦੇ ਨੁਕਸਾਨ ਦਾ ਕਾਰਨ ਇਸ ਸੰਸਥਾ ਦੇ ਕੰਮ ਢੰਗ ਹੀ ਹਨ।

# ਟਰੱਕ ਡਰਾਈਵਰਾਂ ਦਾ ਸੰਘਰਸ਼ ਅਤੇ ਪੰਜਾਬੀਆਂ ਦੀ ਭੂਮਿਕਾ

**ਜਸਵੰਤ ਸਿੰਘ ਸ਼ਾਦ**

ਗੱਲ ਓਕਲੈਂਡ (ਕੈਲੀਫੋਰਨੀਆ) ਦੀ ਪੋਰਟ 'ਤੇ ਟਰੱਕ ਡਰਾਈਵਰਾਂ ਦੀ ਚੱਲ ਰਹੀ ਜੱਦੋਜਹਿਦ ਦੀ ਕਰਨ ਲੱਗਾ ਹਾਂ। ਨਵੇਂ ਕਾਨੂੰਨ ਮੁਤਾਬਕ 1 ਜਨਵਰੀ, 2010 ਤੋਂ ਪਿਛੋਂ ਕੋਈ ਵੀ ਟਰੱਕ ਜਿਹੜਾ ਧੂਏਂ (ਪਾਲਿਊਸ਼ਨ) ਦੇ ਨਵੇਂ ਕਾਨੂੰਨ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦਾ, ਪੋਰਟ ਵਿਚ ਦਾਖਲ ਨਹੀਂ ਹੋ ਸਕਦਾ। ਸਾਲ 2007 ਅਤੇ ਇਸ ਤੋਂ ਉਪਰ ਵਾਲੇ ਇੰਜਣ ਨਵੇਂ ਕਾਨੂੰਨ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਸਾਲ 2005 ਤੇ 2006 ਦੇ ਇੰਜਣ 2012 ਤੱਕ ਚੱਲ ਸਕਦੇ ਹਨ। ਸਾਲ 2004 ਵਾਲੇ ਇੰਜਣ ਸਿਰਫ 2011 ਦੇ ਅਖੀਰ ਤੱਕ ਚੱਲਣਗੇ। ਸੰਨ 1994 ਤੋਂ ਲੈ ਕੇ 2003 ਤੱਕ ਦੇ ਸਾਰੇ ਇੰਜਣਾਂ ਨੂੰ ਧੂੰਆਂ ਸਾਫ ਕਰਨ ਵਾਲੇ ਫਿਲਟਰ (ਰੈਟਰੋਫਿਟ) ਲਵਾਉਣੇ ਪੈਣਗੇ। ਸੰਨ 1993 ਤੇ ਇਸ ਤੋਂ ਪਹਿਲਾਂ ਵਾਲੇ ਇੰਜਣ ਇਹ ਫਿਲਟਰ ਲਗਵਾਉਣ ਦੇ ਯੋਗ ਨਹੀਂ ਹਨ।

ਜ਼ਿਕਰਯੋਗ ਹੈ ਕਿ ਓਕਲੈਂਡ ਪੋਰਟ ਉਤੇ ਚੱਲਣ ਵਾਲੇ 80% ਟਰੱਕਾਂ ਨੂੰ ਇਨ੍ਹਾਂ ਫਿਲਟਰਾਂ ਦੀ ਜ਼ਰੂਰਤ ਹੈ। ਇਸ ਫਿਲਟਰ ਦੀ ਕੀਮਤ 11,500 ਡਾਲਰ ਤੋਂ ਲੈ ਕੇ 20,000 ਡਾਲਰ ਤੱਕ ਦੱਸੀ ਜਾਂਦੀ ਹੈ। ਇੰਨੀ ਵੱਡੀ ਰਕਮ ਮਾਲਕਾਂ (ਓਨਰ ਅਪਰੇਟਰਾਂ) ਲਈ ਇਕ ਵੱਡਾ ਖਰਚਾ ਹੈ, ਖਾਸਕਰ ਹੁਣ ਜਦੋਂਕਿ ਟਰਕਿੰਗ ਬਿਜਨਸ ਮੰਦੇ ਦੀ ਮਾਰ ਝੱਲ ਰਿਹਾ ਹੈ। ਪੋਰਟ 'ਤੇ ਚੱਲਣ ਵਾਲੇ 80% ਤੋਂ 90% ਟਰੱਕ ਡਰਾਈਵਰ ਆਪ ਮਾਲਕ ਹਨ। ਡਰਾਈਵਰਾਂ ਦੇ ਮਨਾਂ ਵਿਚ ਇਹ ਸ਼ੱਕ ਵੀ ਘਰ ਕਰੀ ਬੈਠਾ ਹੈ ਕਿ ਵੱਡੀਆਂ ਕੰਪਨੀਆਂ ਛੋਟੀਆਂ ਕੰਪਨੀਆਂ ਨੂੰ ਖਤਮ ਕਰਨ ਲਈ ਅਜਿਹੇ ਕਾਨੂੰਨ ਬਣਵਾਉਣ ਵਿਚ ਸਹਾਈ ਹੋ ਰਹੀਆਂ ਹਨ। ਇਹ ਕਾਨੂੰਨ ਲਾਗੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਡਰਾਈਵਰ ਜਥੇਬੰਦੀਆਂ ਤੇ ਏਅਰ ਰਿਸੋਰਸ ਬੋਰਡ ਤੇ ਓਕਲੈਂਡ ਸਿਟੀ ਵਿਚਾਲੇ ਹੋਈਆਂ ਮੀਟਿੰਗਾਂ ਵਿਚ ਡਰਾਈਵਰਾਂ ਨੇ ਫਿਲਟਰ ਦਾ ਖਰਚਾ ਸਰਕਾਰ ਨੂੰ ਦੇਣ ਲਈ ਮਨਾ ਲਿਆ ਸੀ, ਕਿਉਂਕਿ ਪੁਰਾਣੇ ਟਰੱਕਾਂ 'ਤੇ ਇੰਨਾ ਖਰਚਾ ਕਰਨਾ ਬਹੁਤ ਹੀ ਜੋਖਮ ਭਰਿਆ ਲਗ ਰਿਹਾ ਸੀ। ਕੈਲੀਫੋਰਨੀਆ ਸਟੇਟ ਨੇ ਇਨ੍ਹਾਂ ਫਿਲਟਰਾਂ ਅਤੇ ਟਰੱਕ ਰਿਪਲੇਸਮੈਂਟ ਲਈ ਕੋਈ 22 ਮਿਲੀਅਨ ਡਾਲਰ ਦੇਣਾ ਮੰਨ ਲਿਆ ਸੀ। ਏ. ਆਰ. ਬੀ. ਨੂੰ ਕੋਈ 2000 ਦੇ ਕਰੀਬ ਅਰਜ਼ੀਆਂ ਫਿਲਟਰਾਂ ਅਤੇ ਨਵੇਂ ਟਰੱਕ ਲੈ ਕੇ ਦੇਣ ਲਈ ਪ੍ਰਾਪਤ ਹੋਈਆਂ ਸਨ ਪਰ ਬਦਕਿਸਮਤੀ ਨੂੰ ਕਰੀਬ 1200 ਅਰਜ਼ੀਆਂ ਲਈ ਹੀ ਗਰਾਂਟ ਮਿਲ ਸਕੀ ਅਤੇ ਬਾਕੀ ਇਹ ਕਹਿ ਕੇ ਵਾਪਸ ਮੋੜ ਦਿੱਤੀਆਂ ਗਈਆਂ ਕਿ ਸਾਡੇ ਕੋਲ ਪੈਸਾ ਮੁੱਕ ਗਿਆ ਹੈ। ਇਹ ਵੀ ਕਿਹਾ ਗਿਆ ਕਿ ਇਹ ਪ੍ਰੋਗਰਾਮ ਪਹਿਲਾਂ ਆਓ, ਪਹਿਲਾਂ ਪਾਓ ਦੀ ਨੀਤੀ ਤਹਿਤ ਅਰੰਭਿਆ ਗਿਆ ਸੀ, ਜਦਕਿ ਪਹਿਲਾਂ ਅਜਿਹੀ ਕੋਈ ਸ਼ਰਤ ਕਿਸੇ ਨੇ ਕਦੇ ਨਹੀਂ ਸੁਣੀ। ਗਰਾਂਟ ਤੋਂ ਵਾਂਝੇ ਰਹਿ ਗਏ 800 ਦੇ ਕਰੀਬ ਟਰੱਕ ਅਪਰੇਟਰਾਂ ਨੂੰ ਭਾਰੀ ਨਿਰਾਸ਼ਾ ਹੋਈ। ਕਈਆਂ ਨੇ ਕੰਪਨੀ ਮਾਲਕਾਂ ਦੇ ਦਬਾਅ ਹੇਠ 25-30 ਹਜ਼ਾਰ ਡਾਲਰ ਵਾਲੇ ਟਰੱਕ ਖਰੀਦ ਵੀ ਲਏ ਤਾਂ ਕਿ ਪਹਿਲੀ ਜਨਵਰੀ ਤੋਂ ਕੰਮ 'ਤੇ ਜਾਇਆ ਜਾ ਸਕੇ। ਪਰ ਬਹੁਗਿਣਤੀ ਡਰਾਈਵਰ ਆਪਣੇ ਨਾਲ ਹੋਏ ਇਸ ਧੱਕੇ ਵਿਰੁਧ ਆਵਾਜ਼ ਉਠਾਉਣ ਲਈ ਵਿਚਾਰਾਂ ਕਰਨ ਲੱਗੇ। ਮੈਕਸੀਕਨ ਮੂਲ ਦੇ ਡਰਾਈਵਰਾਂ ਨੇ ਪਹਿਲ ਕਰਦਿਆਂ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਕ ਤਕੜਾ ਜਥੇਬੰਦਕ ਢਾਂਚਾ ਖੜ੍ਹਾ ਕਰ ਲਿਆ। ਫਿਰ ਲਾਸ ਏਂਜਲਸ ਪੋਰਟ 'ਤੇ ਵਿਚਰਦੇ ਡਰਾਈਵਰ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰ ਲਈ। ਇਸ ਜਥੇਬੰਦਕ ਢਾਂਚੇ ਵਿਚ ਮੈਕਸੀਕਨ ਤੇ ਪੰਜਾਬੀ ਮੂਲ ਦੇ ਨੁਮਾਇੰਦੇ ਚੁਣੇ ਗਏ। ਪ੍ਰਧਾਨ ਤੇ ਮੀਤ ਪ੍ਰਧਾਨ ਦੋਵੇਂ ਪੰਜਾਬੀ ਸਨ। ਬਾਕਾਇਦਾ ਓਕਲੈਂਡ ਪੋਰਟ ਟਰੱਕਰ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਵੀ ਐਲਾਮੀਡਾ ਕਾਊਂਟੀ ਵਿਚ ਰਜਿਸਟਰ ਕਰਾਈ ਗਈ। ਮੈਂਬਰਸ਼ਿਪ ਫੀਸ 50 ਡਾਲਰ ਰੱਖੀ ਗਈ। ਸੈਂਕੜੇ ਮੈਂਬਰ ਬਣਾਏ ਗਏ। ਇਸ ਜਥੇਬੰਦੀ ਨੇ ਬੇ-ਏਰੀਆ ਏਅਰ ਕੁਆਲਿਟੀ, ਏਅਰ ਰਿਸੋਰਸ ਬੋਰਡ, ਸਿਟੀ ਆਫ ਓਕਲੈਂਡ ਤੇ ਪੋਰਟ ਦੇ ਉਚ ਅਧਿਕਾਰੀਆਂ ਨਾਲ ਕਈ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਆਪਣੀ ਸਮੱਸਿਆ ਤੋਂ ਜਾਣੂ ਕਰਵਾਇਆ। ਪੋਰਟ ਤੇ ਸਟੇਟ ਉਤੇ ਦਬਾਅ ਬਣਾਉਣ ਲਈ ਇਕ ਰੋਜ਼ਾ ਹੜਤਾਲ ਤੋਂ ਇਲਾਵਾ ਓਕਲੈਂਡ ਤੋਂ ਸੈਕਰਾਮੈਂਟੋ ਤੱਕ ਟਰੱਕ ਰੈਲੀ ਵੀ ਕੱਢੀ ਗਈ। ਜਥੇਬੰਦੀ ਦੇ ਨੁਮਾਇੰਦਿਆਂ ਨੇ ਵੱਖ ਵੱਖ ਮਾਹਿਰਾਂ ਅਤੇ ਵਕੀਲਾਂ ਨਾਲ ਸਲਾਹ ਮਸ਼ਵਰੇ ਕਰਕੇ ਆਖਰ ਸਫਲਤਾ ਹਾਸਲ ਕਰ ਲਈ। ਇਸ ਨੂੰ ਬੇਸ਼ੱਕ ਪੂਰਨ ਸਫਲਤਾ ਨਾ ਵੀ ਕਿਹਾ ਜਾਵੇ ਪਰ ਸਰਕਾਰ ਨੇ ਹਰੇਕ ਟਰੱਕ ਲਈ ਪੰਜ ਹਜ਼ਾਰ ਡਾਲਰ ਦੇਣਾ ਮਨਜ਼ੂਰ ਕਰ ਲਿਆ ਜਦਕਿ ਬਾਕੀ ਦੇ 7-8 ਹਜ਼ਾਰ ਡਾਲਰ ਡਰਾਈਵਰਾਂ ਨੂੰ ਕੋਲੋਂ ਲਾਉਣੇ ਪੈਣਗੇ। ਕੁਲ ਮਿਲਾ ਕੇ ਇਹ ਇਕ ਮਾਣਯੋਗ ਸਫਲਤਾ ਹੈ ਪਰ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਹਾਲੇ ਅਸੀਂ ਹਥਿਆਰ ਨਹੀਂ ਸੁੱਟੇ ਅਤੇ ਬਾਕੀ ਦੇ ਖਰਚੇ ਦੇ ਪੈਸੇ ਵੀ ਜ਼ਰੂਰ ਹਾਸਲ ਕਰਕੇ ਰਹਾਂਗੇ।

ਮੁੱਕਦੀ ਗੱਲ ਇਹ ਹੈ ਕਿ ਜਥੇਬੰਦ ਹੋ ਕੇ ਡਰਾਈਵਰਾਂ ਨੇ ਕੁਝ ਨਾ ਕੁਝ ਰਾਹਤ ਜ਼ਰੂਰ ਲੈ ਲਈ। ਹੁਣ ਆਉਂਦੇ ਹਾਂ ਅਸਲ ਗੱਲ ਭਾਵ ਇਸ ਸਾਰੇ ਘਟਨਾਕ੍ਰਮ ਵਿਚ ਪੰਜਾਬੀ ਭਾਈਚਾਰੇ ਨਾਲ ਸਬੰਧਤ ਡਰਾਈਵਰਾਂ ਦੇ ਰੋਲ ਵੱਲ। ਉਹ ਓਨਰ ਅਪਰੇਟਰ ਜਿਨ੍ਹਾਂ ਨੂੰ ਨਵੰਬਰ ਮਹੀਨੇ ਤੱਕ ਗਰਾਂਟ ਨਾ ਮਿਲਣ ਦਾ ਪਤਾ ਲੱਗ ਚੁੱਕਾ ਸੀ ਤੇ ਉਨ੍ਹਾਂ ਨੇ ਪਹਿਲੀ ਜਨਵਰੀ ਤੋਂ ਕੰਮ ਕਰਨ ਲਈ ਨਾ ਤਾਂ ਨਵੇਂ ਟਰੱਕ ਹੀ ਖਰੀਦੇ ਸਨ ਅਤੇ ਨਾ ਹੀ ਫਿਲਟਰ ਦਾ ਬੰਦੋਬਸਤ ਕੀਤਾ ਸੀ, ਉਨ੍ਹਾਂ ਵਿਚੋਂ 300 ਦੇ ਕਰੀਬ ਪੰਜਾਬੀ ਵੀ ਹਨ ਪਰ ਉਪਰ ਬਿਆਨੀ ਗਈ ਜਦੋਜਹਿਦ ਵਿਚ ਪੰਜਾਬੀਆਂ ਦੀ ਕਾਰਗੁਜ਼ਾਰੀ ਬਿਲਕੁਲ ਨਾਮਾਤਰ ਹੈ ਬਲਕਿ ਨਿਰਾਸ਼ਾਜਨਕ ਹੈ। ਨਵੰਬਰ 2009 ਦੇ ਸ਼ੁਰੂ ਤੋਂ ਲੈ ਕੇ ਜਨਵਰੀ 2010 ਦੇ ਅੰਤ ਤੱਕ ਹਰ ਸਨਿਚਰਵਾਰ ਓਕਲੈਂਡ ਪੋਰਟ 'ਤੇ ਸਵੇਰੇ 11 ਕੁ ਵਜੇ ਮੀਟਿੰਗ ਹੁੰਦੀ ਸੀ ਜਿਸ ਵਿਚ ਇਸ ਜਦੋਜਹਿਦ ਦੇ ਪ੍ਰੋਗਰਾਮਾਂ ਤੇ ਪ੍ਰਾਪਤੀਆਂ ਬਾਰੇ ਖੁੱਲ੍ਹ ਕੇ ਵਿਚਾਰਾਂ ਹੁੰਦੀਆਂ ਸਨ। ਸਭ ਤੋਂ ਵੱਡੀ ਮੀਟਿੰਗ ਵਿਚ ਕੋਈ 450-500 ਮੈਂਬਰ ਸ਼ਾਮਿਲ ਹੋਏ ਪਰ ਪੰਜਾਬੀਆਂ ਦੀ ਗਿਣਤੀ ਕੋਈ 25-30 ਦੇ ਕਰੀਬ ਸੀ। 200 ਜਾਂ 250 ਮੈਂਬਰ ਵਾਲੀਆਂ ਮੀਟਿੰਗਾਂ ਵਿਚ ਪੰਜਾਬੀ



ਡਰਾਈਵਰਾਂ ਦੀ ਗਿਣਤੀ ਉਂਗਲਾਂ 'ਤੇ ਕੀਤੀ ਜਾ ਸਕਦੀ ਸੀ। ਮੀਟਿੰਗਾਂ ਦੀ ਸਾਰੀ ਕਾਰਵਾਈ ਦੀ ਜਾਣਕਾਰੀ ਹੋਣ ਦੇ ਬਾਵਜੂਦ ਪੰਜਾਬੀ ਡਰਾਈਵਰਾਂ ਨੇ ਇਸ ਸੰਘਰਸ਼ ਨਾਲੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਵੱਖ ਰੱਖਿਆ ਪਰ ਹੈਰਾਨੀ ਦੀ ਉਦੋਂ ਕੋਈ ਹੱਦ ਨਾ ਰਹੀ ਜਦੋਂ ਪੰਜ ਹਜ਼ਾਰ ਦੀ ਗਰਾਂਟ ਮਿਲਣ ਦਾ ਐਲਾਨ ਹੋਇਆ ਤਾਂ ਗਰਾਂਟ ਵਾਲੇ ਫਾਰਮ ਭਰਨ ਲਈ ਪਹਿਲੇ ਦਿਨ ਹੀ ਆਏ 200 ਤੋਂ ਵੱਧ ਡਰਾਈਵਰਾਂ ਵਿਚੋਂ ਅੱਧਿਓਂ ਵੱਧ ਪੰਜਾਬੀ ਸਨ ਤੇ ਇਹ ਸਿਲਸਿਲਾ ਮਗਰੋਂ ਵੀ ਚਲਦਾ ਰਿਹਾ। ਸਨਿਚਰਵਾਰ ਛੁੱਟੀ ਵਾਲੇ ਦਿਨ ਵੀ ਸਮਾਂ ਕੱਢ ਕੇ ਨਾ ਆਉਣ ਵਾਲੇ ਪੰਜਾਬੀ ਡਰਾਈਵਰ ਕੰਮਕਾਜ ਵਾਲੇ ਦਿਨ ਵੀ ਕੰਮ ਛੱਡ ਕੇ 4-4 ਘੰਟੇ ਲਾਈਨਾਂ ਵਿਚ ਖੜ੍ਹ ਕੇ ਪੈਸੇ ਲੈਣ ਵਾਲੇ ਫਾਰਮ ਭਰਨ ਲਈ ਧੱਕਾ-ਮੁੱਕੀ ਹੁੰਦੇ ਵੇਖੇ ਗਏ। ਜਿਨ੍ਹਾਂ ਨੇ ਇਕ ਦਿਨ ਵੀ ਸੰਘਰਸ਼ ਦੇ ਬੂਟੇ ਨੂੰ ਆਪਣੀ ਮਦਦ ਦਾ ਪਾਣੀ ਨਹੀਂ ਪਾਇਆ, ਫਲ ਪੱਕੇ ਤੋਂ ਤੋੜਨ ਲਈ ਸਭ ਤੋਂ ਪਹਿਲਾਂ ਪਹੁੰਚੇ। ਉਨ੍ਹਾਂ ਨੂੰ ਵੇਖ ਕੇ ਹੈਰਾਨੀ ਤਾਂ ਹੋਣੀ ਹੀ ਸੀ। 'ਕੱਲੀ ਹੈਰਾਨੀ ਦੀ ਨਹੀਂ ਸਾਡੀ ਜਾਚੇ ਇਹ ਬੇਈਮਾਨੀ ਤੇ ਬੇਸ਼ਰਮੀ ਦੀ ਗੱਲ ਹੈ, ਕਿਉਂਕਿ ਡਰਾਈਵਰਾਂ ਵਲੋਂ ਕੀਤੀ ਗਈ ਇਕ ਦਿਨ ਦੀ ਹੜਤਾਲ ਵਿਚ ਸੈਂਕੜੇ ਡਰਾਈਵਰ ਸ਼ਾਮਿਲ ਸਨ ਜਿਨ੍ਹਾਂ ਵਿਚ ਪੰਜਾਬੀ 7-8 ਤੋਂ ਜ਼ਿਆਦਾ ਨਹੀਂ ਸਨ। ਭਾਵ ਬਾਕੀ ਦੇ ਸਾਰੇ ਹੜਤਾਲੀ ਸਾਥੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਸ਼ਾਮਿਲ ਹੋਣ ਦੀ ਬਜਾਏ ਕੰਮ ਕਰ ਰਹੇ ਸਨ। ਪਰ ਪੈਸੇ ਗਰਾਂਟ ਹੋਣ ਦੀ ਖਬਰ ਸੁਣ ਕੇ ਸਭ ਤੋਂ ਜ਼ਿਆਦਾ ਚਾਅ ਪੰਜਾਬੀਆਂ ਨੂੰ ਚੜ੍ਹਿਆ। ਇਸੇ ਲਈ ਉਹ ਸਭ ਤੋਂ ਮੂਹਰੇ ਲਾਈਨਾਂ ਵਿਚ ਆ ਖੜ੍ਹੇ ਹੋਏ। ਪੈਸੇ ਗਰਾਂਟ ਹੋਣ ਦੀ ਖਬਰ ਦੇਰ ਰਾਤ ਨੂੰ ਆਈ ਸੀ। ਐਕਟਿਵ ਮੈਂਬਰਾਂ ਨੂੰ ਤੀਜੇ ਦਿਨ ਪਤਾ ਲੱਗਾ ਪਰ ਜਿਹੜੇ ਮੈਂਬਰ ਨਹੀਂ ਵੀ ਸਨ ਉਹ ਦੂਜੇ ਦਿਨ ਦਫਤਰ ਖੁਲ੍ਹਦਿਆਂ ਹੀ ਸਭ ਤੋਂ ਅੱਗੇ ਖੜ੍ਹੇ ਸਨ। ਭਾਵ ਉਨ੍ਹਾਂ ਨੂੰ ਆਲੇ-ਦੁਆਲਿਓਂ ਪਤਾ ਲੱਗ ਰਿਹਾ ਸੀ ਕਿ ਮੀਟਿੰਗਾਂ ਵਿਚ ਕੀ ਕੀ ਹੋ ਰਿਹਾ ਹੈ, ਕੀ ਫੈਸਲੇ ਲਏ ਗਏ ਹਨ ਤੇ ਕੀ ਵਿਚਾਰਾਂ ਹੋ ਰਹੀਆਂ ਹਨ ਪਰ ਫਿਰ ਵੀ ਉਨ੍ਹਾਂ ਜਾਣਬੁੱਝ ਕੇ ਇਸ ਸਾਰੇ ਕਾਸੇ ਤੋਂ ਇਕ ਦੂਰੀ ਬਣਾਈ ਰੱਖੀ। ਅਸੀਂ ਇਹ ਨਹੀਂ ਕਰ ਰਹੇ ਕਿ ਉਹ ਲੋਕ ਜਿਨ੍ਹਾਂ ਨੇ ਇਸ ਜੱਦੋਜਹਿਦ ਵਿਚ ਹਿੱਸਾ ਨਹੀਂ ਪਾਇਆ ਉਹ ਗਰਾਂਟ ਨਾ ਲੈਣ। ਇਹ ਉਨ੍ਹਾਂ ਦਾ ਕਾਨੂੰਨੀ ਹੱਕ ਬਣਦਾ ਹੈ (ਇਖਲਾਕੀ ਤੌਰ 'ਤੇ ਉਨ੍ਹਾਂ ਦਾ ਹੱਕ ਨਹੀਂ ਬਣਦਾ) ਪਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਆਪਣੇ ਹੱਕਾਂ ਲਈ ਅੱਗੇ ਹੋ ਕੇ ਲੜਨ ਵਾਲੇ ਤੱਤ ਕੀ ਸਾਡੇ ਵਿਚੋਂ ਖਤਮ ਹੋ ਗਏ ਹਨ? ਜੇਕਰ ਹਿੱਤ ਸਾਂਝੇ ਹਨ ਤਾਂ ਅੱਗੇ ਹੋ ਕੇ ਲੜ ਰਹੇ ਦੂਜੇ ਲੋਕਾਂ ਦਾ ਸਾਥ ਦੇਣਾ ਸਾਡਾ ਫਰਜ਼ ਹੈ। ਜੇਕਰ ਅਸੀਂ ਇਹ ਫਰਜ਼ ਪੂਰਾ ਨਹੀਂ ਕਰ ਰਹੇ ਤਾਂ ਕੀ ਕਿਸੇ ਪ੍ਰਾਪਤੀ ਤੋਂ ਨਿਕਲੇ ਫਲ ਉਤੇ ਸਾਡਾ ਹੱਕ ਹੈ? ਇਸ ਤੋਂ ਵੀ ਦੁਖਦਾਈ ਪਹਿਲੂ ਇਹ ਹੈ ਕਿ ਸੰਘਰਸ਼ ਕਰ ਰਹੇ ਲੋਕਾਂ ਪ੍ਰਤੀ ਨਾਂਹਪੱਖੀ ਵਿਚਾਰ ਆਪਣੇ ਤੌਰ 'ਤੇ ਹੀ ਘੜ ਕੇ ਉਨ੍ਹਾਂ ਦਾ ਪ੍ਰਚਾਰ ਕਰਨਾ ਤੇ ਤਰ੍ਹਾਂ ਤਰ੍ਹਾਂ ਦੀਆਂ ਬੇਸਿਰ ਪੈਰ ਊਜਾਂ ਲਾਉਣੀਆਂ। ਬਹੁਤੇ ਪੰਜਾਬੀ ਡਰਾਈਵਰ ਤਾਂ ਇਹ ਆਮ ਹੀ ਕਹਿੰਦੇ ਸਨ ਕਿ "ਓ ਨਾ ਜੀ ਨਾ, ਇਹ ਤਾਂ ਐਵੇਂ ਟੱਕਰਾਂ ਮਾਰਨ ਡਹੇ ਆ, ਜੇ ਦੇਣੇ ਈ ਹੁੰਦੇ ਪੈਸੇ ਤਾਂ ਅਗਲੇ ਪਹਿਲਾਂ ਨਾ ਦੇ ਦਿੰਦੇ।" ਜਾਂ "ਕੁਛ ਨੀਂ ਮਿਲਣਾ ਭਾ ਜੀ ਇਨ੍ਹਾਂ ਨੂੰ, ਟੈਮ ਖਰਾਬ ਕਰਦੇ ਆ।" ਫਿਰ ਜਦੋਂ 50 ਡਾਲਰ ਮੈਂਬਰਸ਼ਿਪ ਫੀਸ ਦੀ ਗੱਲ ਆਈ ਤਾਂ ਬਹੁਤੇ ਕਹਿਣ ਲੱਗੇ "ਇਹ ਤਾਂ ਇਨ੍ਹਾਂ ਨੇ ਐਵੇਂ ਪੈਸੇ ਇਕੱਠੇ ਕਰਕੇ ਖਾਣ ਦਾ ਢਕਵੰਜ ਬਣਾ ਲਿਆ, ਮਿਲਣਾ ਮੁਲਣਾ ਕੁਛ ਨਹੀਂ।"

ਇੰਨੀ ਨਾਂਹਪੱਖੀ ਸੋਚ ਰੱਖਣ ਵਾਲੇ ਸਾਡੇ ਪੰਜਾਬੀ ਗਰਾਂਟ ਦਾ ਐਲਾਨ ਹੁੰਦਿਆਂ ਹੀ ਸਭ ਤੋਂ ਅੱਗੇ ਜਾ ਖੜ੍ਹੇ ਹੋਏ। ਇਹ ਕਿਹੋ ਜਿਹੀ ਬਿਰਤੀ ਹੈ? ਕੀ ਇਹੋ ਹੀ ਬਿਰਤੀ ਅਸੀਂ ਆਪਣੇ ਸਮਾਜ, ਧਰਮ ਜਾਂ ਰਾਜਨੀਤਕ ਖੇਤਰ ਪ੍ਰਤੀ ਨਹੀਂ ਅਪਨਾਈ ਹੋਈ? ਹਾਰੇ ਹੋਏ ਲੋਕਾਂ ਵਾਂਗ ਇਕ ਹੀ ਗੱਲ ਦਾ ਪੱਲਾ ਫੜ੍ਹ ਕੇ ਤੁਰਨਾ ਕਿ "ਕੁਝ ਨਹੀਂ ਹੋ ਸਕਦਾ ਜੀ, ਕੋਈ ਸੁਧਾਰ ਨਹੀਂ ਹੋ ਸਕਦਾ।" ਇਹ ਬਿਲਕੁਲ ਗਏ ਗੁਜਰੇ ਲੋਕਾਂ ਜਾਂ ਮੁਰਦਾ ਰੂਹਾਂ ਦੀ ਆਵਾਜ਼ ਤਾਂ ਹੋ ਸਕਦੀ ਹੈ ਲੇਕਿਨ ਇਕ ਬਹੁਤ ਹੀ ਵਿਲੱਖਣ ਤੇ ਬਹਾਦਰ ਕੌਮ ਦੇ ਵਾਰਿਸਾਂ ਦੀ ਨਹੀਂ। ਅਸੀਂ ਵਿਰਸੇ ਤੇ ਵਿਰਾਸਤ ਦਾ ਰੌਲਾ ਤਾਂ ਬਹੁਤ ਪਾਉਂਦੇ ਹਾਂ ਪਰ ਵਿਹਾਰਕ ਤੌਰ 'ਤੇ ਸਾਡੀ ਬਿਰਤੀ ਉਪਰ ਬਿਆਨੇ ਸੱਚ ਤੋਂ ਕੋਈ ਬਹੁਤੀ ਵੱਖਰੀ ਨਹੀਂ ਹੈ।

ਮੇਰਾ ਇਕ ਮੈਕਸੀਕਨ ਦੋਸਤ ਜੋ ਇਸ ਸੰਘਰਸ਼ ਵਿਚ ਪੰਜਾਬੀਆਂ ਦੀ ਘਟ ਹਾਜ਼ਰੀ ਬਾਰੇ ਮੈਨੂੰ ਅਕਸਰ ਸਵਾਲ ਕਰਦਾ ਸੀ ਤੇ ਜਿਸ ਨੂੰ ਮੈਂ ਸਿੱਖਾਂ ਦੀ ਬਹਾਦਰੀ ਦੇ ਕਾਰਨਾਮੇ ਸੁਣਾ ਸੁਣਾ ਕੇ ਕਾਇਲ ਕੀਤਾ ਹੋਇਆ ਸੀ, ਕੁਝ ਦਿਨ ਪਹਿਲਾਂ ਪੁੱਛਣ ਲੱਗਾ, "ਕੀ ਸਿੱਖ ਸੱਚੀਮੁੱਚੀਂ ਇੰਨੇ ਬਹਾਦਰ ਤੇ ਦਲੇਰ ਹੁੰਦੇ ਹਨ?" ਮੈਂ ਕਿਹਾ, "ਬਿਲਕੁਲ। ਕੀ ਗੱਲ?" ਕਹਿੰਦਾ, "ਕੁਝ ਨਹੀਂ।" ਸ਼ਾਇਦ ਸੋਚਦਾ ਹੋਵੇਗਾ ਜੋਖਮ ਭਰੇ ਕਾਰਨਾਮੇ ਕਰਕੇ ਬਹਾਦਰੀ ਦੀਆਂ ਮਿਸਾਲਾਂ ਕਾਇਮ ਕਰਨ ਵਾਲੇ ਸਿੱਖਾਂ ਦਾ ਜਾਂ ਤਾਂ ਇਤਿਹਾਸ ਝੂਠਾ ਹੈ ਜਾਂ ਫਿਰ ਇਹ ਉਸ ਕੌਮ ਦੇ ਵਾਰਿਸ ਨਹੀਂ ਹੋਣੇ। ਸਾਡੀ ਅਜੋਕੀ ਮਨੋਦਸ਼ਾ ਬਾਰੇ ਪਾਸ਼ ਦੀਆਂ ਇਨ੍ਹਾਂ ਸਤਰਾਂ ਨਾਲ ਗੱਲ ਮੁਕਾਉਂਦਾ ਹਾਂ:

ਸਭ ਤੋਂ ਖਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਜਾਣਾ
ਸਭ ਤੋਂ ਖਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

# ਅਸੈਂਬਲੀ 'ਚ ਬਿਆਨ ਵੋਟਾਂ ਲਈ ਦਿੱਤੇ ਜਾਂਦੇ ਹਨ ਨਾ ਕਿ ਅਮਲਾਂ ਲਈ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਅੱਜ ਕੱਲ੍ਹ ਪਾਕਿਸਤਾਨ ਦੇ ਮੀਡੀਆ 'ਚ ਲਾਹੌਰ ਅਸੈਂਬਲੀ ਦੀ ਇਕ ਐਮ ਐਲ ਏ ਬੀਬੀ ਸਮੀਨਾ ਖ਼ਾਬਰ ਵਲੋਂ ਹਾਊਸ 'ਚ ਦਿੱਤੇ ਇਕ ਬਿਆਨ ਦੀ ਬੜੀ ਚਰਚਾ ਹੈ। ਗੱਲ ਇਸ ਤਰ੍ਹਾਂ ਹੋਈ ਕਿ ਪਿਛਲੇ ਦਿਨੀਂ ਲਹਿੰਦੇ (ਪਾਕਿਸਤਾਨ) ਪੰਜਾਬ ਦੀ ਅਸੈਂਬਲੀ 'ਚ ਇਕ ਮਸਲਾ ਪੇਸ਼ ਆਇਆ ਕਿ ਇਸ ਸੂਬੇ ਦੀਆਂ 17% ਬਾਲਗ ਖ਼ਾਤੂਨਾਂ (ਔਰਤਾਂ) ਬੇਸਹਾਰਾ ਹਨ। ਜਾਂ ਤਾਂ ਦਾਜ ਜਾਂ ਉਮਰ ਲੰਘ ਜਾਣ ਕਾਰਨ ਉਨ੍ਹਾਂ ਦੇ ਵਿਆਹ ਨਹੀਂ ਹੋ ਰਹੇ ਜਾਂ ਉਨ੍ਹਾਂ ਦੇ ਖਾਵੰਦ ਕਿਸੇ ਤਰ੍ਹਾਂ ਵਫਾਤ ਪਾ ਗਏ ਹਨ। ਇਹ ਵੀ ਦੱਸਿਆ ਗਿਆ ਕਿ ਇਹ ਨਹੀਂ ਕਿ ਸੂਬੇ 'ਚ ਔਰਤਾਂ ਦੀ ਨਿਸਬਤ ਮਰਦਾਂ ਦੀ ਗਿਣਤੀ ਘੱਟ ਹੈ ਸਗੋਂ ਬਾਰੁਜ਼ਗਾਰ ਤੇ ਬਾਸ਼ਊਰ ਮਰਦਾਂ ਨੂੰ ਇਨ੍ਹਾਂ ਔਰਤਾਂ ਨੂੰ ਸਹਾਰਾ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ।

ਇਸ ਚਰਚਾ ਦੌਰਾਨ ਹਾਊਸ ਦੀ ਇਕ ਚਰਚਿਤ ਮੈਂਬਰ ਬੀਬੀ ਸਮੀਨਾ ਖ਼ਾਬਰ ਖੜ੍ਹੀ ਹੋ ਗਈ ਤੇ ਕਿਹਾ, "ਸਾਡੇ ਮੁਹਾਸ਼ਰੇ ਦੀਆਂ ਇਨ੍ਹਾਂ ਖ਼ਾਤੂਨਾਂ ਦੀ ਵੱਡੀ ਮਦਦ ਅਸੀਂ ਖ਼ਾਤੂਨਾਂ ਹੀ ਕਰ ਸਕਦੀਆਂ ਹਾਂ। ਜੇ ਅਸੀਂ ਸਰਦੇ-ਪੁੱਜਦੇ ਘਰਾਂ ਦੀਆਂ ਔਰਤਾਂ ਆਪਣੇ ਖਾਵੰਦਾਂ ਨੂੰ ਇੱਕ ਤੋਂ ਵੱਧ ਸ਼ਾਦੀਆਂ ਕਰਵਾ ਲੈਣ ਦੀ ਇਜਾਜ਼ਤ ਦੇ ਦੇਈਏ ਤਾਂ ਇਨ੍ਹਾਂ ਬੇਸਹਾਰਾ ਖ਼ਾਤੂਨਾਂ ਨੂੰ ਚੰਗੀ ਜ਼ਿੰਦਗੀ ਮਿਲ ਸਕਦੀ ਏ।"

ਆਪਣੇ ਇਸ ਬਿਆਨ ਵਿਚ ਬੀਬੀ ਸਮੀਨਾ ਖ਼ਾਬਰ ਨੇ ਅੱਗੇ ਕਿਹਾ, "ਅੱਜ ਮੈਂ ਹਾਊਸ ਦੇ ਸਾਹਮਣੇ ਆਪਣੇ ਖਾਵੰਦ ਸਾਹਿਬ ਨੂੰ ਇਕ ਨਹੀਂ, ਦੋ ਨਹੀਂ ਸਗੋਂ ਤਿੰਨ ਹੋਰ ਸ਼ਾਦੀਆਂ ਕਰਾਉਣ ਦੀ ਇਜਾਜ਼ਤ ਦਿੰਦੀ ਹਾਂ। ਇਹ ਗੱਲ ਸ਼ਰ੍ਹਾ ਦੇ ਵੀ ਅਨੁਸਾਰ ਹੈ ਤੇ ਮੁਹਾਸ਼ਰੇ ਦੀ ਭਲਾਈ ਲਈ ਵੀ ਚੰਗੀ ਹੈ।" ਬੀਬੀ ਦੇ ਇਸ ਬਿਆਨ 'ਤੇ ਕੁਝ ਮੈਂਬਰਾਂ ਨੇ ਮੇਜ਼ ਵੀ ਥਪਥਪਾਏ ਤੇ ਕੁਝ ਨੇ ਨੁਕਤਾਚੀਨੀ ਵੀ ਕੀਤੀ।



ਜਦੋਂ ਉਪਰੋਕਤ ਬਿਆਨ ਉਥੋਂ ਦੇ ਮੀਡੀਆ ਦੇ ਅੜਿੱਕੇ ਚੜ੍ਹਿਆ ਤਾਂ ਉਨ੍ਹਾਂ ਇਸ ਨੂੰ ਖਬਰਾਂ, ਟਾਕ ਸ਼ੋਆਂ ਅਤੇ ਆਵਾਮੀ ਗੱਲ-ਬਾਤ ਦਾ ਸ਼ਿੰਗਾਰ ਬਣਾ ਦਿੱਤਾ। ਟੀ.ਵੀ. ਵਾਲੇ ਬਾਜ਼ਾਰਾਂ 'ਚ ਕੈਮਰਾ ਚੁੱਕੀ ਫਿਰਦੇ ਹਨ ਤੇ ਬੀਬੀ ਦੇ ਇਸ ਮਸ਼ਵਰੇ ਦਾ ਰੱਦੋ ਅਮਲ ਲੋਕਾਂ ਤੱਕ ਪਹੁੰਚਾ ਰਹੇ ਹਨ। ਕੁਝ ਮਨਚਲੇ ਮਰਦ ਇਸ ਸਲਾਹ ਨੂੰ ਮਸਲੇ ਦਾ ਅਸਲ ਹੱਲ ਕਹਿੰਦੇ ਵਿਖਾਈ ਦਿੰਦੇ ਹਨ। ਕੁਝ ਮਰਦ ਤੇ ਆਮ ਔਰਤਾਂ ਬੀਬੀ ਸਮੀਨਾ ਨੂੰ ਇਹ ਹਦਾਇਤ ਕਰ ਰਹੇ ਵੀ ਵਿਖਾਈ ਦਿੰਦੇ ਹਨ ਕਿ ਮਰਜ਼ ਦੀ ਐਸੀ ਦਵਾ ਦੀ ਵਰਤੋਂ ਆਪਣੇ ਘਰ ਤੱਕ ਹੀ ਮਹਿਦੂਦ ਰੱਖੇ। ਲੋਕਾਈ 'ਚ ਇਹ ਜ਼ਹਿਰ ਨਾ ਵਰਤਾਵੇ। ਖ਼ਬਰਾਂ ਦੇ ਬੁਲਿਟਨਾਂ ਤੇ ਟਾਕ ਸ਼ੋਆਂ 'ਚ ਵੀ ਬੀਬੀ ਦੇ ਬਿਆਨ ਦੀ ਬੜੀ ਚਰਚਾ ਹੈ। ਇਕ ਦੋ ਟਾਕ ਸ਼ੋਆਂ 'ਚ ਤਾਂ ਬੀਬੀ ਸਮੀਨਾ ਨੇ ਖੁਦ ਵੀ ਸ਼ਿਰਕਤ ਕੀਤੀ ਹੈ ਤੇ ਆਪਣੇ ਬਿਆਨ ਦੀ ਡੱਟ ਕੇ ਵਕਾਲਤ ਕੀਤੀ ਹੈ।

ਖਬਰਾਂ ਜਾਂ ਹੋਰ ਸ਼ੋਆਂ 'ਚ ਜਦੋਂ ਇਸ ਬਿਆਨ ਤੇ ਚਰਚਾ ਹੋ ਰਹੀ ਹੁੰਦੀ ਹੈ ਤਾਂ ਬਰੇਕ ਦੌਰਾਨ ਇਕ ਫੋਨ ਨੈਟਵਰਕ ਦੀ ਮਸ਼ਹੂਰੀ ਵੀ ਵਾਰ ਵਾਰ ਵਿਖਾਈ ਜਾਂਦੀ ਹੈ ਜਿਸ ਵਿਚ ਨੌਜਵਾਨ ਜੋੜਾ ਇਕ ਬਿਲਡਿੰਗ ਦੀ ਚੌਥੀ ਮੰਜ਼ਲ 'ਤੇ ਰਹਿ ਰਿਹਾ ਹੈ। ਆਮ ਵਾਂਗ ਪਤਨੀ ਦੀ ਬੇਧਿਆਨੀ ਕਾਰਨ ਰਸੋਈ 'ਚ ਸਾਰਾ ਦੁੱਧ ਉਬਲ ਕੇ ਫਰਸ਼ 'ਤੇ ਬਿਖਰ ਜਾਂਦਾ ਹੈ। ਇਸ ਅਣਗਹਿਲੀ ਤੋਂ ਨਿਜ਼ਾਤ ਪਾਉਣ ਲਈ ਪਤੀ ਪਤਨੀ ਨੂੰ ਧਮਕੀ ਦਿੰਦਾ ਹੈ ਕਿ ਉਹ ਜਲਦੀ ਦੂਸਰੀ ਸ਼ਾਦੀ ਕਰਵਾਏਗਾ। ਗੁੱਸੇ 'ਚ ਆ ਕੇ ਪਤਨੀ ਉਸ ਨੂੰ ਚੁੱਕ ਕੇ ਬਾਰੀ 'ਚੋਂ ਬਾਹਰ ਸੜਕ 'ਤੇ ਵਗਾਹ ਮਾਰਦੀ ਹੈ ਤੇ ਘਰ ਦਾ ਕੂੜਾ ਵੀ ਉਸ ਉਤੇ ਸੁੱਟ ਦਿੰਦੀ ਹੈ। ਪਤੀ ਖੜ੍ਹਾ ਹੋ ਕੇ ਕਹਿੰਦਾ ਹੈ ਕਿ ਨੈਟਵਰਕ ਤਾਂ ਬਦਲਿਆ ਜਾ ਸਕਦਾ ਹੈ ਪਰ ਪਤਨੀ ਨਹੀਂ। ਅਚਾਨਕ ਕੋਲ ਪਹੁੰਚਿਆ ਦੋਸਤ ਕਹਿੰਦਾ ਹੈ ਕਿ ਉਪਰ ਚੜ੍ਹਨ ਤੋਂ ਪਹਿਲਾਂ ਕਪੜੇ ਵੀ ਬਦਲ ਲਈਂ।

ਇਸੇ ਤਰ੍ਹਾਂ ਪਾਕਿਸਤਾਨ ਦੇ ਸਭ ਤੋਂ ਹਰਮਨ ਪਿਆਰੇ ਪ੍ਰੋਗਰਾਮ 'ਹਸਬ-ਏ-ਹਾਲ' 'ਚ ਵੀ ਬੀਬੀ ਦੇ ਇਸ ਬਿਆਨ 'ਤੇ ਚੰਗਾ ਤਬਸਰਾ ਹੋਇਆ ਹੈ। ਇਸ ਪ੍ਰੋਗਰਾਮ ਦੇ ਹਰਦਿਲ ਅਜ਼ੀਜ਼ ਕਿਰਦਾਰ 'ਅਜ਼ੀਜ਼ੀ' ਨੇ ਦਰਸ਼ਕਾਂ ਨੂੰ ਅੰਦਰਲੀ ਗੱਲ ਦੱਸੀ ਹੈ। ਉਸ ਅਨੁਸਾਰ ਅਸੈਂਬਲੀ ਦੀ ਕਾਰਵਈ ਤੋਂ ਬਾਅਦ ਜਦੋਂ ਬੀਬੀ ਸਮੀਨਾ ਖ਼ਾਬਰ ਘਰ ਪਹੁੰਚੀ ਤਾਂ ਮੀਆਂ ਸਾਹਿਬ ਨੂੰ ਚੰਗੀ ਤਰ੍ਹਾਂ ਖਿਜ਼ਾਬ ਲਾ ਕੇ ਤਰੋ-ਤਾਜ਼ਾ ਦਿਸਦਾ ਵੇਖ ਪਹਿਲਾਂ ਤਾਂ ਉਹ ਹੈਰਾਨ ਹੋਈ ਫਿਰ ਜ਼ਰਾ ਗੰਭੀਰ ਹੋ ਕੇ ਪੁੱਛਣ ਲੱਗੀ, "ਮੀਆਂ ਸਾਹਿਬ, ਤੁਸੀਂ ਇਹ ਕੀ ਹਾਲ ਬਣਾ ਰੱਖਿਆ ਏ? ਬੜੇ ਖ਼ੁਸ਼ ਵੀ ਨਜ਼ਰ ਆ ਰਹੇ ਹੋ, ਕੋਈ ਖਾਸ ਵਜ੍ਹਾ ਏ?"

ਮੀਆਂ ਸਾਹਿਬ ਕਹਿਣ ਲੱਗੇ, "ਬੇਗਮ ਸਾਹਿਬਾ, ਅੱਜ ਅਸੈਂਬਲੀ 'ਚ ਤੁਸੀਂ ਜੋ ਬੇਸਹਾਰਾ ਖ਼ਾਤੂਨਾਂ ਨੂੰ ਸਹਾਰਾ ਦੇਣ ਲਈ ਖਾਵੰਦਾਂ ਦੀ ਡਿਊਟੀ ਲਾਈ ਏ ਨਾ ਮੈਂ ਉਸੇ ਲਈ ਤਿਆਰ ਹੋਇਆ ਬੈਠਾ ਹਾਂ। ਮੇਰੀ ਤਾਂ ਮਜ਼ੀਦ ਤੌਰ 'ਤੇ ਭਾਰੀ ਡਿਊਟੀ ਲੱਗੀ ਏ, ਬਕੌਲ ਤੁਹਾਡੇ। ਮੈਨੂੰ ਤੇ ਕੰਮ ਵੇਲੇ ਸਿਰ ਹੀ ਸ਼ੁਰੂ ਕਰਨਾ ਪੈਣਾ ਏ।"

ਵਜ੍ਹਾ ਸੁਣ ਕੇ ਬੀਬੀ ਦਾ ਪਾਰਾ ਅਸਮਾਨੀ ਚੜ੍ਹ ਗਿਆ, "ਅੱਛਾ! ਤੁਸੀਂ ਨਵੇਂ ਨਿਕਾਹਾਂ ਲਈ ਤਿਆਰੀ ਕਰੀ ਬੈਠੇ ਜੇ! ਤੁਹਾਡਾ ਕੱਖ ਨਾ ਰਹੇ, ਅੱਲ੍ਹਾ ਖੈਰ ਕਰੇ। ਮੈਨੂੰ ਇਹ ਦੱਸੋ ਕਿ ਤੁਸੀਂ ਆਪਣੇ ਤੇ ਮੇਰੇ ਸਿਰ 'ਚ ਸਵਾਹ ਪਾਉਣ ਬਾਰੇ ਸੋਚ ਹੀ ਕਿਵੇਂ ਲਿਆ ਏ। ਤੁਹਾਨੂੰ ਸ਼ਰਮ ਨਹੀਂ ਆਈ। ਅਸੈਂਬਲੀ 'ਚ ਬਿਆਨ ਤਾਂ ਵੋਟਾਂ ਬਟੋਰਨ ਤੇ ਮਜ਼ਲੂਮਾਂ ਨੂੰ ਖ਼ੁਸ਼ ਕਰਨ ਲਈ ਦਿੱਤੇ ਜਾਂਦੇ ਨੇ ਭਲਿਆ ਲੋਕਾ, ਅਮਲ ਕਰਨ ਲਈ ਨਹੀਂ। ਮੇਰੀ ਇਕ ਗੱਲ ਸੁਣ ਲਓ ਧਿਆਨ ਨਾਲ, ਜਿੰਨਾ ਚਿਰ ਆਹ ਖਿਜ਼ਾਬ ਨਹੀਂ ਉਤਰਦਾ, ਉਨੇ ਦਿਨ ਘਰੋਂ ਬਾਹਰ ਨਹੀਂ ਜੇ ਨਿਕਲਣਾ ਮਤੇ ਲੋਕੀਂ ਸਮਝ ਲੈਣ ਕਿ ਸਮੀਨਾ ਸੌਕਣਾਂ ਦੀ ਛਹਿਬਰ ਲਾਉਣ ਲੱਗੀ ਏ।"

ਗੱਲ ਸੁਣ ਕੇ ਮੀਆਂ ਸਾਹਿਬ ਅੰਦਰ ਜਾ ਕੇ ਟੀ.ਵੀ. ਵੇਖਣ ਲੱਗ ਪਏ।

ਉਧਰ ਭਾਰਤੀ ਪੰਜਾਬ ਦੇ ਇਕ ਛੜੇ ਨੇ ਬੀਬੀ ਸਮੀਨਾ ਨੂੰ ਸਲਾਹ ਦਿੱਤੀ ਏ ਕਿ ਉਹ ਪਾਕਿਸਤਾਨੀ ਬੀਬੀਆਂ ਭਾਰਤ ਨੂੰ ਦਰਾਮਦ ਕਰਨ ਬਾਰੇ ਕੋਈ ਵਿਉਂਤ ਬਣਾਉਣ ਕਿਉਂਕਿ ਸਾਡੇ ਏਧਰ ਮਰਦ ਬਹੁਤੇ ਨੇ ਤੇ ਤੀਵੀਂਆਂ ਥੋੜ੍ਹੀਆਂ। ਤੁਹਾਡੀਆਂ ਤੀਵੀਂਆਂ ਬਿਲੇ ਲੱਗ ਜਾਣਗੀਆਂ ਤੇ ਸਾਡੇ ਛੜੇ ਵਿਆਹੇ ਜਾਣਗੇ।

# ਲਾਂਬਾ ਜੀ ਲਾਏ ਹੋਏ ਲਾਂਬੂ ਦਾ ਸੇਕ ਤਾਂ ਨਹੀਂ ਲੱਗਿਆ?

## ਪਾਠਕਾਂ ਦੀ ਗੱਲ

**ਅਵਤਾਰ ਸਿੰਘ ਆਦਮਪੁਰੀ**

ਗੁਰੂ ਅੰਗਦ ਦੇਵ ਜੀ ਦੇ ਆਪਣੇ ਸਪੁੱਤਰ ਬਾਬਾ ਦਾਤੂ ਜੀ ਨੇ ਜਦੋਂ ਗੁਰਗੱਦੀ ਸਾਂਭਣ ਦੀ ਲਾਲਚੀ ਬਿਰਤੀ ਹੋਣ ਕਰਕੇ, ਗੁਰਗੱਦੀ ਗੁਰੂ ਅਮਰਦਾਸ ਜੀ ਨੂੰ ਮਿਲਣ 'ਤੇ ਗੁਰੂ ਜੀ ਨੂੰ ਲੱਤ ਮਾਰੀ ਸੀ ਤਾਂ ਗੁਰੂ ਅਮਰਦਾਸ ਹੁਰਾਂ ਅਗੋਂ ਬੜੀ ਨਿਮਰਤਾ ਨਾਲ ਪੁੱਛਿਆ ਸੀ ਕਿ ਤੁਹਾਡਾ ਸਰੀਰ ਕੋਮਲ ਹੈ, ਮੇਰੇ ਹੱਡ ਬੁੱਢੇ ਹਨ, ਤੁਹਾਨੂੰ ਚੋਟ ਤਾਂ ਨਹੀਂ ਆਈ? ਉਹ ਤਾਂ ਗੁਰੂ ਜੀ ਦੀ ਤੇ ਗੁਰੂ ਸਪੁੱਤਰਾਂ ਦੀ ਗੱਲ ਸੀ ਪਰ ਅੱਜ ਅਸੀਂ ਤੁਹਾਨੂੰ ਨਿਮਾਣੇ ਜਿਹੇ ਸਿੱਖ ਦੀ ਹੈਸੀਅਤ ਰੱਖਦੇ ਹੋਏ ਪੁੱਛਦੇ ਹਾਂ ਕਿ ਲਾਂਬਾ ਜੀ, ਇਸ ਲਾਏ ਹੋਏ ਲਾਂਬੂ ਦਾ ਸੇਕ ਤੁਹਾਨੂੰ ਤਾਂ ਨਹੀਂ ਲੱਗਿਆ? ਤੁਹਾਡੇ ਜੱਸ ਪੰਜਾਬੀ ਟੀ.ਵੀ. ਸਟੇਸ਼ਨ ਤੋਂ ਖਬਰਾਂ ਦੇ ਪ੍ਰਸਾਰਣ ਦੇ ਨਾਲ ਨਾਲ ਇਹ ਲਿਖਿਆ ਹੋਇਆ ਵੀ ਆ ਰਿਹਾ ਸੀ ਕਿ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ. ਦਰਸ਼ਨ ਸਿੰਘ ਜੀ ਨੂੰ ਪੰਥ 'ਚੋਂ ਛੇਕ ਦਿੱਤਾ ਗਿਆ ਹੈ ਤੇ ਇਸਦਾ ਪਰਦਾ ਫਾਸ਼ ਸਭ ਤੋਂ ਪਹਿਲਾਂ ਜੱਸ ਪੰਜਾਬੀ ਟੀ.ਵੀ. ਨੇ ਕੀਤਾ ਸੀ, ਭਾਵ ਕਿ ਇਹ ਕਾਰਨਾਮਾ ਸਾਡਾ ਹੈ। ਸ਼ਾਬਾਸ਼ ਤੁਹਾਡੇ, ਤੁਹਾਡੀ ਮਚਾਈ ਹੋਈ ਅੱਗ ਦੀ ਭੇਟ ਤਕਰੀਬਨ ਸਾਰੀ ਕੌਮ ਚੜ ਗਈ ਹੈ। ਹਰੇਕ ਸਿੱਖ ਦੇ ਦਿਲ ਅੰਦਰ ਅੱਗ ਬਲ ਰਹੀ ਹੈ। ਕਿਧਰੇ ਸਭ ਤੋਂ ਸਤਿਕਾਰਯੋਗ ਪਦਵੀਆਂ 'ਤੇ ਬੈਠੇ ਜਥੇਦਾਰਾਂ ਦੇ ਪੁਤਲੇ ਸੜ ਰਹੇ ਹਨ, ਕਿਧਰੇ ਬਾਦਲ ਦੇ ਪੁਤਲੇ ਸੜ ਰਹੇ ਹਨ ਕਿ ਕਿਧਰੇ ਕੌਮ ਦੇ ਵਿਦਵਾਨ ਪ੍ਰੋ. ਦਰਸ਼ਨ ਸਿੰਘ ਦੇ। ਸਾਰਾ ਸਿੱਖ ਜਗਤ ਹੀ ਬਲਦਾ ਨਜ਼ਰ ਆ ਰਿਹਾ ਹੈ। ਤੁਹਾਨੂੰ ਕੀ ਕਹੀਏ? ਕਹਿਣ ਨੂੰ ਤਾਂ ਤੁਸੀਂ ਸਾਡੇ ਸਿੱਖ ਭਰਾ ਹੀ ਹੋ। ਐਪਰ ਜਿਹੜੇ ਆਕਿਆਂ ਨੂੰ ਖੁਸ਼ ਕੀਤਾ ਹੈ ਇਨ੍ਹਾਂ ਤੋਂ ਜਰਾ ਬਚ ਕੇ ਅਤੇ ਸਾਵਧਾਨ ਰਹਿਣਾ। ਇਨ੍ਹਾਂ ਲਹੂ-ਪੀਣੇ, ਮਾਸ-ਖਾਣਿਆਂ ਨੂੰ ਜਿੱਦਣ ਬਾਹਰੋਂ ਕੋਈ ਲੇਲਾ ਨਾ ਖਾਣ ਨੂੰ ਮਿਲਿਆ ਓਦਣ ਫੇਰ ਇਹ ਘਰ ਪਾਲੇ ਹੋਏ ਬੋਕ ਦੀ ਬੱਲੀ ਦਿੰਦੇ ਨੇ।

ਸ. ਗੁਰਚਰਨਜੀਤ ਸਿੰਘ ਲਾਂਬਾ ਜੀ, ਸਾਡਾ ਕੀ ਹੈ ਸਾਨੂੰ ਤਾਂ ਆਦਤ ਹੀ ਪੈ ਗਈ ਹੈ, ਤੱਤੀਆਂ ਤਵੀਆਂ 'ਤੇ ਬੈਠ ਤੱਤੀ ਰੇਤ ਸੀਸ 'ਤੇ ਪੁਆਉਣ ਦੀ, ਉੱਬਲਦੀਆਂ ਦੇਗਾਂ ਵਿਚ ਉਬਾਲੇ ਖਾਣ ਦੀ, ਰੂੰ 'ਚ ਲਪੇਟ ਹੋ ਕੇ ਸੜਨ ਦੀ, ਜੰਡਾਂ ਨਾਲ ਬੰਨ ਕੇ ਸਾੜੇ ਜਾਣ ਦੀ ਗਲਾਂ 'ਚ ਟਾਇਰ ਪਾ ਕੇ ਸਾੜੇ ਜਾਣ ਦੀ ਅਤੇ ਹੋਰ ਕਿੰਨੇ ਕੁ ਜ਼ੁਲਮਾਂ ਦਾ ਸੇਕ ਸਹਿ ਸਹਿ ਕੇ ਇਸ ਅੱਗ ਦੇ ਸੇਕ ਸਹਿਣ ਦੇ ਆਦੀ ਜਿਹੇ ਹੀ ਹੋ ਗਏ ਹਾਂ ਤੇ ਅਸੀਂ ਸੋਚਿਆ ਕਿ ਪੁੱਛ ਹੀ ਲਈਏ ਤੁਹਾਡੇ ਕੋਮਲ ਜਿਹੇ ਸਰੀਰ ਨੂੰ ਕੋਈ ਸੇਕ ਤਾਂ ਨਹੀਂ ਲੱਗਿਆ? ਅਸੀਂ ਜਦੋਂ ਪਹਿਲੀ ਵਾਰ ਤੁਹਾਨੂੰ ਜੱਸ ਪੰਜਾਬੀ ਟੀ.ਵੀ. ਤੋਂ ਸੁਣਿਆ ਸੀ ਤਾਂ ਮਹਿਸੂਸ ਹੋਇਆ ਸੀ ਕਿ ਪੰਥ ਨੂੰ ਇਕ ਚੰਗਾ ਬੁਲਾਰਾ, ਇਤਿਹਾਸ ਦਾ ਖੋਜੀ ਅਤੇ ਸਿੱਖੀ ਵਿਰਸੇ ਦਾ ਜਾਣਕਾਰ ਵਿਦਵਾਨ ਮਿਲਿਆ ਹੈ। ਬੜੀ ਖੁਸ਼ੀ ਸੀ ਕਿ ਤੁਸੀਂ ਸਿੱਖੀ ਖਾਸੇ ਵਿਰਸੇ ਦੀ ਗੱਲ ਚੰਗੇ ਢੰਗ ਨਾਲ ਘਰ ਘਰ ਪਹੁੰਚਾਓਗੇ। ਪਰ ਇਹ ਗੱਲ ਕੁਝ ਸਮਝ 'ਚ ਨਹੀਂ ਆਉਂਦੀ ਕਿ ਤੁਸੀਂ ਆਪਣੇ ਹੀ ਰਿਸ਼ਤੇਦਾਰ ਸਿੱਖ ਭਰਾ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ, ਪੰਥ ਦੇ ਵਿਦਵਾਨ ਜਿਨ੍ਹਾਂ ਦੀ ਦਲੀਲ ਤੋਂ ਸਮੁੱਚਾ ਸਿੱਖ ਜਗਤ ਪ੍ਰਭਾਵਿਤ ਹੈ ਨੂੰ ਹੀ ਕਿਉਂ ਚੁਣਿਆ? ਉਨ੍ਹਾਂ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੁੰਦਿਆਂ ਹੋਇਆ ਵੀ ਜ਼ਿੰਦਗੀ 'ਚ ਹਮੇਸ਼ਾ ਹੀ ਕਿੰਨੇ ਸਵਾਲਾਂ ਨੂੰ ਨਿਰਉੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟਿਕਾਇਆ। ਜਿਸ ਸੀ ਡੀ ਨੂੰ ਲੈ ਕੇ ਇਹ ਲਾਂਬੂ ਲਾਏ ਗਏ ਹਨ ਉਸ ਵਿਚ ਵੀ ਪ੍ਰੋ. ਦਰਸ਼ਨ ਸਿੰਘ ਇਹੀ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਜਿਸ ਅਖੌਤੀ ਦਸਮ ਗ੍ਰੰਥ ਦੇ ਅਖੰਡ ਪਾਠ ਹੋ ਰਹੇ ਹਨ, ਜਿਸ ਗ੍ਰੰਥ ਦਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕੀਤਾ ਜਾ ਰਿਹਾ ਹੈ, ਜਿਸ ਗ੍ਰੰਥ ਦਾ ਕੁਝ ਹਿੱਸਾ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਨਿਰਾਦਰ ਕਰ ਰਿਹਾ ਹੈ, ਕੁਝ ਰਚਨਾਵਾਂ ਦੀ ਸ਼ਬਦਾਵਲੀ ਏਨੀ ਘਟੀਆ ਅਤੇ ਚਰਿਤਰਹੀਣ ਲਿਖਾਰੀਆਂ ਦੀ ਹੈ, ਉਹ ਰਚਨਾ ਗੁਰੂ ਜੀ ਦੀ ਲਿਖਤ ਕਿਉਂ ਮੰਨੀ ਜਾ ਰਹੀ ਹੈ? ਇਸ ਵਿਚੋਂ ਉਦਾਹਰਣ ਦੇ ਤੌਰ 'ਤੇ 402 ਚਰਿੱਤਰ ਦੀ ਵਿਆਖਿਆ ਵੇਕ ਅੱਪ ਖਾਲਸਾ ਡਾਟ ਕੌਮ 'ਤੇ ਜਾ ਕੇ ਸੁਣ ਸਕਦੇ ਹੋ। ਸਾਧ ਸੰਗਤ ਵਿਚ ਕਥਾ ਸੁਣਨੀ ਤਾਂ ਇਕ ਪਾਸੇ, ਪਤੀ ਪਤਨੀ ਵੀ ਇਕੱਠੇ ਬਹਿ ਕੇ ਨਹੀਂ ਸੁਣ ਸਕਦੇ। ਹੱਦ ਹੀ ਹੋ ਗਈ ਹੈ ਸਮਝਣ ਦੀ। ਕੀ ਮੇਰਾ ਗੁਰੂ ਕੋਕ ਸ਼ਾਸਤਰ ਦਾ ਲਿਖਾਰੀ ਸੀ? ਹਿੰਦੁਸਤਾਨ 'ਚ ਬੈਠੇ ਅਖੌਤੀ ਛੜੇ ਬਾਬੇ ਚਾਹੁਣਗੇ ਵੀ ਨਹੀਂ ਕਿ ਇਸ ਗ੍ਰੰਥ ਵਿਚੋਂ ਇਹੋ ਜਿਹੀਆਂ ਲਿਖਤਾਂ ਵੱਖ ਕਰ ਦਿੱਤੀਆਂ ਜਾਣ। ਇਨ੍ਹਾਂ ਦੀ ਕਥਾ ਕਰਕੇ ਹੀ ਤਾਂ ਉਹ ਧੀਆਂ-ਭੈਣਾਂ ਦੀ ਇੱਜ਼ਤ ਲੁੱਟ ਸਕਦੇ ਹਨ।

ਪ੍ਰੋ. ਦਰਸ਼ਨ ਸਿੰਘ ਹੁਰਾਂ ਆਪਣੀ ਗੱਲ 'ਤੇ ਪਹਿਰਾ ਦਿੰਦੇ ਹੋਏ ਇਕ ਸਟੈਂਡ ਲਿਆ ਹੈ ਜਿਸਦੇ ਅਸੀਂ ਹਮਾਇਤੀ ਹਾਂ। ਅਸੀਂ ਪ੍ਰੋ. ਸਾਹਿਬ ਦੇ ਨਾਲ ਖੜੇ ਹਾਂ ਅਤੇ ਖਾਲਸਾ ਪੰਥ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਹਦਾ ਨਬੇੜਾ ਹੁਣ ਕਰ ਹੀ ਲਓ ਜਿਹੜੀ ਬਾਣੀ ਦਸਮ ਗ੍ਰੰਥ ਵਿਚਲੀ ਗੁਰਬਾਣੀ ਦੀ ਕਸੌਟੀ 'ਤੇ ਪੂਰੀ ਨਹੀਂ ਉਤਰਦੀ ਉਹ ਕਿਤਾਬਚਾ ਵੱਖ ਕਰਕੇ ਛਪਵਾ ਦਿੱਤੀ ਜਾਵੇ ਨਿੱਤ ਨਿੱਤ ਦੀ ਲੜਾਈ ਖਤਮ ਕਰ ਲਈਏ।

ਕੁਝ ਵਿਚਾਰ ਮੈਂ ਆਪਣੇ ਪਿਆਰੇ, ਸਚਿਆਰੇ, ਦਯਾਵਾਨ, ਨਿਰਛੱਲ, ਨਿਰੋਲ, ਖਾਲਸ ਬਿਰਤੀ, ਬਾਹਰੋਂ ਭੋਲੇ ਅੰਦਰੋਂ ਸਿਆਣੇ, ਰੱਬੀ ਗੁਣਾਂ ਦੇ ਸ਼ਾਹਕਾਰ, ਧਰਮੀ ਸਿੱਖ ਪੰਥ ਨਾਲ ਕਰਨੇ ਚਾਹੁੰਦਾ ਹਾਂ ਕਿ ਗੁਰਬਾਣੀ ਨੂੰ ਵਿਚਾਰੋ, ਪੜ੍ਹੋ, ਸੁਣੋ ਤੇ ਅਮਲ ਕਰੋ। ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਸਮਝੋ। ਗੁਰਮਤਿ ਵਿਰੋਧੀਆਂ ਦਾ ਅੱਡੀ ਚੋਟੀ ਦਾ ਜ਼ੋਰ ਲੱਗਾ ਹੋਇਆ ਹੈ, ਤੁਹਾਨੂੰ ਖੱਜਲ ਕਰਨ ਲਈ। ਅਣਗਿਣਤ ਡੇਰੇ ਅਤੇ ਅਖੌਤੀ ਬਾਬੇ, ਅਖੌਤੀ ਸੰਤ, ਅਖੌਤੀ ਬ੍ਰਹਮ ਗਿਆਨੀ ਡਿਗਰੀਆਂ ਦੇ ਮਾਲਕ ਏਨੇ ਚਾਤਰ ਦਿਮਾਗ ਹਨ ਕਿ ਤੁਹਾਨੂੰ ਪਤਾ ਵੀ ਨਹੀਂ ਲੱਗਣ ਦਿੰਦੇ ਕਿ ਕਿਵੇਂ ਤੁਹਾਨੂੰ ਗੁਰੂ ਨਾਨਕ ਦੇ ਮਿਸ਼ਨ ਤੋਂ ਦੂਰ ਕਰਕੇ ਗੁਰਬਾਣੀ ਦੀ ਆੜ ਥੱਲੇ ਗਲਤ ਅਰਥ ਕਰਕੇ ਆਪਣੇ ਡੇਰੇ, ਸਕੂਲ ਤੇ ਹਸਪਤਾਲ ਆਦਿ ਬਿਜਨਸ ਦੇ ਰੂਪ 'ਚ ਤੁਹਾਡੇ ਪੈਸੇ ਤੇ ਸਰੀਰਕ ਸੇਵਾਵਾਂ ਨਾਲ ਚਲਾ ਰਹੇ ਹਨ। ਮੈਂ ਪਹਿਲਾਂ ਵੀ ਕਈ ਵਾਰੀ ਕਹਿ ਚੁੱਕਾ ਹਾਂ ਕਿ ਸਾਡਾ ਤਾਂ ਸੰਤ ਸਿਪਾਹੀਆਂ ਦਾ ਨਿਰਾਲਾ ਖਾਲਸਾ ਪੰਥ ਗੁਰੂ ਨੇ ਸਾਜਿਆ ਹੈ ਅਤੇ ਇਕੋ ਇਕ ਹੈ ਸਿੱਖਾਂ ਦਾ ਪੰਥ "ਖਾਲਸਾ ਪੰਥ"। ਇਹਦੇ ਵਿਚ ਕਿਸੇ ਵੱਖਰੇ ਸੰਤ ਸਮਾਜ ਦੀ ਕੋਈ ਲੋੜ ਨਹੀਂ ਹੈ। ਸੰਤ ਸਮਾਜ ਦਾ ਸੰਪੂਰਨ ਤੌਰ 'ਤੇ ਮੁਕੰਮਲ ਬਾਈਕਾਟ ਹੋਣਾ ਚਾਹੀਦਾ ਹੈ। ਇਸੇ ਹੀ ਸੰਤ ਸਮਾਜ 'ਚੋਂ ਹੁਣ ਇਕ ਕਾਲਕਾ ਪੰਥ ਵੀ ਸਾਹਮਣੇ ਆ ਗਿਆ ਹੈ ਜਿਹੜਾ ਆਖ ਰਿਹਾ ਹੈ ਕਿ ਦਸਮ ਗ੍ਰੰਥ ਦੀ ਸਾਰੀ ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਹੈ। ਇਨ੍ਹਾਂ ਸਾਧਾਂ ਦਾ ਮਿਸ਼ਨ ਹੈ ਤੁਹਾਨੂੰ ਗੁਰੂ ਨਾਨਕ ਦੀ ਫਿਲਾਸਫੀ ਨਾਲੋਂ ਤੋੜ ਕੇ ਆਪਣੇ ਨਾਲ ਜੋੜਨਾ।

ਗੱਲ ਕਰੀਏ ਨਾਨਕਸ਼ਾਹੀ ਕੈਲੰਡਰ ਦੀ ਜੋ ਸਿੱਖਾਂ ਦੀ ਵੱਖਰੀ ਪਹਿਚਾਣ ਕਾਇਮ ਕਰਦਾ ਹੈ। ਕੈਲੰਡਰ ਨੂੰ ਸੋਧਾ ਏਸ ਕਰਕੇ ਲਾਇਆ ਕਿ ਸਿੱਖਾਂ ਦੀ ਵੱਖਰੀ ਪਹਿਚਾਣ ਕਿਉਂ ਬਣੇ। ਗੁਰਮਤਿ ਵਿਰੋਧੀਆਂ ਦੇ ਇਹ ਗੱਲ ਕਦੇ ਰਾਸ ਨਹੀਂ ਆਉਂਦੀ। ਹੈਰਾਨੀ ਦੀ ਗੱਲ ਹੈ ਕਿ ਅਮਰੀਕਾ ਤੋਂ ਛਪਦੇ ਟਾਈਮ ਮੈਗਜ਼ੀਨ ਨੇ ਆਪਣੀ ਕਿਤਾਬ Time Almana 2000 (The Millennium collectors edition) ਦੇ ਸਫਾ 425 ਉੱਤੇ ਹਿੰਦੂ ਤਿਉਹਾਰਾਂ ਦੀਆਂ ਤਰੀਕਾਂ ਅਤੇ ਸਿੱਖ ਤਿਉਹਾਰਾਂ ਦੀਆਂ ਤਰੀਕਾਂ ਦਾ ਵੇਰਵਾ ਜੰਤਰੀ 500 ਭਾਵ ਸ. ਪਾਲ ਸਿੰਘ ਪੁਰੇਵਾਲ ਦੀ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਦੇ ਆਧਾਰ 'ਤੇ ਹੀ ਲਿਖਿਆ ਹੈ। ਟਾਈਮ ਮੈਗਜ਼ੀਨ ਨੇ ਇਹ ਵੀ ਲਿਖਿਆ ਹੈ ਕਿ ਇਹ ਕੈਲੰਡਰ ਰਿਫੌਰਮਡ ਭਾਵ ਬਿਕ੍ਰਮੀ ਕੈਲੰਡਰ ਦਾ ਸੋਧਿਆ ਹੋਇਆ ਰੂਪ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਸ ਕਿਤਾਬ ਵਿਚ ਹਿੰਦੂਆਂ ਦੇ ਵੀ ਦਿਨ ਤਿਉਹਾਰ ਨਾਨਕਸ਼ਾਹੀ ਕੈਲੰਡਰ ਦੁਆਰਾ ਹੀ ਲਿਖੇ ਗਏ ਹਨ। ਤੇ ਦੂਜੇ ਪਾਸੇ ਸਾਡੇ ਅਕਲੋਂ ਖਾਲੀਆਂ ਨੇ ਉਸ ਕੈਲੰਡਰ 'ਤੇ ਸੁਹਾਗਾ ਫੇਰਨਾ ਸ਼ੁਰੂ ਕਰ ਦਿੱਤਾ ਹੈ।

ਖਾਲਸਾ ਜੀ, ਜਾਗੋ ਅਤੇ ਸਮਝੋ ਤੁਹਾਡੇ ਨਾਲ ਕੀ ਕੀ ਹੋ ਰਿਹਾ ਹੈ? ਜੇ ਸੁੱਤੇ ਰਹੇ ਜਾਂ ਗਿੱਦੜ ਬਣੇ ਰਹੇ ਤਾਂ ਵੇਲਾ ਹੱਥੋਂ ਨਿਕਲ ਜਾਵੇਗਾ। ਆਉਣ ਵਾਲੀਆਂ ਨਸਲਾਂ ਆਪਾਂ ਨੂੰ ਕਦੇ ਮੁਆਫ ਨਹੀਂ ਕਰਨਗੀਆਂ। ਸਾਨੂੰ ਇੰਜ ਜਾਪਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਦੁਬਾਰਾ ਜਿੱਤ ਪ੍ਰਾਪਤ ਕਰਨ ਲਈ ਨਾਨਕਸ਼ਾਹੀ ਕੈਲੰਡਰ ਅਤੇ ਪ੍ਰੋ. ਦਰਸ਼ਨ ਸਿੰਘ ਹੁਰਾਂ ਦੀ ਬਲੀ ਦਿੱਤੀ ਗਈ ਹੈ। ਧਰਮੀ ਸਿਆਸਤ ਛੱਡ ਕੇ ਗੰਦੀ ਸਿਆਸਤ ਖੇਡੀ ਜਾ ਰਹੀ ਹੈ, ਉਹ ਵੀ ਸਿੱਖਾਂ ਅਤੇ ਸਿੱਖੀ ਸਿਧਾਂਤਾਂ ਨੂੰ ਮੋਹਰੇ ਬਣਾ ਕੇ। ਤੁਹਾਡਾ ਧਿਆਨ ਕਦੇ ਲੁਧਿਆਣਾ ਕਾਂਡ ਵਲ, ਕਦੇ ਨਾਨਕਸ਼ਾਹੀ ਕੈਲੰਡਰ ਵਲ, ਕਦੇ ਪ੍ਰੋ. ਦਰਸ਼ਨ ਸਿੰਘ ਵਲ ਲਾਇਆ ਜਾ ਰਿਹਾ ਹੈ। ਏਸੇ ਸਮੇਂ 'ਚ ਡੇਰਿਆਂ ਨੂੰ ਤੇ ਦੰਭੀ ਪਖੰਡੀ ਬਾਬਿਆਂ ਨੂੰ ਆਪਣਾ ਵੋਟ ਬੈਂਕ ਬਣਾਇਆ ਜਾ ਰਿਹਾ ਹੈ। ਸਾਵਧਾਨ ਹੋਵੋ ਚਾਲਾਂ ਸਮਝੋ ਪਰ ਮੁੱਖ ਮੁੱਦਿਆਂ 'ਤੇ ਪਹਿਰਾ ਦਿਓ। ਨਾਨਕਸ਼ਾਹੀ ਕੈਲੰਡਰ ਨੂੰ ਜਾਰੀ ਰੱਖੋ ਜਿਵੇਂ ਇਹ ਪਹਿਲਾਂ ਅਕਾਲ ਤਖਤ ਸਾਹਿਬ ਤੋਂ ਲਾਗੂ ਹੋਇਆ ਸੀ। ਰਹੀ ਗੱਲ ਪ੍ਰੋ. ਦਰਸ਼ਨ ਸਿੰਘ ਹੁਰਾਂ ਨੂੰ ਪੰਥ 'ਚੋਂ ਛੇਕਣ ਦੀ, ਜਿਹੜੇ ਜਥੇਦਾਰ ਆਪ ਹੀ ਅਕਾਲ ਤਖਤ ਦੇ ਹੁਕਮਾਂ ਤੋਂ ਆਕੀ ਹਨ ਉਨ੍ਹਾਂ ਨੂੰ ਕੀ ਹੱਕ ਹੈ ਪ੍ਰੋ. ਦਰਸ਼ਨ ਸਿੰਘ ਨੂੰ ਪੰਥ 'ਚੋਂ ਛੇਕਣ ਦਾ। ਸਿੱਖਾਂ ਦੀ ਵੱਖਰੀ ਪਹਿਚਾਣ ਦੇ ਮੁੱਦਿਆਂ ਨੂੰ ਪਹਿਲਾਂ ਵੀ ਤੇ ਹੁਣ ਵੀ ਭਾਰਤੀ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਹੈ। ਗੁਰੂ ਸਾਹਿਬ ਤੇ ਭਰੋਸਾ ਰੱਖੋ, ਜਦੋਜਹਿਦ ਜਾਰੀ ਰੱਖੋ। ਅੰਤ ਵਿਚ ਬੇਨਤੀ ਕਰਦਾ ਹਾਂ "ਕਲਮਾਂ ਅਤੇ ਸੋਚਾਂ ਵਾਲਿਓ ਫਰਜ਼ ਨਿਭਾਓ ਹਨੇਰਾ ਬੜਾ ਏ...!"

# ਕਲਗੀ ਅਤੇ ਬਾਣੇ ਦੇ ਵਾਰਸੋ ਕਲਗੀਧਰ ਨੂੰ ਪਿੱਠ ਨਾ ਦਿਖਾਓ

**ਗੁਰਦਿਆਲ ਸਿੰਘ***

ਕਵੀ ਮੋਹਨ ਸਿੰਘ ਦੀ ਇਕ ਕਵਿਤਾ ਦੀਆਂ ਸਤਰਾਂ ਹਨ, 'ਪੜ੍ਹ ਪੜ੍ਹ ਅੱਖਰ ਢੇਰ ਕੁੜੇ ਮੇਰਾ ਵਧਦਾ ਜਾਏ ਹਨੇਰ ਕੁੜੇ।' ਸਤਰਾਂ ਵਿਚਲਾ ਸੱਚ ਅੱਜ ਕੱਲ੍ਹ ਧਰਮ ਦੇ ਠੇਕੇਦਾਰ ਬਣੇ ਸਾਡੇ ਪੜ੍ਹੇ ਲਿਖੇ ਲੋਕਾਂ ਉਤੇ ਪੂਰੀ ਤਰ੍ਹਾਂ ਢੁਕਦਾ ਹੈ। ਇਹ ਲੋਕ ਇਹ ਸਮਝਣ ਲੱਗਦੇ ਹਨ ਕਿ ਜੇ ਲੋਕ ਉਨ੍ਹਾਂ ਦੀ ਕੁਝ ਸੇਵਾ ਨੂੰ ਦੇਖ ਕੇ ਉਨ੍ਹਾਂ ਦਾ ਸਤਿਕਾਰ ਕਰਦੇ ਹਨ ਤਾਂ ਉਨ੍ਹਾਂ ਨੇ ਜੱਗ ਜਿੱਤ ਲਈ ਹੈ। ਮੈਂ ਇਥੇ ਜਲੰਧਰ ਨੇੜਲੇ ਡੇਰਾ ਬੱਲਾਂ ਦੇ ਬਾਬਾ ਨਿਰੰਜਣ ਦਾਸ ਦੀ ਗੱਲ ਕਰਨ ਲੱਗਾ ਹਾਂ ਜੋ ਲੋਕਾਂ ਪਾਸੋਂ ਰਵਿਦਾਸ ਜੀ ਦੇ ਨਾਂ ਉਤੇ ਪੈਸਾ ਇਕੱਠਾ ਕਰਕੇ ਵੱਡਾ ਧਰਮੀ ਬਣ ਬੈਠਾ ਹੈ ਅਤੇ ਜਿਸ ਨੇ ਕੁਝ ਪੈਸਾ ਬਨਾਰਸ ਵਿਚ ਅਤੇ ਬਾਕੀ ਦਾ ਆਪਣੇ ਡੇਰੇ ਬੱਲਾਂ ਵਿਖੇ ਖਰਚਿਆ ਹੈ। ਇਸ ਡੇਰੇਦਾਰ ਨੇ ਪਹਿਲਾਂ ਪਹਿਲਾਂ ਲੋਕਾਂ ਨੂੰ ਇਹ ਕਹਿ ਕੇ ਭਰਮਾਇਆ ਸੀ ਕਿ ਅਸੀਂ ਗੁਰੂ ਰਵਿਦਾਸ ਜੀ ਦਾ ਗੁਰੂ ਘਰ ਬਨਾਰਸ ਵਿਚ ਬਣਾ ਰਹੇ ਹਾਂ, ਸਾਨੂੰ ਮਾਲੀ ਮਦਦ ਦਿੱਤੀ ਜਾਵੇ। ਰਵਿਦਾਸ ਜੀ ਦੇ ਅਸਲ ਜਨਮ ਅਸਥਾਨ ਬਨਾਰਸ ਵਿਚ ਗੁਰੂ ਘਰ ਬਣਾਉਣ ਦੇ ਮਨੋਰਥ ਨਾਲ ਸੰਗਤ ਨੇ ਬੇਹਿਸਾਬ ਮਾਇਆ ਦਾਨ ਕੀਤੀ। ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਹੋਰਨਾਂ ਬਾਹਰਲੇ ਮੁਲਕਾਂ ਵਿਚ ਬੈਠੀ ਸੰਗਤ ਨੇ ਸੋਚਿਆ ਕਿ ਚਲੋ ਕੋਈ ਤਾਂ ਮੂਹਰੇ ਹੋ ਕੇ ਸੇਵਾ ਕਰਨ ਲੱਗਾ ਹੈ ਪਰ ਲੋਕਾਂ ਨੂੰ ਕੀ ਪਤਾ ਸੀ ਕਿ ਇਸ ਦੇ ਪਿਛੇ ਅਸਲ ਹੱਥ ਆਰ ਐਸ ਐਸ ਦੇ ਲੋਕਾਂ ਦਾ ਹੈ। ਆਰ ਐਸ ਐਸ ਨਹੀਂ ਚਾਹੁੰਦੀ ਕਿ ਭਾਰਤ 'ਚ ਬ੍ਰਾਹਮਣਵਾਦੀ ਹਿੰਦੂ ਧਰਮ ਤੋਂ ਛੁੱਟ ਕਿਸੇ ਹੋਰ ਧਰਮ ਦਾ ਬੋਲਬਾਲਾ ਹੋਵੇ। ਪਹਿਲਾਂ ਇਸ ਨੇ ਬੁੱਧ ਧਰਮ ਨੂੰ ਢਾਹਿਆ ਅਤੇ ਹੁਣ ਸਿੱਖ ਧਰਮ ਨੂੰ ਖਤਮ ਕਰਨ ਉਤੇ ਤੁਲੀ ਹੋਈ ਹੈ। ਕਦੀ ਕੋਈ ਤਰੀਕਾ ਅਪਨਾਇਆ ਜਾਂਦਾ ਹੈ ਅਤੇ ਕਦੀ ਕੋਈ। ਪਾੜੋ ਅਤੇ ਰਾਜ ਕਰੋ ਦੀ ਨੀਤੀ ਮੂਹਰੇ ਰੱਖੀ ਜਾਂਦੀ ਹੈ। ਪਹਿਲਾਂ ਇਸ ਨੇ ਸਿੱਖਾਂ ਨੂੰ ਦਸਮ ਗ੍ਰੰਥ ਦੇ ਮੁੱਦੇ 'ਤੇ ਆਪੋ ਵਿਚੀਂ ਵੰਡਿਆ ਅਤੇ ਹੁਣ ਰਵਿਦਾਸ ਭਾਈਚਾਰੇ ਨੂੰ ਵੰਡਣ 'ਤੇ ਉਤਾਰੂ ਹੈ।

ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅੱਜ ਸਿੱਖ ਧਰਮ ਵਿਚ ਜੱਟਵਾਦ ਭਾਰੂ ਹੈ। ਕੁਝ ਭੁੱਲੜ ਲੋਕਾਂ ਦੀਆਂ ਗਲਤ ਨੀਤੀਆਂ ਕਰਕੇ ਸਾਡਾ ਸਮਾਜ ਦੋਫਾੜ ਹੋਇਆ ਪਿਆ ਹੈ। ਜੇ ਇਹ ਲੋਕ ਸੱਚ ਹੀ ਸਿੱਖ ਧਰਮ ਉਤੇ ਪਹਿਰਾ ਦਿੰਦੇ ਤਾਂ ਅੱਜ ਅਸੀਂ ਕਿਤੇ ਦੇ ਕਿਤੇ ਪਹੁੰਚ ਜਾਂਦੇ ਪਰ ਪੱਲੇ ਉਨ੍ਹਾਂ ਦੇ ਵੀ ਕੁਝ ਨਹੀਂ ਪਿਆ। ਉਨ੍ਹਾਂ ਦੇ ਪੁੱਤਰ-ਧੀਆਂ ਸਿੱਖੀ ਤੋਂ ਕੋਹਾਂ ਦੂਰ ਚਲੇ ਗਏ ਹਨ। ਦੋਸ਼ ਕਿਸ ਨੂੰ ਦਈਏ? ਪਰ ਕਿਸੇ ਸਿੱਕੇ ਦਾ ਇਕ ਹੀ ਪਹਿਲੂ ਦੇਖਣਾ ਵੀ ਸਹੀ ਨਹੀਂ ਹੈ। ਜੇਕਰ ਜੱਟਵਾਦ ਦਾ ਇਕ ਪਹਿਲੂ ਗਲਤ ਹੈ ਤਾਂ ਇਸ ਵਿਚ ਕੁਝ ਖੂਬੀਆਂ ਵੀ ਹਨ। ਅੱਜ ਜੇ ਪੰਜਾਬ ਵਿਚ ਸਿੱਖੀ ਦੀ ਮੋਹਰ ਹੈ ਤਾਂ ਉਹ ਜੱਟਾਂ ਕਰਕੇ ਹੀ ਹੈ ਨਹੀਂ ਤਾਂ ਡੇਰੇ ਵਾਲਿਆਂ ਨੇ ਤਾਂ ਮੱਤ ਮਾਰੀ ਪਈ ਹੈ। ਇਕੱਲੇ ਜੱਟਵਾਦ ਨੂੰ ਹੀ ਬਦਨਾਮ ਕਰੀ ਜਾਣਾ ਸਹੀ ਸੋਚ ਨਹੀਂ ਹੈ।

ਵੇਖਿਆ ਜਾਵੇ ਤਾਂ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ-ਗੁਰੂ ਸਾਹਿਬਾਨ ਦੀ ਸਾਂਝ ਜ਼ਿਆਦਾ ਗਰੀਬ ਲੋਕਾਂ ਨਾਲ ਹੀ ਰਹੀ ਹੈ। ਦਸਮ ਪਾਤਸ਼ਾਹ ਨੇ ਤਾਂ ਆਪਣੀ ਕਲਗੀ ਤੇ ਬਾਣਾ ਆਪਣੇ ਬਹੁਤ ਹੀ ਨਜ਼ਦੀਕੀ ਸਿੱਖ ਬਾਬਾ ਸੰਗਤ ਸਿੰਘ ਜੀ ਨੂੰ ਦੇ ਕੇ ਸਤਿਕਾਰਿਆ ਸੀ। ਕੀ ਦਸਮ ਪਾਤਸ਼ਾਹ ਨੂੰ ਇਹ ਪਤਾ ਨਹੀਂ ਸੀ ਕਿ ਉਸ ਦੀ ਜਾਤ ਕੀ ਹੈ? ਉਨ੍ਹਾਂ ਦਾ ਮਿਸ਼ਨ ਸਿਰਫ ਤੇ ਸਿਰਫ ਗਰੀਬ ਲੋਕਾਂ ਦੀ ਬਾਂਹ ਫੜ੍ਹਨਾ ਸੀ। ਜੇ ਇਹ ਸੋਚਿਆ ਜਾਵੇ ਬਾਬਾ ਸੰਗਤ ਸਿੰਘ ਤੇ ਬਾਬਾ ਜੀਵਨ ਸਿੰਘ (ਭਾਈ ਜੈਤਾ) ਨੂੰ ਕੀ ਲੋੜ ਸੀ ਗੁਰੂ ਸਾਹਿਬ ਦਾ ਸਿੱਖ ਬਣਨ ਦੀ? ਗੁਰੂ ਸਾਹਿਬਾਨ ਨੂੰ ਕੀ ਲੋੜ ਸੀ ਰਵਿਦਾਸ ਮਹਾਰਾਜ ਦੀ ਬਾਣੀ ਇਕੱਠੀ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ? ਉਨ੍ਹਾਂ ਕੋਲ ਕੋਈ ਬਾਣੀ ਦੀ ਕਮੀ ਸੀ? ਗੁਰੂ ਸਾਹਿਬਾਨ ਨੇ ਸਾਨੂੰ ਸਭ ਨੂੰ ਦਬਿਆਂ, ਲਿਤਾੜਿਆਂ ਨੂੰ ਆਪਣੇ ਅੰਗ ਲਾਇਆ। ਅੱਜ ਅਸੀਂ ਉਨ੍ਹਾਂ ਹੀ ਗੁਰੂ ਸਾਹਿਬਾਨ ਦੇ ਸਿੱਖ ਪੰਥ ਤੋਂ ਅਲੱਗ ਹੋਣ ਦੀ ਗੱਲ ਕਰ ਰਹੇ ਹਾਂ ਸਿਰਫ ਇਸ ਕਰਕੇ ਕਿ ਸਾਡੇ ਪਾਸ ਅੱਜ ਪੈਸਾ ਆ ਗਿਆ ਹੈ, ਅਸੀਂ ਪੜ੍ਹ ਲਿਖ ਗਏ ਹਾਂ? ਆਓ, ਸਭ ਰਲ ਕੇ ਉਸ ਬੇਗਮਪੁਰੇ ਦੇ ਵਾਸੀ ਬਣੀਏ ਜਿਸ ਬੇਗਮਪੁਰੇ ਦੀ ਗੱਲ ਗੁਰਮਤਿ 'ਚ ਕੀਤੀ ਗਈ ਹੈ, ਜਿਥੇ ਕੋਈ ਉਚਾ ਤੇ ਨੀਵਾਂ ਨਹੀਂ। ਅਕਾਲ ਪੁਰਖ ਦੀ ਇਕ ਜੋਤਿ ਹੈ। ਖਾਲਸਾ ਪੰਥ ਹੀ ਸਾਡਾ ਪੰਥ ਹੈ।

***ਸਾਬਕਾ ਚੇਅਰਮੈਨ, ਗੁਰੂ ਰਵਿਦਾਸ ਸਭਾ, ਨਿਊ ਯਾਰਕ।**

# ਅੰਧ ਵਿਸ਼ਵਾਸ:ਮਨੁੱਖ ਦੇ ਵਿਕਾਸ 'ਚ ਵੱਡਾ ਰੋੜਾ

**ਸੰਤ ਸਿੰਘ ਢਿੱਲੋਂ**

ਹਨੇਰੇ 'ਚ ਡੁੱਬੇ ਮਨੁੱਖ ਨੂੰ ਪ੍ਰਕਾਸ਼ ਵੱਲ ਲਿਜਾਣ 'ਚ ਵਿਗਿਆਨ ਵੱਡਮੁੱਲਾ ਯੋਗਦਾਨ ਪਾ ਰਿਹਾ ਹੈ। ਮਨੁੱਖ ਜੇ ਅੱਜ ਚੰਨ ਤੱਕ ਪਹੁੰਚ ਕਰ ਸਕਿਆ ਹੈ, ਤਾਂ ਇਹ ਵਿਗਿਆਨ ਦੀ ਹੀ ਦੇਣ ਹੈ। ਵਿਗਿਆਨ ਦੀ ਏਨੀ ਤਰੱਕੀ ਦੇ ਬਾਵਜੂਦ ਮਨੁੱਖ ਅੰਧਵਿਸ਼ਵਾਸ 'ਚ ਫਸ ਕੇ ਪੁਰਾਣੇ ਰੀਤੀ ਰਿਵਾਜ਼ਾਂ ਦਾ ਖਹਿੜਾ ਨਹੀਂ ਛੱਡ ਸਕਿਆ। ਕੁਝ ਲੋਕ ਅੰਧ ਵਿਸ਼ਵਾਸ ਫੈਲਾ ਕੇ ਆਪਣਾ ਨਿੱਜੀ ਫਾਇਦਾ ਲੈਣ ਖਾਤਰ ਪੜ੍ਹੇ ਲਿਖੇ ਲੋਕਾਂ ਨੂੰ ਆਪਣੀਆਂ ਚਾਲਾਂ ਵਿਚ ਫਸਾ ਲੈਂਦੇ ਹਨ।

ਪੰਜਾਬ 'ਚ ਕਈ ਦਿਨਾਂ ਨੂੰ ਮਾੜੇ ਮੰਨਿਆ ਜਾਂਦਾ ਸੀ ਜਿਵੇਂ ਮੰਗਲਵਾਰ, ਸਨਿਚਰਵਾਰ। ਇਸੇ ਤਰ੍ਹਾਂ ਵੀਰਵਾਰ ਨੂੰ ਵੀ ਕੁਝ ਲੋਕ ਚੰਗਾ ਨਹੀਂ ਸੀ ਗਿਣਦੇ। ਨਿੱਛ ਮਾਰ ਦੇਣ ਅਤੇ ਬਿੱਲੀ ਦੇ ਰਾਹ ਕੱਟਣ ਨੂੰ ਮਾੜਾ ਸ਼ਗਨ ਮੰਨਿਆ ਜਾਂਦਾ ਸੀ। ਇਥੋਂ ਤੱਕ ਕਿ ਕੋਈ ਘਰੋਂ ਨਿਕਲਣ ਸਮੇਂ ਲੰਬੜਦਾਰ ਦੇ ਅੱਗੇ ਮਿਲ ਜਾਣ ਜਾਂ ਝੋਟਾ ਮਿਲ ਜਾਣ 'ਤੇ ਕੰਮ ਨਾ ਬਣਨ ਦਾ ਸੰਕੇਤ ਮੰਨ ਲੈਂਦੇ ਸਨ। ਖਾਲੀ ਟੋਕਰਾ ਜਾਂ ਬਰਤਨ ਅੱਗੇ ਮਿਲ ਜਾਣ 'ਤੇ ਬੁਰਾ ਮਨਾਇਆ ਜਾਂਦਾ ਸੀ। ਕੁੱਤਿਆਂ ਦੇ ਰੋਣ ਅਤੇ ਉੱਲੂ ਦੇ ਬੋਲਣ ਨੂੰ ਬਦਸ਼ਗਨੀ ਸਮਝਿਆ ਜਾਂਦਾ ਸੀ। ਪਿਛੋਂ ਆਵਾਜ਼ ਮਾਰਨ ਨੂੰ ਬੇਹੱਦ ਬੁਰਾ ਮਨਾਇਆ ਜਾਂਦਾ ਸੀ। ਕੁਝ ਲੋਕ ਸਮਝਦੇ ਹਨ ਕਿ ਸੰਗਰਾਂਦ ਵਾਲੇ ਦਿਨ ਪੈਸੇ ਖਰਚੀਏ ਤਾਂ ਸਾਰਾ ਮਹੀਨਾ ਖਰਚ ਹੋਈ ਜਾਂਦਾ ਹੈ। ਝਾੜੂ ਨੂੰ ਪੁੱਠਾ ਖੜਾ ਕਰਨਾ ਵੀ ਬੁਰਾ ਮੰਨਿਆ ਜਾਂਦਾ ਸੀ।

ਭਾਵੇਂ ਉਪਰੋਕਤ ਬਹੁਤੀਆਂ ਗੱਲਾਂ ਪਿਛੇ ਵਿਗਿਆਨਕ ਤਰਕ ਮੌਜੂਦ ਸਨ, ਪ੍ਰੰਤੂ ਉਨ੍ਹਾਂ ਨੂੰ ਵਿਗਿਆਨਕ ਨਜ਼ਰੀਏ ਤੋਂ ਤੱਕਣ ਦੀ ਬਜਾਏ ਅੰਧ ਵਿਸ਼ਵਾਸ ਵਜੋਂ ਲਿਆ ਜਾਂਦਾ ਸੀ। ਅੱਜ ਅਸੀਂ ਪੱਛਮੀ ਮੁਲਕਾਂ ਵਿਚ ਵੱਸਦਿਆਂ ਦੇਖਦੇ ਹਾਂ ਕਿ ਅਨੇਕਾਂ ਬਿੱਲੀਆਂ ਸਾਡਾ ਰਾਹ ਕੱਟਦੀਆਂ ਰਹਿੰਦੀਆਂ ਹਨ ਪਰ ਕਦੇ ਕੋਈ ਦੁਰਘਟਨਾ ਨਹੀਂ ਹੁੰਦੀ, ਕਿਉਂਕਿ ਏਥੇ ਟਰੈਫਿਕ ਪ੍ਰਬੰਧ ਵਧੀਆ ਹਨ, ਜਿਨ੍ਹਾਂ ਦੀ ਸਾਰੇ ਲੋਕ ਪਾਲਣਾ ਕਰਦੇ ਹਨ। ਭਾਰਤ ਵਿਚ ਵੀ ਜੇਕਰ ਕਿਸੇ ਅੰਧ ਵਿਸ਼ਵਾਸੀ ਬੰਦੇ ਨਾਲ ਕੋਈ ਅਜਿਹੀ ਘਟਨਾ ਵਾਪਰਦੀ ਸੀ ਤਾਂ ਉਹ ਇਸ ਕਰਕੇ ਨਹੀਂ ਸੀ ਕਿ ਬਿੱਲੀ ਨੇ ਰਾਹ ਕੱਟ ਦਿੱਤਾ ਹੈ ਜਾਂ ਕੋਈ ਖਾਸ ਬੰਦਾ ਉਨ੍ਹਾਂ ਨੂੰ ਘਰ ਤੋਂ ਨਿਕਲਣ ਸਮੇਂ ਮਿਲਿਆ ਸੀ ਸਗੋਂ ਇਸ ਕਰਕੇ ਸੀ ਕਿ ਉਹ ਅੰਧ ਵਿਸ਼ਵਾਸ ਬਾਰੇ ਮਾਨਸਿਕ ਦਬਾਅ ਹੇਠ ਹੈ।

ਕੁਝ ਲੋਕ ਹੱਥਾਂ ਦੀਆਂ ਰੇਖਾਵਾਂ ਨੂੰ ਲੈ ਕੇ ਬਹੁਤ ਚਿੰਤਤ ਰਹਿੰਦੇ ਹਨ ਅਤੇ ਜੋਤਸ਼ੀਆਂ ਨੂੰ ਹੱਥ ਦਿਖਾਉਣ ਲਈ ਤਿਆਰ ਰਹਿੰਦੇ ਹਨ। ਤੁਸੀਂ ਦਸ ਮੰਗਤਿਆਂ ਅਤੇ 10 ਅਮੀਰ ਬੰਦਿਆਂ ਨੂੰ ਇਕੋ ਥਾਂ ਬਿਠਾ ਕੇ ਉਨ੍ਹਾਂ ਦਾ ਹੱਥ ਦੇਖ ਕੇ ਇਹ ਭਰਮ ਦੂਰ ਕਰ ਸਕਦੇ ਹੋ, ਕਿਉਂਕਿ ਸਾਰਿਆਂ ਦੇ ਹੱਥਾਂ ਵਿਚ ਅਜਿਹੀਆਂ ਚਾਰ ਰੇਖਾਵਾਂ ਜ਼ਰੂਰ ਹੋਣਗੀਆਂ ਜੋ ਆਪਸ ਵਿਚ ਮਿਲਦੀਆਂ ਜੁਲਦੀਆਂ ਹੋਣ। ਮੈਂ ਅਜਿਹੇ ਅਨੇਕਾਂ ਬੰਦਿਆਂ ਨੂੰ ਜਾਣਦਾ ਹਾਂ ਜਿਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਨ੍ਹਾਂ ਦੀ ਉਮਰ ਬਹੁਤ ਛੋਟੀ ਹੈ ਪਰ ਉਹ ਲੰਬੀ ਉਮਰ ਜੀਅ ਰਹੇ ਹਨ ਅਤੇ ਕਈ ਜਿਹੜੇ ਇਹ ਭਰਮ ਪਾਲਦੇ ਸੀ ਕਿ ਉਨ੍ਹਾਂ ਦੀ ਉਮਰ ਦੀ ਰੇਖਾ ਬਹੁਤ ਲੰਮੀ ਹੈ ਉਹ ਥੋੜ੍ਹੀ ਉਮਰ ਵਿਚ ਸਵਰਗਵਾਸ ਹੋ ਚੁੱਕੇ ਹਨ। ਕੁੱਤੇ-ਬਿੱਲੀਆਂ ਦੇ ਰੋਣ ਨਾਲ ਕੋਈ ਘਟਨਾ ਨਹੀਂ ਵਾਪਰਦੀ, ਕਿਉਂਕਿ ਵਿਗਿਆਨ ਮੁਤਾਬਕ ਕੁੱਤੇ ਜ਼ਿਆਦਾਤਰ ਆਪਣੀ ਨਸਲ ਵਧਾਉਣ ਵਾਲੇ (ਬ੍ਰੀਡਿੰਗ ਸੀਜ਼ਨ) ਦਿਨਾਂ ਵਿਚ ਰੋਂਦੇ ਹਨ ਅਤੇ ਬਿੱਲੀਆਂ ਦੇ ਜੇਕਰ ਬੱਚੇ ਮਰ ਜਾਣ ਤਾਂ ਰੋਂਦੀਆਂ ਹਨ।

ਕੋਈ ਵੀ ਗ੍ਰਹਿ ਕਿਸੇ 'ਤੇ ਮਾੜਾ ਅਸਰ ਨਹੀਂ ਕਰਦਾ ਅਤੇ ਨਾ ਹੀ ਇਨ੍ਹਾਂ ਦੇ ਉਪਾਅ ਲਈ ਪਾਈਆਂ ਨਗ ਵਾਲੀਆਂ ਮੁੰਦੀਆਂ ਕੋਈ ਚੰਗਾ ਅਸਰ ਕਰਦੀਆਂ ਹਨ। ਮਾੜਾ ਅਸਰ ਸਿਰਫ ਤੁਹਾਡੇ ਮਨ ਵਿਚ ਪਏ ਹੋਏ ਡਰ ਕਰਕੇ ਹੋ ਸਕਦਾ ਹੈ ਜਦਕਿ ਚੰਗਾ ਅਸਰ ਸਿਰਫ ਵਿਸ਼ਵਾਸ ਅਤੇ ਉਸਾਰੂ ਸੋਚ ਕਰਕੇ ਹੁੰਦਾ ਹੈ। ਸਰੋਂ ਦੇ ਤੇਲ ਵਿਚ ਮੂੰਹ ਦਿਖਾ ਕੇ ਗ੍ਰਹਿ ਨਹੀਂ ਟਾਲੇ ਜਾਂਦੇ ਜਿਵੇਂ ਕਿ ਪੰਜਾਬ ਵਿਚ ਬਹੁਤ ਸਾਰੇ ਲੋਕ ਸਨਿਚਰਵਾਰ ਨੂੰ ਗੜਵੀ ਵਿਚ ਸਰੋਂ ਦਾ ਤੇਲ ਪਾ ਕੇ ਲੋਕਾਂ ਨੂੰ ਇਸ ਵਿਚ ਮੂੰਹ ਦੇਖਣ ਲਈ ਕਹਿੰਦਿਆਂ ਦਾਨ ਮੰਗਦੇ ਹਨ, ਜਦੋਂ ਕਿ ਅਜਿਹੇ ਲੋਕਾਂ ਅਤੇ ਵੱਡੇ ਵੱਡੇ ਦਰਖਤਾਂ ਹੇਠ ਬੈਠ ਕੇ ਹੱਥ ਦੇਖ ਕੇ ਲੋਕਾਂ ਦਾ ਭਵਿੱਖ ਦੱਸਣ ਵਾਲਿਆਂ ਨੂੰ ਆਪਣੇ ਬਾਰੇ ਵੀ ਇਲਮ ਨਹੀਂ ਹੁੰਦਾ।

ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਲੋਕਾਂ ਨੂੰ ਕਰਾਮਾਤ ਦਿਖਾਉਣ ਵਾਲੇ ਲੋਕਾਂ ਤੋਂ ਬਚਣ ਦੀ ਲੋੜ ਹੈ ਇਨ੍ਹਾਂ ਲੋਕਾਂ ਨੇ ਅਨੇਕਾਂ ਘਰ ਤਬਾਹ ਕਰ ਦਿੱਤੇ ਹਨ ਕਿਉਂਕਿ ਤਾਂਤਰਿਕ ਮੰਤਰ-ਜੰਤਰ ਕਿਸੇ ਦਾ ਕੁਝ ਵਿਗਾੜ ਜਾਂ ਸੰਵਾਰ ਨਹੀਂ ਸਕਦੇ। ਕਿਸੇ ਦੇ ਘਰ ਅੱਗੇ ਲਹੂ ਦੇ ਛਿੱਟੇ ਸੁੱਟ ਦੇਣੇ, ਸੰਧੂਰ ਛਿੜਕ ਦੇਣ ਜਾਂ ਲੱਡੂਆਂ ਨੂੰ ਰੰਗ ਲਾ ਕੇ ਰੱਖ ਦੇਣ ਨਾਲ ਕੁਝ ਨਹੀਂ ਵਿਗੜਦਾ। ਜੇਕਰ ਕੋਈ ਅਜਿਹਾ ਮਹਿਸੂਸ ਕਰਦਾ ਹੈ ਤਾਂ ਸਿਰਫ ਉਸ ਦੇ ਮਾਨਸਿਕ ਡਰ ਕਰਕੇ ਵਾਪਰਦਾ ਹੈ। ਇਸ ਦੇ ਉਲਟ ਕੁਝ ਪੁਰਾਤਨ ਰੀਤੀ ਰਿਵਾਜ਼ਾਂ ਪਿਛੇ ਵਿਗਿਆਨਕ ਸੱਚਾਈਆਂ ਨਜ਼ਰ ਆਉਂਦੀਆਂ ਹਨ, ਜਿਵੇਂ ਰਾਤ ਨੂੰ ਝਾੜੂ ਇਸ ਕਰਕੇ ਨਹੀਂ ਦਿੱਤਾ ਜਾਂਦਾ ਸੀ ਕਿ ਉਸ ਸਮੇਂ ਬਿਜਲੀ ਨਾ ਹੋਣ ਕਰਕੇ ਮਿੱਟੀ ਜਾਂ ਸਰੋਂ ਦੇ ਤੇਲ ਦੇ ਦੀਵਿਆਂ ਤੋਂ ਕੰਮ ਲਿਆ ਜਾਂਦਾ ਸੀ, ਦੀਵਿਆਂ ਦੀ ਰੋਸ਼ਨੀ ਘੱਟ ਹੋਣ ਕਾਰਨ, ਜਨਾਨੀਆਂ ਦੇ ਅੰਗਾਂ ਦੇ ਗਹਿਣੇ ਲੌਂਗ, ਝੁਮਕੇ, ਤੀਲੀ ਆਦਿ ਜੋ ਅਕਸਰ ਅੰਗਾਂ 'ਚੋਂ ਗਿਰ ਜਾਇਆ ਕਰਦੇ ਸੀ, ਘਰੋਂ ਬਾਹਰ ਚਲੇ ਜਾਂਦੇ ਸਨ।

ਇਸੇ ਤਰ੍ਹਾਂ ਕੁਦਰਤ ਨੇ ਸਾਰੇ ਦਿਨ ਬਰਾਬਰ ਬਣਾਏ ਹਨ ਅਤੇ ਕੁਦਰਤ ਦਾ ਵਰਤਾਰਾ ਹਰ ਇਕ ਦਿਨ ਇਕੋ ਜਿਹਾ ਹੁੰਦਾ ਹੈ। ਪੁਰਾਣੇ ਜ਼ਮਾਨੇ ਵਿਚ ਲੋਕ ਕਿਸੇ ਦੀ ਮੌਤ ਹੋਣ ਤੇ ਅਫਸੋਸ ਕਰਨ ਲਈ ਬਹੁਤਾਤ ਵਿਚ ਜਾਇਆ ਕਰਦੇ ਸਨ। ਇਸ ਨਾਲ ਸਬੰਧਤ ਪਰਿਵਾਰ ਨੂੰ ਬਹੁਤ ਔਖਿਆਈ ਹੁੰਦੀ ਸੀ ਕਿਉਂਕਿ ਹਰ ਇਕ ਪਾਸ ਬੈਠਣਾ ਪੈਂਦਾ ਸੀ। ਸ਼ਾਇਦ ਇਸ ਲਈ ਹੀ ਸਿਆਣੇ ਬਜ਼ੁਰਗਾਂ ਨੇ ਕੁਝ ਦਿਨਾਂ ਨੂੰ ਮਾੜੇ ਹੋਣ ਦਾ ਨਾਂ ਦੇ ਕੇ ਕਹਿ ਦਿੱਤਾ ਹੋਵੇਗਾ ਕਿ ਇਸ ਦਿਨ ਅਫਸੋਸ ਕਰਨ ਨਹੀਂ ਜਾਣਾ ਤਾਂ ਕਿ ਘਰ ਦੇ ਮੈਂਬਰ ਉਸ ਦਿਨ ਆਪਣੇ ਨਿੱਜੀ ਕੰਮ ਵੀ ਕਰ ਸਕਣ। ਚੌਰਾਹੇ ਵਿਚ ਘੜਾ ਭੰਨਣਾ (ਕਿਸੇ ਦੀ ਮੌਤ ਹੋਣ ਤੇ) ਇਕ ਅਜਿਹੀ ਸੋਚ ਦਾ ਪ੍ਰਤੀਕ ਸੀ ਤਾਂ ਕੇ ਰਾਹਗੀਰਾਂ ਨੂੰ ਪਤਾ ਲੱਗ ਜਾਵੇ ਕਿ ਇਸ ਪਿੰਡ ਜਾਂ ਮੁਹੱਲੇ ਵਿਚ ਕਿਸੇ ਦੀ ਮੌਤ ਹੋਈ ਹੈ। ਕੁਝ ਦਰਖਤਾਂ ਨੂੰ ਪੂਜਣ ਲਈ ਤਾਂ ਪ੍ਰੇਰਿਆ ਗਿਆ ਸੀ ਕਿ ਦਰਖਤ ਰਾਤ ਵੇਲੇ ਵੀ ਆਕਸੀਜਨ ਛੱਡਣ ਦੇ ਕਾਰਨ ਪੰਛੀਆਂ ਦਾ ਰੈਣ ਬਸੇਰਾ ਵੀ ਹਨ। ਹੋਰ ਵੀ ਰੀਤੀ ਰਿਵਾਜ਼ਾਂ ਅਤੇ ਅੰਧ ਵਿਸ਼ਵਾਸਾਂ ਪਿਛੇ ਵਿਗਿਆਨਕ ਸੋਚ ਕੰਮ ਕਰਦੀ ਸੀ ਪਰ ਲੋਕ ਅਨਪੜ੍ਹ ਹੋਣ ਕਰਕੇ ਉਨ੍ਹਾਂ ਨੂੰ ਸਮਝਾਉਣ ਲਈ ਅਜਿਹਾ ਤਰੀਕਾ ਵਰਤਿਆ ਜਾਂਦਾ ਸੀ ਜਿਸ ਨੂੰ ਉਹ ਜਲਦੀ ਅਪਨਾ ਸਕਣ। ਅੱਜ ਵਿਦਿਆ ਦੇ ਪ੍ਰਸਾਰ ਨਾਲ ਬਹੁਤ ਸਾਰੀਆਂ ਸੱਚਾਈਆਂ ਸਾਹਮਣੇ ਆ ਗਈਆਂ ਹਨ, ਜਿਨ੍ਹਾਂ ਤੋਂ ਭਰਪੂਰ ਲਾਭ ਲੈਣ ਦੀ ਜ਼ਰੂਰਤ ਹੈ।

# ਲਗਾਤਾਰ ਵਧ ਰਹੀਆਂ ਪੰਜਾਬ 'ਚ ਲਾਪਤਾ ਹੋਣ ਦੀਆਂ ਘਟਨਾਵਾਂ

**ਜੋਹਰੀ ਮਿੱਤਲ**


ਪੰਜਾਬ ਵਿਚ ਪਿਛਲੇ ਇਕ ਦਹਾਕੇ ਦੌਰਾਨ ਲਾਪਤਾ ਹੋਏ ਵਿਅਕਤੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ ਜੋ ਕਿ ਇਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਨੂੰ ਵੇਖ ਕੇ ਰੌਂਗਟੇ ਖੜੇ ਹੋ ਜਾਂਦੇ ਹਨ ਅਤੇ ਇਸ ਸਮੇਂ ਸਥਿਤੀ ਅਜਿਹੀ ਬਣੀ ਹੋਈ ਹੈ ਕਿ ਇਕ ਇਕ ਪਿੰਡ ਵਿਚੋਂ ਕਈ ਕਈ ਵਿਅਕਤੀ ਲਾਪਤਾ ਹਨ ਜਿਨ੍ਹਾਂ ਦੇ ਵਾਰਸ ਉਨ੍ਹਾਂ ਦੀ ਭਾਲ ਲਈ ਸਰਕਾਰੇ-ਦਰਬਾਰੇ, ਥਾਣਿਆਂ ਦੀ ਖ਼ਾਕ ਛਾਣਦੇ ਫਿਰ ਰਹੇ ਹਨ। ਪਰ ਥਾਣਿਆਂ ਵਿਚ ਰਿਪੋਰਟਾਂ ਦਰਜ ਹੋਣ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਦੇ ਪੱਲੇ ਕੁਝ ਵੀ ਨਹੀਂ ਪੈ ਰਿਹਾ। ਇਸ ਕਰਕੇ ਅੱਜ ਵੀ ਗੁੰਮਸ਼ੁਦਾ ਵਿਅਕਤੀਆਂ ਦੇ ਪਰਿਵਾਰ ਆਪਣਿਆਂ ਦੀ ਉਡੀਕ ਵਿਚ ਪਲਕਾਂ ਵਿਛਾਈ ਬੈਠੇ ਹਨ। ਜੇਕਰ ਵੇਖਿਆ ਜਾਵੇ ਤਾਂ ਇਕੱਲੇ ਪਟਿਆਲਾ ਜ਼ਿਲੇ ਵਿਚ ਹੀ, ਪੁਲਿਸ ਰਿਕਾਰਡ ਮੁਤਾਬਕ ਸੈਂਕੜਿਆਂ ਦੇ ਹਿਸਾਬ ਨਾਲ ਹਰ ਸਾਲ ਵਿਅਕਤੀ ਲਾਪਤਾ ਹੋ ਰਹੇ ਹਨ। ਇਸ ਤੋਂ ਇਲਾਵਾ ਅਜਿਹੇ ਲਾਪਤਾ ਵਿਅਕਤੀ ਵੀ ਹਨ ਜਿਨ੍ਹਾਂ ਦਾ ਪੁਲਿਸ ਰਿਕਾਰਡ ਵਿਚ ਕੋਈ ਨਾਂ ਹੀ ਨਹੀਂ ਹੈ ਤੇ ਅੱਜ ਤਕ ਉਨ੍ਹਾਂ ਬਾਰੇ ਕੋਈ ਥਹੁ-ਪਤਾ ਵੀ ਨਹੀਂ ਲੱਗ ਸਕਿਆ।

ਇਸ ਮਾਮਲੇ ਵਿਚ ਪੁਲਿਸ ਪ੍ਰਸ਼ਾਸਨ ਵੀ ਲਾਚਾਰ ਵਿਖਾਈ ਦੇ ਰਿਹਾ ਹੈ। ਇਸ ਸਥਿਤੀ ਵਿਚ ਕਈ ਤਰ੍ਹਾਂ ਦੇ ਅਣਸੁਲਝੇ ਸਵਾਲ ਪੈਦਾ ਹੋ ਰਹੇ ਹਨ ਕਿ ਆਖਰ ਇਹ ਗੁੰਮ ਹੋਏ ਵਿਅਕਤੀ ਆਪਣੇ ਘਰਾਂ ਨੂੰ ਕਿਉਂ ਨਹੀਂ ਮੁੜ ਰਹੇ? ਕੀ ਕੋਈ ਅਜਿਹਾ ਗ੍ਰੋਹ ਤਾਂ ਨਹੀਂ ਜੋ ਮਨੁੱਖੀ ਸਰੀਰਾਂ ਦੀ ਵੱਡੇ ਪੱਧਰ 'ਤੇ ਤਸਕਰੀ ਕਰ ਰਿਹਾ ਹੋਵੇ? ਇਸ ਗੱਲ ਦਾ ਪਤਾ ਲਗਾਉਣਾ ਤਾਂ ਖ਼ੁਫੀਆ ਵਿਭਾਗ ਜਾਂ ਸਰਕਾਰ ਦਾ ਕੰਮ ਹੈ ਪਰ ਕੁੱਝ ਵੀ ਹੋਵੇ, ਇਹ ਮਾਮਲਾ ਇਸ ਸਮੇਂ ਬਹੁਤ ਹੀ ਗੰਭੀਰ ਬਣਿਆ ਹੋਇਆ ਹੈ।

ਘੱਗਾ ਇਲਾਕੇ 'ਚ ਪਿਛਲੇ ਇਕ ਦਹਾਕੇ ਵਿਚ 50 ਤੋਂ ਵਧ ਵਿਅਕਤੀ ਲਾਪਤਾ ਹੋਏ ਹਨ ਜਿਨ੍ਹਾਂ ਦਾ ਅੱਜ ਤਕ ਕੋਈ ਥਹੁ-ਪਤਾ ਨਹੀਂ ਲੱਗ ਸਕਿਆ। ਪੁਲਿਸ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਰਿਖੀ ਰਾਮ ਵਾਸੀ ਪਿੰਡ ਸਿਉਣਾ, 28 ਜੂਨ 1998 ਨੂੰ ਘਰੋਂ ਗਿਆ ਸੀ ਪਰ ਅੱਜ ਤੱਕ ਮੁੜ ਕੇ ਨਹੀਂ ਆਇਆ। ਇਸੇ ਤਰ੍ਹਾਂ ਬਿੱਟੂ ਸਿੰਘ ਪੁੱਤਰ ਗੁਰਬਚਨ ਸਿੰਘ, ਵਾਸੀ ਪਿੰਡ ਕਕਰਾਲਾ ਭਾਈਕਾ ਵੀ 25 ਮਾਰਚ 1997 ਤੋਂ, ਗੁਰਦੇਵ ਕੌਰ ਪਤਨੀ ਗੁਰਬਚਨ ਸਿੰਘ, ਪਿੰਡ ਨਨੇਹੜਾ, 10 ਜੂਨ 1999 ਤੋਂ, ਬੰਤ ਕੌਰ ਪਤਨੀ ਗੁਰਜੰਟ ਸਿੰਘ, ਵਾਸੀ ਬੁਜਰਕ, 23 ਅਗਸਤ 1999 ਤੋਂ ਲਾਪਤਾ ਹਨ।

ਨੈਸ਼ਨਲ ਕ੍ਰਾਈਮ ਬਿਊਰੋ ਦੇ ਰਿਕਾਰਡ ਅਨੁਸਾਰ ਪੰਜਾਬ ਵਿਚੋਂ ਜਨਵਰੀ, 1985 ਤੋਂ ਲੈ ਕੇ 31 ਮਾਰਚ, 2008 ਤਕ ਸਾਢੇ ਚਾਰ ਹਜ਼ਾਰ ਤੋਂ ਵਧ ਵਿਅਕਤੀ ਗੁੰਮ ਹੋਏ ਹਨ ਜਿਨ੍ਹਾਂ ਦੀ ਅਜੇ ਤਕ ਕੋਈ ਖਬਰ ਸਾਰ ਨਹੀਂ। ਬਿਊਰੋ ਕੋਲ ਲਾਪਤਾ ਹੋਣ ਸਬੰਧੀ ਦਰਜ ਸ਼ਿਕਾਇਤਾਂ ਵਿਚੋਂ 3484 ਮਰਦ ਅਤੇ 1093 ਔਰਤਾਂ ਹਨ। 23 ਸਾਲ ਦੇ ਇਸ ਅਰਸੇ ਵਿਚ ਗੁੰਮ ਹੋਏ ਵਿਅਕਤੀਆਂ ਦੀ ਉਮਰ ਲਗਭਗ 19 ਤੋਂ 35 ਸਾਲ ਹੈ ਜਿਨ੍ਹਾਂ ਦੀ ਗਿਣਤੀ 2048 ਦੱਸੀ ਗਈ ਹੈ। ਇਨ੍ਹਾਂ ਵਿਚੋਂ 1438 ਮਰਦ ਅਤੇ 610 ਔਰਤਾਂ ਸ਼ਾਮਲ ਹਨ। ਇਸ ਦੌਰਾਨ ਹੀ 35 ਤੋਂ 60 ਸਾਲ ਦੀ ਉਮਰ ਦੇ 1245 ਵਿਅਕਤੀ ਗੁੰਮ ਹੋਏ ਜਿਨ੍ਹਾਂ ਵਿਚ 1016 ਮਰਦ ਅਤੇ 229 ਔਰਤਾਂ ਸ਼ਾਮਲ ਹਨ। 61 ਸਾਲ ਦੀ ਉਮਰ ਦੇ ਗੁੰਮ ਹੋਏ ਵਿਅਕਤੀਆਂ ਵਿਚੋਂ 95 ਬਜ਼ੁਰਗ ਅਤੇ 21 ਔਰਤਾਂ ਸ਼ਾਮਲ ਹਨ। 23 ਸਾਲ ਦੇ ਇਸ ਵਕਫੇ ਦੌਰਾਨ ਗੁੰਮ ਹੋਏ ਬੱਚਿਆਂ ਦੀ ਗਿਣਤੀ ਵੀ ਘੱਟ ਨਹੀਂ। ਇਸ ਦੌਰਾਨ 12 ਸਾਲ ਤੋਂ ਘੱਟ ਉਮਰ ਦੇ ਤਕਰੀਬਨ 322 ਬੱਚੇ ਲਾਪਤਾ ਹੋਏ ਜਿਨ੍ਹਾਂ ਵਿਚੋਂ 243 ਲੜਕੇ ਅਤੇ 79 ਲੜਕੀਆਂ ਹਨ। ਇਸ ਤੋਂ ਵੀ ਅੱਗੇ 14 ਤੋਂ 18 ਸਾਲ ਦੀ ਉਮਰ ਵਿਚ ਗੁੰਮ ਹੋਣ ਵਾਲਿਆਂ ਦੀ ਗਿਣਤੀ 846 ਹੈ ਜਿਨ੍ਹਾਂ ਵਿਚੋਂ 692 ਲੜਕੇ ਅਤੇ 154 ਲੜਕੀਆਂ ਹਨ। ਹੈਰਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਇਕ ਵਾਰ ਗੁੰਮ ਹੋਏ ਵਿਅਕਤੀ ਦਾ ਮੁੜ ਕੋਈ ਅਤਾ-ਪਤਾ ਹੀ ਨਹੀਂ ਲੱਗਾ। ਭੇਤ ਬਣਿਆ ਹੋਇਆ ਹੈ।

ਸਮਾਣਾ ਤਹਿਸੀਲ ਵਿਚ ਪੈਂਦੇ ਪਿੰਡ ਗਾਜੇਵਾਸ ਦੇ ਰਹਿਣ ਵਾਲੇ ਪ੍ਰੋਫੈਸਰ ਸ਼ਮਸ਼ੇਰ ਸਿੰਘ ਦੇ ਅਚਾਨਕ ਗੁੰਮ ਹੋਣ ਅਤੇ ਪਤਾ ਨਾ ਲੱਗਣ ਦੀ ਵਖਰੀ ਹੀ ਕਹਾਣੀ ਹੈ। ਖ਼ਾਲਸਾ ਕਾਲਜ, ਪਟਿਆਲਾ ਵਿਚ ਪ੍ਰੋਫੈਸਰ ਦੇ ਅਹੁਦੇ 'ਤੇ ਨਿਯੁਕਤ ਸ਼ਮਸ਼ੇਰ ਸਿੰਘ, ਵਿਆਹ ਤੋਂ ਬਾਅਦ ਦੋ ਦਿਨ ਕਾਲਜ ਗਿਆ ਸੀ ਪਰ ਮੁੜ ਕੇ ਵਾਪਸ ਘਰ ਨਹੀਂ ਆਇਆ। ਹੈਰਾਨੀਜਨਕ ਪਹਿਲੂ ਇਹ ਵੀ ਹੈ ਕਿ ਘਰੋਂ ਭੱਜੇ ਪ੍ਰੇਮੀ ਜੋੜਿਆਂ ਨੂੰ ਦੇਸ-ਪਰਦੇਸ ਤੋਂ ਗ੍ਰਿਫਤਾਰ ਕਰਨ ਵਾਲੀ ਪੁਲਿਸ ਗੁੰਮ ਹੋਏ ਪ੍ਰੋਫੈਸਰ ਦਾ ਕੋਈ ਥਹੁ-ਪਤਾ ਨਹੀਂ ਲੱਗਾ ਸਕੀ। ਸਗੋਂ ਪੜ੍ਹੇ-ਲਿਖੇ ਨਰਮ ਦਿਲ, ਉੱਚਾ ਨਾ ਬੋਲਣ ਵਾਲੇ ਪ੍ਰੋਫੈਸਰ ਦੀ ਗੁੰਮਸ਼ੁਦਗੀ ਨੂੰ ਧੂੜ ਵਿਚ ਹੀ ਰਲਾ ਦਿੱਤਾ ਗਿਆ। ਸ਼ਮਸ਼ੇਰ ਸਿੰਘ ਦੇ ਮਾਂ-ਬਾਪ ਆਪਣੇ ਪੁੱਤਰ ਨੂੰ ਲੱਭਦੇ ਹੋਏ, ਮਾਨਸਿਕ ਰੋਗੀਆਂ ਵਾਂਗ ਪਾਗਲਾਂ ਦੀ ਤਰ੍ਹਾਂ, ਸਰਕਾਰੀ ਦਫਤਰਾਂ ਦੇ ਚੱਕਰ ਕੱਢਦੇ ਫਿਰ ਰਹੇ ਹਨ ਪਰ ਕਿਤੋਂ ਵੀ ਖ਼ੈਰ ਪੈਂਦੀ ਨਜ਼ਰ ਨਹੀਂ ਆਉਂਦੀ। ਪਹਿਲੀ ਨਵੰਬਰ 06 ਨੂੰ ਖਾਲਸਾ ਕਾਲਜ ਵਿਚੋਂ ਛੁੱਟੀ ਕਰ ਕੇ ਰਾਜਿੰਦਰਾ ਕਾਲਜ, ਪਟਿਆਲਾ ਤਕ ਆਏ ਪ੍ਰੋਫੈਸਰ ਨੂੰ ਵੇਖਿਆ ਗਿਆ ਪਰ ਉਸਤੋਂ ਬਾਅਦ ਉਸ ਬਾਰੇ ਕੁਝ ਨਹੀਂ ਪਤਾ ਲੱਗਿਆ ਕਿ ਸ਼ਮਸ਼ੇਰ ਨੂੰ ਕੋਈ ਅਗਵਾ ਕਰਕੇ ਲੈ ਗਿਐ ਜਾਂ ਉਸਦਾ ਕਤਲ ਹੋ ਗਿਐ। ਸਰਕਾਰੀ



ਦਫਤਰਾਂ ਅੰਦਰ ਵੜਦਿਆਂ ਹੀ ਪ੍ਰੋਫੈਸਰ ਦੇ ਪਿਤਾ ਜਗਦੇਵ ਸਿੰਘ ਅਤੇ ਉਸਦੀ ਮਾਤਾ ਸੁਖਵਿਦੰਰ ਕੌਰ ਨੂੰ ਇੰਜ ਲਗਦਾ ਹੈ ਜਿਵੇਂ ਸਰਕਾਰੀ ਦਫਤਰ ਅਤੇ ਮੇਜ਼ਾਂ ਉਪਰ ਪਈਆਂ ਫ਼ਾਈਲਾਂ ਦੇ ਢੇਰ ਕਹਿ ਰਹੇ ਹੋਣ "ਮਿੱਟੀ ਨਾ ਫਰੋਲ ਜੋਗੀਆ ਨਹੀਉਂ ਲੱਭਣੇ ਲਾਲ ਗੁਆਚੇ"।

ਗਾਜੇਵਾਸ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਸਾਰੇ ਪਿੰਡ ਵਿਚੋਂ ਸਮਝਦਾਰ ਸੀ ਸ਼ੇਰਾ। ਕਦੇ ਕਿਸੇ ਨਾਲ ਲੜਾਈ-ਝਗੜਾ ਕਰਨਾ ਤਾਂ ਦੂਰ ਦੀ ਗੱਲ, ਉੱਚਾ ਵੀ ਨਹੀਂ ਸੀ ਬੋਲਦਾ। ਖੇਤ ਵਿਚ ਲੱਸਣ ਦੀ ਬੀਜਾਈ ਕਰ ਰਹੇ ਜਗਦੇਵ ਸਿੰਘ ਨੇ ਦੱਸਿਆ, "ਸਾਡਾ ਇਕੋ-ਇਕ ਪੁੱਤਰ ਸੀ ਜਿਸਦਾ ਗੁੰਮ ਹੋਣ ਤੋਂ ਦੋ ਦਿਨ ਪਹਿਲਾਂ ਹੀ ਵਿਆਹ ਹੋਇਆ ਸੀ। ਤੀਜੇ ਦਿਨ ਘਰ ਹੀ ਨਹੀਂ ਆਇਆ। ਸਾਡੀਆਂ ਸਾਰੀਆਂ ਖੁਸ਼ੀਆਂ ਵਿਚ ਹੀ ਰੁਲ ਗਈਆਂ। ਮੇਰੇ ਸ਼ਮਸ਼ੇਰ ਦਾ ਕੋਈ ਪਤਾ ਨਹੀਂ ਲੱਗਿਆ।" ਇਹ ਕਹਿ ਕੇ ਉਹ ਭੁੱਬਾਂ ਮਾਰ ਕੇ ਰੋਣ ਲੱਗ ਜਾਂਦੇ ਹਨ। ਮਾਨਸਿਕ ਸਥਿਤੀ ਇਸ ਕਦਰ ਵਿਗੜ ਚੁੱਕੀ ਹੈ ਕਿ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੋਣ ਆਏ ਵੀ ਪਹਿਲਾਂ ਤਾਂ ਦੁਸ਼ਮਣਾਂ ਵਰਗੇ ਜਾਪਦੇ ਹਨ ਕਿਉਂਕਿ ਦੋਵੇਂ ਹੀ ਪਤੀ-ਪਤਨੀ, ਡੀ.ਜੀ.ਪੀ. ਪੰਜਾਬ ਤਕ ਨੂੰ ਮਿਲ ਚੁੱਕੇ ਹਨ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ ਜਿਸ ਕਰਕੇ ਪ੍ਰੋ. ਸ਼ਮਸ਼ੇਰ ਸਿੰਘ ਦੀ ਗੁੰਮਸ਼ੁਦਗੀ ਅਤੇ ਪੁਲਿਸ ਵਲੋਂ ਵੱਟੀ ਗਈ ਚੁੱਪ ਇਸ ਗੁੰਮਸ਼ੁਦਗੀ ਦੇ ਮਾਮਲੇ ਨੂੰ ਹੋਰ ਵੀ ਗੰਭੀਰ ਬਣਾ ਰਹੀ ਹੈ।

ਪਿੰਡ ਕੁਲਾਰਾਂ ਦੇ ਬਚਨ ਸਿੰਘ ਦੇ ਦੋ ਲੜਕੇ ਦਰਬਾਰਾ ਸਿੰਘ ਤੇ ਮਿਰਜ਼ਾ ਸਿੰਘ ਵੀ ਪਿਛਲੇ 10 ਕੁ ਸਾਲਾਂ ਤੋਂ ਲਾਪਤਾ ਹਨ ਜਿਨ੍ਹਾਂ ਦਾ ਅਜੇ ਤਕ ਕੋਈ ਥਹੁ-ਪਤਾ ਨਹੀਂ ਲੱਗਿਆ। ਵਿਆਹੇ-ਵਰ੍ਹੇ ਇਨ੍ਹਾਂ ਗੁੰਮ ਹੋਏ ਵਿਅਕਤੀਆਂ ਦੇ ਘਰ ਸੁੰਨਸਾਨ ਪਏ ਹਨ। ਪਰਿਵਾਰ ਅੰਤਮ ਰਸਮਾਂ ਵੀ ਨਹੀਂ ਕਰ ਸਕਦਾ ਅਤੇ ਅੰਤਮ ਸਮੇਂ ਤਕ ਉਡੀਕ ਕਰਨ ਲਈ ਘਰ ਦੇ ਬੂਹਿਆਂ ਵਲ ਨਜ਼ਰਾਂ ਲਗੀਆਂ ਰਹਿੰਦੀਆਂ ਹਨ ਕਿ ਸ਼ਾਇਦ ਕਿਧਰੋਂ ਦੋਹਾਂ ਭਰਾਵਾਂ ਵਿਚੋਂ ਕੋਈ ਇਕ ਹੀ ਆ ਜਾਵੇ। ਦਰਬਾਰਾ ਸਿੰਘ ਦੀ ਪਤਨੀ ਨਿਰਮਲ ਕੌਰ, ਜਿਸਨੂੰ ਵਿਧਵਾ ਵੀ ਨਹੀਂ ਕਿਹਾ ਜਾ ਸਕਦਾ, ਨੇ ਦਸਿਆ, "ਸਾਡਾ ਦੋ ਭੈਣਾਂ ਦਾ ਵਿਆਹ ਇਕੋ ਹੀ ਪਰਿਵਾਰ ਵਿਚ ਹੋਇਆ। ਮਿਰਜ਼ਾ ਸਿੰਘ ਤਕਰੀਬਨ 10 ਕੁ ਸਾਲ ਪਹਿਲਾਂ ਗੁੰਮ ਹੋਇਆ ਪਰ ਅੱਜ ਤਕ ਉਸਦਾ ਕੋਈ ਅਤਾ-ਪਤਾ ਨਹੀਂ। ਪਿੰਡ ਬੁਜਰਕ ਦੀ ਲਾਪਤਾ ਹੋਈ ਅੰਗਰੇਜ਼ ਕੌਰ ਦੀ ਵੀ ਕੋਈ ਵੱਖਰੀ ਕਹਾਣੀ ਨਹੀਂ।

ਉਕਤ ਔਰਤ ਤਕਰੀਬਨ ਡੇਢ ਸਾਲ ਪਹਿਲਾਂ ਘਰੋਂ ਨਾਭਾ ਨੇੜਲੇ ਪਿੰਡ ਵਿਖੇ ਹਥੌਲਾ ਕਰਵਾਉਣ ਗਈ ਸੀ ਪਰ ਮੁੜ ਘਰ ਨਹੀਂ ਪਰਤੀ। ਇਸ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਪਰ ਪੱਲੇ ਕੁੱਝ ਨਹੀਂ ਪਿਆ। ਜਿਥੇ ਇਸ ਔਰਤ ਦੇ ਪਰਿਵਾਰਕ ਮੈਂਬਰ ਪ੍ਰੇਸ਼ਾਨ ਹਨ ਉਥੇ ਬੰਤ ਸਿੰਘ ਵੀ ਦਿਮਾਗੀ ਤੌਰ 'ਤੇ ਕਮਜ਼ੋਰ ਤੇ ਲਾਚਾਰ ਹੋ ਗਿਆ ਹੈ। ਨੰਗੇ ਪੈਰੀਂ ਉਹ ਆਪਣੀ ਪਤਨੀ ਨੂੰ ਥਾਂ-ਥਾਂ ਲੱਭਦਾ ਫਿਰਦਾ ਹੈ। ਜ਼ਿਕਰਯੋਗ ਹੈ ਕਿ ਪਿੰਡ ਬੁਜਰਕ ਵਿਚ ਪਿਛਲੇ ਕੁਝ ਕੁ ਸਮੇਂ ਤੋਂ ਛੇ ਸੱਤ ਵਿਅਕਤੀਆਂ ਦੇ ਅਚਾਨਕ ਲਾਪਤਾ ਹੋ ਜਾਣ ਅਤੇ ਉਨ੍ਹਾਂ ਦੀ ਕੋਈ ਉਘ-ਸੁੱਘ ਨਾ ਮਿਲਣ ਕਰਕੇ ਉਨ੍ਹਾਂ ਦੇ ਪਰਿਵਾਰ ਭਾਰੀ ਚਿੰਤਾ ਵਿਚ ਹਨ।

ਸਮਾਣਾ ਦੇ ਮੋਤੀਆ ਬਾਜ਼ਾਰ ਮੁਹੱਲੇ ਵਿਚ ਪੰਜ ਨੌਜੁਆਨ ਮੁੰਡਿਆਂ ਦੇ ਥੋੜੇ-ਥੋੜੇ ਸਮੇਂ ਬਾਅਦ ਅਚਾਨਕ ਲਾਪਤਾ ਹੋ ਜਾਣ ਕਾਰਨ ਉਨ੍ਹਾਂ ਦੇ ਪਰਿਵਾਰ, ਉਨ੍ਹਾਂ ਦੀ ਗੁੰਮਸ਼ੁਦਗੀ ਨੂੰ ਲੈ ਕੇ ਭਾਰੀ ਚਿੰਤਾ ਵਿਚ ਹਨ। ਸਾਵਿਤਰੀ ਦੇਵੀ (ਵਿਧਵਾ ਸੁਰਿੰਦਰ ਸਿੰਘ) ਨੇ ਦੱਸਿਆ ਕਿ ਉਸਦਾ ਲੜਕਾ ਸਰਬਜੀਤ ਸਿੰਘ ਅੱਜ ਤੋਂ ਸੱਤ ਸਾਲ ਪਹਿਲਾਂ ਕਿਸੇ ਕੰਮ ਲਈ ਸ਼ਹਿਰ ਗਿਆ ਸੀ ਪਰ ਵਾਪਸ ਨਾ ਆਇਆ। ਇਸੇ ਤਰ੍ਹਾਂ ਰਾਮ ਪਿਆਰੀ (ਵਿਧਵਾ ਜਵਾਲਾ ਰਾਮ) ਦਾ ਲੜਕਾ ਕਮਲ ਕੁਮਾਰ 10 ਸਾਲ ਪਹਿਲਾਂ ਘਰੋਂ ਕੰਮਕਾਰ ਲਈ ਗਿਆ ਪਰ ਅੱਜ ਤਕ ਘਰ ਨਹੀਂ ਪਰਤਿਆ। ਰਾਮ ਪਿਆਰੀ ਨੇ ਦਸਿਆ ਕਿ ਉਨ੍ਹਾਂ ਦਾ ਪੁੱਤਰ ਬਹੁਤ ਹੀ ਸ਼ਰੀਫ ਤੇ ਸ਼ਾਂਤ ਸੁਭਾਅ ਦਾ ਸੀ ਜੋ ਕਿ ਇਕ ਪ੍ਰਾਈਵੇਟ ਫੈਕਟਰੀ ਵਿਚ ਪਿਛਲੇ ਕਈ ਸਾਲਾਂ ਤੋਂ ਕੰਮ ਕਰਦਾ ਆ ਰਿਹਾ ਸੀ। ਗੁੰਮਸ਼ੁਦਗੀ ਦੀ ਰਿਪੋਰਟ ਲਿਖਾਏ ਜਾਣ ਦੇ ਬਾਵਜੂਦ ਪੁਲਿਸ ਉਸ ਨੂੰ ਲਭਣ ਵਿਚ ਨਾਕਾਮ ਰਹੀ। ਇਸੇ ਮੁਹੱਲੇ ਦੇ ਰਾਮ ਕਿਸ਼ਨ ਦੇ ਪੁੱਤਰ ਦਵਿੰਦਰ ਕੁਮਾਰ ਦੇ ਗੁੰਮ ਹੋਣ ਦੀ ਕਹਾਣੀ ਵੀ ਵੱਖਰੀ ਨਹੀਂ। ਦਵਿੰਦਰ ਦੀ ਮਾਤਾ ਸ਼ਿੰਦੋ ਦੇਵੀ ਨੇ ਦਸਿਆ ਕਿ ਉਨ੍ਹਾਂ ਦਾ ਪੁੱਤਰ 2002 ਵਿਚ ਆਪਣੀ ਬੀ ਏ ਦੀ ਕਲਾਸ ਦਾ ਨਤੀਜਾ ਵੇਖਣ ਲਈ ਕਾਲਜ ਗਿਆ ਸੀ ਪਰ ਉਹ ਅੱਜ ਕਈ ਸਾਲ ਲੰਘਣ ਉਪਰੰਤ ਵੀ ਘਰ ਵਾਪਸ ਨਹੀਂ ਆਇਆ। ਪੂਰੇ ਮੁਹੱਲੇ ਅੰਦਰ ਸਹਿਮ ਵਾਲਾ ਮਾਹੌਲ ਹੈ ਕਿਉਂਕਿ ਇਕੋ ਮੁਹੱਲੇ ਵਿਚੋਂ ਪੰਜ ਵਿਅਕਤੀਆਂ ਦਾ ਥੋੜੇ-ਥੋੜੇ ਸਮੇਂ ਬਾਅਦ ਘਰੋਂ ਗਾਇਬ ਹੋ ਜਾਣਾ ਬੁਝਾਰਤ ਬਣਿਆ ਹੋਇਆ ਹੈ। ਜਿਨ੍ਹਾਂ ਦੇ ਆਉਣ ਦੀ ਉਡੀਕ ਅੱਜ ਵੀ ਉਨ੍ਹਾਂ ਦੇ ਮਾਂ ਬਾਪ ਬੜੀ ਹੀ ਬੇਸਬਰੀ ਨਾਲ ਕਰ ਰਹੇ ਹਨ।

## ਗੁਆਚੇ ਫੁੱਲ

ਫੁੱਲ ਲਾਏ ਮਾਲੀ ਵਿਚ ਬਗੀਚੇ
ਮਾਲੀ ਵੇਖ ਫੁੱਲਾਂ ਖੁਸ਼ ਹੋਵੇ।
ਫੁੱਲ ਚੜ੍ਹੇ ਜਵਾਨੀ ਜੋਬਨ ਰੁੱਤੇ
ਫੁੱਲ ਨਾ ਮਾਲੀ ਜਾਣ ਲਕੋਏ।

ਫੁੱਲਾਂ ਵਿਹੜਾ ਭਰਿਆ ਨਾਲ ਬਹਾਰਾਂ
ਖਿੜੇ ਫੁੱਲਾਂ ਦੇ ਅਜ਼ਬ ਨਜ਼ਾਰੇ।
ਫੁੱਲ ਮਹਿਕਾਂ ਵੰਡਣ ਰੰਗ-ਬਰੰਗੇ
ਵਿਚ ਹਵਾਵਾਂ ਲੈਣ ਹੁਲਾਰੇ।

ਇਕ ਅੰਨੀ ਬੋਲ਼ੀ ਉਠੀ ਹਨੇਰੀ
ਝਖੜ ਵਿਚ ਪੰਜਾਬ ਦੇ ਝੁਲਿਆ।
ਸਭ ਭੁੱਲੇ ਫੁੱਲ ਬਗੀਚੇ ਆਪਣੇ
ਮਾਲੀ ਖੁਦ ਫੁੱਲਾਂ ਨੂੰ ਭੁਲਿਆ।

ਆਪਣੇ ਹੀ ਫੁੱਲਾਂ ਦੇ ਉਤੇ
ਐਸਾ ਉਸਨੇ ਕਹਿਰ ਕਮਾਇਆ।
ਹਾਕਮ ਖੁਦ ਬਣਿਆ ਅੰਗਿਆਰਾ
ਐਸਾ ਉਸਨੇ ਲਾਂਬੂ ਲਾਇਆ।

ਫੁੱਲ ਵੀ ਬਣ ਕੇ ਭਾਂਬੜ ਉਠੇ
ਇਕ ਫੁੱਲ ਮੇਰਾ ਵੀ ਉੜਿਆ
ਝਖੜਾਂ ਦੇ ਸੰਗ ਰਿਹਾ ਜੂਝਦਾ
ਮੁੜ ਨ ਫੇਰ ਬਗੀਚੇ ਬੜਿਆ।

ਇਸ ਝੱਖੜ ਦੇ ਨਾਲ ਪੰਜਾਬੇ
ਆਈਆਂ ਤੇਜ਼ ਹਵਾਵਾਂ ਤੱਤੀਆਂ।
ਮਹਿਕ ਫੁੱਲਾਂ ਦੀ ਉਹ ਲੈ ਉਡੀਆਂ
ਫੁੱਲ ਬੂਟੇ ਕੀਤੇ ਪੱਤੀਆਂ ਪੱਤੀਆਂ।

ਉਨੀ ਸੌ ਛਿਆਸੀ ਚਾਰ ਫਰਵਰੀ
ਟੀ.ਵੀ. ਤੋਂ ਇਹ ਖਬਰਾਂ ਆਈਆਂ।
ਨਿਹੱਥੇ ਸਿੰਘਾਂ ਤੇ ਸ਼ਹਿਰ ਨਕੋਦਰ
ਮੀਂਹ ਵਾਂਗ ਗੋਲੀਆਂ ਪੁਲਿਸ ਵਰਾਈਆਂ।

ਕਈ ਫੁੱਲਾਂ ਨੂੰ ਕੀਤਾ ਢੇਰੀ
ਅੰਦਰ ਸ਼ਹਿਰ ਸੱਨਾਟਾ ਛਾਇਆ।
ਨਾ ਕੋਈ ਆਵੇ ਨਾ ਕੋਈ ਜਾਵੇ
ਕਰਫਿਊ ਸਾਰੇ ਸ਼ਹਿਰ ਲਗਾਇਆ।

ਨ ਫੁੱਲਾਂ ਦੀਆਂ ਮਿਲੀਆਂ ਪੱਤੀਆਂ
ਨਾ ਹੀ ਕਿਸੇ ਸੁਣੀ ਅਰਜੋਈ।
ਮਾਲੀ ਡਾਢਾ ਜ਼ਾਲਮ ਹੋਇਆ
ਪੇਸ਼ ਕਿਸੇ ਨਾ ਜਾਵੇ ਕੋਈ।

ਫੁੱਲ ਦਿਸੇ ਨਾ ਮੁੜਕੇ ਮਾਲੀ
ਨ ਮੁੜ ਮਹਿਕ ਫੁੱਲਾਂ ਦੀ ਆਈ।
ਅੱਖੀਓਂ ਜੋਤਿ ਗਈ ਮੁਕ ਮਾਲੀ
ਫੁੱਲਾਂ ਦੀ ਨਾ ਆਸ ਮਿਟਾਈ।

ਹੁਣ ਕੌਣ ਲੱਭੇਗਾ ਫੁੱਲ ਗੁਆਚੇ
ਕਿਹੜਾ ਫੁੱਲ ਜੋ ਮੋੜ ਲਿਆਵੇ।
ਰਹੇ ਤਕਦਾ ਨਿਤ ਬਗੀਚਾ ਮਾਲੀ
ਫੁੱਲ ਨਾ ਕੋਈ ਨਜ਼ਰੀ ਆਵੇ।

ਕਦੋਂ ਆਉਣਗੇ ਫੁੱਲ ਫੁੱਲਾਂ ਦੇ
ਕਿਹੜਾ ਫੁੱਲ ਫੁੱਲਾਂ ਦੇ ਪਾਉ?
'ਬੇਦੀ' ਨਿਤ ਬੂਹੇ ਵਲ ਤੱਕੇ
ਕਦੋਂ ਗਿਆ ਫੁੱਲ ਮੁੜ ਕੇ ਆਉ?

*-ਬਲਦੇਵ ਸਿੰਘ ਬੇਦੀ*

# ਇਕੱਲੇ ਕੈਰੋਂ ਨੇ ਹੀ ਸਾਰੇ ਪੰਜਾਬ ਦੇ ਧੋਣੇ ਧੋਤੇ

**ਨਿਰਮਲ ਸੰਧੂ**

ਚੰਡੀਗੜ੍ਹ ਰਹਿੰਦਿਆਂ ਜਦੋਂ ਖੇਮਕਰਨ, ਪੱਟੀ ਤੇ ਅੰਬਰਸਰ ਬਿਤਾਏ 21 ਸਾਲ ਯਾਦ ਕਰੀਦੇ ਆ ਤਾਂ ਮਾਝੇ ਵਾਲਿਆਂ ਦੀਆਂ ਬਹੁਤ ਗੱਲਾਂ ਵੱਖਰੀਆਂ ਲਗਦੀਆਂ ਨੇ। ਮਲਵਈ ਮਿੱਤਰ ਕਈ ਵਾਰ ਏਧਰ ਤੇ ਉੱਧਰ ਬਾਰੇ ਸੋਚੀਂ ਪਾ ਦਿੰਦੇ ਨੇ। ਬਾਰਡਰ ਦੇ ਪਿੰਡਾਂ ਵਾਲੇ ਕਈ ਵਾਰ ਉਜੜੇ, ਕਈ ਵਾਰ ਵਸੇ। ਪਹਿਲਾਂ 1947 ਵਿਚ ਤੇ ਫੇਰ 65 ਤੇ 71 'ਚ। ਹਰ ਜੰਗ ਤੋਂ ਬਾਅਦ ਉਹ ਫਿਰ ਮਕਾਨ ਬਣਾਉਂਦੇ। ਮੁਆਵਜ਼ਾ ਮਿਲਦਾ, ਨਾ ਮਿਲਦਾ। ਉੱਜੜਨ-ਵਸਣ ਦਾ ਮਾਨਸਿਕਤਾ 'ਤੇ ਕੀ ਅਸਰ ਪੈਂਦਾ ਹੈ ਉਹ ਹੀ ਸਮਝ ਸਕਦੇ ਨੇ, ਜਿਨ੍ਹਾਂ ਨੇ ਯੁੱਧ ਦੀਆਂ ਬਰਬਾਦੀਆਂ ਦੇਖੀਆਂ ਨੇ ਜਾਂ ਮਜਬੂਰੀ 'ਚ ਘਰੋਂ ਬੇਘਰ ਹੋਏ। ਹੁਣ ਉਨ੍ਹਾਂ ਦੀਆਂ ਲੋੜਾਂ ਘੱਟ ਨੇ ਤੇ ਮੰਗਾਂ ਕਰਨ ਦੀ ਆਦਤ ਨਹੀਂ। ਜੇ ਕੋਈ ਨੇੜੇ ਚੱਲਦਾ ਸਕੂਲ-ਕਾਲਜ ਜਾਂ ਹਸਪਤਾਲ ਨਹੀਂ ਤਾਂ ਨਾ ਸਹੀ, ਡੰਗ ਟਪਾ ਲੈਂਦੇ ਨੇ। ਸਰਕਾਰ ਨਾਲ ਕੋਈ ਗਿਲਾ-ਸ਼ਿਕਵਾ ਨਹੀਂ ਚਾਹੇ 'ਤਰੱਕੀ' ਤੋਂ ਦੂਰ ਨੇ। ਪੜ੍ਹੇ-ਲਿਖੇ ਬਾਰਡਰ ਦੇ ਪਿੰਡਾਂ ਵਾਸਤੇ 'ਪੈਕੇਜ' ਦੀ ਮੰਗ ਕਰਦੇ ਨੇ। ਅਸਲੀ ਮਝੈਲ ਕਿਸੇ ਤੋਂ ਕੁਝ ਨਹੀਂ ਮੰਗਦਾ। ਮੰਗਣਾ ਉਹਦੇ ਸੁਭਾਅ 'ਚ ਨਹੀਂ। ਉਹ ਲੜਨ-ਮਰਨ ਲਈ ਤਿਆਰ ਹਨ। ਮਾੜੀ ਜਿਹੀ ਟੇਢੀ ਵੱਟ 'ਤੇ ਕਤਲ ਹੋ ਸਕਦੈ। ਪਰ ਇਕੱਠੇ ਹੋ ਕੇ ਮੁਜ਼ਾਹਰੇ ਕਰਨੇ ਜਾਂ ਫਰਿਆਦ ਕਰਨੀ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ। ਇਸੇ ਕਰਕੇ ਉਧਰ ਹੜਤਾਲਾਂ ਘੱਟ ਹੁੰਦੀਆਂ ਹਨ। ਜ਼ਰਾ-ਜ਼ਰਾ ਗੱਲ 'ਤੇ ਸੜਕਾਂ 'ਤੇ ਜਾਮ ਨਹੀਂ ਲਾਉਂਦੇ। ਗੱਡੀਆਂ ਜਾਂ ਬੱਸਾਂ ਦੀ ਭੰਨ-ਤੋੜ ਨਹੀਂ ਕਰਦੇ। ਬਿਜਲੀ ਆਉਂਦੀ ਕਿ ਨਹੀਂ, ਸੜਕਾਂ ਟੁੱਟੀਆਂ ਨੇ ਕਿ ਬਣੀਆਂ- ਕੋਈ ਫਰਕ ਨਹੀਂ ਪੈਂਦਾ।

ਮਾਝੇ ਵਾਲੇ ਕਾਨੂੰਨ ਵਿਚ ਰਹਿਣ ਦੇ ਆਦੀ ਨਹੀਂ। ਮਲਵਈ ਤੇ ਦੁਆਬੀਏ ਹਿਸਾਬ ਨਾਲ ਚੱਲਦੇ ਨੇ। ਇਧਰ ਘਰ ਦੀ ਕੱਢੀ ਪੀਣ ਦਾ ਰਿਵਾਜ਼ ਨਹੀਂ। ਮਾਝੇ ਦੇ ਪਿੰਡਾਂ ਵਿਚ ਵਿਆਹ-ਸ਼ਾਦੀਆਂ ਤੇ ਘਰ ਦੀ ਬਣਾਈ ਸ਼ਰਾਬ ਵਰਤਦੀ। ਦੂਜੀ ਤਾਂ ਵਾਰਾ ਹੀ ਨਹੀਂ ਖਾਂਦੀ। ਇਸੇ ਕਰਕੇ ਉਹ ਪੁਲੀਸ ਨਾਲ ਬਣਾ ਕੇ ਰੱਖਦੇ।

ਇਕ ਠਾਣੇਦਾਰ ਮਿੱਤਰ ਦੀ ਬਦਲੀ ਰੋਪੜ ਹੋ ਗਈ। ਉਹ ਕਈ ਵਰ੍ਹੇ ਅੰਬਰਸਰ ਜ਼ਿਲੇ ਦੇ ਠਾਣਿਆਂ ਵਿਚ ਰਿਹਾ ਸੀ। ਇੱਥੇ ਆ ਕੇ ਬੜਾ ਦੁਖੀ, ਹਿਰਖ 'ਚ ਕਹਿੰਦਾ, "ਏਧਰ ਸਾਲਾ ਕੋਈ

### ਯਾਦਾਂ ਦੀ ਪਟਾਰੀ

ਚਾਹ-ਚੂਹ ਈ ਨਹੀਂ ਪੁੱਛਦਾ। ਉਤਲੀ ਕਮਾਈ ਬਿਲਕੁਲ ਬੰਦ ਹੋ ਗਈ ਏ। ਜ਼ਰਾ ਜਿਹੀ ਗੱਲ 'ਤੇ ਲੋਕ ਵੱਡੇ-ਵੱਡੇ ਅਫਸਰਾਂ ਕੋਲ ਜਾਂ ਕਚਹਿਰੀ ਚਲੇ ਜਾਂਦੇ ਨੇ। ਜੇ ਤੇਰਾ ਕਿਤੇ ਜ਼ੋਰ ਪੈਂਦਾ ਤਾਂ ਮੇਰੀ ਬਦਲੀ ਵਾਪਸ ਅੰਬਰਸਰ ਕਰਾ ਦੇ। ਨਹੀਂ ਤਾਂ ਟਰੈਫਿਕ ਵਿਚ ਲੁਆ ਦੇ।"

ਜਿਵੇਂ ਮਾਲਵੇ 'ਚ ਸਾਹਿਤ ਸਭਾਵਾਂ ਬਣੀਆਂ ਨੇ, ਮਾਝੇ ਵਿਚ ਬਚਾਅ ਹੀ ਰਿਹਾ। ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਤੋਂ ਬਾਅਦ ਸ਼ਿਵ ਬਟਾਲਵੀ ਤੇ ਵਰਿਆਮ ਸੰਧੂ ਹੋਏ ਪਰ ਆਮ ਮਝੈਲ ਲੇਖਕਾਂ ਦੀ ਬਹੁਤੀ ਕਦਰ ਨਹੀਂ ਕਰਦੇ। ਮਝੈਲ ਹੋਣ ਦਾ ਅਹਿਸਾਸ ਪਹਿਲੀ ਵਾਰ 'ਧਰਤੀ ਹੇਠਲਾ ਬਲਦ' ਕਹਾਣੀ ਪੜ੍ਹ ਕੇ ਹੋਇਆ। ਉਂਜ ਮਾਝੇ ਬਾਰੇ ਤਾਂ ਮਾਝੇ ਤੋਂ ਬਾਹਰ ਆ ਕੇ ਹੀ ਸੋਚਿਆ। ਇਕ ਮਾਝਾ ਕਲੱਬ ਬਣਾਇਆ। ਚੰਡੀਗੜ੍ਹ, ਮੁਹਾਲੀ ਤੇ ਪੰਚਕੂਲੇ ਰਹਿੰਦੇ ਮਝੈਲ ਬੜੇ ਜੋਸ਼ ਵਿਚ ਅੱਗੇ ਆਏ ਕਿ ਮਾਝੇ ਨਾਲ ਹੋ ਰਿਹਾ ਮਤਰੇਈ ਮਾਂ ਵਾਲਾ ਸਲੂਕ ਰੋਕਿਆ ਜਾ ਸਕੇ ਤੇ ਇਸ ਦੀ ਤਰੱਕੀ ਲਈ ਕੁਝ ਕੀਤਾ ਜਾਵੇ। ਚਾਰ-ਪੰਜ ਮੀਟਿੰਗਾਂ ਹੋਈਆਂ ਪਰ ਸ਼ਰਾਬ ਮਝੈਲਾਂ 'ਚ ਭਾਰੂ ਹੋ ਗਈ।

ਮਾਝੇ ਦੇ ਮੁੰਡਿਆਂ ਦੇ ਹੀਰੋ ਪਹਿਲਾਂ ਬਲੈਕੀਏ ਸੀ ਫੇਰ ਖਾੜਕੂ ਤੇ ਹੁਣ ਡਾਲਰ-ਪੌਂਡਾਂ ਵਾਲੇ। ਆਈਲੈਟਸ ਪਾਸ ਕਰਨਾ ਤੇ ਵਿਦੇਸ਼ ਵਸਣਾ ਉਨ੍ਹਾਂ ਦਾ ਉਦੇਸ਼ ਹੈ। ਬਾਰਡਰ 'ਤੇ ਕੰਡਿਆਲੀ ਤਾਰ ਲੱਗਣ ਤੋਂ ਪਹਿਲਾਂ ਅਫੀਮ ਤੇ ਸੋਨੇ ਦੀ ਬਲੈਕ ਆਮ ਸੀ। ਬਲੈਕੀਆ ਬਣਨਾ ਜੁਰਅਤ ਦੀ ਗੱਲ ਸੀ। ਪੁਲਿਸ ਦੀ ਕੁੱਟ ਜਾਂ ਗੋਲੀ ਝੱਲਣ ਦੀ ਹਿੰਮਤ ਚਾਹੀਦੀ ਸੀ

ਪਾੜ੍ਹਿਆਂ ਦਾ ਸੁਪਨਾ ਸੀ ਪੁਲਸੀਆ, ਪਟਵਾਰੀ ਜਾਂ ਬੱਸ ਕੰਡਕਟਰ ਬਣਨਾ। ਰੋਡਵੇਜ਼ ਵਿਚ ਬੜੀ ਕਮਾਈ ਸੀ। ਕੋਈ ਫੌਜ ਵਿਚ ਜਾ ਭਰਤੀ ਹੁੰਦਾ ਤਾਂ ਕੋਈ ਬਿਜਲੀ ਬੋਰਡ 'ਚ ਲਾਈਨਮੈਨ ਲੱਗਣ ਲਈ ਹੱਥ-ਪੈਰ ਮਾਰਦਾ। 14ਵੀਂ ਤੋਂ 'ਗਾਂਹ ਕੋਈ-ਕੋਈ ਟੱਪਦਾ। ਬਹੁਤੇ 10-11ਵੀਂ ਵਿਚ ਹੀ ਕਿਰ ਜਾਂਦੇ। ਜਿਹੜਾ ਥੋੜ੍ਹਾ ਲੈਕ ਹੁੰਦਾ, ਦਾੜ੍ਹੀ ਵਧਾਉਂਦਾ ਤੇ ਪੰਜਾਬ ਐਂਡ ਸਿੰਧ ਬੈਂਕ ਵਿਚ ਲੱਗਣ ਲਈ ਸਿਫਾਰਸ਼ ਲੱਭਦਾ।

ਅਤਿਵਾਦ ਸ਼ੁਰੂ ਹੋਇਆ ਤਾਂ ਏ. ਕੇ. 47 ਨੇ ਜਵਾਨਾਂ ਨੂੰ ਆਪਣੇ ਵੱਲ ਖਿੱਚਿਆ। ਕਈਆਂ ਨੇ ਦਾੜ੍ਹੀਆਂ ਕੱਟਣੀਆਂ ਬੰਦ ਕਰਤੀਆਂ ਤੇ ਸਿੰਘ ਸਜ ਗਏ। ਭਿੰਡਰਾਂਵਾਲੇ ਦੀ ਜੁਰਅਤ ਨੇ ਪੁਲਿਸ ਡਰਾਈ ਤੇ ਨੌਜਵਾਨਾਂ ਨੂੰ ਸ਼ਰਧਾਲੂ ਬਣਾਇਆ। ਲੁੱਟਾਂ-ਖੋਹਾਂ ਤੇ ਕਤਲ ਵਧ ਗਏ। ਕਈ ਪੁਲਿਸ ਦੇ ਸਤਾਏ ਖਾੜਕੂ ਬਣ ਗਏ। ਏਨਾ ਲਹੂ ਡੁੱਲ੍ਹਿਆ, ਕੀ ਖੱਟਿਆ? ਉਦੋਂ ਵੀ ਬਾਦਲ ਮੁੱਖ ਮੰਤਰੀ ਸੀ, ਅੱਜ ਵੀ ਹੈ।

ਮਾਝੇ ਦਾ ਇਕ ਮੁੱਖ ਮੰਤਰੀ ਬਣਿਆ। ਉਸਨੇ ਸਾਰੇ ਪੰਜਾਬ ਦੀ ਤਰੱਕੀ ਬਾਰੇ ਸੋਚਿਆ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਲਈ ਤੇ ਪੀ. ਜੀ. ਆਈ. ਚੰਡੀਗੜ੍ਹ। ਅੱਜ ਵੀ ਲੋਕ ਕੈਰੋਂ ਨੂੰ ਯਾਦ ਕਰਦੇ ਨੇ। ਮਾਲਵੇ ਦੇ ਮੁੱਖ ਮੰਤਰੀਆਂ ਆਪਣੇ ਘਰ ਹੀ ਸਵਾਰੇ। ਜੇ ਪੰਜਾਬ ਹੁਣ ਗਰਕ ਰਿਹਾ ਤਾਂ ਇਸ ਦੀ ਵਜ੍ਹਾ ਇਹ ਹੈ ਕਿ ਨਾ ਕੋਈ ਕੈਰੋਂ ਵਰਗਾ ਨੇਤਾ ਹੈ ਅਤੇ ਨਾ ਹੀ ਮਹਿੰਦਰ ਸਿੰਘ ਰੰਧਾਵੇ ਵਰਗਾ ਅਫਸਰ।

# 'ਝਨਾਂ ਦੀ ਰਾਤ' ਦੇ ਪ੍ਰਸੰਗ ਵਿਚ

***ਜਦੋਂ ਹਰਿੰਦਰ ਸਿੰਘ ਮਹਿਬੂਬ ਦੇ ਕਾਵਿ ਸੰਗ੍ਰਹਿ 'ਝਨਾਂ ਦੀ ਰਾਤ' ਉਤੇ ਉਸ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ ਸੀ ਤਾਂ ਦਿੱਲੀ ਦੇ ਪੱਤਰਕਾਰਾਂ ਦੇ ਇਕ ਵਰਗ ਵਿਚ ਇਸ ਪੁਰਸਕਾਰ ਬਾਰੇ ਕਈ ਨਾਂਹਪੱਖੀ ਰਿਪੋਰਟਾਂ ਛਪੀਆਂ ਸਨ। ਉਸ ਵੇਲੇ ਡਾ. ਗੁਰਬਚਨ ਨੇ 'ਝਨਾਂ ਦੀ ਰਾਤ' ਬਾਰੇ ਇਹ ਲੇਖ ਲਿਖਿਆ ਸੀ। ਮਹਿਬੂਬ ਦੇ ਦੇਹਾਂਤ ਤੋਂ ਬਾਅਦ 'ਝਨਾਂ ਦੀ ਰਾਤ' ਇਕ ਵਾਰ ਫਿਰ ਚਰਚਾ ਵਿਚ ਹੈ। ਅਸੀਂ ਪਾਠਕਾਂ ਦੀ ਦਿਲਚਸਪੀ ਲਈ ਇਹ ਲੇਖ ਇਥੇ ਛਾਪ ਰਹੇ ਹਾਂ। -ਸੰਪਾਦਕ***

ਡਾ. ਗੁਰਬਚਨ

ਕੁਝ ਲੇਖਕ ਕਦੇ ਵੀ ਅਣਗੌਲੇ ਨਹੀਂ ਕੀਤੇ ਜਾ ਸਕਦੇ। ਉਨ੍ਹਾਂ ਦੀ ਮੌਜੂਦਗੀ ਧੁੱਪ ਵਾਂਗ ਹੁੰਦੀ ਹੈ। ਕੋਈ ਸ਼ਾਸਨ ਦਰਵੇਸ਼ੀ ਸ਼ਿੱਦਤ ਦਾ ਦਮਨ ਨਹੀਂ ਕਰ ਸਕਦਾ। ਪੰਜਾਬ ਨੇ ਹਮੇਸ਼ਾ ਅਜਿਹੇ ਸ਼ਾਇਰ ਪੈਦਾ ਕੀਤੇ ਹਨ ਜਿਨ੍ਹਾਂ ਦੇ ਸ਼ਬਦਾਂ 'ਚੋਂ ਯੁਗਾਂ ਦੀ ਗਾਥਾ ਬੋਲਦੀ ਹੈ। ਇਨ੍ਹਾਂ ਸ਼ਾਇਰਾਂ ਦੀਆਂ ਆਵਾਜ਼ਾਂ ਸਾਡੀ ਧਰਤੀ ਦੇ ਅਚੇਤ 'ਚ ਗੂੰਜ ਵਾਂਗ ਮੌਜੂਦ ਹਨ। ਹਰਿੰਦਰ ਸਿੰਘ ਮਹਿਬੂਬ ਪੰਜਾਬ ਦੇ ਅਤੀਤ ਦੀਆਂ ਆਵਾਜ਼ਾਂ ਨੂੰ ਬੁਲੰਦ ਕਰਨ ਵਾਲਾ ਕਵੀ ਹੈ। ਉਸ ਦਾ ਆਬਸ਼ਾਰੀ ਸਰੋਦ ਸਾਡੇ ਬੀਤ ਚੁੱਕੇ ਅਸਲ ਨੂੰ ਸੁਰਜੀਤ ਕਰਦਾ ਹੈ। ਲੋੜ ਅਜਿਹੇ ਕਵੀ ਨਾਲ ਸਾਂਝ ਪਾਉਣ ਦੀ ਹੈ।

ਪਰ ਕਵਿਤਾ ਨਾਲ ਸਾਂਝ ਪਾਉਣ ਦੇ ਸਮੇਂ ਤਾਂ ਵਿਹਾਜ ਗਏ ਹਨ। ਜਿਹੜੇ ਵੇਲੇ ਗੁੰਮ-ਗੁਆਚ ਚੁੱਕੇ ਹਨ ਮਹਿਬੂਬ ਦੇ ਜ਼ਿਹਨ 'ਚ ਉਹ ਕੁੰਡੀ ਫਸਾਈ ਬੈਠੇ ਹਨ। ਉਹ ਬੀਤ ਚੁੱਕੇ ਦਾ ਕਵੀ ਹੈ, ਇਸ ਲਈ ਓਪਰਾ ਲੱਗਦਾ ਹੈ। ਉਸ ਨੂੰ ਵੀ ਇਹ ਯੁਗ ਜ਼ਰੂਰ ਓਪਰਾ ਲਗਦਾ ਹੋਵੇਗਾ। ਪੰਜਾਬੀ ਪਾਠਕ ਅੱਜ ਦੀ ਗਿਫ਼ਤ 'ਚ ਹੈ ਤੇ ਪੰਜਾਬ ਦਾ ਇਹ ਸ਼ਾਇਰ ਬੀਤ ਚੁੱਕੇ ਦੇ ਗੁਣ ਗਾਣ 'ਚ ਮਸਰੂਫ਼ ਹੈ। ਉਸ ਦਾ ਅੰਦਾਜ਼ੇ-ਬਿਆਨ ਪੁਰਾਣਾ ਹੋਣ ਕਰਕੇ ਓਪਰਾ ਹੈ। ਸ਼ਿੱਦਤ ਤੇ ਲਗਨ ਅਥਾਹ ਹੈ। ਸਰੋਦੀ ਵੇਗ ਹੈ। ਇਸਦੇ ਉਲਟ ਅੱਜ ਦੇ ਬੰਦੇ ਪਾਸ ਵਸਤਾਂ ਦਾ ਭੰਡਾਰ ਹੈ। ਸ਼ਬਦਾਂ ਦੀ ਟਕਸਾਲ ਦੀ ਉਸ ਨੂੰ ਲੋੜ ਨਹੀਂ ਜਾਪਦੀ। ਸਥਿਤੀ ਤੇ ਕਵੀ ਵਿਚਕਾਰ ਅਜੀਬ ਅੰਤਰ-ਵਿਰੋਧ ਹੈ।

ਮਹਿਬੂਬ ਪਾਸ ਬੀਤ ਚੁੱਕੇ ਦੀ ਰੂਹਾਨੀ ਤੇ ਇੰਦ੍ਰਿਆਵੀ ਅਮੀਰੀ ਹੈ; ਪੰਜ ਦਰਿਆਵਾਂ ਦੀ ਗਾਥਾ ਹੈ; ਸਮੇਂ ਦੇ ਖੰਡਰਾਂ ਦਾ ਸੁਹਜ ਹੈ; ਸੂਫ਼ੀ ਫ਼ਕੀਰਾਂ ਲਈ ਮੁਹੱਬਤ ਹੈ; ਸ਼ਹੀਦਾਂ ਲਈ ਸ਼ਰਧਾ ਹੈ; ਗੁਰੂ ਦੇ ਨਾਂ ਦਾ ਡੰਕਾ ਹੈ। ਵਿਰਸੇ ਵਲ ਜੋ ਬੇਗਾਨਗੀ ਪੰਜਾਬੀ ਬੰਦਾ ਸਹੇੜੀ ਬੈਠਾ ਹੈ ਉਸ ਤੋਂ ਮੁਕਤ ਹੋਣ ਦੀ ਇੱਛਾ ਵਾਲਾ ਹੀ 'ਝਨਾਂ ਦੀ ਰਾਤ' ਦੀ ਤਾਕਤ ਦਾ ਅੰਦਾਜ਼ਾ ਲਗਾ ਸਕਦਾ ਹੈ। ਇਸ ਕਿਤਾਬ 'ਚ ਬੀਤ ਚੁੱਕੇ ਪੰਜਾਬ ਦਾ ਸਬੂਤਾਪਣ ਦਿਖਾਈ ਦੇਂਦਾ ਹੈ।

ਪੰਜਾਬੀ ਬੰਦੇ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਸਮੇਂ ਦੇ ਦਾਅ-ਪੇਚਾਂ ਦੀ ਤਹਿ ਤੱਕ ਨਾ ਜਾਣ ਵਾਲੀ ਲੋਕਾਈ ਖਪਤ ਸਭਿਆਚਾਰ ਦੀ ਮਾਰ ਹੇਠ ਆ ਜਾਂਦੀ ਹੈ ਤੇ ਸੁਤੇ-ਸਿੱਧ ਆਪਣੇ ਅਸਲੇ ਤੋਂ ਟੁੱਟ ਜਾਂਦੀ ਹੈ। ਤਾਕਤ ਹਥਿਆਉਣ ਤੇ ਇਸ ਤਾਕਤ ਨੂੰ ਯੁਗਾਂ ਤਕ ਕਾਇਮ ਰੱਖਣ ਵਾਲੀ ਜਮਾਤ ਮਨੁੱਖ ਨੂੰ ਧਰਤੀ ਤੋਂ ਉਖੇੜ ਕੇ ਉਸ ਦਾ ਕੱਦ ਛੋਟਾ ਕਰਦੀ ਹੈ। ਪੰਜਾਬ ਦੇ ਬੰਦੇ ਸਾਹਮਣੇ ਇਹ ਸੁਆਲ ਅੱਜ ਹੈ ਕਿ ਉਸ ਨੇ ਆਪਣੇ ਵਿਰਸੇ ਤੇ ਜੜ੍ਹਾਂ ਤੋਂ ਟੁੱਟ ਕੇ ਆਪਣਾ ਕੱਦ ਘਟਾਉਣਾ ਹੈ, ਆਪਣੇ ਆਪ ਨੂੰ ਅਦਨਾ ਬਣਾਉਣਾ ਹੈ ਜਾਂ ਆਪਣੇ ਆਪ ਨੂੰ ਸਬੂਤਾ ਬਚਾਈ ਰੱਖਣਾ ਹੈ। ਮਸਲਾ ਪਰਾਏ ਕਲਚਰ ਦੇ ਗਲਬੇ ਤੋਂ ਮੁਕਤ ਹੋਣ ਦਾ ਹੈ। ਕੇਂਦਰੀ ਸਿਆਸਤ ਪੰਜਾਬ ਨੂੰ ਕੁਟ ਹੀ ਨਹੀਂ ਰਹੀ ਸਗੋਂ ਕਲਚਰ ਤੇ ਸੋਚ ਦੀ ਪੱਧਰ 'ਤੇ ਭਾਸ਼ਾ ਅਤੇ ਪ੍ਰਵਚਨ ਦੇ ਖੇਤਰ ਵਿਚ ਆਪਣਾ ਗਲਬਾ ਦਿਨੋ ਦਿਨ ਵਧਾਈ ਜਾ ਰਹੀ ਹੈ। ਗਲਬਾ ਵਧਾਉਣ ਦਾ ਇਕ ਜ਼ਰੀਆ ਲੇਖਕਾਂ, ਕਲਮ-ਵਾਹਕਾਂ, ਪੱਤਰਕਾਰਾਂ ਨੂੰ ਇਨਾਮਾਂ/ਸਨਮਾਨਾਂ ਦੇ ਮਰੂੰਡੇ ਵੰਡ ਕੇ ਉਨ੍ਹਾਂ ਦੀ ਸੁਤੰਤਰ ਸੋਚ ਤੇ ਸਵੈਮਾਨ ਨੂੰ ਹਜ਼ਮ ਕਰੀ ਜਾਣਾ ਹੈ। ਇਕ ਪਾਸੇ ਪੰਜਾਬ ਦੀ ਆਤਮਾ ਕੁਚਲੀ ਜਾ ਰਹੀ ਹੈ, ਦੂਜੇ ਪਾਸੇ ਲੇਖਕਾਂ ਪੱਤਰਕਾਰਾਂ ਨੂੰ ਮਰੂੰਡੇ ਵੰਡੇ ਜਾ ਰਹੇ ਹਨ। ਇਹ ਤਾਕਤ ਦੀਆਂ ਜ਼ਹਿਰੀਲੀਆਂ ਪਰਤਾਂ ਹਨ। ਇਸ ਆਲਮ ਦੇ ਕੀ ਅਰਥ ਹਨ?

ਅਜਿਹੇ ਆਲਮ ਦੇ ਉਹੀ ਅਰਥ ਹਨ ਜੋ ਹੁਣ ਦਿਸ ਰਹੇ ਹਨ। ਬੇਬਸੀ, ਲਾਚਾਰੀ, ਚੁੱਪ ਵਾਲੇ ਅਰਥ ਹਨ। ਇਸ ਪ੍ਰਸੰਗ 'ਚ ਮਹਿਬੂਬ ਵਰਗੇ ਕਵੀਆਂ ਦੀ ਅਹਿਮੀਅਤ ਦਾ ਪਤਾ ਚਲਦਾ ਹੈ। ਅਜਿਹੇ ਕਵੀ ਸਿਰਫ ਕਵੀ ਬਣਨ ਲਈ ਫਿਕਰੇ ਨਹੀਂ ਜੋੜਦੇ। ਅਜਿਹੇ ਸ਼ਾਇਰ ਯੁਗਾਂ ਦੀਆਂ ਪਰਤਾਂ ਫਰੋਲਦੇ ਹਨ। ਮਹਿਬੂਬ ਵਾਰ ਵਾਰ ਸੂਫ਼ੀ ਫ਼ਕੀਰਾਂ ਤੇ ਪੰਜਾਬੀ ਸਭਿਆਚਾਰਕ ਜਾਤੀ ਦੇ ਬੁਲਾਰੇ ਸ਼ਾਇਰਾਂ-ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਸ਼ਾਹ ਮੁਹੰਮਦ, ਵਾਰਸ ਸ਼ਾਹ, ਪੂਰਨ ਸਿੰਘ-ਨੂੰ ਮੁਖ਼ਾਤਿਬ ਹੁੰਦਾ ਹੈ। ਪੰਜਾਬ ਦੇ ਦਰਿਆ, ਇਨ੍ਹਾਂ ਦਾ ਯੁੱਗਾਂ ਤੋਂ ਚਲਦਾ ਆ ਰਿਹਾ ਪਰਵਾਹ, ਇਨ੍ਹਾਂ ਦਵਾਲੇ ਆਸ਼ਕਾਂ, ਨਾਇਕਾਂ ਯੋਧਿਆਂ ਦੇ ਲਏ ਗਏ ਸਾਹਾਂ ਨਾਲ ਮਿਲੀ ਹਵਾ, ਇਸ ਹਵਾ 'ਚ ਰਲੀ ਉਦਾਸੀ ਤੇ ਵਿਗੋਚਾ, ਪੰਜਾਂ ਪਾਣੀਆਂ 'ਚ ਅਭੇਦ ਰਾਤਾਂ ਤੇ ਅਥਰੂਆਂ ਦਾ ਰਹੱਸ, ਸਾਹਿਬਾਂ, ਹੀਰ ਤੇ ਸੋਹਣੀ ਦੇ ਜਜ਼ਬਾਤ, ਇਸ ਸਭ ਕੁਝ ਨੂੰ ਉਹ ਕਵਿਤਾ ਦੀ ਕਾਇਨਾਤ ਦਾ ਹਿੱਸਾ ਬਣਾਉਂਦਾ ਹੈ।

ਮਹਿਬੂਬ ਦੀ 'ਝਨਾਂ ਦੀ ਰਾਤ' ਬਾਰੇ ਰਾਜਧਾਨੀ 'ਚ ਪੈਦਾ ਹੋਈ ਕਾਂਵਾਂ-ਰੌਲੀ ਪ੍ਰਗਟ ਕਰਦੀ ਹੈ ਕਿ ਅੱਜ ਦਾ ਬੰਦਾ ਕਿਧਰ ਜਾ ਰਿਹਾ ਹੈ। ਕਵਿਤਾ ਜਦੋਂ ਕਾਵਿ-ਹੀਣ ਫਿਜ਼ਾ ਨਾਲ ਟਕਰਾਵੇ, ਫੁੱਲਾਂ ਦੀ ਮਹਿਫਲ ਉੱਤੇ ਪੀਲੀ ਹਵਾ ਜਦੋਂ ਧਾਵਾ ਬੋਲ ਦੇਵੇ, ਉਦੋਂ ਸੂਖਮ ਤੇ ਸੰਜੀਦਾ ਕੁਝ ਨਹੀਂ ਬਚਦਾ। ਪਲੀਤ ਜਿਹਾ ਕੁਝ ਬਚਦਾ ਹੈ ਤੇ ਜੋ ਕੁਝ ਵਾਪਰ ਰਿਹਾ ਹੁੰਦਾ ਹੈ, ਵਾਪਰਦਾ ਰਹਿੰਦਾ ਹੈ। ਉਦੋਂ ਉਦਾਸੀ ਤੇ ਰੁਦਨ ਦਾ ਰੰਗ ਵੀ ਮੌਤ ਵਰਗਾ ਹੋ ਜਾਂਦਾ ਹੈ। ਸੰਵੇਦਨਾ ਸਾਹਮਣੇ ਸ਼ੋਰ ਥਿਰ ਹੋ ਜਾਂਦਾ ਹੈ। ਕੀ ਕਵਿਤਾ ਅਜਿਹੇ ਯੁੱਗ ਸਾਹਮਣੇ ਕਾਇਮ ਰਹਿ ਸਕਦੀ ਹੈ? ਕੀ ਪੰਜਾਬ ਦੇ ਬੀਤ ਚੁੱਕੇ ਦੀ ਅਤੇ ਵਿਰਸੇ ਦੀ ਗੂੰਜ ਅੱਜ ਸੁਣਾਈ ਦੇ ਸਕਦੀ ਹੈ? ਕੀ ਇਹ ਸਮੇਂ ਕਵੀ ਮਹਿਬੂਬ ਲਈ ਮਾਕੂਲ ਹਨ?

ਜਿਨ੍ਹਾਂ ਦੀ ਪ੍ਰਤਿਬੱਧਤਾ ਵਸਤਾਂ ਤੋਂ ਸ਼ੁਰੂ ਹੋ ਕੇ ਵਸਤਾਂ ਤਕ ਖਤਮ ਹੋ ਜਾਂਦੀ ਹੈ ਉਹ ਵਸਤਾਂ ਵਾਂਗ ਚੇਤਨਾ-ਮੁਕਤ ਹੋ ਜਾਂਦੇ ਹਨ। ਖਪਤ ਕਲਚਰ ਦਾ ਇਹੀ ਲਕਸ਼ ਹੈ। ਪੰਜਾਬ ਦੀ ਦਰਵੇਸ਼ੀ ਸ਼ਾਇਰੀ ਇਸ ਮਾਨਸਿਕਤਾ ਲਈ ਨਹੀਂ। ਮਹਿਬੂਬ ਦੀ ਕਵਿਤਾ ਨੇ ਇਕ ਵੇਰ ਪ੍ਰਗਟ ਕਰ ਦਿੱਤਾ ਹੈ ਕਿ ਪੁਰਾਣਾ ਪੰਜਾਬ ਅੱਜ ਸਬੂਤੇ ਦਾ ਸਬੂਤਾ, ਸਮੇਤ ਇਸਦੇ ਸੁਪਨਿਆਂ, ਉਮੰਗਾਂ, ਉਦਾਸੀਆਂ, ਹੰਝੂਆਂ, ਗਹਿਰੀਆਂ ਅੱਖਾਂ, ਆਸ਼ਕਾਂ, ਦਰਿਆਵਾਂ, ਪੀਰਾਂ ਫ਼ਕੀਰਾਂ, ਰੋਹੀਆਂ, ਬੇਲਿਆਂ, ਅਨੂਠੇ ਚੱਕਰ-ਚਿਹਨਾਂ, ਮੁਹੱਬਤਾਂ ਦੇ ਇਕਰਾਰਾਂ ਦੇ ਫਿਰ ਸਮਝਣ ਅਤੇ ਚੇਤੇ ਕਰਨ ਯੋਗ ਹੈ।

ਕਵੀ ਨੂੰ ਮਿਲੀ ਖੁੱਲ੍ਹ ਕਰਕੇ ਹੀ ਹਰਿੰਦਰ ਸਿੰਘ ਮਹਿਬੂਬ ਜ਼ਿੱਦ ਵਾਂਗ ਵੱਖਰਾ ਹੈ। ਉਸ ਨੂੰ ਅੱਜ ਬਾਰੇ ਲਿਖਣ ਦੀ ਉਤੇਜਨਾ ਨਹੀਂ। ਉਹ ਪੰਜਾਬ ਦੀ ਉਦਾਸੀ ਤੇ ਵਿਗੋਚੇ ਦੀ ਤਹਿ ਤਕ ਜਾਣਾ ਚਾਹੁੰਦਾ ਹੈ, ਉਸਦੇ ਅਸਲ ਵਲ, ਤੇ ਖਵਾਰ ਹੋ ਚੁੱਕੀ ਬਾਦਸ਼ਾਹੀ ਵਲ। ਉਹ ਸਰਲ ਜਿਹਾ ਲੱਗ ਕੇ ਵੀ ਕਿਸੇ 'ਅਪਹੁੰਚ ਵਿਸ਼ਵ' 'ਚ ਪੁੱਜਣ ਦੀ ਇੱਛਾ ਰਖਦਾ ਹੈ। ਕਵਿਤਾ ਬਾਰੇ ਉਸ ਦਾ ਚਿੰਤਨ ਚਾਲੂ ਸ਼ਾਇਰੀ ਤੋਂ ਪਾਰ ਜਾਂਦਾ ਹੈ। ਉਹ ਇਸ ਬਾਰੇ ਸੰਜੀਦਗੀ ਤੇ ਪ੍ਰਤਿਬਧਤਾ ਨਾਲ ਗੱਲ ਕਰਦਾ ਹੈ। ਉਹ ਆਪਣੀ ਕਲਮ ਤੇ ਇਸਦੇ ਮੁੱਦੇ ਬਾਰੇ ਸੁਚੇਤ ਹੈ। 'ਝਨਾਂ ਦੀ ਰਾਤ' ਦੇ ਆਰੰਭ 'ਚ ਦਰਜ ਕਵਿਤਾ ਬਾਰੇ ਲੰਮਾ ਕਥਨ ਉਸ ਦੀ ਪ੍ਰਤਿਬਧਤਾ ਤੇ ਅਮੁੱਕ ਲਗਨ ਨੂੰ ਪ੍ਰਗਟ ਕਰਦਾ ਹੈ। ਇਹ ਪੂਰਨ ਸਿੰਘ ਦੇ ਕਵਿਤਾ ਬਾਰੇ ਪ੍ਰਗਟਾਏ ਵਿਚਾਰਾਂ ਤੋਂ ਬਾਅਦ ਕਿਸੇ ਕਵੀ ਵਲੋਂ ਸਿਰਜਿਆ ਪ੍ਰਮਾਣਿਕ ਦਸਤਾਵੇਜ਼ ਹੈ। ਇਸ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਹੋ ਸਕੇ ਤਾਂ ਰੱਦ ਕਰਨਾ ਜ਼ਰੂਰੀ ਹੈ ਪਰ ਰੱਦ ਕਰਨ ਤੋਂ ਪਹਿਲਾਂ ਮਹਿਬੂਬ ਦੇ ਚਿੰਤਨ ਤੋਂ ਪਾਰ ਜਾਣ ਦੀ ਲੋੜ ਹੈ।

ਉਸ ਸਾਹਮਣੇ ਅਚੇਤ ਹੀ ਸੁਆਲ ਹੈ, ਪੰਜਾਬੀ ਕੌਮੀਅਤ ਦਾ ਅਸਲ ਕੀ ਹੋਵੇ? ਉਸ ਦੀ ਕਵਿਤਾ ਵਿਚ ਇਹ ਅਸਲ ਪੁਰਾਣੇ ਪੰਜਾਬ ਦੇ ਜ਼ੱਰੇ ਜ਼ੱਰੇ ਨਾਲ ਮੋਹ 'ਚੋਂ ਮਿਲੇਗਾ-ਪੰਜਾਬ ਦੀ ਲੈਂਡਸਕੇਪ 'ਚੋਂ, ਦਰਿਆਵਾਂ, ਨਦੀਆਂ ਤੇ ਬੇਲਿਆਂ 'ਚੋਂ; ਇੱਥੋਂ ਦੀਆਂ ਨੱਢੀਆਂ ਤੇ ਆਸ਼ਕਾਂ-ਸੂਰਮਿਆਂ 'ਚੋਂ। ਪੰਜਾਬ ਦੇ ਧਰਤ-ਦ੍ਰਿਸ਼ ਮਹਿਬੂਬ ਦੇ ਕਾਵਿ-ਮਨ ਵਿਚ ਛਾਂ ਵਾਂਗ ਫੈਲੇ ਹੋਏ ਹਨ। ਇਸ ਤਰ੍ਹਾਂ ਦਾ ਕਾਵਿ-ਮਨ ਹੀ ਉਸਦੇ ਗੀਤਾਂ ਤੇ ਉਸ ਦੀ ਕਾਵਿ ਭਾਸ਼ਾ ਦੀ ਸਰੋਦੀ ਸ਼ਕਤੀ ਦਾ ਮੁੱਢ ਹੈ। ਇਕ ਤਰ੍ਹਾਂ ਨਾਲ ਉਹ ਪੰਜਾਬ ਦੇ ਵਜੂਦ ਨੂੰ ਸੁਹਜ ਦੀ ਉੱਚਤਾ ਤਕ ਲੈ ਜਾਂਦਾ ਹੈ।

ਅਜਿਹੇ ਕਵੀ ਦੀ ਭਾਸ਼ਾ ਪ੍ਰਚਲਤ ਜਿਹੀ ਨਹੀਂ ਹੋ ਸਕਦੀ। ਭਾਈ ਵੀਰ ਸਿੰਘ ਦੀ ਕਾਵਿ-ਭਾਸ਼ਾ ਦਾ ਅੰਤ-ਬਿੰਦੂ ਮਹਿਬੂਬ ਦੀ ਕਾਵਿ ਭਾਸ਼ਾ ਦਾ ਆਦਿ ਬਿੰਦੂ ਹੈ। ਉਸਦੀ ਕਵਿਤਾ ਦੀ ਵਡਿਆਈ ਇਸ ਗੱਲ 'ਚ ਹੈ ਕਿ ਇਸ ਵਿਚ ਵਸਤੂ ਬਿਰਤਾਂਤ ਨਾਲੋਂ ਮਨੋ-ਬਿਰਤਾਂਤ ਦਾ ਵੱਧ ਦਖਲ ਹੈ। ਇਸ ਮਨੋ-ਬਿਰਤਾਂਤ 'ਚ ਆਮ ਜੀਵਨ ਵਰਗੀ ਵੰਨ-ਸੁਵੰਨਤਾ ਨਹੀਂ। ਇਹ ਇਕਸਾਰ ਹੈ। ਆਬਸ਼ਾਰ ਵਾਂਗ ਹਰਕਤ 'ਚ ਹੈ। ਥਿਰ ਵੀ ਹੈ। ਕਵੀ ਆਪਣੇ ਜਲਾਲ 'ਚ ਮਸਤ ਹੈ। ਆਪਣੀ ਦੁਨੀਆਂ 'ਚ ਗੁੰਮ ਹੈ। ਤੁਸੀਂ ਮਹਿਬੂਬ ਦੀ ਕਾਵਿ ਭਾਸ਼ਾ ਰਾਹੀਂ ਉਸ ਦੇ ਸਰੋਕਾਰਾਂ, ਵਿਚਾਰਧਾਰਾ ਤੇ ਚਿੰਤਾਵਾਂ ਤਕ ਪੁੱਜ ਸਕਦੇ ਹੋ। ਅਜਿਹੇ ਕਵੀ ਦੀ ਭਾਸ਼ਾ, ਜ਼ਾਹਿਰ ਹੈ, ਅਕੇਵਾਂ ਪੈਦਾ ਕਰ ਸਕਦੀ ਹੈ। ਵਸਤਾਂ 'ਚ ਖੁੱਭੇ ਮਨੁੱਖ ਲਈ ਤਾਂ ਹਰ ਕਵਿਤਾ ਅਕੇਵਾਂ ਪੈਦਾ ਕਰਦੀ ਹੈ

ਮਹਿਬੂਬ ਦੀ ਕਵਿਤਾ ਬਾਰੇ ਜ਼ਬਾਨੀ ਟਿੱਪਣੀ ਕਰਨ ਵਾਲੇ ਬਹੁਤ ਹਨ। ਇਸ ਕਵਿਤਾ ਨੂੰ ਰੱਦ ਕਰਨ ਵਾਲੇ ਵੀ ਅਨੇਕ ਹਨ ਪਰ ਇਸਨੂੰ ਉਸ ਪ੍ਰਕਾਰ ਸਮਝਣ ਲਈ ਕੋਈ ਤਿਆਰ ਨਹੀਂ ਜਿਸ ਤਰ੍ਹਾਂ ਕਵਿਤਾ ਸਮਝੀ ਜਾਣੀ ਚਾਹੀਦੀ ਹੈ। ਸ਼ਾਇਰੀ 'ਨਿੱਜੀ ਖੁੱਲ੍ਹ' ਦਾ ਅਮਲੀ ਰੂਪ ਹੈ। ਕਿਸੇ ਕਵੀ ਨੂੰ ਹਲਕਾ ਜਿਹਾ ਇਸ਼ਾਰਾ ਕਰਨਾ ਵੀ ਸੰਭਵ ਨਹੀਂ ਕਿ ਉਹ ਕੀ ਲਿਖੇ। ਦੇਖਣਾ ਇਹ ਹੁੰਦਾ ਹੈ ਕਿ ਜੋ ਉਸਨੇ ਲਿਖਿਆ ਹੈ ਉਹ ਕੀ ਹੈ। ਕਵੀ ਕਿਸੇ ਵੀ ਜੁਗਤ ਨਾਲ ਮਨੁੱਖੀ ਵਜੂਦ ਤੇ ਉਸ ਨਾਲ ਜੁੜੇ ਅਣਗਿਣਤ ਪਾਸਾਰਾਂ ਨਾਲ ਗੱਲ ਕਰ ਸਕਦਾ ਹੈ; ਕਿਸੇ ਵੀ ਵਿਸ਼ਵਾਸ ਅਤੇ ਵਿਚਾਰ ਨੂੰ ਤੋੜ ਭੰਨ ਸਕਦਾ ਹੈ; ਕਿਸੇ ਵੀ ਵਸਤ ਅੱਗੇ ਪ੍ਰਸ਼ਨ ਲਗਾ ਸਕਦਾ ਹੈ ਜਾਂ ਨਹੀਂ ਲਗਾ ਸਕਦਾ ਹੈ। ਕਵਿਤਾ ਦੀ ਤਾਕਤ ਇਸੇ ਗੱਲ 'ਚ ਹੈ ਕਿ ਇਹ ਮਿਥੇ ਅਨੁਸਾਰ ਨਹੀਂ ਚਲਦੀ। ਪੰਜਾਬੀ ਕਵਿਤਾ ਵਿਚ ਪਹਿਲੀ ਵੇਰਾਂ ਇਥੋਂ ਦੇ ਭੂ-ਦ੍ਰਿਸ਼ ਸੁਹਜ ਭਰੇ ਸੁਲੱਖੇ ਵੇਰਵੇ ਅੰਗ ਬਣੇ ਹਨ। ਸਿੱਖ ਇਤਿਹਾਸ ਦੇ ਵੇਰਵੇ ਸਾਂਝੇ ਜਾਤੀਗਤ ਵਿਰਸੇ ਵਾਂਗ ਮਿਲਦੇ ਹਨ। ਮਹਿਬੂਬ ਦੀ ਕਵਿਤਾ ਵਿਚ ਸਿੱਖ ਇਤਿਹਾਸ ਦੇ ਪੰਨੇ ਪੰਜਾਬੀ ਬੰਦੇ ਦੇ ਵਿਸ਼ਵ ਚਿੰਤਨ ਦੇ ਰੂਪ 'ਚ ਪ੍ਰਗਟ ਹੋਏ ਹਨ। ਉਹ ਸਿੱਖ ਇਤਿਹਾਸ ਨੂੰ ਮਿੱਥ ਸਿਰਜਣ ਤਕ ਪਹੁੰਚਾ ਦੇਂਦਾ ਹੈ ਤਾਂ ਜੋ ਇਹ ਸਮੁੱਚੀ ਪੰਜਾਬੀ ਜਾਤੀ ਦੇ ਸੰਘਰਸ਼ ਤੇ ਦੁਸ਼ਵਾਰੀਆਂ ਦਾ ਅਕਸ ਜਾਪੇ। ਇਤਿਹਾਸ ਨੂੰ ਵਿਚਾਰਧਾਰਾ ਅਧੀਨ ਕਰਕੇ ਨਿੱਕੇ ਮੋਟੇ ਸਬਕ ਤਿਆਰ ਕਰਨਾ ਮਹਿਬੂਬ ਦੀ ਕਵਿਤਾ ਦਾ ਲਕਸ਼ ਨਹੀਂ। ਜੇ ਇਤਿਹਾਸ ਨੂੰ ਪਾਰ-ਇਤਿਹਾਸ ਤੇ ਕਵਿਤਾ ਦੇ 'ਅਪਹੁੰਚ ਵਿਸ਼ਵ' ਤਕ ਸਾਰਥਿਕ ਬਣਾਉਣਾ ਹੈ ਤਾਂ ਇਸ ਨੂੰ ਪ੍ਰਤੀਕ ਵਜੋਂ ਵਰਤਣਾ ਉਸ ਦੀ ਕਵਿਤਾ ਦੀ ਮਰਿਆਦਾ ਹੈ। ਮਹਿਬੂਬ ਇਸ ਮਰਿਆਦਾ ਨੂੰ ਭੰਗ ਨਹੀਂ ਹੋਣ ਦੇਂਦਾ, ਉਸ ਇਕ ਕਵਿਤਾ 'ਚ ਵੀ ਨਹੀਂ ਜਿਸ ਕਵਿਤਾ ਨੂੰ ਲੈ ਕੇ ਰਾਜਧਾਨੀ ਦੇ ਪੱਤਰਕਾਰਾਂ ਨੇ ਤੂਫ਼ਾਨ ਖੜਾ ਕੀਤਾ ਹੈ।

ਇਸ ਕਿਸਮ ਦੇ ਸ਼ੋਰ-ਗੁਲ ਦਾ ਸ਼ਾਇਰ ਨੂੰ ਇਕ ਲਾਭ ਹੋਇਆ। ਸ਼ਾਇਰ ਨੂੰ ਹੀ ਨਹੀਂ, ਪੰਜਾਬੀ ਕਵਿਤਾ ਨੂੰ ਵੀ ਇਹ ਰਾਸ ਆਇਆ। ਇਸ ਨਾਲ ਕਵੀ ਮਹਿਬੂਬ ਦੀ ਗੁੰਮਨਾਮੀ ਤੇ ਅਜਨਬੀਅਤ ਖ਼ਤਮ ਹੋਈ। ਕਵਿਤਾ ਦੇ ਪਾਰਖੂਆਂ ਦੀ ਜ਼ਮੀਰ ਵੀ ਟੁੰਬੀ ਗਈ ਕਿ ਕਿਉਂ ਕਵਿਤਾ ਬਾਰੇ ਗੱਲ ਕਵਿਤਾ ਦੀ ਮਰਿਆਦਾ ਤੋਂ ਦੂਰ ਰਹਿ ਕੇ ਕੀਤੀ ਜਾ ਰਹੀ ਹੈ? ਕਿਉਂ ਪੰਜਾਬ ਦੇ ਕਵੀ ਨੂੰ ਪੰਜਾਬ ਨਾਲ ਵਾਪਰੇ ਦੁਖਾਂਤ ਦੀ ਗੱਲ ਕਰਨ ਦੀ ਖੁੱਲ ਨਹੀਂ? ਇਸ ਤੋਂ ਇਕ ਸੁਨੇਹਾ ਇਹ ਮਿਲਿਆ ਕਿ ਜਿੰਨੀ ਦੇਰ ਤੱਕ ਪੰਜਾਬ ਦੇ ਬੁਧੀਜੀਵੀ ਇਕ-ਮੁੱਠ ਹੋ ਕੇ ਆਪਣੇ ਵਿਰਸੇ ਤੇ ਭਾਸ਼ਾ ਦੀ ਖਾਤਰ ਤਾਕਤਵਰ ਧਿਰ ਨਹੀਂ ਬਣਦੇ, ਦੇਸ਼ ਦੇਸ਼ਾਂਤਰਾਂ 'ਚ ਇਸ ਤਾਕਤ ਦਾ ਪ੍ਰਮਾਣ ਨਹੀਂ ਦੇਂਦੇ, ਉਨੀ ਦੇਰ ਤਕ ਪੰਜਾਬ ਵਿਰੋਧੀ ਸਿਆਸਤ ਆਪਣਾ ਜੌਹਰ ਦਿਖਾਂਦੀ ਰਵੇਗੀ। ਕਈ ਲੇਖਕਾਂ ਨੇ ਕਿਤਾਬ ਪੜ੍ਹੇ ਬਗ਼ੈਰ, ਸਿਰਫ ਇਕੋ ਕਵਿਤਾ ਬਾਰੇ ਪੜ੍ਹ ਸੁਣ ਕੇ, ਕਿਤਾਬ ਦੇ ਵਿਰੁਧ ਆਪਣੀ ਹਾਜ਼ਰੀ ਲਗਵਾਈ। ਕਵਿਤਾ ਨੂੰ ਕਵਿਤਾ ਵਾਂਗ ਪੜ੍ਹਨ ਦੀ ਜਾਚ ਅੱਜ ਖ਼ਤਮ ਹੋ ਰਹੀ ਹੈ।

ਦਹਾਕਿਆਂ ਤੋਂ ਮਹਿਬੂਬ ਕਵਿਤਾ ਲਿਖਦਾ ਆ ਰਿਹਾ ਹੈ ਤੇ ਦਹਾਕਿਆਂ ਤੋਂ ਹੀ ਉਹ ਗੁੰਮਨਾਮ ਰਿਹਾ। ਇਹ ਗੁੰਮਨਾਮੀ ਉਸਦਾ ਚੁੱਪ ਨਾਲ ਕੀਤਾ ਕੋਈ ਅਹਿਦਨਾਮਾ ਹੈ। ਪੂਰੇ ਦਾ ਪੂਰਾ ਆਪਣਾ ਫ਼ੈਸਲਾ। ਅੱਠ ਕਿਤਾਬਾਂ ਦੇ ਖਰੜੇ ਤਿਆਰ ਕਰਕੇ ਸਾਂਭ ਦਿੱਤੇ, ਛਪਵਾਏ ਨਹੀਂ। ਉਸ ਦੇ ਅਚੇਤ ਨੂੰ ਆਪਣੀ ਕਵਿਤਾ ਵਰਗੇ ਹੀ ਵੱਖਰੇ ਜਿਹੇ ਪਾਠਕਾਂ ਦੀ ਲੋੜ ਸੀ। ਉਹ ਸ਼ਾਇਦ ਜਾਣਦਾ ਸੀ ਕਿ ਕਵਿਤਾ ਦੀ ਖਾਤਰ ਥਿਰ ਰਹਿਣ ਵਾਲੇ ਦਿਨ ਗੁੰਮ ਹੋ ਰਹੇ ਹਨ। ਉਸ ਦੀ ਕਵਿਤਾ ਦਾ ਸਮਾਂ ਬਹੁਤ ਪਿਛਾਂਹ ਰਹਿ ਗਿਆ। ਏਨੀ ਲੰਮੀ ਚੁੱਪ। ਦਿਲ 'ਚ ਖੁੱਭੀ ਅਥਾਹ ਲਗਨ ਅਤੇ ਸ਼ਬਦਾਂ ਦੀ ਟਕਸਾਲ ਨੂੰ ਕਿਸੇ ਲੇਖੇ ਨਾ ਲਗਾਉਣਾ, ਆਪਣੇ ਵਿੰਨ੍ਹੇ ਜਜ਼ਬਾਤ ਨੂੰ ਰੂਹ ਅੰਦਰ ਜਜ਼ਬ ਕਰੀ ਜਾਣਾ, ਸਮੇਂ ਦੀ ਧਾਰਾ 'ਚੋਂ ਆਪਣੀ ਗੈਰ-ਹਾਜ਼ਰੀ ਸੰਗ ਜੀਵੀ ਜਾਣਾ, ਪਰ ਸ਼ਬਦ ਸਿਰਜਣ ਦਾ ਖਾਤਾ ਕਦੇ ਖਾਲੀ ਨਾ ਰਹਿਣ ਦੇਣਾ; ਵਰਤਮਾਨ 'ਚੋਂ ਅਤੀਤ ਦਾ ਚਿਹਰਾ ਲਭਣਾ ਤੇ ਅਤੀਤ ਨੂੰ ਅੱਜ ਦੀ ਵਿੱਥ-ਸੂਝ ਤੋਂ ਦੇਖਣਾ, ਕਵਿਤਾ ਦੀ ਕਾਇਨਾਤ ਦੇ ਅਜਿਹੇ ਵਿਹਾਰ 'ਚ ਮਸਰੂਫ਼ ਕਵੀ ਦੀ ਕਿਸੇ ਮਾਨਤਾ, ਚਰਚਾ ਪਹਿਚਾਣ ਲਈ ਸਿੱਕ ਨਾ ਹੋਣਾ, ਇਹ ਸਭ ਫ਼ਕੀਰੀ ਦੀ ਸਮੱਗਰੀ ਹੈ। ਕਿਸੇ ਅਪਹੁੰਚ ਬੁਲੰਦੀ ਦੀ ਤਾਂਘ ਹੈ ਇਹ। ਲੱਗ ਇਸ ਤਰ੍ਹਾਂ ਰਿਹਾ ਹੈ ਕਿ ਮਹਿਬੂਬ ਜ਼ਿੰਦਗੀ ਭਰ ਪੰਜਾਬ ਦੀ ਰੂਹ ਦੀ ਤਲਾਸ਼ ਕਰਦਾ ਰਿਹਾ, ਕਰਦਾ ਰਹੇਗਾ। ਉਸਦੀ ਕਵਿਤਾ ਨੇ ਬੜੇ ਮੋਹ, ਉਦਾਸੀ, ਦਰਦ ਤੇ ਰੁਦਨ ਨਾਲ ਇਸ ਸੁਆਲ ਨਾਲ ਗੁਫ਼ਤਗੂ ਕੀਤੀ ਹੈ ਕਿ ਗੁੰਮ ਹੋ ਰਹੀ ਪੰਜਾਬ ਦੀ ਆਤਮਾ ਦੇ ਅਸਲ ਦੀਆਂ ਇਕਾਈਆਂ ਕਿਹੜੀਆਂ ਹਨ। ਆਪਣੇ ਇਸ ਅਮਲ 'ਚੋਂ ਉਸ ਨੇ ਅਨੂਠੀ ਸ਼ਕਤੀ ਪ੍ਰਾਪਤ ਕੀਤੀ ਹੈ। ਸ਼ਕਤੀ ਭਰਿਆ ਮਨੁੱਖ ਹੀ ਆਪਣੀ ਕਿਰਤ ਬਾਰੇ ਚੁੱਪ ਰਹਿੰਦਾ ਹੈ। ਅਜਿਹੀ ਚੁੱਪ ਚੇਤੰਨ ਮਨੁੱਖ ਦੀ ਸਮਿਆਂ ਦੇ ਤਸ਼ੱਦਦ ਨਾਲ ਨਿਪਟਣ ਦੀ ਜੁਗਤ ਹੈ।

ਦਿੱਲੀ ਨੇ ਇਸ ਕਿਤਾਬ ਨੂੰ ਆਪਣਾ ਇਕ ਬਦਨਾਮ ਹੋ ਰਿਹਾ ਇਨਾਮ ਦੇਣ ਦਾ ਐਲਾਨ ਕੀਤਾ। ਸਭਨਾਂ ਨੂੰ ਹੈਰਾਨੀ ਹੋਈ। ਕਵੀ ਨੂੰ ਵੀ ਇਸਦੀ ਹੈਰਾਨੀ ਹੋਈ ਹੋਵੇਗੀ। ਦਿੱਲੀ ਦੀ ਅਸਲੀਅਤ ਜਾਣਨ ਵਾਲਿਆਂ ਨੂੰ ਇਸ ਗੱਲ ਦੀ ਵੀ ਹੈਰਾਨੀ ਹੋਈ ਕਿ ਮਹਿਬੂਬ ਨੇ ਇਹ ਇਨਾਮ ਪ੍ਰਵਾਨ ਕਰ ਲਿਆ ਹੈ। ਜਾਪਦਾ ਇਹ ਹੈ ਕਿ ਚੁੱਪ ਨਾਲ ਸੰਵਾਦ ਕਰਨ ਵਾਲਾ ਇਹ ਕਵੀ ਕਿਸੇ ਵੀ ਤਰ੍ਹਾਂ ਦੇ ਵਿਵਾਦ ਤੋਂ ਤ੍ਰਹਿੰਦਾ ਹੈ। ਉਸ ਦੀ ਕਵਿਤਾ ਦੀ ਸੁਰ ਵੀ ਤਣਾਅ ਮੁਕਤ ਹੈ। ਪਰ ਕੀ ਪੰਜਾਬ ਨੂੰ, ਸਾਡੇ ਅੱਜ ਨੂੰ, ਪੰਜਾਬੀ ਬੰਦੇ ਨੂੰ, ਇਹੀ ਕੁਝ ਚਾਹੀਦਾ ਹੈ? ਇਥੇ ਆ ਕੇ ਕਵੀ ਦੀ ਸੀਮਾ ਤੇ ਇਕਹਿਰਾਪਣ ਪ੍ਰਗਟ ਹੁੰਦਾ ਹੈ। ਇਹ ਵੀ ਪਤਾ ਚਲਦਾ ਹੈ ਕਿ ਕਵੀ ਦੇ ਚਿੰਤਨ ਵਿਚ ਕਿਸੇ ਦਵੰਦ ਜਾਂ ਸੰਦੇਹ ਨੂੰ ਥਾਂ ਨਹੀਂ। ਉਹਨੂੰ ਆਪਣੀ ਕਾਵਿ ਭਾਸ਼ਾ ਦੀ ਇਕਸਾਰਤਾ 'ਤੇ ਵੀ ਸ਼ੱਕ ਨਹੀਂ। ਭਾਸ਼ਾ ਦੇ ਪੱਖੋਂ ਕਵੀ ਕਿਸੇ ਜੱਦੋਜਹਿਦ ਵਿਚ ਪੈਂਦਾ ਨਹੀਂ ਜਾਪਦਾ। ਰਵਾਇਤ ਵਿਚ ਰਹਿ ਕੇ ਇਸ ਤੋਂ ਪਾਰ ਜਾਣ ਦੀ ਲੋੜ ਜੋ ਬਣੀ ਰਹਿੰਦੀ ਹੈ ਕਵੀ ਉਸ ਬਾਰੇ ਤਾਂਘ ਪ੍ਰਗਟ ਨਹੀਂ ਕਰਦਾ। ਅਜਿਹੇ ਦਵੰਦਮੁਕਤ ਚਿੰਤਨ ਕਰਕੇ ਮਹਿਬੂਬ ਆਪਣੀ ਚੁੱਪ ਦੇ ਸੰਸਾਰ 'ਚ ਬਿਰਾਜਮਾਨ ਹੋ ਕੇ ਨਾ ਤਾਂ ਸਰਕਾਰੀ ਕਿਸਮ ਦਾ ਇਨਾਮ ਰੱਦ ਕਰ ਸਕਿਆ, ਨਾ ਇਨਾਮ ਨਾਲ ਪੈਦਾ ਹੋਏ ਵਿਵਾਦ ਨੂੰ ਤਾਕਤ ਨਾਲ ਨਜਿੱਠ ਸਕਿਆ। ਉਹ ਵੈਰਾਗੀ ਫ਼ਕੀਰਾਂ ਵਾਂਗ ਉਦਾਸੀ ਤੇ ਬੇਚੈਨੀ 'ਚ ਖੁੱਭ ਗਿਆ।

ਮਹਿਬੂਬ ਦੀ ਕਾਵਿ-ਸੋਚ 'ਚ ਸ਼ੱਕ ਤੇ ਤਣਾਅ ਨੂੰ ਗੁੰਜਾਇਸ਼ ਨਹੀਂ। ਅਦਨੇ ਮਨੁੱਖ ਦੀਆਂ ਅਦਨੀਆਂ ਗੱਲਾਂ ਦੀ ਗਾਥਾ ਨਹੀਂ। ਮਨੁੱਖ ਦੇ ਨਿਤ-ਪ੍ਰਤਿ ਦਿਨ ਦੇ ਸਾਹਾਂ ਦੇ ਉਤਰਾਅ-ਚੜ੍ਹਾ ਤੋਂ ਪਾਰ ਦੀ ਸਮੱਗਰੀ ਉਸਦੇ ਕਾਵਿ-ਮਨ ਨੂੰ ਵੱਧ ਟੁੰਬਦੀ ਹੈ। ਉਹ ਆਕਾਸ਼ 'ਚ ਉਡਾਰੀਆਂ ਮਾਰਨ ਵਾਲਾ ਪਾਰਗਾਮੀ ਕਵੀ ਹੈ। ਅਜਿਹੇ ਕਵੀ ਨੂੰ ਧਰਤੀ 'ਤੇ ਵਾਪਰੀਆਂ ਗੱਲਾਂ ਨਾਲ ਮੋਹ ਨਹੀਂ ਹੁੰਦਾ। ਸਾਹਿਤ ਅਕਾਦਮੀ ਨੇ ਇਨਾਮ ਦੇ ਦਿੱਤਾ, ਪ੍ਰਾਪਤ ਕਰ ਲਿਆ। ਇਹ ਇਨਾਮ ਦੇਣ ਵਾਲਿਆਂ ਦੀ ਮਜਬੂਰੀ ਸੀ। ਬਾਦ ਵਿਚ ਇਸ ਬਾਰੇ ਸ਼ੋਰ ਪਿਆ, ਇਹ ਵੀ ਸ਼ੋਰ ਪਾਉਣ ਵਾਲਿਆਂ ਦੀ ਮਜਬੂਰੀ ਹੋਏਗੀ ਕੋਈ। ਆਕਾਸ਼ 'ਚ ਉਡਾਰੀਆਂ ਲਗਾਉਣ ਵਾਲੇ ਇਨ੍ਹਾਂ ਨਿੱਕੀਆਂ ਗੱਲਾਂ ਵਲ ਧਿਆਨ ਨਹੀਂ ਦੇਂਦੇ। ਰੁਮਾਂਟਕ ਤੇ ਮਿੱਥਕ ਕਵਿਤਾ ਦੀ ਕਾਇਨਾਤ ਦਾ ਇਹ ਵੱਖਰਾ ਜਿਹਾ ਤਰਕ ਹੈ। ਅੱਜ ਦੀ ਚੇਤਨਾ ਦੇ ਪ੍ਰਸੰਗ 'ਚ ਇਹ ਤਰਕ ਅਜੀਬ ਲਗਦਾ ਹੈ।

ਤਦ ਹੀ ਤਾਂ ਮੈਂ ਕਿਹਾ ਹੈ ਕਿ ਹਰਿੰਦਰ ਸਿੰਘ ਮਹਿਬੂਬ ਦੀ ਅਤੀਤ ਬਾਰੇ ਚੇਤਨਾ ਹੀ ਉਸਦੀ ਅਨੂਠੀ ਪਛਾਣ ਹੈ। ਇਸ ਵਿਚ ਉਸਦੀ ਸੀਮਾ ਤੇ ਅਮੁੱਕ ਸ਼ਕਤੀ ਹੈ। ਪਰ ਇਹ ਗੱਲ ਸਮਝਣ ਲਈ ਉਸ ਦੀ 'ਝਨਾਂ ਦੀ ਰਾਤ' ਦਾ ਪਾਠ ਕਰਨਾ ਜ਼ਰੂਰੀ ਹੈ। ਇਸ ਕਿਤਾਬ ਬਾਰੇ ਲੰਮੀ ਚਰਚਾ ਦੀ ਬਹੁਤ ਗੁੰਜਾਇਸ਼ ਹੈ। ਅਨੇਕਾਂ ਪਰਤਾਂ ਖੋਲਣ ਵਾਲੀਆਂ ਹਨ। ਮਹਿਬੂਬ ਦੀ ਕਵਿਤਾ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ। ਬੇਸ਼ੱਕ ਅਤੀਤ ਦਾ ਬਹੁਤ ਕੁਝ ਭੁਲਾਉਣ ਵਾਲਾ ਹੁੰਦਾ ਹੈ ਪਰ ਬਹੁਤਾ ਕੁਝ ਸਾਂਭਣ ਵਾਲਾ ਵੀ ਹੁੰਦਾ ਹੈ। ਰੁਮਾਂਸ ਤੇ ਯਥਾਰਥ, ਵਰਤਮਾਨ ਤੇ ਭਵਿੱਖ, ਇੱਛਾ ਤੇ ਵਾਸਤਵਿਕਤਾ, ਇਤਿਹਾਸ ਤੇ ਮਿਥ-ਪ੍ਰਵਚਨ ਵਿਚਕਾਰ ਦਵੰਦ ਰਿਸ਼ਤੇ ਨੂੰ ਸਮਝਣ ਵਾਲਾ ਬੰਦਾ ਹੀ ਅੱਜ ਦੀਆਂ ਦੁਸ਼ਵਾਰੀਆਂ 'ਤੇ ਫਤਹਿ ਪਾ ਸਕਦਾ ਹੈ।

ਮਹਿਬੂਬ ਦੀ 'ਝਨਾਂ ਦੀ ਰਾਤ' ਇਸ ਗੱਲੋਂ ਅਹਿਮ ਹੈ ਕਿ ਇਹ ਪੰਜਾਬ ਦੇ ਬੰਦੇ ਵਿਚ ਬੀਤ ਚੁੱਕੇ ਦੀ ਸ਼ਕਤੀ ਬਾਰੇ ਚੇਤਨਾ ਜਗਾਂਦੀ ਹੈ ਪਰ ਜੇ ਇਹ ਬੰਦਾ ਚੇਤਨਾ ਵਾਲੇ ਪਾਸੇ ਮੂੰਹ ਨਾ ਕਰੇ, ਵਸਤਾਂ 'ਚ ਖੁਭਿਆ ਰਹੇ, ਆਪਣੇ ਅਸਲੇ ਤੋਂ ਟੁੱਟੇ, ਤਾਂ ਕਵਿਤਾ ਕੁਝ ਨਹੀਂ ਕਰ ਸਕਦੀ। (ਮਾਰਚ 1992)

## ਝਨਾਂ ਦੀ ਰਾਤ

ਕਿਸੇ ਪਾਤਣੀ ਨੂੰ ਸੱਦ ਦੇਂਦੇ,
ਘਣੀ ਰੈਣ ਦੇ ਪਾਣੀ।
ਛਾਣ ਰਹੇ ਅੰਬਰ ਕੁਲ ਧਰਤੀ :
"ਉਹ ਕਿਸ ਨੈਂ ਦੇ ਹਾਣੀ?"
ਖਿੱਚੀ ਧੁਣਖ ਸਬਰ ਦੀ ਕਾਲਾਂ,
ਚਿੱਲੇ ਚੜ੍ਹੇ ਸਿਤਾਰੇ।
ਨਾਜ਼ਕ ਕ੍ਰਿਣਾਂ ਚੀਰ ਕੇ ਲੰਘੇ,
ਅੰਬਰ ਦੇ ਹਰਕਾਰੇ।

ਮੈਂਡੀ ਦਿਲਤੀ ਤੇ ਬਿਜਲਾਏ,
ਸੈਆਂ ਮੇਘ ਹੁਲਾਸੇ।
ਰਿਮ ਝਿਮ ਵੇਖ ਰਹੀ ਗਗਨਾਂ ਦੀ,
ਮੁੱਢ ਕਦੀਮੀ ਪਾਸੇ।
ਮੇਰੇ ਦਿਲ ਚੋਂ ਵਾਜ ਸੁਣੀਂ ਕੁਈ,
ਨਾਜ਼ਕ ਸ਼ੀਰੀਂ ਨਾਦਾਂ।
ਮੇਰੇ ਕਦਮਾਂ ਹੇਠ ਵਿਛਾਈਆਂ,
ਕਾਫ਼ਲਿਆਂ ਦੀਆਂ ਯਾਦਾਂ।
ਮੈਨੂੰ ਵਾਟ ਸਿੱਧਾਂ ਦੀ ਦੱਸੀ
ਕਿਸੇ ਪਾਤਣੀ ਦੂਰੋਂ।
ਮੌਲੇ ਰੁੱਖ ਬੇਲਿਆਂ ਦੇ ਮੁੜ
ਮੇਂ ਹੰਝੂਆਂ ਦੇ ਨੂਰੋਂ।
ਆਹਟ ਮੇਰੇ ਕਦਮਾਂ ਦੀ ਜਾਂ ਫਿਰ,
ਭੇਦ ਧਰਤ ਦਾ ਕੋਈ।
ਪੱਥਰ ਹੋਈ ਗੁਫ਼ਾ 'ਚੋਂ ਉੱਠੀ,
ਵੰਝਲੀ ਦੀ ਅਰਜ਼ੋਈ।

ਕੋਈ ਕੋਈ ਬੋਲ ਧਰਤ 'ਚੋਂ ਸੁਣਦਾ,
ਗਹਿਲਾ ਦਿਲ ਘਬਰਾਵੇ।
ਚਮਕ ਵਿਰਾਟ ਨਭਾਂ ਦੀ ਵਿਚੋਂ,
ਹੰਸ ਪੁਰਾਣਾ ਗਾਵੇ।
ਮੰਝ ਦੂਰ ਤਾਰਿਆਂ ਵੰਨੀ
ਭਰੇ ਘਣੇ ਰੂਹ-ਮੇਲੇ।
ਆ ਕਿਰਚਕ ਕੰਨਸੋਆਂ ਦੇਸਨ
ਪੌਣਾਂ ਝੰਗ ਦੇ ਬੇਲੇ।
ਡੁੱਬੇ ਸੂਰਜ ਵਾਂਗ ਅਨੇਕਾਂ
ਇਸ ਰੋਹੀ ਵਿਚ ਛਾਲੇ।
ਹੂਰਾਂ ਦੇ ਸੁਪਨੇ ਦੀ ਏਥੇ
ਅੱਗ ਪਿਆ ਕੁਈ ਬਾਲੇ।

ਮੈਂ ਬੇ-ਦੋਸ਼ ਫਕੀਰ ਪੁਰਾਣਾ
ਸੁੱਕੇ ਸਰਵਰ ਤੀਰਾਂ
ਬੀਤੇ ਬਹੁੰ ਸਾਲ, ਵਿਚ ਝੰਗ ਦੇ
ਕਿਵੇਂ ਪਛਾਣਾਂ ਹੀਰਾਂ?
ਇਕ ਕੂੰਬਲ ਹੁੱਲੀ ਤਾਂ ਮਾਰਨ
ਪੈੜਾਂ ਚੁੱਕ ਵਣਿ ਫੇਰੇ।
ਕਿਤੋਂ ਝਨਾਂ ਦੀ ਰੁਣ ਝੁਣ ਠੰਢੀ
ਚੁੰਮਦੀ ਮਸਤਕ ਮੇਰੇ।

ਮੈਂਡੇ ਕਾਸੇ ਵਿਚੋਂ ਉਡਣ
ਜੁਗਨੂੰ-ਭੇਸਿ ਦੁਆਵਾਂ।
ਧਾ ਧਾ ਰੋਹੀਆਂ ਸੀਨੇ ਲੱਗਣ
ਸਜਦੇ ਕਰਦੀਆਂ ਛਾਵਾਂ।
ਪਾਰ ਜੁਗਾਂ ਦੀ ਕਾਲੀ ਕੁਟੋਂ,
ਠੰਢੀ ਵੇਲ ਅੰਗੂਰੀ।
ਮੈਂਡੇ ਹੰਝੂਆਂ ਨਾਲ ਛੁਹਾਵਣ
ਹੱਥ ਮੂਸਾ ਦੇ ਨੂਰੀ।
ਜਿਵੇਂ ਜ਼ੁਲੈਖਾਂ ਦੇ ਸੁਪਨੇ ਦਾ
ਪਿਰਮ ਪਿਆਲਾ ਪੀ ਕੇ
ਹਰੇ ਕਚੂਰ ਥੀਣ, ਮੁੜ ਜੀਵਣ
ਜਿਨ੍ਹਾਂ ਹਲਾਹਲ ਡੀਕੇ:
ਸੁੰਞੇ ਖੂਹ ਯੂਸਫ ਦੇ ਜਦ ਸੀ
ਥਲ ਕੰਡਿਆਲੇ ਰੋਏ,
ਪਿਆਸੇ ਇਕ ਕਣੀ ਦੇ ਬਾਝੋਂ
ਸ਼ੀਂਹ ਬਰਿੰਡੇ ਮੋਏ।

ਡੂੰਘੇ ਵਹਿਣ ਝਨਾਂ ਦੇ ਭਾਰੀ
ਰੱਜ ਨੈਣਾਂ ਨੇ ਪੀਣੇ।
ਤਾਨ ਬੰਸਰੀ ਫੇਰ ਜਗਾਏ
ਕੰਨ ਖਿਜ਼ਰ ਦੇ ਰੀਣੇ।
ਕੋਈ ਵਾਜ ਸੁਣੀ, ਰੋ ਉੱਠੇ,
ਤ੍ਰਿਣ ਸੁੱਕੇ ਤੇ ਲੂਹੇ
ਮੈਂਡੀ ਨਜ਼ਰ ਦੇ ਸਾਮ੍ਹਣੇ ਖੁੱਲ੍ਹੇ,
ਤਾਰਿਆਂ ਦੇ ਸੈ ਬੂਹੇ।

*-ਹਰਿੰਦਰ ਸਿੰਘ ਮਹਿਬੂਬ*

*ਪਟਿਆਲੇ ਦੇ ਭੂਤਵਾੜੇ ਬਾਰੇ ਡਾ. ਦਲੀਪ ਕੌਰ ਟਿਵਾਣਾ ਦਾ ਇਕ ਲੇਖ ਅਸੀਂ ਕੁਝ ਹਫਤੇ ਪਹਿਲਾਂ ਛਾਪਿਆ ਸੀ। ਫਿਰ ਭੂਤਵਾੜੇ ਦੇ ਇਕ ਵੱਡੇ ਭੂਤ ਹਰਦਿਲਜੀਤ ਸਿੰਘ ਸਿੱਧੂ ਉਰਫ ਲਾਲੀ ਬਾਬੇ ਬਾਰੇ ਇਕ ਲੇਖ ਪਾਠਕਾਂ ਦੀ ਨਜ਼ਰ ਕੀਤਾ ਗਿਆ ਸੀ। ਅਜ਼ੀਮ ਸ਼ਾਇਰ ਅਤੇ ਬੁੱਧੀਜੀਵੀ ਹਰਿੰਦਰ ਸਿੰਘ ਮਹਿਬੂਬ ਦੇ ਚਲਾਣੇ ਕਰਕੇ ਭੂਤਵਾੜਾ ਇਕ ਵਾਰ ਫਿਰ ਚਰਚਾ ਵਿਚ ਹੈ। ਕਾਫੀ ਸਮਾਂ ਪਹਿਲਾਂ ਛਪਿਆ ਸਤਿੰਦਰ ਸਿੰਘ ਨੂਰ ਦਾ ਭੂਤਵਾੜੇ ਬਾਰੇ ਇਹ ਲੇਖ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

# ਪਟਿਆਲੇ ਦਾ ਭੂਤਵਾੜਾ

**ਸੁਤਿੰਦਰ ਸਿੰਘ ਨੂਰ**

ਜਦੋਂ 1965 ਵਿਚ ਮੈਂ ਐਮ.ਏ. ਅੰਗਰੇਜ਼ੀ ਕਰਨ ਲਈ ਪਟਿਆਲੇ ਪਹੁੰਚਿਆ ਉਸ਼ੇ ਭੂਤਵਾੜਾ ਸਥਾਪਤ ਹੀ ਨਹੀਂ ਸੀ, ਉਸ ਦੀ ਪਛਾਣ ਵੀ ਕਾਇਮ ਹੋ ਚੁੱਕੀ ਸੀ। ਉਸ ਨਾਲ ਗੁਰਭਗਤ ਸਿੰਘ, ਹਰਿੰਦਰ ਸਿੰਘ ਮਹਿਬੂਬ, ਹਰਦਿਲਜੀਤ ਲਾਲੀ, ਨਵਤੇਜ ਭਾਰਤੀ, ਕੁਲਵੰਤ ਗਰੇਵਾਲ ਤੇ ਕਈ ਹੋਰ ਜਣੇ ਸੰਬੰਧਤ ਸਨ। ਭੂਤਵਾੜਾ ਪ੍ਰੀਤ ਨਗਰ, ਲੋਅਰ ਮਾਲ, ਪ੍ਰੋ. ਪ੍ਰੀਤਮ ਸਿੰਘ ਦੀ ਕੋਠੀ, 'ਅਰਵਿੰਦ' ਦੇ ਸਾਹਮਣੇ ਸਥਿਤ ਸੀ। ਦੋ ਕਮਰਿਆਂ, ਇਕ ਰਸੋਈ, ਬਰਾਂਡੇ ਤੇ ਵੱਡੇ ਵਿਹੜੇ ਵਾਲੀ ਕੋਠੀ। ਇਥੇ ਰਹਿਣ ਵਾਲੇ ਕਦੋਂ ਸੌਂਦੇ, ਕਦੋਂ ਜਾਗਦੇ ਸਨ, ਆਸੇ ਪਾਸੇ ਕਿਸੇ ਨੂੰ ਪਤਾ ਨਹੀਂ ਸੀ। ਉਹ ਹਮੇਸ਼ਾ ਇਨ੍ਹਾਂ ਨੂੰ ਜਾਗਦੇ ਹੀ ਦੇਖਦੇ, ਰਾਤ ਨੂੰ ਸੰਗੀਤ ਦੀਆਂ ਧੁਨਾਂ ਉਚੀਆਂ ਹੁੰਦੀਆਂ, ਗਾਇਕੀ ਸੁਣਦੀ। ਆਏ ਗਏ ਦਾ ਦਿਨ ਰਾਤ ਮੇਲਾ ਲੱਗਿਆ ਰਹਿੰਦਾ। ਕਦੇ ਧਮਾਲ ਪੈਂਦੀ ਤੇ ਕਦੇ ਸਾਰੀ ਰਾਤ ਕਿਤਾਬਾਂ ਵਿਚਾਰਨ ਦਾ, ਸ਼ਾਇਰੀ ਦਾ ਦਰਬਾਰ ਲੱਗਿਆ ਰਹਿੰਦਾ। ਆਂਢੀਆਂ ਗੁਆਂਢੀਆਂ ਨੇ ਇਸ ਥਾਂ ਦਾ ਨਾਂ 'ਭੂਤਵਾੜਾ' ਰੱਖ ਦਿੱਤਾ ਅਤੇ ਭੂਤਵਾੜੇ 'ਚ ਰਹਿਣ ਵਾਲਿਆਂ ਨੇ ਇਹ ਨਾਂ ਸਵੀਕਾਰ ਕਰ ਲਿਆ ਤੇ ਉਨ੍ਹਾਂ ਨੂੰ 'ਭੂਤ' ਆਖਿਆ ਜਾਣ ਲੱਗ ਪਿਆ। ਸਾਹਮਣੇ ਪ੍ਰੋ. ਪ੍ਰੀਤਮ ਸਿੰਘ ਸਨ, ਸਾਰਿਆਂ ਦੇ ਗੁਰੂਦੇਵ, ਉਨ੍ਹਾਂ ਨੂੰ ਸਹਿਜੇ ਹੀ 'ਮਹਭੂਤ' ਦੀ ਪਦਵੀ ਦੇ ਦਿੱਤੀ ਗਈ।

ਹੌਲੀ ਹੌਲੀ ਭੂਤਵਾੜੇ ਦਾ ਪਰਿਵਾਰ ਵਧਦਾ ਗਿਆ। ਸੁਰਜੀਤ ਲਾਲੀ, ਪ੍ਰੇਮ ਪਾਲੀ, ਹਰਭਜਨ ਸੋਹੀ, ਮੇਘ ਰਾਜ, ਜਗਮੀਤ ਸਿੰਘ, ਦਰਬਾਰਾ ਸਿੰਘ, ਜੋਗਿੰਦਰ ਹੀਰ, ਅਮਰਜੀਤ ਸਾਥੀ ਤੇ ਕਿੰਨੇ ਹੀ ਹੋਰ ਭੂਤ, ਜਿਨ੍ਹਾਂ ਦਾ ਵੱਖ-ਵੱਖ ਖੇਤਰਾਂ ਵਿਚ ਚਰਚਾ ਹੋਇਆ।

ਗੁਰਭਗਤ ਸਿੰਘ ਖਾਲਸਾ ਕਾਲਜ ਪੜ੍ਹਾ ਰਿਹਾ ਸੀ, ਨਵਤੇਜ ਭਾਰਤੀ ਤੇ ਹਰਿੰਦਰ ਮਹਿਬੂਬ ਭਾਸ਼ਾ ਵਿਭਾਗ ਵਿਚ ਕੰਮ ਕਰਦੇ ਸਨ ਤੇ ਭੂਤਵਾੜੇ ਦਾ ਸਾਰਾ ਖਰਚ ਉਨ੍ਹਾਂ ਦੇ ਜ਼ਿੰਮੇ ਸੀ। ਹੋਰ ਜਿੰਨਾ ਕਿਸੇ ਕੋਲ ਹੁੰਦਾ, ਸਾਂਝੇ ਲੰਗਰ 'ਚ ਪੈ ਜਾਂਦਾ। ਗੱਲ ਖਰਚ ਜਾਂ ਅਖਰਚ ਦੀ ਨਹੀਂ ਸੀ, ਪੜ੍ਹਨ-ਪੜ੍ਹਾਉਣ ਤੇ ਗਿਆਨ ਦੇ ਮਾਹੌਲ ਨੂੰ ਵਿਕਸਤ ਕਰਨ ਦੀ ਸੀ। ਇਸ ਲਈ ਨਿਸ਼ਚਿਤ ਹੋ ਜਾਂਦਾ ਕਿ ਅੱਜ ਇਸ ਕਿਤਾਬ ਬਾਰੇ, ਇਸ ਵਿਸ਼ੇ ਬਾਰੇ ਚਰਚਾ ਕੀਤੀ ਜਾਣੀ ਹੈ, ਕੋਈ ਵੀ ਉਸ ਬਾਰੇ ਕਦੋਂ ਪੜ੍ਹਦਾ ਹੈ, ਕਦੋਂ ਸੋਚਦਾ, ਕਿੰਨਾ ਚਿਰ ਲਾਇਬਰੇਰੀ ਲਾਉਂਦਾ ਹੈ, ਇਸ ਬਾਰੇ ਕਿਸੇ ਨੇ ਨਹੀਂ ਪੁੱਛਣਾ, ਪਰ ਉਸ ਵੇਲੇ ਉਹ ਸਭ ਕੁਝ ਪੜ੍ਹਿਆ ਹੁੰਦਾ ਤਾਂ ਹੀ ਕੋਈ ਸਵੀਕਾਰ ਹੋ ਸਕਦਾ ਸੀ। ਗੁਰਭਗਤ ਸਿੰਘ ਗਿਆਨ ਦੀ ਬੁਲੰਦੀ ਤੇ ਅਕਾਦਮਿਕ ਸਿਰਜਣਾ ਨੂੰ ਕਾਇਮ ਰੱਖਦਾ, ਲਾਲੀ ਵਿਸ਼ਾਲ ਪਰਿਪੇਖ ਵਿਚ ਵਿਸ਼ੇ ਨੂੰ ਛੋਂਹਦਾ ਤੇ ਫਿਰ ਸਾਰਿਆਂ 'ਚ ਸੰਵਾਦ ਸ਼ੁਰੂ ਹੋ ਜਾਂਦਾ। ਸ਼ਹਿਰ ਵਿਚ ਇਨ੍ਹਾਂ ਗੱਲਾਂ ਵਿਚ ਦਿਲਚਸਪੀ ਲੈਣ ਵਾਲੇ ਭੂਤਵਾੜੇ ਤੋਂ ਬਾਹਰ ਵਿਚਰਦੇ ਦੋਸਤਾਂ ਨੂੰ ਵੀ ਪਤਾ ਹੁੰਦਾ ਤੇ ਉਹ ਰਾਤ ਨੂੰ ਸਹਿਜੇ ਹੀ ਸੰਗਤ ਵਿਚ ਆ ਬੈਠਦੇ।

ਜਿਨ੍ਹਾਂ ਦਿਨਾਂ ਵਿਚ ਮੈਂ ਭੂਤਵਾੜੇ ਵਿਚ ਪਹੁੰਚਿਆ, ਮੈਂ ਵਿਲੱਖਣ ਅੰਦਾਜ਼ ਵਿਚ ਸਭ ਤੋਂ ਪਹਿਲਾਂ ਕੁਲਵੰਤ ਗਰੇਵਾਲ ਨੂੰ ਮਿਲਿਆ। ਉਹ ਭੂਤਵਾੜੇ ਦੇ ਨੇੜੇ ਹੀ ਰਹਿੰਦਾ ਸੀ, ਘਰੋਂ ਪੈਸੇ ਲੈ ਕੇ ਉਹ ਘਿਉ ਖਰੀਦਣ ਆਇਆ ਸੀ, ਪਰ ਉਸਨੇ ਦੇਖਿਆ ਭੂਤਵਾੜੇ ਦਾ ਲੰਗਰ ਮਸਤਾਨਾ ਹੋਇਆ ਸੀ। ਉਸਨੇ ਲੰਗਰ ਲਈ ਸਾਮਾਨ ਖਰੀਦਿਆ। ਸ਼ਾਮ ਨੂੰ ਬੜੀ ਦੇਰ ਤਕ ਆਪਣੇ ਗੀਤ ਗਾਉਂਦਾ ਰਿਹਾ (ਉਸ ਦੇ ਪ੍ਰਭਾਵਸ਼ਾਲੀ ਗੀਤ ਪੁਸਤਕ ਰੂਪ ਵਿਚ ਅਜੇ ਵੀ ਪ੍ਰਕਾਸ਼ਤ ਨਹੀਂ ਹੋਏ, ਉਡੀਕ ਹੈ)। ਉਹ ਸੱਚਾ ਸੌਦਾ ਕਰਨ ਦੀ ਪ੍ਰਸੰਨਤਾ ਨਾਲ ਡੂੰਘੀ ਰਾਤ ਘਰ ਚਲਾ ਗਿਆ।

ਇਹ ਦਿਨ ਬੜੇ ਦਿਲਚਸਪ ਸਨ। ਨਵਤੇਜ ਭਾਰਤੀ 'ਤੇ ਸ਼ਾਇਰੀ ਛਾਈ ਹੋਈ ਸੀ। ਉਹ ਗਿਆਨ-ਵਿਗਿਆਨ ਦੀਆਂ ਗੱਲਾਂ ਵਿਚ ਆਪਣੀ ਸ਼ਾਇਰੀ ਬੁਲੰਦ ਕਰਦਾ।

''ਸੂਰਜ ਕੋਈ ਨਿਚੋੜ ਕੇ ਮੇਰੇ ਸਾਹ ਗਰਮਾਓ।''

ਹਰਿੰਦਰ ਮਹਿਬੂਬ ਵੀ ਸ਼ਾਇਰੀ ਦੇ ਵਿਸਥਾਰ ਵਿਚ ਪ੍ਰਤੀਕ ਬੋਲਾਂ ਦੀ ਸਿਰਜਣਾ ਵਿਚ ਰੁਝਿਆ ਹੋਇਆ ਸੀ ਤੇ ਉਸ ਦੇ ਫਕੀਰੀ ਬੋਲ ਉਚੇ ਹੁੰਦੇ:

ਕੰਤ ਦੀ ਥਾਹ ਨਾ ਲੈ ਤੂੰ ਸਖੀਏ
ਕੌਣ ਕੰਤ ਹੈ ਮੇਰਾ
ਜਲਾਂ 'ਚੋਂ ਮੇਰਾ ਰੂਪ ਪਛਾਣੇ
ਪੱਥਰਾਂ ਉਤੇ ਬਸੇਰਾ।
ਕੇਸਾਂ ਨੂੰ ਧਾਹ ਚੜ੍ਹੀ ਜੁਆਨੀ
ਜਨਮ ਮੇਘ ਦਾ ਹੋਇਆ,
ਪੰਧ ਕਿਸੇ ਨੇ ਕੀਤਾ ਲੰਮਾ,
ਦਰ ਵਿਚ ਆਣ ਖਲੋਇਆ।
ਮੇਰਿਆਂ ਕੂੰਲ ਰਾਹਾਂ ਦਾ ਭੇਤੀ
ਦੀਵਿਆਂ ਦਾ ਵਣਜਾਰਾ,
ਰਹਿੰਦੀ ਉਮਰ ਦੀ ਪੂੰਜੀ ਲੈ ਕੇ
ਰਾਹੀਂ ਬਲੇ ਪਿਆਰਾ।

ਹਰਿੰਦਰ ਮਹਿਬੂਬ ਇਨ੍ਹਾਂ ਦਿਨਾਂ ਵਿਚ ਆਪਣੀ ਕਵਿਤਾ ਦੇ ਨਾਲ ਨਾਲ ਮਾਓ ਜ਼ੇ-ਤੁੰਗ ਦੀ ਕਵਿਤਾ ਦਾ ਅਨੁਵਾਦ ਕਰ ਰਿਹਾ ਸੀ ਅਤੇ ਬੜੇ ਜੋਸ਼ ਅਤੇ ਉਮਾਹ ਵਿਚ ਸੀ। ਕੁਝ ਦਿਨਾਂ ਬਾਅਦ ਉਸਨੂੰ ਪਤਾ ਲੱਗਾ ਕਿ ਮਾਓ ਜ਼ੇ-ਤੁੰਗ ਨੇ ਬੁੱਢੀ ਉਮਰ ਵਿਚ ਯੰਗਸੀ ਦਰਿਆ ਤਰ ਕੇ ਪਾਰ ਕੀਤਾ ਹੈ। ਹਰਿੰਦਰ ਮਹਿਬੂਬ ਉਹੋ ਜਿਹਾ ਕੋਈ ਦਰਿਆ ਲੱਭ ਰਿਹਾ ਸੀ ਜਿਸਨੂੰ ਉਹ ਉਸੇ ਤਰ੍ਹਾਂ ਤਰ ਕੇ ਪਾਰ ਕਰ ਸਕੇ ਕਿਉਂਕਿ ਉਸਨੂੰ ਤਰਨ ਦਾ ਡਾਢਾ ਸ਼ੌਕ ਸੀ।

ਹਰਬੰਸ ਬਰਾੜ, ਨਿਰਦੋਖ ਸਿੰਘ ਸਾਹਮਣੇ ਹੀ ਰਹਿੰਦੇ ਸਨ। ਉਹ ਥੋੜ੍ਹੀ ਜਿਹੀ ਵਿੱਥ ਵੀ ਸਥਾਪਤ ਰਖਦੇ ਸਨ ਤੇ ਭੂਤਵਾੜੇ ਦੀ ਗਿਆਨ-ਪ੍ਰਕਿਰਿਆ ਵਿਚ ਸ਼ਾਮਲ ਵੀ ਰਹਿੰਦੇ ਸਨ। ਹਰਬੰਸ ਬਰਾੜ ਕੰਜੂਸ ਬਾਹਲਾ ਸੀ। ਇਸ ਲਈ ਉਸਨੂੰ ਬੇਪਰਵਾਹ ਭੂਤਾਂ ਵਿਚ ਪੂਰੀ ਤਰ੍ਹਾਂ ਰਲਣਾ ਚੰਗਾ ਨਾ ਲੱਗਦਾ। ਇਸੇ ਲਈ ਇਕ ਵਾਰ ਜਦੋਂ ਹਰਬੰਸ ਬਰਾੜ ਇਧਰ ਉਧਰ ਸੀ ਇਹ ਫੈਸਲਾ ਕੀਤਾ ਗਿਆ ਕਿ ਉਸ ਦੇ ਚੁਬਾਰੇ ਵਿਚ ਛਾਪਾ ਮਾਰਿਆ ਜਾਏ। ਸਭ ਕੁਝ ਫੋਲਿਆ ਗਿਆ। ਜਮ੍ਹਾਂ ਪਏ ਦੇਸੀ ਘਿਉ ਦਾ ਪ੍ਰਸ਼ਾਦ ਬਣਾਇਆ ਗਿਆ। ਕੱਪੜਿਆਂ ਦੀਆਂ ਤੈਹਾਂ 'ਚ ਲੁਕਾਏ ਪੈਸਿਆਂ ਦਾ ਇਹ ਫੈਸਲਾ ਕੀਤਾ ਗਿਆ ਕਿ ਸਾਰਾ ਭੂਤਵਾੜਾ ਸ਼ਿਮਲੇ ਦੀ ਸੈਰ ਕਰੇ। ਜਮ੍ਹਾ ਦੇਸੀ ਘਿਉ ਦਾ ਜਦੋਂ ਪ੍ਰਸ਼ਾਦ ਬਣਾਇਆ ਜਾ ਰਿਹਾ ਸੀ ਤਾਂ ਕਿਸੇ ਕੋਨੇ 'ਚੋਂ ਥੀ ਪੈਨਸਲੀਨ ਦੀਆਂ ਗੋਲੀਆਂ ਵੀ ਨਿਕਲ ਆਈਆਂ। ਕਿਸੇ ਨੇ ਸੁਝਾਅ ਦਿੱਤਾ ਇਹ ਵੀ ਕੜਾਹ ਪ੍ਰਸ਼ਾਦ ਵਿਚ ਸੁੱਟ ਦਿਓ। ਇਉਂ ਹੀ ਹੋਇਆ। ਕਿਸੇ ਹੋਰ ਨੇ ਕਿਹਾ ਇਹ ਤਾਂ ਜ਼ਹਿਰੀਲਾ ਹੋ ਗਿਆ। ਇਕ ਕੁੱਤਾ ਲਿਆਂਦਾ ਗਿਆ। ਉਸਨੂੰ ਪਹਿਲਾਂ ਕੜਾਹ ਪ੍ਰਸ਼ਾਦ ਛਕਾਇਆ ਗਿਆ। ਉਹ ਕਾਇਮ ਰਿਹਾ। ਸਾਰੇ ਕੜਾਹ ਪ੍ਰਸ਼ਾਦ ਨੂੰ ਟੁੱਟ ਕੇ ਪੈ ਗਏ। ਹਰਬੰਸ ਬਰਾੜ ਵਾਪਸ ਆਇਆ ਤਾਂ ਉਸਨੂੰ ਉਸਦੇ ਨਕਦ ਪੈਸੇ ਵਾਪਸ ਕਰ ਦਿੱਤੇ ਗਏ। ਉਹ ਬੰਦਾ ਲਾਇਕ ਸੀ। ਦੁਨੀਆਂ ਤੋਂ ਵਿਦਾ ਹੋ ਜਾਣ ਦਾ ਸਾਰੇ ਭੂਤਾਂ ਨੂੰ ਅਜੇ ਤਕ ਅਫਸੋਸ ਹੈ।

ਭੂਤਵਾੜੇ ਵਿਚ ਫਿਕਰ ਸਿਰਫ ਕਿਤਾਬਾਂ ਤੇ ਗਿਆਨ ਦਾ ਹੁੰਦਾ ਸੀ। ਇਸ ਲਈ ਡਾ. ਅਮਰੀਕ ਸਿੰਘ ਜੋ ਅੰਗਰੇਜ਼ੀ ਵਿਭਾਗ ਦੇ ਉਦੋਂ ਮੁਖੀ ਬਣੇ ਸਨ, ਉਨ੍ਹਾਂ ਦੀ ਇਹ ਗੱਲ ਪਸੰਦ ਆਈ ਸੀ ਕਿ ਉਨ੍ਹਾਂ ਨੇ ਮਹਿੰਦਰਾ ਕਾਲਜ ਦੇ ਕੈਂਪਸ ਵਿਚ ਬਣੀ ਪੰਜਾਬੀ ਯੂਨੀਵਰਸਿਟੀ ਦੀ ਲਾਇਬਰੇਰੀ ਸਾਰੀ ਰਾਤ ਖੁੱਲ੍ਹਣ ਦਾ ਹੁਕਮ ਦੇ ਦਿੱਤਾ ਸੀ। ਭੂਤਵਾੜੇ ਦੇ ਬੰਦੇ ਸਾਰੀ ਰਾਤ ਲਾਇਬਰੇਰੀ ਦਾ ਫਾਇਦਾ ਉਠਾਉਂਦੇ ਤੇ ਆਪਣਾ ਪੜ੍ਹਨ-ਪੜ੍ਹਾਉਣ ਦਾ ਪ੍ਰੋਗਰਾਮ ਅੱਗੇ ਪਿੱਛੇ ਕਰ ਲੈਂਦੇ।

ਰਾਤ ਬਰਾਤੇ ਲਾਇਬਰੇਰੀ ਜਾਣ ਕਰ ਕੇ ਭੂਤਵਾੜੇ ਦੀ ਸ਼ਾਮ ਦਾ ਲੰਗਰ ਮਸਤਾਨਾ ਹੋ ਗਿਆ। ਲੰਗਰ ਤਾਂ ਉਂਜ ਵੀ ਕਈ ਵਾਰੀ ਮਸਤਾਨਾ ਹੋ ਜਾਂਦਾ ਸੀ। ਪ੍ਰਬੰਧ ਕਰਨਾ ਔਖਾ ਹੋ ਜਾਂਦਾ ਸੀ। ਇਕ ਵਾਰ ਲੰਗਰ ਮਸਤਾਨਾ ਹੋ ਗਿਆ ਤਾਂ ਮਹਿੰਦਰਾ ਕਾਲਜ ਦੇ ਹੋਸਟਲ ਵਿਚ ਸ਼ਾਮ ਨੂੰ ਰੋਟੀ ਖਾਣੀ ਸ਼ੁਰੂ ਕਰ ਦਿੱਤੀ। ਰਾਤ ਨੂੰ ਵਾਪਸ ਆ ਰਹੇ ਸਾਂ ਤਾਂ ਹੋਸਟਲ ਦੇ ਬਾਹਰ ਇਕ ਮੰਜੇ 'ਤੇ ਕਸੂਤੇ ਜਿਹੇ ਢੰਗ ਨਾਲ ਦੋ ਬੰਦੇ ਸੁੱਤੇ ਦਿੱਸੇ। ਉਨ੍ਹਾਂ ਨੂੰ ਜਗਾਇਆ। ਪੁੱਛਣ 'ਤੇ ਪਤਾ ਲੱਗਾ ਉਹ ਹਰਭਜਨ ਸੋਹੀ (ਬਾਅਦ ਵਿਚ ਨਕਸਲੀ ਨੇਤਾ ਬਣਿਆ) ਤੇ ਮੇਘ ਰਾਜ ਸਨ। ਉਨ੍ਹਾਂ ਨੂੰ ਭੂਤਵਾੜੇ ਟਿਕਣ ਦਾ ਸੱਦਾ ਦਿੱਤਾ। ਉਨ੍ਹਾਂ ਸਵੀਕਾਰ ਕਰ ਲਿਆ ਤੇ ਦੋ ਤਿੰਨ ਦਿਨਾਂ ਵਿਚ ਹੀ ਉਹ ਭੂਤਵਾੜੇ ਵਿਚ ਰਚਮਿਚ ਗਏ। ਕਈ ਦਿਨ ਹੋ ਗਏ ਸਨ ਭੂਤਵਾੜੇ ਵਿਚ ਲੰਗਰ ਪੱਕਿਆਂ। ਹਰਭਜਨ ਗਾ ਲੈਂਦਾ ਸੀ। ਇਕ ਦਿਨ ਭਾਸ਼ਾ ਵਿਭਾਗ ਦੇ ਇਕ ਮੁਕਾਬਲੇ ਵਿਚ ਹਰਭਜਨ ਨੂੰ ਪੁਰਸਕਾਰ ਮਿਲਿਆ। ਸੋਚਿਆ ਭੂਤਵਾੜੇ ਵਿਚ ਅੱਜ ਲੰਗਰ ਤਿਆਰ ਹੋਵੇ। ਉਨ੍ਹਾਂ ਦਿਨਾਂ ਵਿਚ 75 ਰੁਪਏ ਕਾਫੀ ਹੁੰਦੇ ਸਨ। ਫੈਸਲਾ ਹੋਇਆ ਕਿ ਕਈ ਦਿਨਾਂ ਤੋਂ ਮਹਿਫਲ ਨਹੀਂ ਲੱਗੀ, ਇਸ ਲਈ ਮਹਿਫਲ ਲੱਗ ਗਈ ਤੇ ਸਾਰੀ ਰਾਤ ਸ਼ਿਅਰੋ ਸ਼ਾਇਰੀ, ਗਾਇਕੀ ਨੇ ਭੂਤਵਾੜੇ ਦੀਆਂ ਸੁਰਾਂ ਨੂੰ ਗੂੰਜਾਈ ਰੱਖਿਆ।

ਜਦੋਂ ਇਹ ਮਹਿਫਲ ਸਾਰੀ ਰਾਤ ਲੱਗਦੀ, ਕੋਈ ਵਿਚੇ ਹੀ ਸੌਂ ਵੀ ਜਾਂਦਾ। ਬਹੁਤੇ ਜਾਗਦੇ ਰਹਿੰਦੇ ਤੇ ਸਵੇਰੇ ਉਠਦਿਆਂ ਹੀ ਵਿਹੜੇ ਵਿਚ ਇੱਟਾਂ ਦੂਰ ਸੁੱਟਣ ਦਾ ਭੂਤਾਂ 'ਚ ਮੁਕਾਬਲਾ ਸ਼ੁਰੂ ਹੋ ਜਾਂਦਾ ਤੇ ਇਉਂ ਦਿਨੇ ਰਾਤ ਜਾਗਣ ਦੀ ਭੂਤਵਾੜੇ ਦੀ ਪਰੰਪਰਾ ਬਰਕਰਾਰ ਰਹਿੰਦੀ। ਆਂਢੀ ਗੁਆਂਢੀ ਜਾਗਦੇ ਤਾਂ ਉਵੇਂ ਹੀ ਉਨ੍ਹਾਂ ਵਿਚ ਭੂਤਵਾੜੇ ਦਾ ਚਰਚਾ ਬਰਕਰਾਰ ਰਹਿੰਦਾ।

ਭੂਤਵਾੜਾ ਲੇਖਕਾਂ ਦਾ ਮੱਕਾ ਬਣ ਗਿਆ ਸੀ। ਪ੍ਰੋ. ਮੋਹਨ ਸਿੰਘ, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਡਾ. ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ, ਹਰਨਾਮ ਤੇ ਅਗਲੀ ਪੀੜ੍ਹੀ ਦੇ ਲੇਖਕ ਦੇਵ, ਸੁਰਜੀਤ ਪਾਤਰ ਸਾਰੇ ਹੀ ਪਟਿਆਲੇ ਆਉਂਦੇ ਤੇ ਭੂਤਵਾੜੇ ਤੋਂ ਬਿਨਾ ਯਾਤਰਾ ਅਧੂਰੀ ਹੁੰਦੀ। ਜਦੋਂ ਭੂਤਵਾੜੇ ਦਾ ਲੰਗਰ ਮਸਤਾਨਾ ਹੁੰਦਾ ਤਾਂ ਲੇਖਕਾਂ ਨੂੰ ਸਟੇਸ਼ਨ ਦੇ ਕੋਲ ਢਾਬੇ ਤੇ ਸੁਆਦੀ ਰੋਟੀ ਖੁਆਈ ਜਾਂਦੀ ਤੇ ਬਹੁਤ ਠੰਢਾ ਪਾਣੀ ਦੋ ਮੀਲ ਦੂਰ ਮਹਿੰਦਰਾ ਕਾਲਜ ਕੋਲ ਠੰਢੀ ਖੂਹੀ 'ਤੇ ਮਿਲ ਸਕਦਾ ਸੀ। ਪਾਣੀ ਪੀਣ ਲਈ ਪੈਦਲ ਉਥੇ ਪਹੁੰਚਿਆ ਜਾਂਦਾ।

ਆਉਂਦੇ ਜਾਂਦੇ ਲੇਖਕ ਭੂਤਵਾੜੇ ਹੀ ਠਹਿਰਦੇ। ਉਥੇ ਬਿਸਤਰੇ ਦੋ ਤਿੰਨ ਤੋਂ ਵੱਧ ਨਹੀਂ ਸਨ। ਅਖਬਾਰਾਂ ਨੂੰ ਬਿਸਤਰਾ ਬਣਾਇਆ ਜਾਂਦਾ। ਇੱਟਾਂ ਨੂੰ ਸਰਹਾਣਾ ਬਣਾਇਆ ਜਾਂਦਾ। ਜੇ ਕੋਈ ਵੱਧ ਸਤਿਕਾਰ ਵਾਲਾ ਜਾਂ ਸੀਨੀਅਰ ਲੇਖਕ ਹੁੰਦਾ ਤਾਂ ਉਸਨੂੰ ਇਕ ਵੱਧ ਅਖਬਾਰ ਦੇ ਦਿੱਤਾ ਜਾਂਦਾ, ''ਲਓ ਤੁਸੀਂ ਗਦੇਲਾ ਵੀ ਲਓ ਤੇ ਆਰਾਮ ਕਰੋ'' ਤੇ ਇਉਂ ਕਹਿੰਦਾ ਕਹਾਉਂਦਾ ਲੇਖਕ ਅੱਧੀ ਰਾਤ ਤਕ ਸੰਵਾਦ ਕਰਨ ਬਾਅਦ ਆਰਾਮ ਨਾਲ ਸੌਂ ਜਾਂਦਾ। ਸਵੇਰੇ ਜਿੰਨਾ ਕੁ ਨਾਸ਼ਤਾ ਤਿਆਰ ਹੁੰਦਾ, ਸਾਰਿਆਂ 'ਚ ਵੰਡ ਲਿਆ ਜਾਂਦਾ ਤੇ ਸਾਰੇ ਆਪਣੇ ਆਪਣੇ ਕੰਮ 'ਚ ਰੁੱਝ ਜਾਂਦੇ।

ਕਈ ਵਾਰੀ ਤਾਂ ਲਾਇਬਰੇਰੀ ਜਾਂ ਹੋਰ ਥਾਵਾਂ 'ਤੇ ਜਾਣ ਦਾ ਵਕਤ ਵੀ ਵੰਡਣਾ ਪੈਂਦਾ ਕਿਉਂਕਿ ਕਈ ਵਾਰ ਕੰਮ ਦੇ ਕੱਪੜੇ ਜਾਂ ਕਮੀਜ਼ਾਂ ਕੁਝ ਹੀ ਹੁੰਦੀਆਂ। ਇਕ ਧੋ ਲੈਂਦਾ, ਇਕ ਪਾ ਲੈਂਦਾ। ਇਉਂ ਕੱਪੜੇ ਸਾਂਝੇ ਤੌਰ 'ਤੇ ਵਰਤੇ ਜਾਂਦੇ। ਇਉਂ ਸਭ ਕੁਝ ਤੁਰਿਆ ਜਾਂਦਾ ਪਰ ਇਸ ਬਾਰੇ ਕੋਈ ਸਮਝੌਤਾ ਨਹੀਂ ਸੀ ਹੋ ਸਕਦਾ ਕਿ ਗਿਆਨ-ਵਿਗਿਆਨ ਦੀ ਪ੍ਰਕਿਰਿਆ ਵਿਚ ਕੋਈ ਸ਼ਾਮਿਲ ਨਾ ਹੋਵੇ। ਭੂਤਵਾੜੇ ਨੇ ਹਰ ਇਕ ਨੂੰ ਸੁਤੰਤਰਤਾ ਦਿੱਤੀ ਹੋਈ ਸੀ ਕਿ ਉਹ ਵਿਚਾਰਧਾਰਕ ਤੌਰ 'ਤੇ ਕੀ ਦ੍ਰਿਸ਼ਟੀ ਜਾਂ ਸੋਧ ਬਣਾਉਂਦਾ ਹੈ। ਮਹੱਤਵਪੂਰਨ ਗੱਲ ਸੀ ਗਿਆਨ ਵਲ ਵਧਣਾ। ਇਸੇ ਲਈ ਪੰਜਾਬ ਦੀ ਪਿਛਲੇ ਵਰ੍ਹਿਆਂ ਦੀ ਹਰ ਲਹਿਰ ਦੀਆਂ ਜੜ੍ਹਾਂ ਭੂਤਵਾੜੇ ਵਿਚ ਹਨ।

ਗਿਆਨ ਦੀ ਪ੍ਰਕਿਰਿਆ ਵਿਚ ਬੰਦੇ ਕਿੰਨੇ ਕੁ ਲੀਨ ਸਨ, ਇਸ ਦਾ ਅਨੁਮਾਨ ਤਾਂ ਕਿੰਨੀਆਂ ਹੀ ਗੱਲਾਂ ਤੋਂ ਲਾਇਆ ਜਾ ਸਕਦਾ ਹੈ। ਇਹ ਪੁੱਛਣ ਦੀ ਕਿਸ ਨੂੰ ਵਿਹਲ ਸੀ ਕਿ ਲੰਗਰ ਲਈ ਕੀ ਮਹਿੰਗਾ ਹੈ ਤੇ ਕੀ ਸਸਤਾ। ਫੈਸਲਾ ਕੀਤਾ ਗਿਆ ਕਿ ਲਗਾਤਾਰ ਸਬਜ਼ੀ ਆਲੂਆਂ ਦੀ ਹੀ ਬਣਾਈ ਜਾਵੇ, ਸਸਤੇ ਹਨ। ਜਦੋਂ ਸਬਜ਼ੀ ਵਾਲੇ ਦਾ ਮਹੀਨੇ ਬਾਅਦ ਬਿਲ ਆਇਆ, ਜ਼ਿਆਦਾ ਸੀ। ਉਸਨੇ ਦੱਸਿਆ ਕਿ ਕਿਸੇ ਨੇ ਪੁੱਛਿਆ ਹੀ ਨਹੀਂ, ਇਸ ਮਹੀਨੇ ਸਭ ਤੋਂ ਵੱਧ ਮਹਿੰਗੇ ਆਲੂ ਹੀ ਸਨ। ਕਿਤਾਬਾਂ ਤੋਂ ਵਿਹਲ ਕਿਸ ਨੂੰ ਸੀ? ਦੁੱਧ ਲਈ ਭਾਂਡਾ ਸਾਫ ਕਰਨ ਦੀ ਵਿਹਲ ਕਿੱਥੇ ਸੀ? ਆਮ ਤੌਰ 'ਤੇ ਦੁੱਧ ਹਰਿੰਦਰ ਮਹਿਬੂਬ ਲੈਣ ਜਾਂਦਾ ਸੀ। ਇਕ ਦਿਨ ਭਾਂਡਾ ਸਾਫ ਕਰ ਦਿੱਤਾ ਗਿਆ। ਦੁੱਧ ਵਾਲੇ ਨੇ ਇਹ ਕਹਿ ਕੇ ਦੁੱਧ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਭਾਂਡਾ ਭੂਤਵਾੜੇ ਦਾ ਨਹੀਂ।

ਭੂਤਵਾੜੇ ਨਾਲ ਡਾ. ਦਲੀਪ ਕੌਰ ਟਿਵਾਣਾ ਤੇ ਅੰਮ੍ਰਿਤ ਕਲੇਰ ਵੀ ਸੰਬੰਧਤ ਸਨ। ਡਾ. ਟਿਵਾਣਾ ਕੋਲ ਕਈ ਵਾਰ ਡੇਰੇ ਜਾ ਲੱਗਦੇ। ਗੱਲਾਂ ਵਿਚਾਰਨ ਲਈ, ਲੰਗਰ ਲਈ। ਕਈ ਵਾਰ ਅੰਮ੍ਰਿਤ ਕਲੇਰ ਕਹਿੰਦੀ ਤੁਹਾਡੇ ਸਾਰਿਆਂ ਲਈ ਫਲਾਣੀ ਅੰਗਰੇਜ਼ੀ ਫਿਲਮ ਦੀਆਂ ਟਿਕਟਾਂ ਖਰੀਦ ਲਈਆਂ ਗਈਆਂ ਹਨ, ਤੁਸੀਂ ਪਹੁੰਚ ਜਾਣਾ।

ਭੂਤਵਾੜੇ ਨੂੰ ਤਾਲਾ ਲਾਉਣ ਦਾ ਰਿਵਾਜ ਨਹੀਂ ਸੀ ਕਿਉਂਕਿ ਪਤਾ ਨਹੀਂ ਸੀ ਹੁੰਦਾ, ਕਿਸ ਲੇਖਕ ਨੇ ਕਦੋਂ ਆ ਜਾਣਾ ਹੈ ਤੇ ਠਹਿਰਨਾ ਹੈ। ਇਕ ਵਾਰ ਪ੍ਰੋ. ਪ੍ਰੀਤਮ ਸਿੰਘ ਹੁਰਾਂ ਦਾ ਕੋਈ ਮਹਿਮਾਨ ਆਇਆ। ਉਨ੍ਹਾਂ ਦੇ ਤਾਲਾ ਲੱਗਿਆ ਹੋਇਆ ਸੀ। ਉਸਨੂੰ ਪਤਾ ਸੀ ਕਿ ਸਾਹਮਣੇ ਉਨ੍ਹਾਂ ਦੇ ਕੁਝ ਵਿਦਿਆਰਥੀ ਰਹਿੰਦੇ ਹਨ। ਉਸਨੇ ਪ੍ਰੋ. ਸਾਹਿਬ ਨੂੰ ਬਰਫੀ ਦੇ ਡੱਬੇ ਦੇਣੇ ਸਨ। ਉਹ ਡੱਬੇ ਉਸਨੇ ਸਾਡੀ ਗੈਰ ਹਾਜ਼ਰੀ ਵਿਚ ਸਾਹਮਣੇ ਰੱਖ ਦਿੱਤੇ ਤੇ ਕੁਝ ਦੇਰ ਲਈ ਬਾਜ਼ਾਰ ਚਲਿਆ ਗਿਆ। ਅਸੀਂ ਆਏ, ਦੇਖ ਕੇ ਨਿਹਾਲ ਹੋ ਗਏ ਤੇ ਬਰਫੀ ਸਾਰੇ ਭੂਤਾਂ ਵਿਚ ਵੰਡ ਦਿੱਤੀ ਗਈ। ਮਹਿਮਾਨ ਆਇਆ ਤਾਂ ਗੱਲ ਦਾ ਪਤਾ ਲੱਗਾ, ਉਸਨੂੰ ਵਿਸ਼ੇਸ਼ ਤੌਰ 'ਤੇ ਬਰਫੀ ਮੰਗਵਾ ਕੇ ਦਿੱਤੀ ਗਈ ਤੇ ਪ੍ਰੋ. ਸਾਹਿਬ ਦੇ ਪਹੁੰਚਾਉਣ ਲਈ ਕਿਹਾ ਗਿਆ।

ਇਕ ਵਾਰ ਇਉਂ ਹੋਇਆ ਕਿ ਸਾਰਿਆਂ ਦੇ ਇਮਤਿਹਾਨ ਨੇੜੇ ਆ ਰਹੇ ਸਨ, ਨੇੜੇ ਕੀ ਅਗਲੇ ਦਿਨ ਪਹਿਲਾ ਪਰਚਾ ਸੀ। ਪਰ ਅੰਬਾਲੇ ਸਤਿਆਜੀਤ ਰੇਅ ਦੀ ਇਕ ਦਿਨ ਲਈ ਫਿਲਮ ਲੱਗ ਗਈ। ਫੈਸਲਾ ਹੋਇਆ ਕਿ ਪਟਿਆਲੇ ਤੋਂ ਸਾਈਕਲਾਂ 'ਤੇ ਫਿਲਮ ਦੇਖਣ ਜਾਇਆ ਜਾਵੇ। ਥੱਕੇ ਟੁੱਟੇ ਆਏ, ਸੌਂ ਗਏ ਤੇ ਸਵੇਰੇ ਹੀ ਪਰਚਾ ਦੇਣ ਲਈ ਵੀ ਹਾਜ਼ਰ ਹੋ ਗਏ।

ਅਜਿਹਾ ਕਈ ਵਾਰ ਵਾਪਰਦਾ ਸੀ। ਇਕ ਵਾਰ ਅਗਲੇ ਦਿਨ ਇਮਤਿਹਾਨ ਸੀ। ਬਰਸਾਤ ਸ਼ੁਰੂ ਹੋ ਗਈ। ਪਟਿਆਲੇ ਦੇ ਨੇੜੇ ਹੀ ਕੁਝ ਮੀਲਾਂ 'ਤੇ ਲਾਲੀ ਦਾ ਅੰਬਾਂ ਦਾ ਬਾਗ ਹੈ। ਫੈਸਲਾ ਹੋਇਆ ਕਿ ਪਿਕਨਿਕ ਲਈ ਉਥੇ ਜਾਇਆ ਜਾਏ। ਰਾਹ ਅਜੇ ਕੱਚਾ ਸੀ। ਤਿਲਕਦੇ ਤਿਲਕਦੇ ਉਥੇ ਪਹੁੰਚੇ। ਬਰਸਾਤ ਹੋਰ ਸੰਘਣੀ ਹੋ ਗਈ। ਰਾਤ ਉਥੇ ਨਹੀਂ ਸੀ ਰਿਹਾ ਜਾ ਸਕਦਾ। ਅਸੀਂ ਅੱਧੀ ਰਾਤ ਵਾਪਸ ਪਹੁੰਚੇ ਤੇ ਸਵੇਰੇ ਇਮਤਿਹਾਨ ਵਿਚ ਹਾਜ਼ਰ ਹੋ ਗਏ।

ਭੂਤਵਾੜੇ ਦੀ ਸਾਂਭ ਸੰਭਾਲ ਦਾ ਕੰਮ ਇਉਂ ਸੀ ਕਿ ਇਕ ਵਾਰ ਇਕ ਕਮੀਜ਼ ਨਾ ਲੱਭੇ। ਇਕ ਚੂਹੇ ਨੇ ਖੁੱਡ ਬਣਾ ਲਈ ਸੀ। ਹਰਿੰਦਰ ਨੇ ਕਿਤੇ ਪੜ੍ਹਦਿਆਂ ਪੜ੍ਹਦਿਆਂ ਬੇਧਿਆਨੇ ਉਹ ਨਵੀਂ ਕਮੀਜ਼ ਚੂਹੇ ਦੀ ਖੁੱਡ ਵਿਚ ਤੁੰਨ ਦਿੱਤੀ। ਇਕ ਗੁਆਚੀ ਛੁਰੀ ਵੀ ਕਈ ਦਿਨਾਂ ਬਾਅਦ ਉਸਦੇ ਬਿਸਤਰੇ ਦੀਆਂ ਤੈਹਾਂ 'ਚੋਂ ਲੱਭੀ।

ਸਾਰਾ ਧਿਆਨ ਕਿਤਾਬਾਂ ਤੇ ਸੰਵਾਦ 'ਚ ਹੋਣ ਕਰ ਕੇ ਕਿਸੇ ਦਾ ਵੀ ਇਹ ਧਿਆਨ ਨਾ ਆਉਂਦਾ ਕਿ ਭੂਤਵਾੜੇ ਦਾ ਸਾਰੇ ਕੋਨੇ ਸੰਵਾਰ ਲਏ ਜਾਣ। ਇਕ ਵਾਰ ਸਾਡਾ ਇਕ ਮਿੱਤਰ ਵਿਦੇਸ਼ ਤੋਂ ਆਇਆ। ਉਸਨੇ ਕਿਹਾ ਕਿ ਉਸਦੀ ਮਿੱਤਰ ਵੀ ਨਾਲ ਆਏਗੀ। ਅਸੀਂ ਸੋਚਿਆ ਭੂਤਵਾੜੇ ਵਿਚ ਇਕ ਔਰਤ ਨੇ ਆਉਣਾ ਹੈ, ਇਸ ਲਈ ਇਸ ਦੀ ਪੂਰੀ ਸਫਾਈ ਕੀਤੀ ਜਾਵੇ। ਅਸੀਂ ਭੂਤਵਾੜੇ ਦੇ ਹਰ ਕੋਨੇ ਨੂੰ ਲਿਸ਼ਕਾ ਦਿੱਤਾ ਪਰ ਉਹ ਉਸ ਦੀ ਮਿੱਤਰ ਉਸਦੇ ਨਾਲ ਨਾ ਆਈ। ਭੂਤਵਾੜੇ ਵਿਚ ਇਹੀ ਉਦਾਸ ਦਿਨ ਸੀ।

ਭੂਤਵਾੜੇ ਨੇ ਸਾਰਿਆਂ ਨੂੰ ਵਿਚਾਰਧਾਰਕ ਆਜ਼ਾਦੀ ਪਰ ਚੇਤਨਾ ਦਾ ਮਾਰਗ ਦਿੱਤਾ। ਉਸ ਪਿੱਛੋਂ ਵੀ ਉਸ ਦੇ ਨੇੜੇ ਤੇੜੇ ਭੂਤਵਾੜੇ ਬਣਾਉਣ ਦਾ ਯਤਨ ਕੀਤਾ ਗਿਆ। ਪਰ ਭੂਤਵਾੜਾ, ਭੂਤਵਾੜਾ ਹੀ ਸੀ। ਇਕ ਸੰਕਲਪ ਸੀ, ਜਿਸ ਦੀ ਪੰਜਾਬ ਨੂੰ ਅਗੇਰੇ ਵਧਣ ਲਈ ਅੱਜ ਵੀ ਲੋੜ ਹੈ। ਪਰ ਅਜਿਹਾ ਸੰਕਲਪ ਕਿਸੇ ਯਤਨ ਨਾਲ ਨਹੀਂ ਬਣਿਆ ਕਰਦਾ, ਇਹ ਇਕ ਸਹਿਜ ਪ੍ਰਕਿਰਿਆ ਹੈ।

## ਤਿੰਨ ਦੁਆਵਾਂ

(ਸਾਈਂ ਮੀਆਂ ਮੀਰ ਦੀ ਦੁਆ)
ਉਜੜੇ ਪਾਕ ਸਰੋਵਰ ਉਤੇ
ਅੱਥਰੂ ਭਰੇ ਸ਼ਹੀਦਾਂ।
ਕੁਝ ਤਬਕਾਂ ਵਿਚ ਰਾਖ ਉਡੰਦੀ
ਬਖਣਹਾਰ ਨ ਦੀਦਾਂ।
ਪੁਲਿ-ਸਰਾਤ ਹੈ ਚੀਕ ਗਰਕਿਆ
ਸਮਾਂ ਗੁਨਾਹ ਦਾ ਜਾਮਾ,
ਇਕ ਪੁਨੀਤ ਇੱਟ ਦੀ ਨੀਂਹ ਤੇ
ਮੀਰ ਨੂੰ ਅਜੇ ਉਮੀਦਾਂ
(ਸੱਖਾ ਸਿੰਘ ਦੇ ਜਾਂਸ਼ੀਨ ਦੀ ਦੁਆ)
ਰੋ ਬੇਅੰਤ ਨੇ ਸਜਦੇ ਕੀਤੇ,
ਘਾਇਲ ਬੇਰੀਆਂ ਥੱਲੇ।
ਕਾਹਨੂੰਵਾਂ ਦੇ ਫੇਰ ਅਲੰਬੇ,
ਸੀਸ ਨਿਮਾਣੇ ਝੱਲੇ।
"ਵਿਸ਼-ਰਿਤਕਦੀ ਜੀਭ ਨੇ ਘੇਰੇ,
ਕੌਮ ਦੇ ਭੋਲੇ ਨੀਂਗਰ;
ਕਹਿੰਦਾ: "ਤੀਰ ਮੁਰੀਦ ਨੂੰ ਬਖਸ਼ੋ,
ਨਾਲ ਮੇਰੇ ਜੋ ਚੱਲੇ।"
(ਕਵੀ ਦੀ ਦੁਆ)
ਜਦੋਂ ਅਕਾਲ ਤਖਤ ਦੇ ਖੰਡਰ,
ਰੋ ਬੇਅੰਤ ਨੇ ਦੇਖੇ;
ਝੁਕ ਕੀਤੇ ਅਸਮਾਂ ਨੇ ਸਾਡੇ
ਤਿੰਨ ਸਦੀਆਂ ਦੇ ਲੇਖੇ।
ਜ਼ੋਰ ਅਥਾਹ ਬਾਜ਼ ਦੇ ਸੀਨੇ
ਚੀਰ ਮਿਹਰਾਜ਼ਾਂ ਉਡੇ,
ਸਿਦਕ ਸ਼ਹੀਦ ਦਾ ਸਾਂਭ ਕੇ ਰੱਖੀਂ
ਸੁਬਕ ਸਮੇ ਦੀਏ ਰੇਖੇ।

*-ਹਰਿੰਦਰ ਸਿੰਘ ਮਹਿਬੂਬ*

## ਚੁਰਾਸੀ-ਦਿੱਲੀ

*ਚਰਨਜੀਤ ਸਿੰਘ ਪੰਨੂ*

ਧਰਮ ਕਰਮ ਦੀ ਬਾਤ ਹਮੇਸ਼ਾ ਪਾਉਂਦੇ ਰਹੇ,
ਜੁਰਮ ਇਕਬਾਲ ਤੋਂ ਕੰਨੀਂ ਕਤਰਾਉਂਦੇ ਰਹੇ।
ਹਕੂਮਤ ਰਸੂਖ ਰਿਸ਼ਵਤ ਰੁਤਬੇ ਦੀ ਧੌਂਸ 'ਤੇ,
ਕੀਤੇ ਅਪਰਾਧਾਂ ਦੇ ਪ੍ਰਮਾਣ ਮਿਟਾਉਂਦੇ ਰਹੇ।

ਮਾਨਸ ਵੱਢਦੇ ਰਹੇ, ਮਾਵੇਂ ਡੂੰਗ ਕੇ ਇਹ ਸੀਰੀ,
ਸਿਰਾਂ ਦੇ ਮੁੱਲ ਵੱਟਦੇ, ਸੱਥਰ ਵਿਛਾਉਂਦੇ ਰਹੇ।
ਜਹਾਦੀ ਹਜੂਮ ਬੁੱਕਦੇ, ਬਦਲੇ ਦੀ ਭਾਵਨਾ ਸੀ,
ਟਾਇਰ ਗਲ ਪਾਉਂਦੇ ਰਹੇ ਲਾਂਬੂ ਲਾਉਂਦੇ ਰਹੇ।

ਦਰਖਤ ਡਿੱਗਾ ਇੱਕ ਧਰਤ ਕੰਬੀ ਭਾਰਤ ਦੀ,
ਨਿਰਜਿੰਦ ਰੁੱਖ ਸਿੰਜਦੇ, ਖੂਨ ਵਹਾਉਂਦੇ ਰਹੇ।
ਲਾਸ਼ ਰੱਖ ਕੇ ਪ੍ਰਦਰਸ਼ਨ, ਟੈਲੀਵਿਜ਼ਨ ਮੂਹਰੇ,
ਆਰਤੀ ਉਤਾਰਦੇ ਬਸਤੀਆਂ ਜਲਾਉਂਦੇ ਰਹੇ।

ਹਿੰਸਾ ਕਰਦੇ ਰਹੇ ਰਾਸ਼ਟਰ ਪਿਤਾ ਦੇ ਪੁਜਾਰੀ,
ਅਹਿੰਸਾ ਨਾਮ ਤੇ ਲਹੂ ਨਦੀਆਂ ਵਗਾਉਂਦੇ ਰਹੇ।
ਘਰ ਕਾਰਖਾਨੇ ਟ੍ਰਾਂਸਪੋਰਟ ਤਬਾਹ ਕੀਤੇ ਸਾਰੇ,
ਨਾਦਰਸ਼ਾਹੀ ਵਾਲਾ ਪ੍ਰਸੰਗ, ਦੁਹਰਾਉਂਦੇ ਰਹੇ।

ਮਸਲੀਆਂ ਕਰੂੰਬਲਾਂ ਪੱਤੀਆਂ ਜਰਵਾਣਿਆਂ ਨੇ,
ਟਾਹਣੀਆਂ ਵੱਢਦੇ ਰਹੇ, ਮੋਛੇ ਮਚਾਉਂਦੇ ਰਹੇ।
ਸਾੜੋ, ਮਾਰੋ, ਲੁੱਟੋ, ਮੁਕਾ ਦਿਉ ਨਸਲ ਸਾਰੀ,
ਅਬਦਾਲੀ ਅੰਧਾਧੁੰਦ ਗੋਲੀਆਂ ਵਰ੍ਹਾਉਂਦੇ ਰਹੇ।

ਮਾਰ ਧਾੜ ਫੈਲੀ ਬੁਰਛਾਗਰਦੀ ਮੱਚਦੀ ਰਹੀ,
ਵਿਸਕੀਆਂ ਪੀਂਦੇ ਰਹੇ, ਬੱਕਰੇ ਬੁਲਾਉਂਦੇ ਰਹੇ।
ਗਲ ਲਟਕਾ ਕੇ ਬਿੱਲੇ ਧਰਮ ਯੁੱਧ ਦੇ ਨਾਮ ਦੇ,
ਮੰਦਿਰ ਬਣਾਉਂਦੇ ਰਹੇ, ਮਸੀਤਾਂ ਢਾਹੁੰਦੇ ਰਹੇ।

ਨਸਲਕੁਸ਼ੀ ਇੱਕ ਕੌਮ ਦੀ ਸੀ ਟਾਰਗੇਟ ਅੱਗੇ,
ਪ੍ਰਯੋਜਨ ਲਲਕਾਰਦੇ, ਮੁਹਿੰਮ ਚਲਾਉਂਦੇ ਰਹੇ।
ਚਾਂਦਨੀ ਚੌਂਕ ਮੁੜ ਸਾਜ਼ਸ਼ਤੀ ਦੀ ਭੇਟ ਚੜ੍ਹਿਆ,
ਭੂਤ ਔਰੰਗਜ਼ੇਬ ਦੇ ਨਿਰੰਤਰ ਮੰਡਰਾਉਂਦੇ ਰਹੇ।


ਪੀੜਤ ਤੜਫਦੇ ਉਡੀਕਦੇ ਰਹੇ ਬਚਾਉ ਛਤਰੀ,
ਤਾੜੀਆਂ ਮਾਰਦੇ ਰਾਖੇ ਖਿੱਲੀ ਉਡਾਉਂਦੇ ਰਹੇ।
ਲੈ ਬੈਠੇ ਵਜ਼ੀਰੀਆਂ, ਕਤਲੇਆਮ ਦੇ ਪ੍ਰਬੰਧਕ,
ਹਰਿਮੰਦਰ ਢਾਹੁਣ ਤੇ ਜੋ ਦੀਵੇ ਜਗਾਉਂਦੇ ਰਹੇ।

ਝਪਟੇ ਗਿਰਝਾਂ ਵਾਂਗਰ ਅਣਭੋਲ ਸ਼ਿਕਾਰ ਉਤੇ,
ਬੋਟੀਆਂ ਨੋਚਦੇ ਜਬਰ ਹਵਸ ਮਿਟਾਉਂਦੇ ਰਹੇ।
ਗਜ਼ਨੀ ਦੀਆਂ ਫੌਜਾਂ ਜਿਉਂ ਮਚਾਈ ਅਗਜ਼ਨੀ,
ਆਬਰੂ ਬਹੂ ਬੇਟੀਆਂ, ਮਿੱਟੀ ਰੁਲਾਉਂਦੇ ਰਹੇ।

ਨੰਗੇ ਹੋ ਜਾਣਗੇ ਰਾਜ-ਭਗਤ ਕਾਨੂੰਨ ਸਨਮੁਖ,
ਚੁਰਾਸੀ ਸੰਨ ਤੋਂ ਜੋ ਸਿਤਮਗਰ ਛੁਪਾਉਂਦੇ ਰਹੇ।
ਫਾਂਸੀ ਚੜ੍ਹ ਜਾਣੇ ਨੇ 'ਪੰਨੂ', ਛੜਯੰਤਰ ਦੇ ਹੀਰੋ,
ਮਰਯਾਦਾ ਪੁਰਸ਼ੋਤਮ ਜੋ ਧਣਖ ਚਲਾਉਂਦੇ ਰਹੇ।

# ਕਿਥੇ ਹਨ ਮਹਾਨ ਕਵਿਤਾ ਦੇ ਡੇਰੇ

### ਹਰਿੰਦਰ ਸਿੰਘ ਮਹਿਬੂਬ



ਹਰਿੰਦਰ ਸਿੰਘ ਮਹਿਬੂਬ

***(ਕਵਿਤਾ ਦਾ ਥਹੁ ਪਤਾ ਕਰਨ ਲਈ ਡੂੰਘੀਆਂ ਵਾਦੀਆਂ ਵਿਚ ਉਤਰਨਾ ਪੈਂਦਾ ਹੈ। ਕੋਈ ਕਵਿਤਾ ਕਿਹੋ ਜਿਹੀ ਲੱਗੀ ਹੈ, ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਕਵਿਤਾ ਪੜ੍ਹਨ-ਸੁਣਨ ਵਾਲਾ ਬੰਦਾ ਖੜ੍ਹਾ ਕਿਥੇ ਕੁ ਹੈ। ਦੂਜੇ ਲਫ਼ਜ਼ਾਂ ਵਿਚ ਕਵਿਤਾ ਉਸ ਦਾ ਸ਼ੌਕ ਹੈ, ਜ਼ਿੰਦਗੀ ਜਾਂ ਇਸ਼ਟ। ਖ਼ਾਲਸਾ ਪੰਥ ਦੀ ਸਿਰਜਣਾ ਵੀ ਤਾਂ ਇਕ ਮਹਾਨ ਕਵਿਤਾ ਹੈ ਪਰ ਸਾਡੇ ਵਿਚੋਂ ਕਿੰਨੇ ਕੁ ਸ਼ਾਇਰ ਇਸ ਇਤਿਹਾਸਕ ਘਟਨਾ ਨੂੰ ਪੇਸ਼ ਕਰਨ ਲਈ ਇਹੋ ਜਿਹੇ ਗੀਤ ਲਿਖ ਸਕੇ ਹਨ ਜੋ ਅਸਮਾਨਾਂ ਤੋਂ ਵੀ ਪਰ੍ਹੇ ਲੈ ਜਾਣ ਵਾਲੇ ਹੋਣ। ਇਥੇ ਹਰਿੰਦਰ ਸਿੰਘ ਮਹਿਬੂਬ ਵਲੋਂ ਕਵਿਤਾ ਬਾਰੇ ਲਿਖੇ ਇਕ ਲੰਮੇ ਲੇਖ ਦੇ ਕੁਝ ਅੰਸ਼ ਦੇ ਰਹੇ ਹਾਂ ਤਾਂ ਜੋ ਸਾਡੇ ਪਾਠਕ ਵਕਤੀ ਜ਼ਰੂਰਤਾਂ ਤੋਂ ਪ੍ਰਭਾਵਿਤ ਹੋ ਕੇ ਲਿਖਣ ਵਾਲੇ ਸ਼ਾਇਰਾਂ ਦੇ ਰੰਗ ਉਨ੍ਹਾਂ ਦੀ ਪੱਧਰ ਅਤੇ ਉਨ੍ਹਾਂ ਦੇ ਨਿੱਕੇ ਨਿੱਕੇ ਮਨੋਰਥਾਂ ਤੋਂ ਸਾਵਧਾਨ ਰਹਿਣ।)***

ਦਰਸ਼ਨ ਦੀ ਕੋਈ ਕਿਸਮ, ਭਾਵੇਂ ਉਹ ਸਰਬਪੱਖੀ ਡੂੰਘਾਣਾਂ ਵਾਲੀ ਵੀ ਕਿਉਂ ਨਾ ਹੋਵੇ, ਮਹਾਨ ਕਵਿਤਾ ਵਿਚ ਸਿੱਧੇ ਤੌਰ ਉਤੇ ਸ਼ਾਮਿਲ ਨਹੀਂ ਹੋ ਸਕਦੀ। ਸਮੇਂ ਅਤੇ ਜ਼ਿੰਦਗੀ ਦੇ ਅਨੁਭਵ ਵਿਚ ਆਪਣੀ ਹਸਤੀ ਨੂੰ ਮੁਕੰਮਲ ਤੌਰ ਉਤੇ ਗੁਆਏ ਬਿਨਾ ਕੋਈ ਦਰਸ਼ਨ, ਭਾਵੇਂ ਉਹ ਖੁਦ ਹੀ ਕਵੀ ਵਲੋਂ ਸਿਰਜਿਆ ਕਿਉਂ ਨਾ ਹੋਵੇ, ਮਹਾਨ ਕਵਿਤਾ ਦਾ ਅੰਗ ਨਹੀਂ ਬਣ ਸਕਦਾ। ਵਰਡਜ਼ਵਰਥ, ਡਾ. ਇਕਬਾਲ ਅਤੇ ਭਾਈ ਵੀਰ ਸਿੰਘ ਵਰਗੇ ਮਹਾਨ ਕਵੀ ਵੀ ਜਦੋਂ ਆਪ-ਸਿਰਜੇ ਜਾਂ ਉਧਾਰੇ ਲਏ ਦਰਸ਼ਨ (ਜਾਂ ਖਿਆਲ-ਪ੍ਰਬੰਧ) ਦਾ ਸਿੱਧਾ ਅਸਰ ਕਬੂਲਦੇ ਹਨ, ਅਤੇ ਉਸਨੂੰ ਖੁੱਲ੍ਹਮ-ਖੁੱਲ੍ਹਾ ਬੁਲਾਵਾ ਦਿੰਦੇ ਹਨ ਤਾਂ ਉਨ੍ਹਾਂ ਦੇ ਕਾਵਿ-ਅਨੁਭਵ ਨਾਲ ਬਹੁਤ ਕੁਝ ਬੇਜਾਨ ਚੰਬੜਿਆ ਰਹਿੰਦਾ ਹੈ ਅਤੇ ਉਸਦੀ ਤਰਲ ਅਵਸਥਾ ਅੱਗੇ ਅਧੂਰੇ ਖਾਕੇ ਰੋਕਾਂ ਬਣ ਕੇ ਖੜ੍ਹੇ ਰਹਿੰਦੇ ਹਨ। ਵਰਡਜ਼ਵਰਥ ਦੀ 'ਕਾਵਿ-ਪ੍ਰਸਤਾਵਨਾ' (The prelude), ਇਕਬਾਲ ਦੇ "ਜਾਵੀਦ ਨਾਮਹ" ਅਤੇ ਭਾਈ ਵੀਰ ਸਿੰਘ ਦੇ "ਰਾਣਾ ਸੂਰਤ ਸਿੰਘ" ਵਿਚ ਚਿੰਤਨ ਦੀ ਬਾਹਰਲੀ ਦਖਲ-ਅੰਦਾਜ਼ੀ ਕਾਵਿ ਦੀ ਮੁੱਖ ਧਾਰਾ ਦੇ ਜੋਸ਼ ਅਤੇ ਹੁਸਨ ਨੂੰ ਸੁਸਤ ਕਰਨ ਦਾ ਕਾਰਨ ਬਣਦੀ ਹੈ, ਕਿਉਂਕਿ ਨਿਰੇ ਖ਼ਿਆਲ ਦੀ ਹੈਸੀਅਤ ਕਾਵਿ ਵਿਚ ਸ਼ਾਮਿਲ ਹੋਣ ਵਾਲੇ ਜ਼ਿੰਦਗੀ ਦੇ ਭਰੇ ਮੇਲੇ ਸਾਹਮਣੇ ਕਿਸੇ ਅਜਨਬੀ ਮੂਰਤ ਤੋਂ ਵਧ ਨਹੀਂ ਹੁੰਦੀ, ਜਿਹੜੀ ਕਿ ਹੁਸੀਨ ਹੋਣ ਦੇ ਬਾਵਜੂਦ ਬੇਰਸੀ ਅਤੇ ਬੇਜਾਨ ਹੀ ਹੁੰਦੀ ਹੈ।

ਕੋਈ ਰੂਹਾਨੀਅਤ ਤੋਂ ਸੱਖਣਾ ਖ਼ਿਆਲ-ਪ੍ਰਬੰਧ, ਜਿਸ ਨੇ ਜ਼ਿੰਦਗੀ ਦੇ ਰਾਜਸੀ ਅਤੇ ਸਮਾਜਕ ਅਦਾਰਿਆਂ ਨਾਲ ਆਪਣਾ ਰਸਮੀ ਵਫ਼ਾ ਵਾਲਾ ਰਿਸ਼ਤਾ ਬਣਾ ਲਿਆ ਹੋਵੇ, ਮਹਾਨ ਕਵਿਤਾ ਦੇ ਬਿੰਬ ਵਿਚ ਨਹੀਂ ਪਲਟ ਸਕਦਾ। ਮੇਰੇ ਖ਼ਿਆਲ ਵਿਚ ਰਚਨਾਤਮਕ ਪੱਧਰ ਉਤੇ ਮਾਰਕਸਵਾਦੀ ਸਿਧਾਂਤ ਨਾਲ ਵਫ਼ਾਦਾਰੀ ਕਵਿਤਾ ਨੂੰ ਆਜ਼ਾਦ ਉਡਾਣ ਤੋਂ ਰਹਿਤ ਕਰ ਦਿੰਦੀ ਹੈ, ਕਿਉਂਕਿ ਮਾਰਕਸਵਾਦ ਦੀ ਸੁਤੰਤਰ ਹੋਂਦ ਸੰਪੂਰਣ ਦਰਸ਼ਨ ਦਾ ਦਰਜਾ ਨਹੀਂ ਰਖਦੀ। ਪਿਛਲੇ 72 ਸਾਲਾਂ ਵਿਚ ਸ਼ਕਤੀਸ਼ਾਲੀ ਕਮਿਊਨਿਸਟ ਹਕੂਮਤਾਂ ਦੇ ਪਿਛਲੱਗ ਵਿਦਵਾਨਾਂ ਨੇ ਮਾਰਕਸਵਾਦ ਨਾਲ ਬਹੁਤ ਸਾਰੇ ਫਲਸਫਿਆਂ ਦੇ ਲਗਾਓ ਦਰਸਾ ਕੇ ਅਤੇ ਵਾਦ-ਵਿਵਾਦ ਰਚਾ ਕੇ ਇਸਨੂੰ ਧਿੰਙੋਜ਼ੋਰੀ ਸੱਚੇ ਅਮਲ ਦਾ ਰਾਹ ਦਸਦੀ ਸਰਬੋਤਮ ਫ਼ਿਲਾਸਫ਼ੀ ਸਾਬਤ ਕਰਨ ਦੇ ਯਤਨ ਕੀਤੇ ਹਨ, ਪਰ ਸਾਹਿਤ ਦੇ ਗਹਿਰ-ਗੰਭੀਰ ਅਨੁਭਵੀ ਸਿਧਾਂਤਾਂ ਨੇ ਇਸ ਦਾਅਵੇ ਨੂੰ ਕਦੇ ਵੀ ਕਬੂਲ ਨਹੀਂ ਕੀਤਾ। ਮਾਰਕਸਵਾਦ ਵਲੋਂ ਮਿਥੇ ਗਏ ਮਨੁੱਖੀ ਚੇਤਨਾ ਦੇ ਸਮਾਜਿਕ ਅਮਲਾਂ ਅਤੇ ਪ੍ਰਕਾਰਜਾਂ ਦੇ ਮਸਨੂਈ ਜਿਹੇ ਸਿਧਾਂਤਾਂ ਨੇ ਕਵਿਤਾ ਦੀ ਮੁੱਖ ਸਮੱਗਰੀ ਅਰਥਾਤ ਅਕਲ ਅਤੇ ਜ਼ਮੀਰ ਦੇ ਅਸਲ ਰਾਜ਼ਾਂ ਤੱਕ ਪਹੁੰਚ ਨਹੀਂ ਕੀਤੀ। ਦੂਜੇ ਪਾਸੇ ਰਾਜਨੀਤਕ ਅਤੇ ਸਮਾਜਕ ਧਰਾਤਲ ਉਤੇ ਵੀ ਮਾਰਕਸਵਾਦ ਨੇ ਵਫ਼ਾ ਅਤੇ ਈਮਾਨ ਦੇ ਕੋਈ ਆਦਰਸ਼ਕ ਮਿਆਰ ਸਥਾਪਤ ਨਹੀਂ ਕੀਤੇ। ਇਸ ਨੇ ਲੈਨਿਨ ਤੋਂ ਗੋਰਬਾਚੋਵ ਤਕ ਇਕ ਕਠੋਰ ਅੰਦਰੂਨੀ ਧੜੇਬੰਦੀ ਦੇ ਇਤਿਹਾਸ ਨੂੰ ਹੀ ਦੁਹਰਾਇਆ। ਮਾਰਕਸਵਾਦ ਪ੍ਰਤੀ ਅਤਿਕਥਤ ਅਤੇ ਆਧਾਰ-ਰਹਿਤ ਸ਼ਰਧਾ ਨੇ ਵਿਸ਼ਵ-ਪੱਧਰ ਉਤੇ ਖੁਸ਼ਾਮਦ, ਭਰਮ ਅਤੇ ਹਉਮੈ ਦੇ ਐਬਾਂ ਨੂੰ ਰੱਜ ਕੇ ਫੈਲਾਇਆ, ਜਿਨ੍ਹਾਂ ਦੀ ਸਹੀ ਨੁਮਾਇਸ਼ ਸੋਲਜ਼ੇਨਿਤਸਿਨ ਦੇ ਗੋਲਾਗ (The Gulag Archipelago) ਵਿਚ ਬੇਬਾਕ ਹੋ ਕੇ ਕੀਤੀ ਗਈ ਹੈ-ਇਕ ਪੁਸਤਕ, ਜਿਸ ਦੀ ਲੰਮੇ ਮਾਨਵ-ਅਪਮਾਨ ਅਤੇ ਸਿਧਾਂਤਾਂ ਦੇ ਦਿਲ-ਦੁਖਾਵੇਂ ਸ਼ੋਰ ਪਿਛੋਂ ਰੂਸ ਵਿਚ ਸਮਾਜਿਕ ਪਰਵਾਨਗੀ ਮਿਲਣੀ ਸੰਸਾਰ ਕਮਿਊਨਿਸਟ ਭਾਈਚਾਰੇ ਦੀ ਸਦਾ ਹੀ ਸ਼ਰਮਿੰਦਗੀ ਦੇਣ ਵਾਲੀ ਨੈਤਿਕ ਹਾਰ ਹੈ।

ਉਪਰੋਕਤ ਸੰਖਿਪਤ ਟਿੱਪਣੀ ਕਰਨ ਦਾ ਮੰਤਵ ਇਹੋ ਹੈ, ਪਈ ਸਾਹਿਤਕ ਮਾਰਕਸਵਾਦੀ ਸੰਬੰਧਾਂ ਦੀ ਸੀਮਤ ਪਹੁੰਚ ਹੋਣ ਕਾਰਨ ਇਹ ਮਹਾਨ ਕਵਿਤਾ ਦੀ ਸਿਰਜਣਾ ਵਿਚ ਆਖਿਰ ਤਕ ਸਹਾਇਕ ਨਹੀਂ ਹੋਣਗੇ। ਇਸ ਸਿਧਾਂਤ ਕੋਲ ਮਨੁੱਖੀ ਚੇਤਨਾ ਵਿਚ ਸਦੀਆਂ ਤੋਂ ਸੁੱਤੀਆਂ ਤ੍ਰਾਸਦੀਆਂ ਨੂੰ ਆਪਣੀ ਫਰਾਖਦਿਲੀ ਦੇ ਕਲਾਵੇ ਵਿਚ ਲੈਣ ਦੀ ਸਮਰੱਥਾ ਨਹੀਂ। ਇਸ ਦੀ ਇਤਿਹਾਸਕ ਅਤੇ ਸਿਧਾਂਤਕ ਤਰਜ਼ ਵਿਚ ਵਿਸ਼ਾਲ ਧਰਵਾਸ ਪੈਦਾ ਕਰਨ ਵਾਲਾ ਸੂਖਮ ਤਰਕ ਨਹੀਂ। ਧਰਮ ਦੇ ਅਨੁਭਵੀ ਸੱਚ ਵਾਂਗ ਮਾਰਕਸਵਾਦ ਕੋਲ ਕੋਈ ਐਸੀ ਗਿਆਨ-ਦ੍ਰਿਸ਼ਟੀ ਨਹੀਂ, ਜਿਹੜੀ ਮੌਤ ਅਤੇ ਜੀਵਨ ਦੀ ਨਿਸਬਤ ਵਿਚ ਅਮਰ ਸਕੂਨ ਨੂੰ ਸਥਾਪਤ ਕਰ ਸਕਦੀ। ਧਰਮ ਸੰਕਲਪਾਂ ਕੋਲ ਮਨੁੱਖੀ ਚੇਤਨਾ ਦੇ ਅਪਹੁੰਚ ਸੋਮਿਆਂ ਤੱਕ ਪਹੁੰਚਣ ਦੇ ਸਿੱਧੇ ਰਾਹ ਹਨ, ਜਦੋਂ ਕਿ ਮਾਰਕਸਵਾਦ ਚਿੰਤਨ ਦੀ ਮਸਨੂਈ ਤਦਬੀਰ ਦਾ ਗੁਲਾਮ ਹੈ।

ਇਸ ਸਦੀ ਵਿਚ ਮਾਰਕਸਵਾਦ ਦੀਆਂ ਸੋਚ-ਵਿਧੀਆਂ ਨੇ ਕਿਸੇ ਵਿਸ਼ਵ-ਪੱਧਰ ਦੇ ਕਵੀ ਨੂੰ ਜਨਮ ਨਹੀਂ ਦਿੱਤਾ। ਕਈ ਦਰਮਿਆਨੇ ਦਰਜੇ ਦੇ ਮਾਰਕਸਵਾਦੀ ਕਵੀ ਸਮੇਂ ਦੀਆਂ ਲੋੜਾਂ ਕਾਰਨ, ਕਿਸੇ ਰੰਗੀਨ ਭਰਮ-ਵਸ ਜਾਂ ਸ਼ਖ਼ਸੀਅਤ ਦੇ ਬਨਾਵਟੀ ਸਜ-ਧਜ ਦੇ ਨਜ਼ਰੀਏ ਤੋਂ ਇਸ ਸਿਧਾਂਤ ਦੇ ਪੈਰੋਕਾਰ ਹਨ, ਜਦੋਂਕਿ ਆਪਣੀਆਂ ਵਧੀਆ ਰਚਨਾਵਾਂ ਵਿਚ ਉਨ੍ਹਾਂ ਨੇ ਅਚੇਤ ਤੌਰ ਉਤੇ ਇਸ ਦੀ ਵਰਤੋਂ ਕਰਨ ਤੋਂ ਗੁਰੇਜ਼ ਕੀਤਾ ਹੈ। ਮੋਹਨ ਸਿੰਘ ਅਤੇ ਫ਼ੈਜ਼ ਦੀ ਜਿੰਨੀ ਕੁ ਉਤਮ ਕਵਿਤਾ ਹੈ, ਉਹ ਮਾਰਕਸਵਾਦੀ ਸਿਧਾਂਤ ਦੇ ਪ੍ਰਭਾਵ ਦੀ ਗ੍ਰਿਫ਼ਤ ਵਿਚ ਨਹੀਂ। ਮਾਰਕਸੀ ਸਿਧਾਂਤ ਦੇ ਕਵਿਤਾ ਦੇ ਅਨੁਭਵੀ ਸੱਚ ਤੋਂ ਦੂਰ ਹੋਣ ਦਾ ਇਸ ਤੋਂ ਵੱਡਾ ਸਬੂਤ ਹੋਰ ਕਿ ਚੀਨੀ ਇਨਕਲਾਬ ਦੇ ਜਨਮਦਾਤਾ ਮਾਓ-ਜ਼ੇ-ਤੁੰਗ ਦੀ ਪੌਰਾਣਿਕ ਸੂਹਜ ਵਿਚ ਪਰੁੱਚੀ ਵੀਣਿਕ ਕਵਿਤਾ ਵਿਚ ਇਸ ਖੁਸ਼ਕ ਸਿਧਾਂਤ ਦਾ ਕੋਈ ਚਿਹਨ-ਚੱਕਰ ਸਪਸ਼ਟ ਨਜ਼ਰ ਨਹੀਂ ਆਉਂਦਾ।

ਪਾਬਲੋ ਨੇਰੂਦਾ ਦੀ (ਕਮਿਊਨਿਸਟ) ਰੂਸ ਅਤੇ ਮਾਇਕੋਵਸਕੀ ਦੀਆਂ ਲੈਨਿਨ ਬਾਰੇ ਲਿਖੀਆਂ ਕਵਿਤਾਵਾਂ ਸਿਧਾਂਤਕ ਅਫਵਾਹਾਂ ਦੀ ਕੱਚੀ ਬੁਨਿਆਦ ਉਤੇ ਖੜ੍ਹੀਆਂ ਹੋਣ ਕਾਰਨ ਜਿਥੇ ਸੁਰ ਅਤੇ ਤਖ਼ਈਅਲ ਦੇ ਪੱਖੋਂ ਪਹਿਲਾਂ ਹੀ ਘੱਟ ਲਹੂ ਵਾਲੀਆਂ ਸਨ, ਉਥੇ ਗੋਲਾਗ ਕਾਰਕੀਪੀਲਾਗੋ ਦੇ ਰੂਸ ਵਿਚ ਪ੍ਰਕਾਸ਼ਤ ਹੋਣ ਦੀ ਸੰਭਾਵਨਾ ਪਿਛੋਂ ਇਨ੍ਹਾਂ ਦਾ ਰੁਤਬਾ ਚਮਕੀਲੀ ਇਸ਼ਤਿਹਾਰਬਾਜ਼ੀ ਤਕ ਹੀ ਸੀਮਤ ਰਹਿ ਜਾਵੇਗਾ।

ਸ਼੍ਰੇਣੀ-ਸੰਘਰਸ਼ ਦੇ ਸਿਧਾਂਤ ਨੇ ਜਦ ਕਾਵਿ-ਅਨੁਭਵ ਨਾਲ ਸੁਮੇਲ ਕੀਤਾ ਤਾਂ ਕਲਪਨਾ ਨੇ ਕੁਝ ਸੱਚੀਆਂ ਅਤੇ ਕੁਝ ਫਰਜ਼ੀ ਪ੍ਰਸਥਿਤੀਆਂ ਨੂੰ ਸਾਹਮਣੇ ਲਿਆਂਦਾ ਜਿਨ੍ਹਾਂ ਵਿਚੋਂ ਕਿ ਮਾਰਕਸਵਾਦੀ ਕਵਿਤਾ ਦੇ ਬਹੁਤ ਸਾਰੇ ਮਜ਼ਮੂਨਾਂ ਦੀ ਚੋਣ ਕੀਤੀ ਗਈ, ਅਪਮਾਨ ਦੀ ਚੀਸ, ਬੇ-ਅਦਲੀ ਵਿਰੁਧ ਨਪੀੜੇ ਲੋਕਾਂ ਦੀ ਚੀਖ਼, ਜ਼ਖ਼ਮੀ ਰੂਹ ਵਿਚੋਂ ਉਭਰਦੀ ਜਿੱਤ ਦੀ ਆਵਾਜ਼, ਸੋਨ-ਭਵਿੱਖ ਦੀ ਉਮੀਦ ਦੇ ਨਆਰੇ, ਆਦਿ। ਪਾਕਿਸਤਾਨ ਦੇ ਫ਼ੈਜ਼ ਅਹਿਮਦ ਫ਼ੈਜ਼, ਤੁਰਕੀ ਦੇ ਨਾਜ਼ਮ ਹਿਕਮਤ ਅਤੇ ਚਿੱਲੀ ਦੇ ਪਾਬਲੋ ਨੇਰੂਦਾ ਦੀ ਕਵਿਤਾ ਨੇ ਇਸ ਕਿਸਮ ਦੀਆਂ ਆਵਾਜ਼ਾਂ ਦੀ ਕਾਫੀ ਸੁੰਦਰ ਨੁਮਾਇੰਦਗੀ ਕੀਤੀ ਪਰ ਇਸ ਕਵਿਤਾ ਦੇ ਇਕ ਵੱਡੇ ਭਾਗ (ਖਾਸ ਕਰਕੇ ਫ਼ੈਜ਼ ਦੀ ਕਵਿਤਾ) ਨੂੰ ਭੁਲੇਖੇ ਅਧੀਨ ਹੀ ਮਾਰਕਸਵਾਦੀ ਚਿੰਤਨ ਨਾਲ ਜੋੜਿਆ ਜਾਂਦਾ ਹੈ, ਕਿਉਂਕਿ ਦੁਨੀਆਂ ਦਾ ਹਰ ਨਾਸਤਕ ਜਾਂ ਆਸਤਕ ਬਾਗੀ ਕਵੀ, ਭਾਵੇਂ ਫ਼ੈਜ਼ ਹੋਵੇ, ਭਾਵੇਂ ਖੁਸ਼ਹਾਲ ਖਾਂ ਖਟਕ ਹੋਵੇ ਅਤੇ ਭਾਵੇਂ ਮਹਾਨ ਕਵੀ ਲਾਰਡ ਬਾਇਰਨ ਹੋਵੇ, ਸੱਚਮੁਚ ਉਹ ਬੇਇਨਸਾਫੀ ਸਾਹਮਣੇ ਇਸੇ ਕਿਸਮ ਦੀ ਘਾਇਲ ਕੁਰਲਾਹਟ, ਬੇਪਤੀ ਦੀ ਤੜਪ ਅਤੇ ਕ੍ਰਾਂਤਕਾਰੀ ਉਮੀਦ ਦੀ ਕਾਵਿਮਈ ਸ਼ਿੱਦਤ ਨੂੰ ਸ਼ਬਦ-ਜਗਤ ਦਾ ਅੰਗ ਬਣਾਏਗਾ। ਏਥੋਂ ਤਕ ਕਿ ਅਤਿ ਧਾਰਮਿਕ ਕਵੀ ਖਲੀਲ ਜਿਬਰਾਨ ਵੀ ਆਪਣੇ ਕਾਵਿ ਦੇ ਬਗਾਵਤੀ ਨਾਦ ਵਿਚ ਬੇ-ਅਦਲ ਹਾਕਮਾਂ ਨੂੰ ਵੰਗਾਰਦੀਆਂ ਅਤੇ ਜਿੱਤ ਦਾ ਨਆਰਾ ਬੁਲੰਦ ਕਰਦੀਆਂ ਸ਼ਹਾਦਤੀ ਚੀਸਾਂ ਪੈਦਾ ਕਰਕੇ ਵਿਖਾ ਦਿੰਦਾ ਹੈ।

ਅੱਗੋਂ ਸ਼੍ਰੇਣੀ-ਸੰਘਰਸ਼ ਦੇ ਅਟੱਲ ਮੰਨੇ ਜਾਂਦੇ ਸਿਧਾਂਤ ਨੇ ਕਵਿਤਾ ਦੇ ਉਪਰੋਕਤ ਰੌਅ ਰਸਮ ਵਿਚ ਬੰਨ੍ਹ ਦਿੱਤੇ, ਕੁਦਰਤੀ ਨਾ ਰਹਿਣ ਦਿੱਤੇ ਅਤੇ ਸਿੱਟੇ ਦੇ ਤੌਰ ਉਤੇ ਸੀਮਤ ਘੇਰਿਆਂ ਵਿਚ ਲੈ ਆਂਦੇ। ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ਵਿਚ ਸ਼੍ਰੇਣੀ-ਸੰਘਰਸ਼ ਦੇ ਨਾਮ ਥੱਲੇ ਹੋਏ ਘੋਰ ਜ਼ੁਲਮਾਂ, ਕ੍ਰਾਂਤੀ ਤੋਂ 1950 ਤਕ ਰੂਸ ਦੇ ਸੋਧ-ਕੈਂਪਾਂ ਵਿਚ ਤਿਲ-ਤਿਲ ਕਰਕੇ ਕੋਹੇ ਕੋਹੇ, ਤਿਆਨਮਿਨ ਚੌਕ ਵਿਚ ਹੋਏ ਵਿਦਿਆਰਥੀਆਂ ਦੇ ਕਤਲੇਆਮ ਅਤੇ ਬੁਲਗਾਰੀਆ ਵਿਚ ਫਾਸ਼ੀ ਸਮਿਆਂ ਦੀ ਯਾਦ ਦਵਾਉਂਦੇ ਤੁਰਕੀ ਨਸਲ ਦਾ ਬੀਜਨਾਸ਼ ਕਰਨ ਦੇ ਨੰਗੇ ਮਨਸੂਬਿਆਂ ਵਿਰੁਧ ਇਕ ਦਿਨ ਬੇਪਤੀ 'ਚੋਂ ਉਠਦੀਆਂ ਫਰਿਆਦਾਂ ਅਤੇ ਉਮੀਦ ਦੇ ਬੋਲ ਭਵਿੱਖ ਦੇ ਕਵੀ ਦੀ ਜ਼ਬਾਨ ਉਤੇ ਵਧੇਰੇ ਕੁਦਰਤੀ ਰੌਂਅ ਵਿਚ ਆਉਣਗੇ, ਕਿਉਂਕਿ ਉਦੋਂ ਕਵੀ ਬੱਝਵੇਂ ਖੋਖਲੇ ਸਿਧਾਂਤਾਂ ਦੀ ਰਸਮ ਦਾ ਗੁਲਾਮ ਨਹੀਂ ਹੋਵੇਗਾ।

ਭਵਿੱਖ ਦੀ ਕਵਿਤਾ ਵਿਚ ਅਫਗਾਨਿਸਤਾਨ ਦੇ ਮੁਜਾਹਦੀਨ ਦੀ ਬੇਮਿਸਾਲ ਜੱਦੋਜਹਿਦ ਸ਼੍ਰੇਣੀ-ਸੰਘਰਸ਼ ਦੀ ਕਵਿਤਾ ਵਿਚਲੀ ਤੜਪ-ਭਰੀ ਉਮੀਦ ਦੇ ਨਆਰੇ ਨਾਲੋਂ ਕਿਤੇ ਬਲਵਾਨ ਅਤੇ ਪਾਵਨ ਰੋਹ ਵਿਚ ਗਰਜੇਗੀ, ਕਿਉਂਕਿ ਉਦੋਂ ਕਾਵਿਮਈ ਸੱਚ ਨੂੰ ਸੁਆਰਥੀ ਸਿਧਾਂਤਕਾਰਾਂ ਅਤੇ ਆਪਹੁਦਰੇ ਹਾਕਮਾਂ ਦੀਆਂ ਸਾਜ਼ਿਸ਼ੀ ਅਫਵਾਹਾਂ ਨੇ ਨਹੀਂ ਘੇਰਿਆ ਹੋਵੇਗਾ।

ਹਾਕਮਾਂ ਵਲੋਂ ਫੈਲਾਈਆਂ ਸਾਜ਼ਿਸ਼ੀ ਅਫਵਾਹਾਂ ਇਤਿਹਾਸ ਵਿਚ ਅਕਸਰ ਹੀ ਹਕੀਕਤ ਦਾ ਵੇਸ ਧਾਰਨ ਕਰ ਲੈਂਦੀਆਂ ਹਨ, ਜਦੋਂ ਝੂਠ ਬਿਲਕੁਲ ਸੱਚ ਦੇ ਮੁਲੰਮੇ ਵਿਚ ਲਿਸ਼ਕਦਾ ਹੈ। ਅਜਿਹੀ ਸਥਿਤੀ ਵਿਚ ਪੈਦਾ ਹੋਈ ਸੁੰਦਰ ਕਵਿਤਾ ਵੀ ਸਦੀਵੀ ਪ੍ਰੇਰਨਾ ਤੋਂ ਰਹਿਤ ਹੁੰਦੀ ਹੈ, ਕਿਉਂਕਿ ਇਤਿਹਾਸ ਦੇ ਗਲਤ ਫੈਸਲਿਆਂ ਉਤੇ ਖਲੋਤੀਆਂ ਨਜ਼ਮਾਂ ਦੀ ਦਾਰਸ਼ਨਿਕ ਜੜ੍ਹ ਪ੍ਰਚਲਿਤ ਸਮੂਹਿਕ ਭਰਮ ਵਿਚ ਲੱਗੀ ਹੁੰਦੀ ਹੈ, ਜਿਵੇਂ ਬੰਗਲਾ ਦੇਸ਼ ਦੀ ਦੁੱਖ-ਭਰੀ ਦਾਸਤਾਨ ਅਨੇਕਾਂ ਭਾਰਤੀਆਂ ਦੇ ਯਕੀਨ ਦਾ ਉਸ ਵੇਲੇ ਹਿੱਸਾ ਬਣੀ ਜਦੋਂ ਇਤਿਹਾਸ ਅਫਵਾਹਾਂ ਨਾਲ ਭਾਈਵਾਲੀ ਪਾ ਕੇ ਉਨ੍ਹਾਂ ਨੂੰ ਯਥਾਰਥ ਦੀ ਝੂਠੀ ਸ਼ਕਲ ਦੇ ਰਿਹਾ ਸੀ। ਇਹੋ ਕਾਰਨ ਹੈ, ਡਾ. ਹਰਿਭਜਨ ਸਿੰਘ ਵਰਗੇ ਉਤਮ ਕਵੀ ਦੀਆਂ "ਅਲਫ਼ ਦੁਪਹਿਰ" ਵਿਚ ਸੰਗ੍ਰਹਿਤ ਬੰਗਲਾ ਦੇਸ਼ ਦੀ ਉਤਪਤੀ ਨਾਲ ਸੰਬੰਧਿਤ ਕਵਿਤਾਵਾਂ ਮਨਮੋਹਣੀ ਦਿੱਖ ਦੇ ਬਾਵਜੂਦ ਸੱਚ ਦੇ ਸ਼੍ਰੋਮਣੀ ਜਜ਼ਬੇ ਦਾ ਤਿਆਗ ਕਰਕੇ ਗਲਤ ਅਫਵਾਹਾਂ ਉਤੇ ਪਲੀ ਰਸਮ ਦੇ ਬੇਜਾਨ ਬੰਧਨ ਵਿਚ ਬੱਝ ਗਈਆਂ ਹਨ, ਜਿਵੇਂ ਬਹੁਤ ਵਾਰ ਸ਼੍ਰੇਣੀ-ਸੰਘਰਸ਼ ਦੀ ਕਵਿਤਾ ਸੱਚ ਦੇ ਭੇਸ ਵਿਚ ਪ੍ਰਗਟ ਹੋਏ ਭਰਮ ਉਤੇ ਪਲਦੀ ਹੈ। ਜਦੋਂ ਇਤਿਹਾਸ ਸੱਚ ਅਤੇ ਝੂਠ ਵਿਚਕਾਰ ਨਿਤਾਰਾ ਕਰਨ ਵਾਲੀ ਵਾਲ ਨਾਲੋਂ ਬਾਰੀਕ ਨੈਤਿਕ ਸਥਿਤੀ ਉਤੇ ਪਹੁੰਚਿਆ ਹੋਵੇ, ਉਦੋਂ ਜੋ ਕਵੀ ਹਿਰਸਾਂ ਵਿਚੋਂ ਉੱਠੀਆਂ ਅਫਵਾਹਾਂ ਦੇ ਛਲੇਡਾ-ਰੂਪੀ ਮਾਇਆ ਚੱਕਰ ਵਿਚ ਫਸ ਕੇ ਸੱਚ ਨਹੀਂ ਬੋਲ ਸਕਦਾ, ਜਾਂ ਘੱਟੋ ਘੱਟ ਖ਼ਾਮੋਸ਼ ਨਹੀਂ ਰਹਿ ਸਕਦਾ, ਉਸ ਕਵੀ ਨੂੰ ਕਲਾ-ਹੂਰਾਂ (Muses) ਆਪਣੇ ਦਿਲ ਦੇ ਸਾਰੇ ਭੇਦ ਨਹੀਂ ਦਿੰਦੀਆਂ। ਭਵਿੱਖ ਦਾ ਕਵੀ ਰਹਿਮ ਦੇ ਸਹੀ ਰਾਹ ਤੋਂ ਦੂਰ ਲਿਜਾਂਦੀਆਂ ਮਸ਼ਹੂਰੀਆਂ ਦੀ ਹਿਰਸ ਨੂੰ ਆਪਣੀ ਚੇਤਨਾ ਵਿਚੋਂ ਇਸ ਤਰ੍ਹਾਂ ਜਲਾਵਤਨ ਕਰ ਦੇਵੇਗਾ, ਜਿਵੇਂ ਸੁਆਰਥੀ ਮੋਹ ਤੋਂ ਬਚਣ ਲਈ ਇਸਲਾਮ ਦੇ ਮਸ਼ਹੂਰ ਜਰਨੈਲ ਤਾਰਿਕ ਨੇ ਸਪੇਨ ਦੇ ਸਮੁੰਦਰੀ ਕੰਢੇ ਉਤੇ ਆਪਣੇ ਹੀ ਜਹਾਜ਼ਾਂ ਨੂੰ ਜਲਾ ਦਿੱਤਾ ਸੀ। ਕਵੀ ਲਈ ਦੇਸ਼ ਭਗਤੀ ਦਾ ਮਤਲਬ ਸਮੇਂ ਦੇ ਹਾਕਮਾਂ ਦੀ ਮਗਰਮੱਛ ਨੀਤੀ ਦੀ ਲਪੇਟ ਵਿਚ ਆਉਣਾ ਨਹੀਂ ਹੁੰਦਾ। ਉਸ ਲਈ ਦੇਸ਼ ਭਗਤੀ ਇਕ ਮੁਤਬਰਕ ਜਜ਼ਬਾ ਹੈ, ਪਰ ਇਸ ਜਜ਼ਬੇ ਦੀ ਪਾਲਣਾ ਮਾਨਵਵਾਦ ਦੀ ਕੀਮਤ ਉਤੇ ਨਹੀਂ ਕੀਤੀ ਜਾ ਸਕਦੀ। ਬੰਗਲਾ ਦੇਸ਼ ਦੀ ਉਤਪਤੀ ਅਤੇ ਦੁਖਾਂਤ ਦਾ ਕਾਰਨ ਵੀ ਹਮਸਾਇਆਂ ਦੀ ਉਹੀ ਸਾਜ਼ਿਸ਼ ਸੀ, ਜਿਹੜੀ ਅੱਜਕੱਲ੍ਹ ਲੰਕਾ, ਨਿਪਾਲ ਅਤੇ ਭੂਟਾਨ ਵਰਗੇ ਬੇਚੈਨ ਰਾਜਾਂ ਦੇ ਸਿਰ ਉਤੇ ਕਿਸੇ ਭਿਅੰਕਰ ਹੋਣੀ ਵਾਂਗ ਮੰਡਲਾ ਰਹੀ ਹੈ ਅਤੇ ਭਾਰਤ ਦੇ ਮੁੱਖ ਰਾਜਸੀ ਦਲਾਂ ਦੇ ਚੁਸਤ ਤਬਕੇ ਇਨ੍ਹਾਂ ਬੇਚੈਨੀਆਂ ਨੂੰ ਸੁਤੰਤਰਤਾ ਦੇ ਸੰਗਰਾਮ ਬਣਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਜੇ ਭਵਿੱਖ ਦੇ ਕਵੀਆਂ ਦੀ ਕਲਪਨਾ ਭਰਮ-ਗ੍ਰਸਤ ਹੋ ਕੇ ਪਿਛੋਕੜ ਦੇ ਅਸਲ ਤੱਥ ਨੂੰ ਪਹਿਚਾਣੇ ਬਿਨਾ ਇਨ੍ਹਾਂ ਅਖੌਤੀ ਜੰਗਾਂ ਅਤੇ ਇਨ੍ਹਾਂ ਨਾਲ ਜੁੜੇ ਦੁੱਖਾਂ ਦੇ ਆਦਰਸ਼ਕ ਰੂਪ ਪੇਸ਼ ਕਰੇਗੀ, ਤਾਂ ਉਨ੍ਹਾਂ ਕਵਿਤਾਵਾਂ ਦੀ ਹਸਤੀ ਮਾਰੂਥਲਾਂ ਵਿਚ ਪਾਣੀ ਵਾਂਗ ਚਮਕਦੀ ਰੇਤ ਤੋਂ ਵੱਧ ਕੁਝ ਨਹੀਂ ਹੋਵੇਗੀ।

ਕੱਚੇ ਵਿਹੜਿਆਂ ਵਿਚ ਤ੍ਰਿੰਝਣਾਂ ਦਾ,  
ਯਾਰੋ ਰਾਗ ਅਨੋਖੜਾ ਮਾਣਿਆ ਮੈਂ।  
ਕੌਮਾਂ ਬਹੁਤ ਜਹਾਨ ਦੇ ਵਿਚ ਆਈਆਂ,  
ਪੰਥ ਜੇਡ ਨਾ ਕਿਸੇ ਨੂੰ ਜਾਣਿਆ ਮੈਂ।

# ਕਦੋਂ ਛੁਪਾ ਕੇ ਰੱਖਦੇ ਤਾਰੇ ਬੁੱਕਲਾਂ ਦੇ ਵਿਚ ਲੋਅ

### ਪੰਜਾਬ ਟਾਈਮਜ਼ ਬਿਊਰੋ

ਪਿਛਲੇ ਕੁਝ ਸਮੇਂ ਦੌਰਾਨ ਜਰਵਾਣੀ ਮੌਤ ਪੰਜਾਬੀ ਸਾਹਿਤ ਜਗਤ ਦੇ ਸਤ ਅਨਮੋਲ ਮੁਨੱਵਰ ਸਿਤਾਰਿਆਂ (ਜੁਗਿੰਦਰ ਸਿੰਘ ਰਾਹੀ, ਕੰਵਰ ਇਮਤਿਆਜ਼, ਟੀ ਆਰ ਵਿਨੋਦ, ਅਬਨਾਸ਼ੀ ਸਿੰਘ, ਸੰਤੋਖ ਸਿੰਘ ਧੀਰ ਅਤੇ ਹੁਣ ਰਾਮ ਸਰੂਪ ਅਣਖੀ ਅਤੇ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ) ਨੂੰ ਆਪਣੀ ਕਾਲੀ ਬੁਕਲ ਵਿਚ ਲੁਕਾ ਚੁਕੀ ਹੈ ਜਦਕਿ ਮਾਂ ਬੋਲੀ ਪੰਜਾਬੀ ਨੂੰ ਤਾਂ ਅੱਜ ਹਰ ਕਲਮ ਦੀ ਲੋੜ ਹੈ। ਜਰਵਾਣੀ ਮੌਤ ਵਲੋਂ ਇਡਾ ਧੱਕਾ ਕਿ ਮਾਤਮੀ ਸਫ ਚੁੱਕਣ ਦਾ ਸਮਾਂ ਹੀ ਨਹੀਂ ਦਿੱਤਾ। ਸਬਰ ਦੀ ਵੀ ਕੋਈ ਹੱਦ ਹੁੰਦੀ ਹੈ। ਹਿਰਖ ਵਿਚ ਆਈ ਵਲੂੰਧਰੀ ਗਈ ਆਤਮਾ ਨੇ ਨਿਹੋਰਾ ਦਿੱਤਾ:

ਨੀ ਮੌਤੇ ਕਿਤੇ ਤੂੰ ਮਰ ਜਾਵੇਂ  
ਸਵਾ ਮਹੀਨਾ ਪੂਰਾ ਕਰੀਏ  
ਤੇਰਾ ਸੋਗ ਮਨਾਵਾਂਗੇ।  
ਇਹ ਵੀ ਸਾਡਾ ਵਾਅਦਾ ਸਮਝੀਂ  
ਹਰ ਦੇਸ਼ ਦੀ ਬੋਲੀ ਵਿਚ  
ਵੈਣ ਤੇਰੇ ਲਈ ਪਾਵਾਂਗੇ।  
ਹਰ ਧਰਮ ਦੀਆਂ ਰਸਮਾਂ ਨਾਲ  
ਕਰਾਂਗੇ ਕਿਰਿਆਕ੍ਰਮ ਵੀ ਤੇਰੀ।  
ਇਕ ਵੇਰ ਤੇਰੀ ਗਤੀ ਹੋ ਜਾਵੇ  
ਅਸੀਂ ਆਪਣਾ ਫਰਜ਼ ਨਿਭਾਵਾਂਗੇ।  
ਜਦ ਤੂੰ ਤੁਰ ਗਈ ਏਸ ਜਹਾਨੋਂ,  
ਮਾਤਮ ਸਫ਼ਾਂ ਦੀ ਲੋੜ ਨਹੀਂ ਰਹਿਣੀ  
ਨਾ ਕਦੇ ਹੋਊ ਦੁਖ ਹਿਜਰ ਦਾ  
ਗੀਤ ਖੁਸ਼ੀ ਦੇ ਗਾਵਾਂਗੇ।

ਪਲ ਭਰ ਵਿਚ ਹੀ ਇਕ ਹੋਰ ਖਿਆਲ ਨੇ ਜਨਮ ਲਿਆ, ਇਦਾਂ ਲੱਗਾ ਜਿਵੇਂ ਮੌਤ ਆਪਣਾ ਪੱਖ ਪੇਸ਼ ਕਰ ਰਹੀ ਹੋਵੇ:

ਹੁਕਮ ਦੀ ਬੱਝੀ ਸਜਣਾਂ  
ਮੈਂ ਇਸ ਜਗ ਤੇ ਆਮਾਂ  
ਮੇਰੇ ਤੇ ਕਿਉਂ ਰੋਸਾ ਕਰਦਾਂ  
ਮੈਂ ਤਾਂ ਹੁਕਮ ਬਜਾਮਾਂ  
ਦਾਣਾ ਪਾਣੀ ਜਦੋਂ ਮੁਕਿਆ  
ਤੇਰੇ ਲਈ ਵੀ ਆਊਂ  
ਕਾਲੀ ਬੁਕਲ ਵਿਚ ਲਪੇਟ ਕੇ  
ਤੈਨੂੰ ਵੀ ਲੈ ਜਾਊਂ

"ਜੋ ਉਪਜਿਓ ਸੋ ਬਿਨਸ ਹੈ" ਦੇ ਫੁਰਮਾਨ ਅਨੁਸਾਰ ਇਸ ਸੰਸਾਰ ਤੇ ਹਰ ਘੜੀ ਹਰ ਪਲ ਸੰਜੋਗ ਵਿਯੋਗ ਦਾ ਨਾਟਕ ਨਿਰੰਤਰ ਚਲਦਾ ਆ ਰਿਹਾ ਹੈ। ਹਰਕਤ ਜ਼ਿੰਦਗੀ ਹੈ ਅਤੇ ਖੜੋਤ ਮੌਤ। ਦਰਖਤ ਦੀ ਟਾਹਣ ਨਾਲ ਲੱਗਾ ਪੱਤਾ ਜਿਨਾ ਚਿਰ ਹਵਾ ਦੇ ਬੁਲਿਆਂ ਨਾਲ ਅਠਖੇਲੀਆਂ ਕਰ ਸਕਦਾ ਹੈ ਉਹ ਜੀਵਤ ਹੈ। ਹਰਕਤ ਬੰਦ ਹੋਈ ਤਾਂ ਟਾਹਣ ਨਾਲੋਂ ਟੁੱਟਾ ਪੱਤਾ ਫੇਰ ਹਵਾ ਦੇ ਕੰਧੇੜ ਚੜ੍ਹ ਕੇ ਕਿਤੇ ਦਾ ਕਿਤੇ ਦੂਰ ਚਲਾ ਜਾਂਦਾ ਹੈ, ਮਿੱਟੀ ਵਿਚ ਮਿੱਟੀ ਹੋ ਜਾਣ ਬਾਅਦ ਨਾ ਹੀ ਉਸ ਦੀ ਕੋਈ ਯਾਦ ਅਤੇ ਨਾ ਹੀ ਉਸ ਦਾ ਕੋਈ ਵਜੂਦ ਬਾਕੀ ਰਹਿ ਜਾਂਦਾ ਹੈ। ਜਿਹੜੇ ਲੋਕ ਬਾਬਾ ਨਾਨਕ ਦੀ ਸਲਾਹ "ਸੁਕ੍ਰਿਤ ਕੀਤਾ ਰਹਸੀ ਮੇਰੇ ਜੀਅੜੇ ਬਹੁੜ ਨਾ ਆਵੈ ਵਾਰੀ ਜੀਉ" ਨੂੰ ਮੰਨ ਕੇ ਜੀਵਤ ਘੜੀਆਂ ਦੀ ਯੋਗ ਵਰਤੋਂ ਕਰਦੇ ਹੋਏ ਕੁਝ ਐਸਾ ਕੰਮ ਕਰ ਜਾਂਦੇ ਹਨ ਕਿ ਮੌਤ ਜਰਵਾਣੀ ਸਰੀਰਕ ਤੌਰ 'ਤੇ ਭਾਵੇਂ ਉਨ੍ਹਾਂ ਨੂੰ ਆਪਣੀ ਕਾਲੀ ਬੁਕਲ ਵਿਚ ਛੁਪਾ ਸਕਦੀ ਹੈ ਪਰ ਉਨ੍ਹਾਂ ਦੀ ਆਤਮਾ ਤੇ ਮੌਤ ਦਾ ਕੋਈ ਜ਼ੋਰ ਨਹੀਂ ਚਲਦਾ।

ਇਕ ਨਾਮ ਸਾਨੂੰ ਜਨਮ ਵੇਲੇ ਮਾਤਾ ਪਿਤਾ ਭਾਈਚਾਰੇ ਵਲੋਂ ਦਿਤਾ ਜਾਂਦਾ ਹੈ ਦੂਸਰਾ ਨਾਮ ਅਸੀਂ ਆਪਣੇ ਜੀਵਨਕਾਲ ਵਿਚ ਕਮਾਉਂਦੇ ਹਾਂ। ਇਸ ਕਮਾਏ ਹੋਏ ਨਾਮ ਨੇ ਹੀ ਸਾਡੇ ਨਾਲ ਜਾਣਾ ਹੈ। ਗੁਰੂ ਨਾਨਕ ਜੀ ਦਾ ਫੁਰਮਾਨ ਹੈ "ਬੋਦਾ ਗੰਢ ਬੋਲੇ ਸਚ ਕੋਇ ਮੁਇਆ ਗੰਢ ਨੇਕੀ ਸਤ ਹੋਇ" ਸੇਲ ਟੈਕਸ, ਪ੍ਰਾਪਰਟੀ ਟੈਕਸ, ਜੰਮਣ-ਮਰਨ ਟੈਕਸ ਤੋਂ ਇਲਾਵਾ ਇਕ ਹੋਰ ਬੜਾ ਹੀ ਜ਼ਰੂਰੀ ਟੈਕਸ ਵੀ ਹੈ, ਜਿਸ ਨੂੰ ਮੈਂ ਕਾਲ ਟੈਕਸ ਕਿਹਾ ਕਰਦਾ ਹਾਂ। ਹਰ ਇਨਸਾਨ ਤੇ ਕਾਲ ਟੈਕਸ ਵੱਖੋ ਵਖਰਾ ਹੁੰਦਾ ਹੈ ਇਨ੍ਹਾਂ ਸਾਹਿਤਕਾਰਾਂ ਤੇ ਸਾਹਿਤ ਟੈਕਸ ਲੱਗਾ ਸੀ। ਹਰ ਇਕ ਦਾ ਇਕ ਵਸੀਹ ਦਾਇਰਾ ਸੀ, ਤਨੋਂ ਮਨੋਂ ਮਿਹਨਤ ਕਰ ਕੇ ਇਨ੍ਹਾਂ ਨੇ ਆਪਣਾ ਟੈਕਸ ਅਦਾ ਕਰ ਕੇ ਪੰਜਾਬੀ ਸਾਹਿਤ ਦਾ ਖਜ਼ਾਨਾ ਭਰ ਦਿਤਾ। ਜਿਸ ਕੰਮ ਲਈ ਆਏ ਸਨ ਪੂਰਾ ਕਰ ਗਏ ਹਨ। ਜਿਸਮਾਨੀ ਤੌਰ 'ਤੇ ਭਾਵੇਂ ਉਹ ਸਾਥੋਂ ਕਿਤੇ ਦੂਰ ਚਲੇ ਗਏ ਹਨ, ਨਾ ਹੀ ਉਨ੍ਹਾਂ ਨਾਲ ਸਾਡੀ ਕੋਈ ਬੋਲੀ ਸਾਂਝ ਰਹਿ ਗਈ ਹੈ ਪਰ ਉਹ ਸਾਹਿਤ ਦਾ ਇਕ ਵਡਮੁੱਲਾ ਖਜ਼ਾਨਾ ਪਿਛੇ ਛਡ ਗਏ ਹਨ। ਆਉਣ ਵਾਲੀਆਂ ਪੀੜ੍ਹੀਆਂ ਜਦ ਚਾਹੁਣ ਉਨ੍ਹਾਂ ਦੀ ਆਤਮਾ ਨਾਲ ਸੰਵਾਦ ਰਚਾ ਸਕਦੀਆਂ ਹਨ। ਉਨ੍ਹਾਂ ਦੇ ਇਸ ਖਜ਼ਾਨੇ ਵਿਚੋਂ ਝੋਲੀਆਂ ਭਰ ਸਕਦੀਆਂ ਹਨ।

ਸਾਂਭ ਸਾਂਭ ਨਹੀਂ ਰਖਦਾ  
ਕੋਈ ਗੰਢਾਂ ਵਿਚ ਖੁਸ਼ਬੋ,  
ਕਦੋਂ ਲੁਕਾ ਕੇ ਰੱਖਦੇ ਤਾਰੇ  
ਬੁੱਕਲਾਂ ਦੇ ਵਿਚ ਲੋਅ

ਆਸ ਹੀ ਨਹੀਂ ਪੂਰਨ ਵਿਸ਼ਵਾਸ਼ ਹੈ ਕਿ ਉਨ੍ਹਾਂ ਦੀ ਜਗਈ ਜੋਤ ਪ੍ਰਗਰਦੀਆਂ ਲਗਰਾਂ ਲਈ ਬੇਹਦ ਲਾਹੇਵੰਦ ਹੋਵੇਗੀ। ਪੰਜਾਬੀ ਸਾਹਿਤ ਸਭਾ ਕੇਲੀਫੋਰਨੀਆ ਨੇ ਵੀਡੀਓ ਕਾਨਫਰੰਸ ਕੀਤੀ। ਯੂਬਾ ਸਿਟੀ ਤੋਂ ਪ੍ਰਧਾਨ ਹਰਬੰਸ ਸਿੰਘ ਜਗਿਆਸੂ, ਰਾਵਿੰਦਰ ਸਿੰਘ ਅਟਵਾਲ, ਗੁਰਚਰਨ ਸਿੰਘ ਜ਼ਖਮੀ, ਸੈਕਰਾਮੈਂਟੋ ਤੋਂ ਮਨਜੀਤ ਕੌਰ ਸੇਖੋਂ, ਡਾ. ਅਮਰੀਕ ਸਿੰਘ, ਜੋਤੀ ਸਿੰਘ, ਤਜਿੰਦਰ ਕੌਰ, ਕਮਲ ਬੰਗਾ, ਗੁਰਪਾਲ ਸਿੰਘ ਖਹਿਰਾ, ਦਲਜੀਤ ਸਿੰਘ ਨਿੱਝਰ, ਮੁਹਿੰਦਰ ਸਿੰਘ ਘੱਗ, ਸਟਾਕਟਨ ਤੋਂ ਹਰਜਿੰਦਰ ਸਿੰਘ ਪੰਧੇਰ, ਮਿਰਗਇੰਦਰ ਕੌਰ ਪੰਧੇਰ, ਡਾ. ਸ਼ੇਰਗਿੱਲ, ਜਸਵੰਤ ਸਿੰਘ ਸ਼ਾਦ, ਤ੍ਰਿਪਤ ਸਿੰਘ ਭੱਟੀ, ਫਰੀਮਾਂਟ ਤੋਂ ਹਰਭਜਨ ਸਿੰਘ ਢਿੱਲੋਂ, ਮੇਜਰ ਦਲੇਰ, ਨੀਲਮ ਸੈਣੀ, ਚਰਨਜੀਤ ਸਿੰਘ ਪੰਨੂ ਤੇ ਈਸ਼ਰ ਸਿੰਘ ਮੋਮਨ ਅਤੇ ਹੋਰ ਬਹੁਤ ਸਾਰੇ ਲੇਖਕਾਂ ਨੇ ਇਸ ਸੋਗ ਸਮਾਗਮ ਵਿਚ ਭਾਗ ਲਿਆ।

# 'ਸਹਿਜੇ ਰਚਿਓ ਖਾਲਸਾ' ਦਾ ਸਹਿਜ ਲਿਖਾਰੀ ਹਰਿੰਦਰ ਸਿੰਘ ਮਹਿਬੂਬ

**ਡਾ. ਗੁਰਨਾਮ ਕੌਰ***

ਹਰਿੰਦਰ ਸਿੰਘ ਮਹਿਬੂਬ ਨੂੰ ਮਿਲਣ ਤੋਂ ਪਹਿਲਾਂ ਮਹਿਬੂਬ ਦਾ 'ਪੰਜਾਬੀ ਦੁਨੀਆਂ' ਵਿਚ ਇਕ ਲੇਖ ਪੜ੍ਹਿਆ ਸੀ ਜਿਸ ਦੀ ਸ਼ੈਲੀ ਬਹੁਤ ਖ਼ੂਬਸੂਰਤ ਲੱਗੀ। ਫਿਰ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚ ਰਹਿੰਦਿਆਂ ਮੇਰੇ ਪਤੀ ਗੁਰਦਿਆਲ ਸਿੰਘ ਬੱਲ, ਜਿਨ੍ਹਾਂ ਨੂੰ ਕਿਤਾਬਾਂ ਅਤੇ ਕਿਤਾਬਾਂ ਪੜ੍ਹਨ ਵਾਲੇ ਬੰਦਿਆਂ ਨਾਲ ਇਸ਼ਕ ਹੈ, ਮਹਿਬੂਬ ਸਾਹਿਬ ਨੂੰ ਘਰ ਲੈ ਕੇ ਆਏ। ਹਰਿੰਦਰ ਸਿੰਘ ਮਹਿਬੂਬ ਦੀ ਸਾਦਗੀ ਨੂੰ ਪਹਿਲੀ ਵਾਰ ਦੇਖ ਕੇ ਇਹ ਸੋਚਿਆਂ ਵੀ ਹੈਰਾਨੀ ਹੁੰਦੀ ਹੈ ਕਿ ਇਹ ਬੰਦਾ ਅਰਸ਼ੀ ਸੂਝ ਦਾ ਮਾਲਕ ਅਤੇ ਗਿਆਨ ਦਾ ਡੂੰਘਾ ਸਮੁੰਦਰ ਹੈ। ਮਹਿਬੂਬ ਨੇ ਆਪਣੀਆਂ ਲਿਖਤਾਂ ਨਾਲ ਮਾਂ-ਬੋਲੀ ਪੰਜਾਬੀ ਦੀ ਝੋਲੀ ਵਿਚ ਜੋ ਸ਼ਬਦਾਵਲੀ ਪਾਈ ਹੈ ਸ਼ਾਇਦ ਵਰ੍ਹਿਆਂ ਤੱਕ ਕੋਈ ਹੋਰ ਵਿਦਵਾਨ ਅਜਿਹਾ ਨਾ ਕਰ ਸਕੇ। ਪਹਿਲੀ ਮਿਲਣੀ ਤੋਂ ਬਾਅਦ ਕਈ ਵਾਰ ਨੀਲੇ ਲਿਫਾਫੇ ਤੇ ਵਰ੍ਹੇ ਛਿਮਾਹੀ ਮਹਿਬੂਬ ਸਾਹਿਬ ਦਾ ਖਤ ਆ ਜਾਂਦਾ ਸੀ ਜਿਸ ਵਿਚ ਆਪਣੀ ਕਿਸੇ ਰਚਨਾ ਬਾਰੇ ਲਿਖਿਆ ਹੁੰਦਾ ਸੀ ਕਿ ਉਹ ਕੀ ਤਿਆਰੀ ਕਰ ਰਹੇ ਹਨ। ਹਰਿੰਦਰ ਸਿੰਘ ਮਹਿਬੂਬ ਅਜਿਹਾ ਵਿਦਵਾਨ ਸੀ ਜੋ ਮੁਹੰਮਦ ਸਾਹਿਬ ਬਾਰੇ ਜਾਂ ਈਸਾ ਮਸੀਹ ਬਾਰੇ ਵੀ ਉਨੀ ਹੀ ਜਾਣਕਾਰੀ ਭਰਪੂਰ ਅਤੇ ਲਗਾਓ ਨਾਲ ਗੱਲ ਕਰਦਾ ਸੀ ਜਿੰਨੀ ਨਾਲ ਗੁਰੂ ਨਾਨਕ ਦੇਵ ਬਾਰੇ ਜਾਂ ਗੁਰੂ ਗੋਬਿੰਦ ਸਿੰਘ ਬਾਰੇ। ਉਸ ਨੂੰ ਵੇਦਾਂ, ਉਪਨਿਸ਼ਦਾਂ, ਕੁਰਾਨ ਦਾ ਉਵੇਂ ਹੀ ਗਿਆਨ ਹਾਸਲ ਸੀ ਜਿਵੇਂ 'ਧੁਰਿ ਕੀ ਬਾਣੀ' ਦਾ। ਉਹ ਪ੍ਰਗਤੀਵਾਦ ਵਲੋਂ ਗੁਰਬਾਣੀ ਵੱਲ ਮੁੜਿਆ ਸੀ ਅਤੇ ਆਪਣੇ ਇਸ ਗਿਆਨ ਦੀ ਉਸ ਨੇ ਸਿੱਖ ਧਰਮ ਬਾਰੇ ਲਿਖਦਿਆਂ ਪੂਰੀ ਸੁਹਿਰਦਤਾ ਨਾਲ ਵਰਤੋਂ ਕੀਤੀ। ਕਿੰਨੇ ਕੁ ਵਿਦਵਾਨ ਹਨ ਜੋ ਪ੍ਰਗਤੀਵਾਦ ਨਾਲੋਂ ਮੁੜ ਕੇ ਆਪਣੇ ਵਿਰਸੇ ਨਾਲ ਜੁੜੇ ਹੋਣ? ਉਸ ਨੂੰ ਆਪਣੇ ਵਿਰਸੇ ਨਾਲ ਇਸ਼ਕ ਦੀ ਹੱਦ ਤੱਕ ਮੋਹ ਸੀ। ਹਰ ਗੱਲ ਬਹੁਤ ਹੀ ਠਰ੍ਹੰਮੇ ਨਾਲ ਅਤੇ ਦਲੀਲ ਨਾਲ ਕਰਨ ਦਾ ਉਸ ਦਾ ਸੁਭਾਅ ਸੀ। ਮਹਿਬੂਬ ਸਾਹਿਬ ਦੀ ਸੰਗਤ ਵਿਚ ਬੈਠਣ ਦਾ ਅਤੇ ਵਾਰਤਾਲਾਪ ਦਾ ਅਨੰਦ ਸੁਣਨ ਦਾ ਮੈਨੂੰ ਬਹੁਤ ਵਾਰ ਮੌਕਾ ਮਿਲਿਆ ਕਿਉਂਕਿ ਪਟਿਆਲੇ ਆਉਣ ਵਿਚ ਸਾਡੇ ਘਰ ਆਉਣਾ ਵੀ ਸ਼ਾਮਲ ਹੁੰਦਾ ਸੀ ਜਿਥੇ ਉਨ੍ਹਾਂ ਦੀ ਹਾਜ਼ਰੀ ਵਿਚ ਮਹਿਫਲ ਲਗਦੀ ਪਰ ਮੈਂ ਕਦੇ ਵੀ ਉਸ ਇਨਸਾਨ ਨੂੰ ਆਮ ਵਿਦਵਾਨਾਂ ਵਾਂਗ ਤੈਸ਼ ਵਿਚ ਆਉਂਦਿਆਂ ਜਾਂ ਸੰਜਮ ਛੱਡਦਿਆਂ ਨਹੀਂ ਦੇਖਿਆ। ਵਾਰਤਾਲਾਪ ਨੂੰ ਠਰ੍ਹੰਮੇ ਨਾਲ ਜਾਰੀ ਰੱਖਣਾ ਮਹਿਬੂਬ ਦਾ ਸੁਭਾਅ ਸੀ।

ਮਹਿਬੂਬ ਗਿਆਨ ਦਾ ਵਿਸ਼ਾਲ ਸਮੁੰਦਰ ਸੀ। ਉਸ ਨੇ ਦਾਂਤੇ, ਰੂਮੀ, ਸ਼ੇਕਸਪੀਅਰ, ਮਿਲਟਨ, ਵਰਡਜ਼ਵਰਥ, ਵਿਕਟਰ ਹਿਊਗੋ, ਵਾਲਟ ਵਿਟਮੈਨ, ਤੁਰਗਨੇਵ, ਪਾਸਤਰਨਾਕ, ਨਦੀਮੀ, ਖਲੀਲ ਜ਼ਿਬਰਾਨ, ਟੈਗੋਰ, ਓਨੀਲ ਤੇ ਪੂਰਨ ਸਿੰਘ ਵਰਗੇ ਮਹਾਨ ਲੇਖਕਾਂ ਨੂੰ ਨਾ ਸਿਰਫ ਇਕੋ ਜਿੰਨੀ ਸ਼ਿੱਦਤ ਨਾਲ ਪੜ੍ਹਿਆ ਸੀ ਸਗੋਂ ਇਹ ਸਾਰੇ ਲੇਖਕ ਉਸ ਦੇ ਮਨ ਮਸਤਕ ਵਿਚ ਵਸੇ ਹੋਏ ਸਨ। ਭਾਵੇਂ ਉਸ ਨਾਲ ਦਾਂਤੇ ਦੀ ਗੱਲ ਕਰ ਲਵੋ ਅਤੇ ਭਾਵੇਂ ਵਾਰਸ ਸ਼ਾਹ ਦੀ ਅਤੇ ਭਾਵੇਂ ਕਿਸੇ ਹੋਰ ਲੇਖਕ ਦਾ ਨਾਂ ਲੈ ਲਵੋ, ਉਹ ਉਸੇ ਰਉਂ ਵਿਚ ਠਰ੍ਹੰਮੇ ਨਾਲ ਆਪਣੀ ਗੱਲ ਕਹਿਣ ਦਾ ਆਦੀ ਸੀ। ਉਸ ਨੂੰ ਆਲੇ ਦੁਆਲੇ ਬੈਠੇ ਰੰਗ-ਬਰੰਗੇ, ਵੱਖਰੀਆਂ ਵੱਖਰੀਆਂ ਆਦਤਾਂ ਵਾਲੇ ਲੋਕਾਂ ਦੀ ਸੰਗਤ ਵਿਚਲਿਤ ਨਹੀਂ ਸੀ ਕਰਦੀ। ਉਹ ਧਰਤੀ ਦਾ ਪੁੱਤਰ ਸੀ, ਪੰਜਾਂ ਦਰਿਆਵਾਂ ਦੇ ਪੰਜਾਬ ਦਾ ਪੁੱਤਰ ਜਿਸ ਨੂੰ ਸਾਂਝੇ ਪੰਜਾਬ ਦੀ ਮਿੱਟੀ ਨਾਲ ਅੰਤਾਂ ਦਾ ਮੋਹ ਸੀ। ਉਸ ਨੂੰ ਦਰਿਆਵਾਂ ਦੀ ਰਵਾਨੀ, ਬਨਸਪਤੀ ਦੀ ਹਰਿਆਵਲ, ਕੁਦਰਤ ਦੀ ਹਰ ਘਾੜਤ, ਪੰਜਾਬ ਦੀਆਂ ਸੋਹਣੀਆਂ, ਸੱਸੀਆਂ, ਹੀਰਾਂ ਨਾਲ ਮੋਹ ਸੀ। ਆਪਣੇ ਵਿਰਸੇ ਦਾ ਪਿਆਰ ਉਸ ਦੇ ਰੋਮ ਰੋਮ ਵਿਚ ਸਮਾਇਆ ਹੋਇਆ ਸੀ। ਉਸ ਨੇ ਅਨੇਕਾਂ ਮੁਲਕਾਂ ਦੇ ਲੋਕ ਸਾਹਿਤ ਨੂੰ ਆਪਣੇ ਅੰਦਰ ਰਿੜਕਿਆ ਹੋਇਆ ਸੀ। ਉਸ ਨੇ ਪੰਜਾਬੀ ਸਾਹਿਤ ਦੇ ਲੋਕ ਸਾਹਿਤ ਨਾਲ ਜੁੜੇ ਲੇਖਕਾਂ ਨੂੰ ਡੂੰਘੀ ਨੀਝ ਨਾਲ ਗ੍ਰਹਿਣ ਕੀਤਾ ਸੀ। ਇਹ ਸਭ ਉਸ ਦੀਆਂ ਲਿਖਤਾਂ ਦੇ ਸਿਰਲੇਖਾਂ ਤੋਂ ਵੀ ਸਪਸ਼ਟ ਹੋ ਜਾਂਦਾ ਹੈ। ਉਸ ਦੀਆਂ ਲਿਖਤਾਂ ਤੋਂ ਇਨ੍ਹਾਂ ਸਭ ਦੇ ਨਜ਼ਾਰੇ ਮਿਲ ਜਾਂਦੇ ਹਨ। ਕਈ ਵਾਰ ਜਦੋਂ ਗੜ੍ਹਦੀਵਾਲਾ ਜਾਣ ਦੀ ਗੱਲ ਚਲਦੀ, ਜਿਥੇ ਮੈਨੂੰ ਕਦੀ ਜਾਣ ਦਾ ਮੌਕਾ ਨਹੀਂ ਮਿਲਿਆ, ਤਾਂ ਮਹਿਬੂਬ ਸਾਹਿਬ ਦਾ ਕਹਿਣਾ ਹੁੰਦਾ ਸੀ ਕਿ ਅੰਬਾਂ ਦੀ ਰੁੱਤ ਵਿਚ ਗੜ੍ਹਦੀਵਾਲਾ ਬਹੁਤ ਖ਼ੂਬਸੂਰਤ ਲਗਦਾ ਹੈ, ਤੁਸੀਂ ਕੁਦਰਤ ਦਾ ਅਨੰਦ ਮਾਣੋਗੇ। ਰਾਵੀ ਤੇ ਝਨਾਂ ਦੀ ਰਵਾਨੀ ਦਾ ਪ੍ਰਭਾਵ ਮਹਿਬੂਬ ਦੀਆਂ ਲਿਖਤਾਂ ਵਿਚੋਂ ਸਪਸ਼ਟ ਉਜਾਗਰ ਹੁੰਦਾ ਹੈ।

ਹਰਿੰਦਰ ਸਿੰਘ ਮਹਿਬੂਬ ਦੀ ਪਹਿਲੀ ਪੁਸਤਕ 'ਸਹਿਜੇ ਰਚਿਓ ਖਾਲਸਾ' 1988 ਵਿਚ ਛਪ ਕੇ ਤਿਆਰ ਹੋ ਗਈ। ਅਸੀਂ ਉਨ੍ਹਾਂ ਦੀ ਇਹ ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਲੋਂ ਰਿਲੀਜ਼ ਕਰਾਉਣ ਦਾ ਮਨ ਬਣਾਇਆ। ਡਾ. ਬਲਕਾਰ ਸਿੰਘ ਵਿਭਾਗ ਦੇ ਮੁਖੀ ਸਨ ਅਤੇ ਡਾ. ਹਰਿਭਜਨ ਸਿੰਘ ਦਿੱਲੀ ਵਾਲਿਆਂ ਨੇ 'ਗੁਰੂ ਨਾਨਕ ਸਿਮਰਤੀ ਵਿਖਿਆਨ' ਲੜੀ ਤਹਿਤ ਵਿਭਾਗ ਵਲੋਂ ਦੋ ਰੋਜ਼ਾ ਭਾਸ਼ਣ ਦੇਣਾ ਸੀ। ਡਾ. ਹਰਿਭਜਨ ਸਿੰਘ ਨੂੰ ਮਨਾਇਆ ਗਿਆ ਕਿ ਦੋ ਦਿਨ ਦਾ ਲੈਕਚਰ ਇਕ ਦਿਨ ਵਿਚ ਕੀਤਾ ਜਾਏ ਅਤੇ ਅਗਲਾ ਦਿਨ 'ਸਹਿਜੇ ਰਚਿਓ ਖਾਲਸਾ' ਨੂੰ ਰਿਲੀਜ਼ ਕਰਨ ਲਈ ਰੱਖ ਲੈਣ। ਯੂਨੀਵਰਸਿਟੀ ਦਾ ਸੈਨੇਟ ਹਾਲ ਤਾਂ ਭਰਿਆ ਹੀ ਹੋਇਆ ਸੀ ਸਗੋਂ ਬਾਹਰ ਵੀ. ਸੀ. ਆਫਿਸ ਦੇ ਸਾਹਮਣੇ ਵਾਲਾ ਘਾਹ ਦਾ ਮੈਦਾਨ ਵੀ ਲੇਖਕਾਂ, ਵਿਦਵਾਨਾਂ ਅਤੇ ਸਰੋਤਿਆਂ ਨਾਲ ਗਹਿਮਾ ਗਹਿਮ ਸੀ। ਬਹੁਤ ਪੁਸਤਕਾਂ ਆਪਣੀ ਨੌਕਰੀ ਸਮੇਂ ਰਿਲੀਜ਼ ਕਰਾਈਆਂ ਹਨ ਪਰ ਨਾ ਹੀ ਕਿਸੇ ਬਾਰੇ ਏਨੇ ਵਿਦਵਾਨਾਂ ਨੂੰ ਏਨਾ ਵਧੀਆ ਬੋਲਦੇ ਸੁਣਿਆ ਹੈ ਅਤੇ ਨਾ ਹੀ ਕਦੀ ਕਿਸੇ ਪੁਸਤਕ ਤੇ ਏਡਾ ਵੱਡਾ ਵਿਦਵਾਨਾਂ ਦਾ ਮੇਲਾ ਦੇਖਿਆ ਹੈ। ਦੂਰੋਂ ਨੇੜਿਓਂ ਸਾਰਾ ਭੁਤਵਾੜਾ ਤਕਰੀਬਨ ਉਥੇ ਹਾਜ਼ਰ ਸੀ ਅਤੇ ਬੋਲਣ ਲਈ ਤਤਪਰ ਸੀ।

ਉਸ ਤੋਂ ਪਿਛੋਂ ਦੂਸਰੀ ਪੁਸਤਕ 'ਝਨਾਂ ਦੀ ਰਾਤ' ਵੀ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਲੋਂ ਮੈਡਮ ਦਲੀਪ ਕੌਰ ਟਿਵਾਣਾ ਦੀ ਸਰਪ੍ਰਸਤੀ ਹੇਠ ਰਿਲੀਜ਼ ਕੀਤੀ ਗਈ। ਸਵਰਗੀ ਜੋਗਾ ਸਿੰਘ ਵਰਗੇ ਲੇਖਕ, ਡਾ. ਕੇਸਰ ਸਿੰਘ ਅਤੇ ਹੋਰ ਵਿਦਵਾਨ ਤੇ ਪੰਜਾਬੀ ਟ੍ਰਿਬਿਊਨ ਦਾ ਅਮਲਾ ਚੰਡੀਗੜ੍ਹ ਤੋਂ ਪਟਿਆਲੇ ਪਹੁੰਚਾ। ਦੁਪਹਿਰ ਦਾ ਖਾਣਾ ਵਾਰਸ ਭਵਨ ਵਿਚ ਸੀ ਪਰ ਸਾਨੂੰ ਜਿਵੇਂ 'ਸਹਿਜੇ ਰਚਿਓ ਖਾਲਸਾ' ਵਰਗਾ ਅਨੰਦ ਨਹੀਂ ਆਇਆ। ਜਿਵੇਂ ਚਰਚਾ ਪੂਰੀ ਨਾ ਹੋਈ ਹੋਵੇ। ਇਸ ਲਈ ਮੇਰੇ ਪਤੀ ਗੁਰਦਿਆਲ ਬੱਲ ਨੇ ਰਾਤ ਦਾ ਖਾਣਾ ਸਾਡੇ ਘਰ ਰੱਖਣ ਦੀ ਯੋਜਨਾ ਬਣਾਈ ਜਿਥੇ ਮਹਿਬੂਬ ਸਾਹਿਬ ਦੇ ਭੁਤਵਾੜੇ ਦੇ ਪੁਰਾਣੇ ਸਾਥੀ ਡਾ. ਗੁਰਭਗਤ ਸਿੰਘ, ਸ. ਹਰਦਿਲਜੀਤ ਸਿੰਘ ਸਿੱਧੂ ਉਰਫ ਲਾਲੀ ਬਾਬਾ, ਮਹਿਬੂਬ ਸਾਹਿਬ ਦੇ ਕਰੀਬੀ ਦੋਸਤ ਡਾ. ਗੁਰਤਰਨ ਸਿੰਘ ਅਤੇ ਪੰਜਾਬੀ ਟ੍ਰਿਬਿਊਨ ਤੋਂ ਮੇਰੇ ਪਤੀ ਦੇ ਦੋਸਤ ਮਿੱਤਰ ਸ਼ਾਮਲ ਸਨ। ਮਹਿਬੂਬ ਸਾਹਿਬ ਉਵੇਂ ਸ਼ਾਂਤ ਚਿੱਤ ਅਤੇ ਅਡੋਲ ਸਨ ਅਤੇ ਵਾਰਤਾਲਾਪ ਦੀ ਦੁਪਹਿਰ ਵਾਲੀ ਕਸਰ ਪੂਰੀ ਹੋਈ।

ਹਰਿੰਦਰ ਸਿੰਘ ਮਹਿਬੂਬ ਹੋਰਾਂ ਨਾਲ ਆਖਰੀ ਮੁਲਾਕਾਤ ਸੰਨ 2008 ਦੀਆਂ ਗਰਮੀਆਂ ਵਿਚ ਸਾਡੇ ਕੈਨੇਡਾ ਆਉਣ ਤੋਂ ਪਹਿਲਾਂ ਹੋਈ। ਸ. ਰਛਪਾਲ ਸਿੰਘ ਗਿੱਲ, ਐਡੀਸ਼ਨਲ ਡਾਇਰੈਕਟਰ (ਰਿਟਾ.) ਭਾਸ਼ਾ ਵਿਭਾਗ ਪੰਜਾਬ, ਮਹਿਬੂਬ ਸਾਹਿਬ ਨੂੰ ਲੈ ਆਏ। ਡਾ. ਤਗਿੰਦਰ ਨੇ ਰਿਕਾਰਡਿੰਗ ਲਈ ਵੀਡੀਓ ਕੈਮਰਾ ਆਪਣੇ ਹੱਥ ਵਿਚ ਫੜਿਆ ਹੋਇਆ ਸੀ। ਅਸੀਂ ਸਭ ਆਲੇ ਦੁਆਲੇ ਬੈਠੇ ਸੀ ਅਤੇ ਮਹਿਬੂਬ ਸਾਹਿਬ ਆਪਣੇ ਖਾਸ ਅੰਦਾਜ਼ ਵਿਚ ਬੜੇ ਠਰ੍ਹੰਮੇ ਨਾਲ ਡਾ. ਤਗਿੰਦਰ ਦੇ ਸਵਾਲਾਂ ਦਾ ਉਤਰ ਦੇ ਰਹੇ ਸਨ। ਮਹਿਬੂਬ ਦੀ ਬਹੁਤ ਤਮੰਨਾ ਸੀ ਕਿ ਈਰਾਨ ਦੇ ਫਿਰਦੌਸੀ ਦੇ ਸ਼ਾਹਨਾਮੇ ਦੀ ਤਰਜ਼ 'ਤੇ ਸਿੱਖ ਗੁਰੂ ਸਾਹਿਬਾਨ ਤੇ ਮਹਾਂਕਾਵਿ ਲਿਖਣ ਦੀ, ਜੋ ਚਾਰ ਭਾਗਾਂ ਵਿਚ ਛਾਪਿਆ ਜਾਣਾ ਸੀ ਪਰ ਇਸ ਦਾ ਪਹਿਲਾ ਭਾਗ 'ਲੰਮੀ ਨਦਰਿ ਦੇ ਪੈਂਡੇ' ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਅਤੇ ਚੌਥਾ ਭਾਗ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹੀ ਛਪਿਆ ਹੈ। ਬਾਕੀ ਗੁਰੂ ਸਾਹਿਬਾਨ ਬਾਰੇ ਗੁਰੂ ਅਮਰਦਾਸ ਤੱਕ ਹੀ ਲਿਖਿਆ ਜਾ ਸਕਿਆ, ਸਵਾਸਾਂ ਨੇ ਸਾਥ ਨਹੀਂ ਦਿੱਤਾ। ਮਹਿਬੂਬ ਦੀ ਮਿਹਨਤ ਦਾ ਫਲ ਹਿੰਦੁਸਤਾਨ ਦਾ 'ਸਾਹਿਤ ਅਕਾਦਮੀ' ਦਾ ਸਨਮਾਨ ਅਤੇ ਭਾਸ਼ਾ ਵਿਭਾਗ ਪੰਜਾਬ ਵਲੋਂ ਸਨਮਾਨ ਮਿਲਣਾ ਹੈ। ਕਾਸ਼ ਰੱਬ ਨੇ ਕੁਝ ਸਮਾਂ ਹੋਰ ਦਿੱਤਾ ਹੁੰਦਾ ਤਾਂ ਮਹਾਂਕਾਵਿ ਪੂਰਾ ਹੋ ਜਾਂਦਾ। ਪਟਿਆਲੇ ਮਹਿਫਲਾਂ ਸਜਦੀਆਂ ਰਹਿਣੀਆਂ ਹਨ ਪਰ ਹਰਿੰਦਰ ਸਿੰਘ ਮਹਿਬੂਬ ਨੇ ਵਿਚ ਹਾਜ਼ਰ ਨਹੀਂ ਹੋਣਾ।

***ਸਾਬਕਾ ਮੁਖੀ,**
**ਗੁਰੂ ਗ੍ਰੰਥ ਸਾਹਿਬ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

### *ਨੀਂਦਾਂ ਦਾ ਕਤਲ ਅਤੇ ਸ਼ਹੀਦ ਦਾ ਗਜ਼ਬ*

ਕੌਮ ਸ਼ਹੀਦ ਗੁਰੂ ਦੇ ਬੂਹੇ
ਕਰ ਸੁੱਤੀ ਅਰਦਾਸਾਂ।
ਡੈਣ ਸਰਾਲ ਚੋਰ ਜਿਉਂ ਸਰਕੀ
ਲੈ ਕੇ ਘੋਰ ਪਿਆਸਾਂ।
ਹੱਥ ਬੇਅੰਤ ਸਮੇਂ ਦੇ ਡਾਢੇ
ਕੋਹਣ ਕੁਪੱਤੀਆਂ ਡੈਣਾਂ,
ਲਹੂ ਸ਼ਹੀਦ ਦਾ ਲਟ ਲਟ ਬਲਿਆ
ਕਾਲ ਦੇ ਕੁਲ ਆਗਾਸਾਂ।

ਮੇਰੇ ਸ਼ਹੀਦ ਮਾਹੀ ਦੇ ਦਿਨ ਤੂੰ
ਸੁਣੀਂ ਕਪੁੱਤੀਏ ਨਾਰੇ।
ਕੌਮ ਮੇਰੀ ਦੇ ਬੱਚੜੇ ਭੋਲੇ
ਡੂੰਘੀ ਨੀਂਦ 'ਚ ਮਾਰੇ।
ਜੋ ਜਰਨੈਲ ਮਾਹੀ ਦੇ ਦਰ 'ਤੇ
ਪਹਿਰੇਦਾਰ ਪੁਰਾਣਾ,
ਮਹਾਂ ਬਲੀ ਸਮੇਂ 'ਤੇ ਬੈਠਾ
ਉਹ ਅਸਵਾਰ ਨ ਹਾਰੇ।

ਨੀਂਦ 'ਚ ਨੀਂਦ ਜਹੇ ਬੱਚੜੇ ਖਾਵੇਂ
ਸੁਣ ਬੇਕਿਰਕ ਚੜੇਲੇ।
ਸਮਾਂ ਪੁਰਸਲਾਤ ਜਿਉਂ,ਹੇਠਾਂ
ਦਗੇਬਾਜ਼ ਨੈਂ ਮੇਲੇ।
ਸੁੱਟ ਦੇਵੇਗਾ ਕੀਟ ਜਿਉਂ ਤੈਨੂੰ
ਕਹਿਰ ਬੇਅੰਤ ਦਾ ਝੁੱਲੇ;
ਤੋੜ ਤੇਰੇ ਰਾਜ ਦੇ ਬੂਹੇ
ਨਰਕ ਨ੍ਹੇਰ ਵਿਚ ਠੇਲ੍ਹੇ।

ਕਟਕ ਅਕ੍ਰਿਤਘਣਾਂ ਦੇ ਧਮਕੇ
ਹਰਿਮੰਦਰ ਦੇ ਬੂਹੇ।
ਮੀਆਂ ਮੀਰ ਦਾ ਖ਼ੂਨ ਵੀਟ ਕੇ
ਕਰੇ ਸਰੋਵਰ ਸੂਹੇ।
ਦੂਰ ਸਮੇਂ ਦੇ ਗਰਭ 'ਚ ਸੁੱਤੇ
ਬੀਜ ਮਾਸੂਮ ਵਣਾਂ ਦੇ,
ਲੂਣ ਹਰਾਮ ਦੀ ਨਜ਼ਰ ਪੈਂਦਿਆਂ
ਗਏ ਪਲਾਂ ਵਿਚ ਲੂਹੇ।

ਨਾਰ ਸਰਾਲ ਸਰਕਦਾ ਘੇਰਾ
ਹਰਿਮੰਦਰ ਨੂੰ ਪਾਇਆ।
ਰਿਜ਼ਕ ਫਕੀਰਾਂ ਵਾਲਾ ਸੁੱਚਾ
ਆ ਤਕਦੀਰ ਜਲਾਇਆ।
ਬੁੱਤ ਪੂਜਾ ਦੇ ਸੀਨੇ ਦੇ ਵਿਚ
ਫਫੇਕੁਟਣੀ ਸੁੱਤੀ,
ਜਿਸ ਦੀ ਵਿਸ ਨੂੰ ਭਸਮ ਕਰਨ ਲਈ
ਤੀਰ ਬੇਅੰਤ ਦਾ ਆਇਆ।

ਘਾਇਲ ਹੋਏ ਹਰਿਮੰਦਰ ਕੋਲੇ
ਕਿੜਾਂ ਬੇਅੰਤ ਨੂੰ ਪਈਆਂ।
ਤੱਤੀ ਤਵੀ ਦੇ ਵਾਂਗ ਦੁਪਹਿਰਾਂ
ਨਾਲ ਨਾਲ ਬਲ ਰਹੀਆਂ।
ਮੀਆਂ ਮੀਰ ਦੇ ਸੁਪਨੇ ਦੇ ਵਿਚ
ਵਗੇ ਵਗੇ ਪਈ ਰਾਵੀ,
ਵਹਿਣ 'ਚ ਹੱਥ ਉਠੇ, ਸਭ ਲਹਿਰਾਂ
ਉਲਰ ਬੇਅੰਤ ਤੇ ਪਈਆਂ।

*-ਹਰਿੰਦਰ ਸਿੰਘ ਮਹਿਬੂਬ*


# ਪਾਸ਼ ਦੇ ਕਤਲ ਤੋਂ ਕੁਝ ਹੀ ਦਿਨ ਬਾਅਦ ਲਿਖਿਆ ਮਹਿਬੂਬ ਦਾ ਖਤ

***ਇਹ ਖਤ ਹਰਿੰਦਰ ਸਿੰਘ ਮਹਿਬੂਬ ਹੋਰਾਂ ਨੇ ਪੰਜਾਬੀ ਜਗਤ ਦੇ ਉਘੇ ਕਵੀ ਪਾਸ਼ ਦੀ ਹੱਤਿਆ ਤੋਂ ਕੁਝ ਹੀ ਦਿਨ ਬਾਅਦ ਉਨ੍ਹੀਂ ਦਿਨੀਂ ਪੰਜਾਬੀ ਟ੍ਰਿਬਿਊਨ 'ਚ ਸੀਨੀਅਰ ਸਬ ਐਡੀਟਰ ਵਜੋਂ ਕੰਮ ਕਰਦੇ ਗੁਰਦਿਆਲ ਸਿੰਘ ਬੱਲ ਨੂੰ ਲਿਖਿਆ ਸੀ। ਇਸ ਤੋਂ ਉਨ੍ਹਾਂ ਦੇ ਸਾਹਿਤ, ਸੋਝ ਅਤੇ ਸਦਾਚਾਰ ਬਾਰੇ ਵਿਚਾਰਾਂ ਦਾ ਪਤਾ ਲਗਦਾ ਹੈ ਅਤੇ ਇਹ ਵੀ ਪਤਾ ਲਗਦਾ ਹੈ ਕਿ ਪਾਸ਼ ਦੀ ਹੱਤਿਆ ਬਾਰੇ ਉਹ ਕਿੰਝ ਸੋਚ ਰਹੇ ਹਨ। -ਸੰਪਾਦਕ***

ਮੇਰੇ ਪਿਆਰੇ ਬਲ ਜੀਓ,

ਸਤਿ ਸ੍ਰੀ ਅਕਾਲ! ਤੁਹਾਡਾ ਦੂਸਰਾ ਖਤ ਵੀ ਮਿਲ ਗਿਆ ਹੈ। ਗੜ੍ਹਦੀਵਾਲ ਦੀ ਇਕੱਲ ਵਿਚ ਕਿਸੇ ਦੋਸਤ ਦਾ ਖ਼ਤ ਨਸੀਬ ਹੋਣਾ ਸੱਚਮੁੱਚ ਬਹੁਤ ਵੱਡੀ Blessing ਹੈ। ਕਿਤਾਬ ਭਾਵੇਂ ਕਿੰਨੀ ਮਹਾਨ ਵੀ ਕਿਉਂ ਨਾ ਹੋਵੇ, ਇਸ ਦਾ ਪੜ੍ਹਨਾ ਆਦਮੀ ਦੇ ਸਾਥ ਅਤੇ ਛੋਹ ਦਾ ਬਦਲ ਨਹੀਂ ਬਣ ਸਕਦਾ।

ਪਿਆਰੇ ਦੋਸਤ, ਤੂੰ ਪੁੱਛਿਆ ਹੈ ਪਈ ਹੋਮਰ ਪੜ੍ਹਦਿਆਂ ਮੈਂ ਕੀ ਮਹਿਸੂਸ ਕੀਤਾ ਸੀ? ਉਸ ਦੇ ਦੋਵੇਂ ਮਹਾਂਕਾਵਿ ਪੜ੍ਹਿਆਂ ਮੁੱਦਤਾਂ ਬੀਤ ਗਈਆਂ ਹਨ। ਹੁਣ ਉਹ ਮੇਰੇ ਲਈ ਪਿਆਰੇ ਵਿਛੜੇ ਅਜਨਬੀ ਵਾਂਗ ਹਨ। ਹਾਂ, ਉਸ ਨੂੰ ਦੁਬਾਰਾ ਮਿਲਣ ਦੀ ਤਮੰਨਾ ਦਿਲ ਵਿਚ ਜ਼ਰੂਰ ਹੈ। ਹੋਮਰ ਇਕ ਐਸਾ ਕਵੀ ਹੈ, ਜਿਹੜਾ ਬਿਨਾ ਕਿਸੇ ਉਚੇਚ ਦੇ ਤੁਹਾਡੇ ਅੰਦਰ ਇਕ ਅਬੋਲ ਸਿਦਕ ਟਿਕਾ ਦਿੰਦਾ ਹੈ ਕਿ ਧਰਤੀ ਦੇ ਸਾਦੇ ਜਿਹੇ ਨਜ਼ਾਰੇ ਵਿਚ ਅਸਮਾਨ ਦੇ ਅਨੇਕਾਂ ਸਫਰਾਂ ਦੀ ਦਾਸਤਾਨ ਹੈ, ਕਿ ਇਨਸਾਨ ਦੇ ਆਮ ਲਗਦੇ ਕਾਰਨਾਮੇ ਵੀ ਅਜਿਹੀ ਸ਼ਾਨ ਤੱਕ ਪਹੁੰਚ ਸਕਦੇ ਹਨ ਪਈ ਜਿਥੇ 'ਇਸ' ਦੁਨੀਆਂ ਵਿਚ 'ਉਸ' (super world) ਦੁਨੀਆਂ ਦੇ ਕੁਲ ਰਾਜ਼ ਸਮਾ ਸਕਦੇ ਹਨ। ਇਸ ਅਵਸਥਾ ਉਤੇ ਪਹੁੰਚ ਕੇ ਵੀ ਇਨਸਾਨ ਦੀ ਸਾਦਗੀ ਖਤਮ ਹੋਣ ਦੀ ਥਾਂ ਸਦੀਵੀ ਰੂਪ ਵਿਚ ਸਲਾਮਤ ਲਗਦੀ ਹੈ। ਪਿਆਰੇ ਬਲ, ਮਿਲਟਨ ਵਿਚ ਵੀ ਮਹੀਨ ਕੁਦਰਤ ਦੇ ਭੇਦਾਂ ਦਾ ਭਾਰ ਚੁੱਕਣ ਵਾਲੀ ਕੋਈ ਅਜਿਹੀ ਸ਼ਕਤੀ ਸੀ, ਪਰ ਉਸ ਦੀ ਕਾਵਿ-ਕਥਾ ਦੇ ਅੰਦਾਜ਼ਿ-ਬਿਆਂ ਵਿਚ ਕੋਈ ਉਚੇਚ ਸੀ-ਉਸ ਦੀ ਕਲਾਮਈ ਕਾਰੀਗਰੀ ਵਿਚ ਥੋੜੀ ਜਿੰਨੀ ਬਨਾਵਟ ਹੈ। ਉਸ ਦੇ ਪੈਦਾ ਕੀਤੇ ਹੁਸਨ ਦੀ ਅਸਲੀਅਤ ਉਤੇ ਮਾਮੂਲੀ ਸ਼ੱਕ ਜ਼ਰੂਰ ਹੁੰਦਾ ਹੈ। ਸੋ ਵਾਲਟ ਵਿਟਮੈਨ ਨੇ ਮਿਲਟਨ ਦੇ ਨਾਜ਼ ਅਤੇ ਜਲਾਲ ਨੂੰ ਨਹੀਂ ਮੰਨਿਆ, ਤੇ ਉਸ ਦੀ ਕਲਪਨਾ ਨੂੰ ਲੋਹੇ ਦੇ ਖੰਭਾਂ ਵਾਲੀ ਫਰਮਾਇਆ ਪਰ ਹੋਮਰ ਹਰੀ ਕਚੂਰ ਅਨੰਤ ਤਿੜਾਂ ਵਾਲੀ ਕੁਦਰਤ ਸਾਦਗੀ ਦਾ ਦ੍ਰਿਸ਼ ਹੈ; ਨਾਲ ਹੀ ਪਹਾੜ ਦੀਆਂ ਮੂਕ ਗਰਜ਼ਾਂ ਦੀ ਅਲੌਕਿਕਤਾ ਦਾ ਵੀ ਮਾਲਕ ਹੈ। ਪਿਆਰੇ ਦੋਸਤ, ਦੇਖ! ਮੈਂ ਇਕ ਕੁਦਰਤੀ ਸ਼ਾਇਰ ਦਾ ਪ੍ਰਭਾਵ ਕਿੰਨੇ ਮਸਨੂਈ ਢੰਗ ਨਾਲ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ!!




ਪਿਆਰੇ ਵੀਰ, ਪੁਰਾਣਾ ਅਹਿਦਨਾਮਾ (The Old Testament) ਵਿਚ ਸਮੇਂ ਨੇ ਮਨੁੱਖੀ ਅਨੁਭਵ ਵਿਚ ਐਨੇ ਸ਼ਿੱਦਤ ਜਗਾਉਂਦੇ ਮਰਕਜ਼ ਬਣਾਏ ਹਨ ਕਿ ਉਨ੍ਹਾਂ ਦਾ ਇਸ ਛੋਟੇ ਜਿਹੇ ਖ਼ਤ ਵਿਚ ਜ਼ਿਕਰ ਕਰਨਾ ਬੜਾ ਮੁਸ਼ਕਿਲ ਹੈ। ਬੱਸ-ਇਕੋ Book of Job ਨੂੰ ਹੀ ਲੈ ਲਵੋ। ਇਸ ਦੀਆਂ ਕੁਰਲਾਉਂਦੀਆਂ ਥਰਥਰਾਹਟਾਂ ਵਿਚ ਦੋਸਤੋਇਵਸਕੀ ਦੇ ਸਾਰੇ ਮਸ਼ਹੂਰ ਪਾਤਰਾਂ ਦੀਆਂ ਚੀਕਾਂ ਸੁਣੀਆਂ ਜਾ ਸਕਦੀਆਂ ਹਨ। ਵੇਦਨਾ ਜਨੂੰਨੀ ਪਾਗਲਪਣ ਵਿਚ 'ਹੂਲ ਕਾਹਰਾ' ਕਰਦੀ ਅੰਨ੍ਹੇਵਾਹ ਨੱਸ ਰਹੀ ਹੈ। ਜਾਪਦਾ ਹੈ ਜਿਵੇਂ ਕੁਲ ਸਮਾਂ ਲੋਕ ਬਾਤਾਂ ਦੇ ਛਲੇਡੇ ਵਾਂਗ ਸਿਮਟ ਕੇ ਮਾਨਵ-ਪੀੜ ਵਿਚ ਸਮੋ ਗਿਆ ਹੋਵੇ; ਤੇ ਫਿਰ ਅਚਾਨਕ ਫੈਲਣਾ ਸ਼ੁਰੂ ਕਰ ਦੇਵੇ, ਤੇ ਸਿੱਟੇ ਵਜੋਂ ਮਨੁੱਖੀ ਦਿਲ ਦੇ ਅਨੇਕਾਂ ਰੇਜ਼ੇ ਬ੍ਰਹਿਮੰਡ ਵਿਚ ਦੂਰ ਦੂਰ ਤੱਕ ਖਿੰਡ ਜਾਣ। ਮੇਰਾ ਯਕੀਨ ਹੈ, ਯੂਰਪੀ ਸਾਹਿਤ ਵਿਚ ਗੁਨਾਹ ਦੇ ਭਿਅੰਕਰ ਪ੍ਰਸੰਗਾਂ ਪਿਛੋਂ ਲਦ ਠਇਸ-ਟਅਮਅਣਟ ਦਾ ਕੋਈ ਨਾ ਕੋਈ ਕਹਿਰਵਾਨ ਬੋਲ ਖਲੋਤਾ ਹੈ।

ਪਿਅਰੇ ਵੀਰ ਜੀ, ਹੁਣ ਇਹ ਅਕੇਵਾਂ-ਭਰੀ ਗੱਲ ਖਤਮ ਕਰਦਾ ਹਾਂ। ਮੈਨੂੰ ਪਾਸ਼ ਦੀ ਮੌਤ ਉਤੇ ਬਹੁਤ ਤਰਸ ਆਇਆ। ਅਸੀਂ ਇਕ ਅਜੀਬ ਬੇਰਹਿਮ ਸਮੇਂ ਵਿਚੋਂ ਦੀ ਗੁਜ਼ਰ ਰਹੇ ਹਾਂ। ਪਾਸ਼ ਈਮਾਨਦਾਰ ਜ਼ਰੂਰ ਸੀ ਪਰ ਅਜਿਹੇ ਸੰਕਟ-ਲੱਦੇ ਸਮੇਂ ਵਿਚ ਜ਼ਖ਼ਮੀ ਦਿਲਾਂ ਦੇ ਸਭ ਪਹਿਲੂਆਂ ਦਾ ਜਾਇਜ਼ਾ ਲਏ ਬਿਨਾਂ ਈਮਾਨਦਾਰੀ ਦਾ ਹਥਿਆਰ ਵਰਤਣਾ ਗਲਤੀ ਵੀ ਹੋ ਸਕਦੀ ਹੈ। ਹੋ ਸਕਦਾ ਹੈ ਕਤਲ ਹੋਣ ਵਾਲੇ ਦੀ ਈਮਾਨਦਾਰੀ ਦਾ ਘੇਰਾ ਛੋਟਾ ਹੋਵੇ ਤੇ ਕਤਲ ਦੇ ਜ਼ਖ਼ਮੀ ਦਿਲ ਦੀ ਪੀੜ ਵੱਡੀ ਹੋਵੇ। ਫਿਰ ਵੀ ਅਸੀਂ ਇਨਸਾਨ ਹਾਂ, ਤੇ ਰਹਿਮ ਦੇ ਸਹਾਰੇ ਹੀ ਦਿਲ ਦਾ ਲਹੂ ਜਿੰਦਾ ਹੈ। ਈਮਾਨ ਦੇ ਕਿਸੇ ਵੀ ਨੁਕਤੇ ਉਤੇ ਖਲੋ ਕੇ ਰਹਿਮ ਕੀਤਾ ਜਾ ਸਕਦਾ ਹੈ। ਸੋ, ਪਾਸ਼ ਬਾਰੇ ਦਿਲਜੀਤ ਦਾ ਲਿਖਣਾ ਮੈਨੂੰ ਬਿਲਕੁਲ ਦਰੁਸਤ ਲੱਗਿਆ।

ਹਾਂ ਜੀ, ਕਰਮਜੀਤ ਨੂੰ ਯਾਦ

ਭੈਣ ਇੰਦਰਜੀਤ ਨੂੰ ਯਾਦ ਤੇ ਸਤਿ ਸ੍ਰੀ ਅਕਾਲ

ਉਸ ਦੇ ਬੱਚੇ (ਬੱਚੀ?) ਨੂੰ ਪਿਆਰ।

**ਤੇਰਾ ਵੀਰ,**
**ਹਰਿੰਦਰ ਸਿੰਘ**
**ਗੜ੍ਹਦੀਵਾਲਾ**
31-3-88

## ਕਹਾਣੀ

# ਵੱਡਾ ਸਰਦਾਰ

**ਮੇਜਰ ਕੁਲਾਰ ਬੋਪਾਰਾਏ ਕਲਾਂ***

ਅੱਜ ਭੱਜੀ ਦੇ ਬਾਪੂ ਦਾ ਭੋਗ ਗੁਰਦੁਆਰੇ ਵਿਚ ਪੈ ਚੁੱਕਾ ਸੀ। ਸਭ ਜਣੇ ਜਾ ਚੁਕੇ ਸਨ। ਭੱਜੀ ਤੇ ਉਸਦੀ ਭੈਣ ਮੀਤੋ ਕਿਸੇ ਸਹਾਰੇ ਦੀ ਉਡੀਕ ਕਰ ਰਹੇ ਸਨ ਪਰ ਸਹਾਰਾ ਨਾ ਮਿਲਿਆ। ਸੂਰਜ ਛਿਪ ਰਿਹਾ ਸੀ। ਚੌਦਾਂ ਸਾਲ ਦਾ ਭੱਜੀ ਉਮਰੋਂ ਵਧ ਸਿਆਣਾ ਸੀ। ਮੀਤੋ ਵੀ ਬਚਪਨ ਵਿਚ ਹੀ ਸਮਝਦਾਰ ਸੀ। ਪਹਿਲਾਂ ਮਾਂ ਬਾਪੂ ਦੇ ਸਹਾਰੇ ਛੱਡ ਸਿਵਿਆ ਵਿਚ ਜਾ ਸੁੱਤੀ, ਹੁਣ ਬਾਪੂ ਜੈਲਾ ਵੀ ਮਗਰੇ ਤੁਰ ਗਿਆ। ਦੋਵੇਂ ਭੈਣ-ਭਰਾ ਸੋਚਾਂ ਦੀ ਭਾਰੀ ਪੰਡ ਚੁੱਕ ਅਣਦੱਸੀ ਮੰਜ਼ਿਲ ਵਲ ਤੁਰ ਪਏ, ਹਨੇਰਾ ਹੁਣ ਪੂਰੀ ਜਵਾਨੀ ਵਿਚ ਆ ਚੁੱਕਾ ਸੀ। ਅਚਾਨਕ ਮੀਤੋ ਰਾਹ ਵਿਚ ਪਏ ਇੱਟ ਦੇ ਰੋੜੇ ਨਾਲ ਟਕਰਾ ਕੇ ਡਿੱਗ ਪਈ। ਮਾਂ-ਬਾਪ ਦੇ ਪਿਆਰ ਵਾਲੀ ਤਾਕਤ ਦੋਵਾਂ ਵਿਚੋਂ ਖਤਮ ਹੋ ਚੁੱਕੀ ਸੀ। ਭੱਜੀ ਨੇ ਉਠਾਉਣ ਦਾ ਯਤਨ ਕੀਤਾ। ਤੇਜ ਰੌਸ਼ਨੀ ਦੀਆਂ ਲਾਈਟਾਂ ਨੇ ਜਦੋਂ ਹਨੇਰੇ ਨਾਲ ਟਕਰਾਅ ਕੀਤਾ ਤਾਂ ਹੈਰੀ ਦੇ ਨਜ਼ਰੀ ਭੱਜੀ ਪਿਆ। ਗੱਡੀ ਖੜ੍ਹੀ ਕਰ ਹੈਰੀ ਨੇ ਦੋਵਾਂ ਨੂੰ ਚੁੱਕ ਕੇ ਗੱਡੀ ਵਿਚ ਬਿਠਾਇਆ ਤੇ ਆਪਣੀ ਕੋਠੀ ਵਿਚ ਲੈ ਆਇਆ।

ਕੋਠੀ ਦੇ ਵੱਡੇ ਹਾਲ ਵਿਚ ਉਤਮ ਸਿਉ ਦਾਰੂ ਦੇ ਤਿੰਨ ਪੈਗ ਲਾ ਕੇ ਆਪਣੇ ਵੱਡੇ ਸਰਦਾਰ ਹੋਣ ਦੀ ਤਖਤੀ ਗਲ ਪਾਈ ਬੈਠਾ ਸੀ। ਭੱਜੀ ਤੇ ਮੀਤੋ ਨੂੰ ਵੇਖ ਕੇ ਜ਼ਖ਼ਮੀ ਸ਼ੇਰ ਵਾਂਗ ਭੜਕ ਪਿਆ। ਹੈਰੀ ਦੇ ਕਹਿਣ 'ਤੇ ਭੱਜੀ ਅਤੇ ਮੀਤੋ ਨੇ ਉਤਮ ਸਿਉਂ ਦੇ ਪੈਰ ਫੜ ਲਏ, ਤਰਲੇ ਕੱਢੇ, ਵਾਸਤੇ ਪਾਏ। ਉਤਮ ਸਿਉਂ ਟੱਸ ਤੋਂ ਮੱਸ ਨਾ ਹੋਇਆ। ਫਿਰ ਹੈਰੀ ਨੇ ਆਪ ਉਤਮ ਸਿਉਂ ਦੇ ਪੈਰ ਫੜ ਕੇ ਭੀਖ ਮੰਗੀ। ਦਾਦਾ ਜੀ ਇਨ੍ਹਾਂ ਮਾਸੂਮਾਂ ਦਾ ਅੱਜ ਕੋਈ ਨਹੀਂ ਹੈ। ਇਨ੍ਹਾਂ ਨੂੰ ਸਹਾਰੇ ਦੀ ਲੋੜ ਹੈ। ਯਾਦ ਕਰੋ ਇਹ ਤੁਹਾਡੇ ਯਾਰ ਹਰੀ ਸਿਉਂ ਦੇ ਪੋਤਾ ਪੋਤੀ ਹਨ। ਇਨ੍ਹਾਂ ਨੂੰ ਆਪਣੇ ਘਰ ਸ਼ਰਨ ਦੇ ਦਿਉ। ਉਤਮ ਸਿਉਂ ਬਿਨਾ ਬੋਲਿਆ ਚੁਬਾਰੇ ਚੜ੍ਹ ਗਿਆ।

ਹੈਰੀ ਨੂੰ ਲੱਗਿਆ ਰੁਸਿਆ ਰੱਬ ਮੰਨ ਗਿਆ। ਹੈਰੀ ਦੋਵਾਂ ਨੂੰ ਆਪਣੇ ਕਮਰੇ ਵਿਚ ਲੈ ਗਿਆ। ਦੋਵਾਂ ਨੇ ਅੰਨ ਨੂੰ ਮੂੰਹ ਨਾ ਲਾਇਆ। ਭੱਜੀ ਸਾਰੀ ਰਾਤ ਬਾਪੂ ਜੈਲੇ ਦੇ ਦੱਸੇ ਘਰ ਦੇ ਹਾਲਾਤ ਵਿਚ ਗਵਾਚਿਆ ਰਿਹਾ।

ਹੈਰੀ ਉਤਮ ਸਿਉਂ ਦਾ ਇਕਲੌਤਾ ਪੋਤਰਾ ਸੀ। ਜੋ ਪੈਦਾ ਤਾਂ ਅਮਰੀਕਾ ਦੀ ਧਰਤੀ ਉਤੇ ਹੋਇਆ ਸੀ ਪਰ ਅੰਦਰ ਪੰਜਾਬ ਦੀ ਮਿੱਟੀ ਨਾਲ ਮੋਹ ਸੀ। ਸਾਲ ਬਾਅਦ ਇੰਡੀਆ ਜ਼ਰੂਰ ਗੇੜਾ ਲਾਉਂਦਾ। ਪੰਜਾਬ ਵਿਚ ਵਿਆਹ ਕਰਵਾਉਣਾ ਚਾਹੁੰਦਾ ਸੀ ਪਰ ਉਤਮ ਸਿਉਂ ਦੇ ਭੈੜੇ ਸੁਭਾਅ ਕਾਰਨ ਕੋਈ ਰਿਸ਼ਤਾ ਸਿਰੇ ਨਾ ਲਗਦਾ।

ਸਵੇਰੇ ਉਤਮ ਸਿਉਂ ਨੇ ਦੋਵਾਂ ਨੂੰ ਕੋਠੀ ਵਿਚ ਰੱਖਣ ਲਈ ਇਕ ਸ਼ਰਤ ਭੱਜੀ ਅੱਗੇ ਰੱਖ ਦਿੱਤੀ। ਜਿਹੜੀ ਜੈਲੇ ਦੀ ਦੋ ਕਿੱਲੇ ਨਿਆਂਈ ਵਾਲੀ ਜ਼ਮੀਨ ਮੇਰੇ ਕੋਲੇ ਗਹਿਣੇ ਹੈ ਉਹ ਭੱਜੀ ਮੈਨੂੰ ਬੈ ਲਿਖਾਵੇਗਾ, ਮੈਂ ਭੱਜੀ ਨੂੰ ਗਹਿਣਾ ਵਾਪਸ ਕਰ ਕੇ ਫਿਰ ਆਪਣੇ ਨਾਂ ਵਾਪਿਸ ਬੈ ਲਿਖਵਾਵਾਂਗਾ ਬਗੈਰ ਪੈਸਿਆਂ ਤੋਂ। ਇਹ ਸੁਣ ਕੇ ਭੱਜੀ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ, ਉਮਰ ਛੋਟੀ ਸੀ, ਪਰ ਉਤਮ ਸਿਉਂ ਦੀ ਸ਼ਤਰੰਜੀ ਚਾਲ ਛੇਤੀ ਸਮਝ ਗਿਆ। ਪਰਮਾਤਮਾ 'ਤੇ ਭਰੋਸਾ ਕਰਕੇ ਉਤਮ ਸਿਉਂ ਦੀ ਸ਼ਰਤ ਮਨਜ਼ੂਰ ਕਰ ਲਈ। ਹੈਰੀ ਨੂੰ ਆਪਣੇ ਦਾਦਾ ਜੀ ਦਾ ਇਹ ਸਲੂਕ ਕਿਸੇ ਵੱਡੇ ਸਰਦਾਰ ਦਾ ਨਹੀਂ ਲੱਗਿਆ ਸਗੋਂ ਕਿਸੇ ਘਟੀਆ ਤੇ ਭੱਦੇ ਇਨਸਾਨ ਦਾ ਸ਼ੈਤਾਨੀ ਤੇ ਡਰਾਉਣਾ ਚਿਹਰਾ ਲੱਗਿਆ ਜੋ ਇਨਸਾਨ ਦੇ ਰੂਪ ਵਿਚ ਕਹਿਰਵਾਨ ਸੀ।

ਉਤਮ ਸਿਉਂ ਜੱਦੀ ਸਰਦਾਰ ਨਹੀਂ ਸੀ। ਜ਼ਮੀਨ ਵੀ ਜਿਆਦਾ ਨਹੀਂ ਸੀ। ਜਵਾਨ ਹੁੰਦਿਆਂ ਭੱਜੀ ਦੇ ਦਾਦਾ ਹਰੀ ਸਿਉਂ ਨਾਲ ਪਤੰਗਾਂ ਪਿਛੇ ਲੜਾਈ ਹੋ ਗਈ। ਗੱਲ ਤੂੰ-ਤੂੰ, ਮੈਂ-ਮੈਂ ਤੋਂ ਲੜਾਈ ਤੱਕ ਅੱਪੜ ਗਈ। ਨਾਲਦਿਆਂ ਲੜਾਈ ਹਟਾ ਕੇ ਘੋਲ ਵਿਚ ਬਦਲ ਦਿੱਤੀ ਜੋ ਜਿਤੂਗਾ ਉਹ ਅੱਜ ਤੋਂ ਸਾਡਾ ਸਰਦਾਰ ਹੋਊਗਾ ਯਾਨਿ (ਵੱਡਾ ਸਰਦਾਰ) ਦੋਵਾਂ ਦਾ ਘੋਲ ਹੋਇਆ। ਉਤਮ ਸਿਉਂ ਨੇ ਹਰੀ ਸਿਉਂ ਨੂੰ ਭੁਲੇਖੇ ਨਾਲ ਢਾਹ ਲਿਆ ਤੇ ਸਾਰਿਆਂ ਨੇ ਉਤਮ ਸਿਉਂ ਨੂੰ ਜੇਤੂ ਕਰਾਰ ਦਿੱਤਾ।

ਉਤਮ ਸਿਉਂ ਤੇ ਹਰੀ ਸਿਉਂ ਦੋਵੇਂ ਬਚਪਨ ਦੇ ਜਿਗਰੀ ਯਾਰ ਸਨ। ਸਕੂਲ ਇਕੱਠੇ ਜਾਂਦੇ। ਜੇ ਰਸਤੇ ਵਿਚ ਰਹਿਣਾ ਜਾਂ ਨੰਬਰਦਾਰਾਂ ਦੇ ਬਾਗ ਵਿਚੋਂ ਅਮਰੂਦ ਚੋਰੀ ਕਰਨੇ, ਖੇਤ ਜਾਣਾ ਤਾਂ ਦੋਵੇਂ ਇਕੱਠੇ ਜਾਂਦੇ। ਸਮਾਂ ਬੀਤਦਾ ਗਿਆ ਦੋਵੇਂ ਇਕ ਦੂਜੇ ਨਾਲ ਈਰਖਾ ਪਾਲਣ ਲੱਗੇ। ਜਿਗਰੀ ਯਾਰ ਦੁਸ਼ਮਣਾਂ ਦਾ ਰੂਪ ਧਾਰ ਗਏ। ਵਿਆਹ ਕਰਵਾ ਲਏ। ਹਰੀ ਸਿਉਂ ਨੇਕ ਇਨਸਾਨ ਨਿਕਲਿਆ ਤੇ ਸਮਾਜ ਸੇਵਕ ਬਣ ਗਿਆ ਤੇ ਉਤਮ ਸਿਉਂ ਮਾੜੇ ਬੰਦਿਆਂ ਦੀ ਸ਼ਰਨ ਚਲਾ ਗਿਆ। ਪੈਸੇ ਦੇ ਲਾਲਚ ਵਿਚ ਆ ਕੇ ਗਲਤ ਕੰਮ ਕਰਨ ਲੱਗਾ। ਵੱਡੀ ਕੋਠੀ ਪਾ ਲਈ ਤੇ ਜ਼ਮੀਨ ਵੀ ਖਰੀਦ ਲਈ, ਹਰੀ ਸਿਉਂ ਆਪਣੇ ਕੋਲੋਂ ਪੈਸੇ ਖਰਚ ਕਰਕੇ ਲੋਕਾਂ ਦੇ ਕੰਮ ਕਰਵਾਉਂਦਾ।

ਹੁਣ ਪਿੰਡ ਵਿਚ ਸਰਪੰਚੀ ਦੀ ਚੋਣ ਆ ਗਈ। ਦੋਵਾਂ ਨੇ ਪੇਪਰ ਦਾਖਲ ਕੀਤੇ, ਹਰੀ ਸਿਉਂ ਵੱਡੇ ਫਰਕ ਨਾਲ ਜਿੱਤ ਕੇ ਪਿੰਡ ਦਾ ਸਰਪੰਚ ਬਣ ਗਿਆ। ਉਤਮ ਸਿਉਂ ਕੋਲੋਂ ਆਪਣੀ ਹਾਰ ਕਬੂਲੀ ਨਹੀਂ ਸੀ ਜਾ ਰਹੀ ਉਹ ਸੱਪ ਵਾਂਗੂ ਫਰਾਟੇ ਮਾਰ ਰਿਹਾ ਸੀ। ਦੁਸ਼ਮਣੀ ਦੀ ਗੰਢ ਹੋਰ ਪੀਡੀ ਹੁੰਦੀ ਗਈ।

ਹਰੀ ਸਿਉਂ ਨੇ ਵਧ ਤੋਂ ਵਧ ਗਰਾਂਟਾਂ ਲਿਆ ਕੇ ਪਿੰਡ ਦੇ ਵਿਕਾਸ 'ਤੇ ਲਾਈਆਂ। ਪਿੰਡ ਦੇ ਅਧੂਰੇ ਵਿਕਾਸ ਕੰਮ ਸਿਰੇ ਚੜ੍ਹਵਾਏ। ਕਿਸੇ ਦਾ ਇੱਕ ਪੈਸਾ ਵੀ ਨਾ ਖਾਧਾ, ਕੋਈ ਵੀ ਬੰਦਾ ਹਰੀ ਸਿਉਂ ਦੇ ਦਰ ਤੋਂ ਖਾਲੀ ਨਾ ਮੁੜਦਾ। ਉਤਮ ਸਿਉਂ ਪਾਪਾਂ ਦੀ ਪੰਡ ਹੋਰ ਭਾਰੀ ਕਰਦਾ ਗਿਆ। ਉਤਮ ਸਿਉਂ ਨੇ ਭਾੜੇ ਦੇ ਬੰਦਿਆਂ ਕੋਲੋਂ ਹਰੀ ਸਿਉਂ ਦੀ ਖੜ੍ਹੀ ਕਣਕ ਨੂੰ ਅੱਗ ਲਗਵਾ ਦਿੱਤੀ ਅਤੇ ਆਰਥਿਕ ਪੱਖੋਂ ਉਸ ਨੂੰ ਕਮਜ਼ੋਰ ਕਰਨ ਲੱਗਾ।

ਹਰੀ ਸਿਉਂ ਨੇ ਆਪਣੇ ਲੜਕੇ ਦਾ ਵਿਆਹ ਬੜੀ ਸ਼ਾਨੋ-ਸ਼ੌਕਤ ਤੇ ਗੁਰੂ ਮਰਿਆਦਾ ਨਾਲ ਕੀਤਾ। ਉਧਰ ਉਤਮ ਸਿਉਂ ਦੇ ਮੁੰਡੇ ਨੇ ਆਪਣੇ ਨਾਲ ਪੜ੍ਹਦੀ ਕੁੜੀ ਨੂੰ ਘਰੋਂ ਭਜਾ ਕੇ ਵਿਆਹ ਕਰਵਾ ਲਿਆ। ਹੁਣ ਇਹ ਉਤਮ ਸਿਉਂ ਦੀ ਦੂਜੀ ਹਾਰ ਸੀ। ਉਸ ਨੂੰ ਲੱਗਦਾ ਸੀ ਕਿ ਹਰੀ ਸਿਉਂ ਸੱਪ ਵਾਂਗ ਉਸ ਦੀ ਹਿੱਕ 'ਤੇ ਡੰਗ ਮਾਰਦਾ ਹੈ। ਅਚਾਨਕ ਹਰੀ ਸਿਉਂ ਦਾ ਕਾਰ ਐਕਸੀਡੈਂਟ ਹੋ ਗਿਆ। ਹਰੀ ਸਿਉਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਇਲਾਜ 'ਤੇ ਬੇਹਿਸਾਬ ਪੈਸਾ ਲੱਗ ਰਿਹਾ ਸੀ। ਉਹ ਪਹਿਲਾਂ ਹੀ ਆਰਥਿਕ ਪੱਖੋਂ ਕਮਜ਼ੋਰ ਸੀ, ਹੁਣ ਤਾਂ ਜਿਹੜੀ ਜ਼ਮੀਨ ਸੀ ਉਹ ਬੈ-ਕਰਨੀ ਪੈ ਗਈ। ਕਦੇ ਫਸਲ ਅੱਗ ਦੀ ਭੇਂਟ ਚੜ੍ਹ ਜਾਂਦੀ ਤੇ ਕਦੇ ਪਾਣੀ ਮਾਰ ਜਾਂਦਾ। ਅਜੇ ਹਸਪਤਾਲਾਂ ਦੇ ਚੱਕਰ ਮੁੱਕੇ ਨਹੀਂ ਸਨ ਹਰੀ ਸਿਉਂ ਦਾ ਮੁੰਡਾ ਜੈਲਾ ਅਫੀਮ ਦੀ ਬਲੈਕ ਵਿਚ ਥਾਣੇ ਚਲਾ ਗਿਆ। ਜਦਕਿ ਜੈਲੇ ਦਾ ਅਫੀਮ ਦੀ ਬਲੈਕ ਨਾਲ ਕੋਈ ਵਾਹ ਵਾਸਤਾ ਨਹੀਂ ਸੀ। ਲੱਗਦਾ ਸੀ ਉਤਮ ਸਿਉਂ ਨੇ ਥਾਣੇ ਤੇ ਹਸਪਤਾਲ ਵਾਲਿਆਂ ਨੂੰ ਮੋਟੀ ਰਕਮ ਦਿੱਤੀ ਸੀ। ਨਾ ਤਾਂ ਹਰੀ ਸਿਉਂ ਠੀਕ ਹੋ ਰਿਹਾ ਸੀ ਤੇ ਨਾ ਜੈਲਾ ਹੀ ਰਿਹਾਅ ਹੋ ਰਿਹਾ ਸੀ। ਸਾਰਾ ਪਿੰਡ ਹਰੀ ਸਿਉਂ ਵਲ ਹੁੰਦਿਆਂ ਵੀ ਬੇਬਸ ਸੀ। ਸ਼ਾਇਦ ਰੱਬ ਵੀ ਪਾਪੀਆਂ ਦਾ ਹੋ ਚੁੱਕਾ ਸੀ।

ਹਰੀ ਸਿਉਂ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਚੁੱਕਾ ਸੀ। ਜੈਲੇ ਨੂੰ ਥਾਣੇ ਤੋਂ ਜੇਲ੍ਹ ਭੇਜ ਦਿੱਤਾ ਗਿਆ ਸੀ। ਹੁਣ ਉਤਮ ਸਿਉਂ ਆਪਣੇ ਆਪ ਨੂੰ ਸਰਪੰਚ ਸਮਝਣ ਲੱਗਾ ਸੀ ਪਿੰਡ ਵਿਚ ਪੁਲਿਸ ਦਾ ਆਉਣਾ ਜਾਣਾ ਵਧ ਗਿਆ। ਸਾਰਾ ਪਿੰਡ ਉਤਮ ਸਿਉਂ ਤੋਂ ਪਾਸਾ ਵੱਟ ਕੇ ਲੰਘਦਾ ਸੀ।

> *ਇਕ ਦਿਨ ਐਸਾ ਆ ਗਿਆ ਜਦੋਂ ਉਤਮ ਸਿਉਂ ਦਾ ਸਭ ਕੁਝ ਵਿਕ ਗਿਆ ਤੇ ਸਿਰਫ ਕੋਠੀ ਰਹਿ ਗਈ। ਕੋਠੀ ਦੀ ਨਿਲਾਮੀ ਵੀ ਹੈਰੀ ਨੇ ਰੱਖ ਦਿੱਤੀ। ਖਰੀਦਦਾਰ ਟਾਈਮ ਨਾਲ ਪਹੁੰਚਣ ਲੱਗੇ। ਬੋਲੀ ਪੰਜ ਲੱਖ ਤੋਂ ਸ਼ੁਰੂ ਹੋਣ ਲੱਗੀ। ਉਤਮ ਸਿਉਂ ਸਿਰ ਸੁੱਟੀ ਬੈਠਾ ਸੀ। ਹੈਰੀ ਸਾਰੇ ਪੈਸੇ ਕੈਸ਼ ਚਾਹੁੰਦਾ ਸੀ। ਬੋਲੀ 20 ਲੱਖ 'ਤੇ ਟੁਟਣ ਲੱਗੀ ਤਾਂ ਭੱਜੀ ਨੇ ਉਠ ਕੇ 25 ਲੱਖ ਆਖ ਦਿੱਤਾ। ਭੱਜੀ ਦੀ ਆਵਾਜ਼ ਸੁਣ ਕੇ ਉਤਮ ਸਿਉਂ ਨੂੰ ਲੱਗਾ ਜਿਵੇਂ ਕੋਠੀ ਉਸ ਉਪਰ ਡਿੱਗ ਪਈ ਹੈ ਤੇ ਜੋਗਾ ਤੇ ਹਰੀ ਸਿਉਂ ਉਸ ਨੂੰ ਪਾਣੀ ਦਾ ਗਲਾਸ ਫੜਾ ਰਹੇ ਹੋਣ। ਪਰ ਉਤਮ ਸਿਉਂ ਨੂੰ ਉਨ੍ਹਾਂ ਤੋਂ ਡਰ ਆ ਰਿਹਾ ਸੀ। ਸਾਰਾ ਪਿੰਡ ਉਤਮ ਸਿਉਂ ਦੀ ਆਹ ਹਾਲਤ ਅੱਖੀਂ ਵੇਖ ਰਿਹਾ ਸੀ।*

ਜਦੋਂ ਤੋਂ ਉਤਮ ਸਿਉਂ ਦੇ ਮੁੰਡੇ ਕਰਮੇ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਸੀ ਉਸ ਦਿਨ ਤੋਂ ਉਹ ਘਰੋਂ ਬੇਦਖਲ ਸੀ। ਕਰਮਾ ਸਹੁਰੇ ਦੀ ਮਦਦ ਨਾਲ ਅਮਰੀਕਾ ਪਹੁੰਚ ਗਿਆ। ਇਥੇ ਆਣ ਕੇ ਰਿਫਿਊਜ਼ੀ ਕੇਸ ਕਰ ਦਿੱਤਾ, ਪਿੱਛੋਂ ਆਪਣੀ ਘਰਵਾਲੀ ਮੰਗਵਾ ਲਈ, ਦੋਵੇਂ ਜਣੇ ਇਕੱਠੇ ਹੋ ਕੇ ਕੰਮ ਕਰਨ ਲੱਗ ਪਏ।

ਜੈਲੇ ਦਾ ਜੇਲ੍ਹ ਵਿਚ ਕਿਸੇ ਨੇ ਪਤਾ ਨਹੀਂ ਲਿਆ, ਜੈਲੇ ਨੂੰ ਆਪਣੇ ਪਿਉ ਦੀ ਭਲਮਾਣਸੀ 'ਤੇ ਗੁੱਸਾ ਆਉਂਦਾ, ਜੈਲੇ ਦੀ ਦੋ ਕਿਲੇ ਨਿਆਈ ਵਾਲੀ ਜ਼ਮੀਨ ਰਹਿ ਗਈ ਸੀ ਜਿਸ 'ਤੇ ਧੰਨੇ ਸ਼ਾਹ ਵਾਂਗ ਉਤਮ ਸਿਉਂ ਦੀ ਨਜ਼ਰ ਸੀ। ਉਤਮ ਸਿਉਂ ਨੇ ਆਪਣੇ ਬੰਦੇ ਭੇਜ ਕੇ ਜੈਲੇ ਨਾਲ ਨਿਆਈ ਦਾ ਸੌਦਾ ਕਰਨਾ ਚਾਹਿਆ ਤੇ ਜੈਲੇ ਨੂੰ ਬਾਹਰ ਕਢਵਾਉਣ ਦਾ ਵਾਅਦਾ ਕੀਤਾ। ਜੈਲੇ ਨੇ ਉਤਮ ਸਿਉਂ ਨੂੰ ਜ਼ਮੀਨ ਗਹਿਣੇ ਕਰ ਦਿੱਤੀ ਤੇ ਉਤਮ ਸਿਉਂ ਨੇ ਜੈਲੇ ਦਾ ਕੇਸ ਰਫਾ-ਦਫਾ ਕਰਵਾ ਕੇ ਬਾਹਰ ਕਢਵਾਇਆ।

ਉਤਮ ਸਿਉਂ ਦੇ ਅਮਰੀਕਾ ਵਿਚ ਇਕ ਪੋਤਰਾ ਹੋਇਆ ਹੈਰੀ, ਹਰੀ ਸਿਉਂ ਦੇ ਇਕ ਪੋਤਾ ਭੱਜੀ ਤੇ ਪੋਤੀ ਮੀਤੋ ਹੋਈ। ਸਮਾਂ ਚਲਦਾ ਗਿਆ, ਭੱਜੀ ਦੀ ਮਾਂ ਦੇਬੋ ਤੋਂ ਘਰ ਦੇ ਹੋਏ ਬੁਰੇ ਦਿਨਾਂ ਦੀ ਹਾਲਤ ਵੇਖੀ ਨਾ ਗਈ ਤੇ ਉਹ ਰੱਬ ਨੂੰ ਪਿਆਰੀ ਹੋ ਗਈ। ਜੈਲੇ ਨੂੰ ਮਜਬੂਰ ਹੋ ਕੇ ਉਤਮ ਸਿਉਂ ਨਾਲ ਸਾਂਝੀ ਰਲਣਾ ਪਿਆ।

ਉਤਮ ਸਿਉਂ ਇਸ ਸਾਰੇ ਉਤਰਾਅ-ਚੜਾਅ ਵਿਚ ਆਪਣੀ ਸਰਦਾਰੀ ਸਮਝਦਾ। ਕਰਮੇ ਨੇ ਅਮਰੀਕਾ ਵਿਚ ਕਈ ਲਿਕਰ ਸਟੋਰ ਲਏ। ਹੈਰੀ ਦਾ ਵਿਆਹ ਕਰ ਦਿੱਤਾ। ਅਜੇ ਵਿਆਹ ਨੂੰ ਛੇ ਮਹੀਨੇ ਨਹੀਂ ਸਨ ਹੋਏ ਜਦੋਂ ਹੈਰੀ ਦੀ ਮੰਮੀ ਤੇ ਡੈਡੀ ਦਾ ਕਾਰ ਐਕਸੀਡੈਂਟ ਹੋ ਗਿਆ। ਜਦੋਂ ਦੋਵਾਂ ਦੇ ਮਰਨ ਦੀ ਖ਼ਬਰ ਉਤਮ ਸਿਉਂ ਨੂੰ ਮਿਲੀ ਤਾਂ ਉਤਮ ਸਿਉਂ ਸੁੰਨ ਹੋ ਗਿਆ। ਉਸ ਨੂੰ ਹਰੀ ਸਿਉਂ ਸਾਹਮਣੇ ਨਜ਼ਰ ਆਇਆ। ਉਤਮ ਸਿਉਂ ਨੂੰ ਆਪਣੀ ਜਿੱਤ ਫਿਰ ਹਾਰ ਵਿਚ ਬਦਲੀ ਲੱਗਦੀ। ਆਪਣੇ ਹੱਥੀ ਬੀਜੇ ਕੰਢੇ ਆਪਣੇ ਪੈਰੀਂ ਲੱਗਣ ਲੱਗੇ। ਉਤਮ ਸਿਉਂ ਨੇ ਪੁੱਤ ਦੇ ਨਾ ਵਿਆਹ ਵਿਚ ਖੁਸ਼ੀ ਮਨਾਈ ਨਾ ਹੀ ਜਾਂਦੀ ਵਾਰੀ ਦਾ ਮੂੰਹ ਵੇਖਿਆ।

ਹੈਰੀ ਨੂੰ ਮਾਤਾ-ਪਿਤਾ ਦੀ ਅਚਾਨਕ ਮੌਤ ਨੇ ਹਰਾ ਦਿੱਤਾ। ਉਸ ਨੇ ਦਾਰੂ ਦਾ ਸਹਾਰਾ ਲੈ ਲਿਆ। ਇਕ-ਦੋ ਸਾਲ ਵਿਚ ਉਹ ਸਭ ਕੁਝ ਗੁਆ ਬੈਠਾ, ਵਹੁਟੀ ਪੇਕੇ ਚਲੀ ਗਈ ਸਟੋਰ ਬੰਦ ਹੋ ਗਏ। ਘਰ ਵਿਕ ਗਿਆ, ਕਾਰਾਂ ਬੈਂਕਾਂ ਲੈ ਗਈਆਂ। ਦਰ-ਦਰ ਭਟਕਣ ਜੋਗਾ ਰਹਿ ਗਿਆ ਤੇ ਵਾਪਿਸ ਇੰਡੀਆ ਆ ਗਿਆ।

ਹਰੀ ਸਿਉਂ ਦਾ ਲੜਕਾ ਜੈਲਾ ਵੀ ਇਕ ਦਿਨ ਭੱਜੀ ਨੂੰ ਜਵਾਨ ਹੁੰਦਾ ਵੇਖਦਾ-ਵੇਖਦਾ ਖੁਦ ਅੱਖਾਂ ਮੀਟ ਗਿਆ। ਭੋਗ ਉਪਰੰਤ ਹੁਣ ਭੱਜੀ ਤੇ ਮੀਤੋ ਸਰਦਾਰ ਉਤਮ ਸਿਉਂ ਦੀ ਕੋਠੀ ਵਿਚ ਰਹਿੰਦੇ। ਭੱਜੀ ਸਾਰਾ ਕੰਮ ਕਰਦਾ, ਆਪਣੇ ਦਾਦੇ ਵਾਂਗ ਛੇਤੀ ਪਿੰਡ ਵਾਲਿਆਂ ਦਾ ਚਹੇਤਾ ਬਣ ਗਿਆ। ਮੀਤੋ ਵੀ ਬਹੁਤ ਸੁੰਦਰ ਤੇ ਸਿਆਣੀ ਕੁੜੀ ਬਣੀ। ਹੈਰੀ ਦਾ ਰੋਜ ਦਾਰੂ ਪੀਣਾ ਤੇ ਉਤਮ ਸਿਉਂ ਨੂੰ ਜਲੀਲ ਕਰਨਾ ਆਮ ਗੱਲ ਹੋ ਗਈ ਸੀ। ਹੁਣ ਉਤਮ ਸਿਉਂ ਵੀ ਬੁਢੇਪੇ ਦੇ ਘਰ ਬੈਠ ਚੁੱਕਾ ਸੀ। ਸਭ ਲੋਟੂ ਟੋਲਾ ਸਾਥ ਛੱਡ ਚੁੱਕਾ ਸੀ। ਪੁਲਿਸ ਵੀ ਉਤਮ ਸਿਉਂ ਨੂੰ ਮਰਿਆ ਸੱਪ ਸਮਝਣ ਲੱਗੀ ਸੀ। ਨਵੇਂ ਆਏ ਐਸ.ਐਸ.ਪੀ. ਨੇ ਉਤਮ ਸਿਉਂ ਦੇ ਕੀਤੇ ਪੁੱਠੇ ਕਾਰਨਾਮਿਆਂ ਦੇ ਸਬੂਤ ਇਕੱਠੇ ਕਰ ਲਏ ਸਨ। ਹੁਣ ਉਤਮ ਸਿਉਂ ਦੀ ਜ਼ਮੀਨ ਵਿਕਣ ਲੱਗ ਪਈ। ਉਤਮ ਸਿਉਂ ਆਰਥਿਕ ਪੱਖੋਂ ਕਮਜ਼ੋਰ ਹੋਣ ਲੱਗਾ ਸੀ। ਢਲਦੀ ਉਮਰ, ਆਮਦਨ ਦਾ ਨਾ ਹੋਣਾ, ਪੋਤੇ ਦੀ ਐਸ਼ਪ੍ਰਸਤੀ ਨਾਲ ਉਤਮ ਸਿਉਂ ਬੁਝਦਾ ਜਾ ਰਿਹਾ ਸੀ। ਪਿੰਡ ਵਾਲੇ ਭੱਜੀ ਨੂੰ ਸਰਪੰਚ ਬਣਿਆ ਵੇਖਣਾ ਚਾਹੁੰਦੇ ਸਨ। ਮੀਤੋ ਨੂੰ ਸਾਗ ਤੋੜ ਕੇ ਵਾਪਿਸ ਆਉਂਦੀ ਨੂੰ ਇਕ ਕੈਨੇਡੀਅਨ ਮੁੰਡੇ ਨੇ ਪਸੰਦ ਕਰ ਲਿਆ ਜਿਸ ਨੇ ਬਿਨਾ ਦਾਜ ਦਹੇਜ ਲਏ ਮੀਤੋ ਨਾਲ ਵਿਆਹ ਕਰਵਾ ਲਿਆ। ਲੋਕਾਂ ਨੇ ਭੱਜੀ ਨੂੰ ਸਰਬਸੰਮਤੀ ਨਾਲ ਸਰਪੰਚ ਬਣਾ ਦਿੱਤਾ। ਮੀਤੋ ਕੈਨੇਡਾ ਚਲੀ ਗਈ। ਇਕ ਸਾਲ ਪਿਛੋਂ ਉਸਦੇ ਘਰ ਮੁੰਡਾ ਹੋਇਆ। ਸਹੁਰੇ ਪਰਿਵਾਰ ਵਿਚ ਮਾਣ ਵਧਿਆ ਤੇ ਕਾਰੋਬਾਰ ਵਧੇ। ਇਧਰ ਭੱਜੀ ਨੂੰ ਵੀ ਰਿਸ਼ਤੇ ਆਉਣ ਲੱਗੇ, ਉਹ ਹੈਰੀ ਦਾ ਜ਼ਿਆਦਾ ਖਿਆਲ ਰੱਖਦਾ ਹੈਰੀ ਦੀ ਘਰਵਾਲੀ ਨੂੰ ਅਮਰੀਕਾ ਵਿਚ ਫੋਨ ਕਰਦਾ ਰਹਿੰਦਾ।

ਇਕ ਦਿਨ ਐਸਾ ਆ ਗਿਆ ਜਦੋਂ ਉਤਮ ਸਿਉਂ ਦਾ ਸਭ ਕੁਝ ਵਿਕ ਗਿਆ ਤੇ ਸਿਰਫ ਕੋਠੀ ਰਹਿ ਗਈ। ਕੋਠੀ ਦੀ ਨਿਲਾਮੀ ਵੀ ਹੈਰੀ ਨੇ ਰੱਖ ਦਿੱਤੀ। ਖਰੀਦਦਾਰ ਟਾਈਮ ਨਾਲ ਪਹੁੰਚਣ ਲੱਗੇ। ਬੋਲੀ ਪੰਜ ਲੱਖ ਤੋਂ ਸ਼ੁਰੂ ਹੋਣ ਲੱਗੀ। ਉਤਮ ਸਿਉਂ ਸਿਰ ਸੁੱਟੀ ਬੈਠਾ ਸੀ। ਹੈਰੀ ਸਾਰੇ ਪੈਸੇ ਕੈਸ਼ ਚਾਹੁੰਦਾ ਸੀ। ਬੋਲੀ 20 ਲੱਖ 'ਤੇ ਟੁਟਣ ਲੱਗੀ ਤਾਂ ਭੱਜੀ ਨੇ ਉਠ ਕੇ 25 ਲੱਖ ਆਖ ਦਿੱਤਾ। ਭੱਜੀ ਦੀ ਆਵਾਜ਼ ਸੁਣ ਕੇ ਉਤਮ ਸਿਉਂ ਨੂੰ ਲੱਗਾ ਜਿਵੇਂ ਕੋਠੀ ਉਸ ਉਪਰ ਡਿੱਗ ਪਈ ਹੈ ਤੇ ਜੋਗਾ ਤੇ ਹਰੀ ਸਿਉਂ ਉਸ ਨੂੰ ਪਾਣੀ ਦਾ ਗਲਾਸ ਫੜਾ ਰਹੇ ਹੋਣ। ਪਰ ਉਤਮ ਸਿਉਂ ਨੂੰ ਉਨ੍ਹਾਂ ਤੋਂ ਡਰ ਆ ਰਿਹਾ ਸੀ। ਸਾਰਾ ਪਿੰਡ ਉਤਮ ਸਿਉਂ ਦੀ ਆਹ ਹਾਲਤ ਅੱਖੀਂ ਵੇਖ ਰਿਹਾ ਸੀ।

ਕੋਠੀ 25 ਲੱਖ ਵਿਚ ਭੱਜੀ ਨੇ ਖਰੀਦ ਲਈ, ਹੈਰੀ ਨੇ ਪੈਸੇ ਕੈਸ਼ ਮੰਗੇ ਤਾਂ ਗੇਟ ਅੱਗੇ ਇਕ ਕਾਰ ਰੁਕੀ ਜਿਸ ਵਿਚ ਮੀਤੋ ਤੇ ਉਸਦਾ ਪਤੀ ਤੇ ਗੋਦੀ ਚੁਕਿਆ ਮੁੰਡਾ ਉਤਰੇ। ਮੀਤੋ ਨੇ ਨੋਟਾਂ ਨਾਲ ਭਰਿਆ ਬੈਗ ਹੈਰੀ ਦੇ ਅੱਗੇ ਪਏ ਮੇਜ਼ ਉਪਰ ਰੱਖ ਦਿੱਤਾ ਤੇ ਆਖਿਆ, ਵੀਰ ਕੀ ਪੂਰੇ ਪੱਚੀ ਲੱਖ ਹਨ। ਪਿੰਡ ਵਾਲੇ ਸਾਰੇ ਹੈਰਾਨ ਸਨ। ਉਤਮ ਸਿਉਂ ਨੇ ਕੋਠੀ ਦੇ ਕਾਗਜ਼ ਭੱਜੀ ਨੂੰ ਫੜਾ ਦਿੱਤੇ। ਹੁਣ ਭੱਜੀ ਸਾਹਮਣੇ ਉਤਮ ਸਿਉਂ ਇਕ ਨਿੱਕਾ ਹੁੰਦਾ ਭੱਜੀ ਬਣਿਆ ਬੈਠਾ ਸੀ, ਜਿਸ ਨੂੰ ਅੱਜ ਸਹਾਰੇ ਦੀ ਲੋੜ ਸੀ। ਹੈਰੀ ਨੇ ਬੈਗ ਜੀਪ ਵਿਚ ਰਖਿਆ ਤੇ ਤੁਰਨ ਲੱਗਿਆ। ਭੱਜੀ ਨੇ ਬਾਹੋਂ ਫੜ ਲਿਆ। ਵੀਰ ਕਿੱਥੇ ਚੱਲਿਆਂ, ਸਾਨੂੰ ਛੱਡ ਕੇ, ਹੈਰੀ ਨੇ ਕਿਹਾ ਹੁਣ ਮੇਰਾ ਇਥੇ ਕੀ ਹੈ। ਕੋਠੀ ਤੇਰੀ ਹੈ। ਪਿੰਡ ਵਾਲੇ ਆਵਾਜ਼ ਦੇ ਰਹੇ ਸਨ ਕਿ ਭੱਜੀ ਉਤਮ ਸਿਉਂ ਤੋਂ ਬਦਲਾ ਲੈ ਲੈ। ਇਸ ਨੇ ਤੇਰੇ ਪਰਿਵਾਰ ਨੂੰ ਤਬਾਹ ਕੀਤਾ। ਇਸ ਨੂੰ ਬਣਦੀ ਸਜ਼ਾ ਦੇ। ਭੱਜੀ ਸਭ ਨੂੰ ਸੰਬੋਧਨ ਹੁੰਦਾ ਹੋਇਆ ਬੋਲਿਆ ਪਿੰਡ ਵਾਲਿਓ ਉਤਮ ਸਿਉਂ ਮੇਰਾ ਮਾਂ ਬਾਪ ਹੈ। ਇਸਨੇ ਇਕ ਦਿਨ ਇਸੇ ਕੋਠੀ ਵਿਚ ਸ਼ਰਨ ਦਿੱਤੀ ਸੀ। ਮੇਰੀ ਮੀਤੋ ਭੈਣ ਦੀ ਡੋਲੀ ਇਸ ਕੋਠੀ ਵਿਚੋਂ ਉਠੀ ਸੀ। ਮੈਨੂੰ ਸਰਪੰਚੀ ਇਸ ਕੋਠੀ ਨੇ ਦਵਾਈ ਹੈ। ਉਤਮ ਸਿਉਂ ਪਿਤਾ ਜੀ ਕਿਤੇ ਨਹੀਂ ਜਾਣਗੇ। ਜਦ ਇਹ ਬੋਲ ਉਤਮ ਸਿਉਂ ਨੇ ਸੁਣੇ ਤਾਂ ਉਹ ਉਚੀ ਉਚੀ ਰੋਣ ਲੱਗ ਪਿਆ ਉਸ ਨੇ ਆਪਣੀ ਪੱਗ ਲਾਹ ਕੇ ਭੱਜੀ ਦੇ ਪੈਰੀਂ ਰੱਖ ਦਿੱਤੀ। ਪੁੱਤਰਾ ਮੈਨੂੰ ਮੁਆਫ ਕਰਦੇ, ਮੈਂ ਵੱਡਾ ਸਰਦਾਰ ਬਣਦਾ ਹਤਿਆਰਾ ਬਣਦਾ ਗਿਆ। ਅਸਲੀ ਤਾਂ ਤੂੰ ਦਿਲ ਦਾ ਵੱਡਾ ਸਰਦਾਰ ਏਂ, ਭੱਜੀ ਨੇ ਉਤਮ ਸਿਉਂ ਦੀ ਪੱਗ ਚੁੱਕ ਕੇ ਉਸ ਦੇ ਸਿਰ ਤੇ ਟਿਕਾ ਦਿੱਤੀ।

ਸਾਰੇ ਪਿੰਡ ਵਾਲੇ ਹੈਰਾਨ ਸਨ। ਇਹ ਸਭ ਕੁਝ ਉਨ੍ਹਾਂ ਦੇ ਉਲਟ ਹੋ ਰਿਹਾ ਸੀ। ਉਹ ਤਾਂ ਉਤਮ ਸਿਉਂ ਦੀ ਤਬਾਹੀ ਵੇਖਣਾ ਚਾਹੁੰਦੇ ਸੀ। ਉਤਮ ਸਿਉਂ ਆਪਣੀਆਂ ਗਲਤੀਆਂ ਮਨਜ਼ੂਰ ਕਰ ਚੁੱਕਾ ਸੀ। ਮੀਤੋ ਨੇ ਹੈਰੀ ਨੂੰ ਦੱਸਿਆ ਕਿ ਤੇਰੀ ਵਹੁਟੀ ਅਗਲੇ ਮਹੀਨੇ ਇੰਡੀਆ ਆ ਰਹੀ ਹੈ ਨਾਲੇ ਆਪਣੀ ਭੈਣ ਦਾ ਭੱਜੀ ਵਾਸਤੇ ਰਿਸ਼ਤਾ ਕਰਵਾਉਣ ਲਈ। ਹੈਰੀ ਨੇ ਬੈਗ ਉਤਮ ਸਿਉਂ ਦੇ ਪੈਰੀ ਰੱਖ ਦਿਤਾ ਤੇ ਸਹੁੰ ਖਾਧੀ ਕਿ ਅੱਜ ਤੋਂ ਬਾਅਦ ਕੋਈ ਭੈੜਾ ਕੰਮ ਨਹੀਂ ਕਰਾਂਗਾ। ਸਾਰੇ ਖੁਸ਼ ਹੋ ਗਏ। ਬਾਬੇ ਬਿਸ਼ਨ ਸਿਉਂ ਤੋਂ ਰਿਹਾ ਨਾ ਗਿਆ। ਬਣਿਆ ਫਿਰਦਾ ਸੀ ਵੱਡਾ ਸਰਦਾਰ ਸਾਰੀ ਉਮਰ ਹਰੀ ਸਿਉਂ ਨੂੰ ਤਬਾਹ ਕਰਨ ਵਿਚ ਲੰਘਾ ਦਿਤੀ ਤੇ ਹਰੀ ਸਿਉਂ ਦੇ ਪੋਤੇ ਨੇ ਚੜ੍ਹਦੀ ਉਮਰੇ ਹੀ ਉਤਮ ਸਿਉਂ ਦਾ ਉਜੜਦਾ ਘਰ ਵਸਾ ਦਿੱਤਾ। ਨਾ ਭੱਜੀ ਵੱਡਾ ਸਰਦਾਰ। ਪੁੱਤ ਹੋਵੇ ਭੱਜੀ ਵਰਗਾ ਤੇ ਧੀ ਹੋਵੇ ਮੀਤੋ ਵਰਗੀ। ਚੰਗਾ ਉਤਮ ਸਿਆਂ ਹੁਣ ਗੁਰੂ ਵਾਲਾ ਬਣਜਾ ਸ਼ਾਇਦ ਰੱਬ ਤੈਨੂੰ ਮੁਆਫ ਕਰ ਦੇਵੇ। ਚਲੋ, ਪਿੰਡ ਵਾਲਿਓ ਚੱਲੀਏ ਤੇ ਸਾਰੇ ਆਪਣੇ ਘਰੀ ਚਲੇ ਗਏ।

*ਫੋਨ:916-273-2856

## ਵਿਅੰਗ

**ਜਨਾਬ ਅਨਵਰ ਮਸੂਦ ਸਾਹਿਬ**

ਪਤੀ ਦੇ ਦਬਕੇ, ਪਤਨੀ ਦੇ ਤਰਲੇ

ਪਤੀ
ਕਦੀ ਤੇ ਪੇਕੇ ਜਾਹ ਨੀ ਬੇਗਮ,
ਆਵੇ ਸੁਖ ਦਾ ਸਾਹ ਨੀ ਬੇਗਮ,
ਇਕੱਠਿਆਂ ਰਹਿ ਰਹਿ ਅੱਕ ਗਏ ਹਾਂ
ਹੁਣ ਲਾਗੇ ਬਹਿ ਬਹਿ ਥੱਕ ਗਏ ਹਾਂ
ਹੁਣ, ਟੀਡਿਆਂ ਵਾਂਗੂ ਪੱਕ ਗਏ ਹਾਂ
ਹੁਣ, ਭਰ ਵੀ ਨੱਕੋ ਨੱਕ ਗਏ ਹਾਂ,
ਹੁਣ ਸੀਨੇ ਠੰਢ ਪਾ ਨੀ ਬੇਗਮ
ਕਦੀ ਤੇ ਪੇਕੇ ਜਾਹ ਨੀ ਬੇਗਮ
ਆਵੇ ਸੁਖ ਦਾ ਸਾਹ ਨੀ ਬੇਗਮ।

ਕੀ-ਕੀ ਰੰਗ ਵਿਖਾ ਦਿੱਤੇ ਨੇ
ਸੱਜਣ ਯਾਰ ਛੁੜਾ ਦਿੱਤੇ ਨੇ,
ਪਿਛਲੇ ਪਿਆਰ ਭੁਲਾ ਦਿੱਤੇ ਨੇ,
ਬੈਂਗਣ ਤੱਕ ਖੁਆ ਦਿੱਤੇ ਨੇ
ਤਰਸ ਜਰਾ ਹੁਣ ਖਾਹ ਨੀ ਬੇਗਮ
ਕਦੀ ਤੇ ਪੇਕੇ ਜਾਹ ਨੀ ਬੇਗਮ
ਆਵੇ ਸੁੱਖ...।

ਇੱਕੋ ਛੱਪੜ ਦੇ ਵਿਚ ਤਰ ਕੇ,
ਕੀ ਲੱਭਾ ਏ ਸ਼ਾਦੀ ਕਰਕੇ,
ਜ਼ਿੰਦਗੀ ਲੰਘ ਚੱਲੀ ਮਰ ਮਰ ਕੇ
ਅਧੇ ਰਹਿ ਗਏ ਹਾਂ ਡਰ ਡਰ ਕੇ,
ਮਿਲ ਗਈ ਬੜੀ ਸਜ਼ਾ ਨੀ ਬੇਗਮ
ਕਦੀ ਤੇ ਪੇਕੇ...।
ਸ਼ਾਮ ਮਨਾਉਣ ਨੂੰ ਦਿਲ ਕਰਦਾ ਏ
ਘੁੱਟ ਕੁ ਲਾਉਣ ਨੂੰ ਦਿਲ ਕਰਦਾ ਏ,
ਬਾਹਰੋਂ ਖਾਣ ਨੂੰ ਦਿਲ ਕਰਦਾ ਏ,
ਤਾਜੇ ਨਹਾਣ ਨੂੰ ਦਿਲ ਕਰਦਾ ਏ,
ਕਰ ਦੇਹ ਪੂਰੇ ਚਾਅ ਨੀ ਬੇਗਮ
ਕਦੀ ਤੇ ਪੇਕੇ...।

ਆਪਣੀ ਮਰਜ਼ੀ ਆਈਏ ਜਾਈਏ,
ਮੁੰਡਿਆਂ ਵਰਗੇ ਕੱਪੜੇ ਪਾਈਏ
ਰਾਤਾਂ ਨੂੰ ਸੁਭਰਾਤ ਬਣਾਈਏ,
ਕੁਝ ਦਿਨ ਅਸੀਂ ਵੀ ਈਦ ਮਨਾਈਏ,
ਬਦਲੇ ਜਰਾ ਹਵਾ ਨੀ ਬੇਗਮ
ਕਦੀ ਤੇ ਪੇਕੇ ਜਾਹ ਨੀ ਬੇਗਮ
ਆਵੇ ਸੁੱਖ ਦਾ ਸਾਹ ਨੀ ਬੇਗਮ।''

ਪਤਨੀ
ਘਰ ਨੂੰ ਛੇਤੀ ਆ ਵੇ ਬੀਬਾ
ਇੰਜ ਤੇ ਨਾਂ ਤੜਫਾ ਵੇ ਬੀਬਾ,
ਸਾਨੂੰ ਝੂਠੇ ਲਾਰੇ ਲਾ ਕੇ
ਯਾਰਾਂ ਦੇ ਨਾਲ ਸ਼ਾਮ ਮਨਾ ਕੇ,
ਬਾਹਰੋਂ ਪੀ ਕੇ ਬਾਹਰੋਂ ਖਾ ਕੇ,
ਆ ਜਾਨਾ ਏ ਰਾਤ ਲੰਘਾ ਕੇ,
ਕੁਝ ਤੇ ਸ਼ਰਮਾਂ ਖਾਹ ਵੇ ਬੀਬਾ
ਘਰ ਨੂੰ ਛੇਤੀ ਆ ਵੇ ਬੀਬਾ।

ਤਾਅਨੇ ਮਿਹਣੇ ਸੁਣ ਕੇ ਜੱਗ ਦੇ
ਸ਼ਾਮ ਸਵੇਰੇ ਹੰਝੂ ਵੱਗਦੇ,
ਪੱਲੇ ਪੈ ਗਈ ਮੈਂ ਕਿਸ ਠੱਗ ਦੇ,
ਰਾਤੀਂ ਕਿਹੜੇ ਦਫਤਰ ਲੱਗਦੇ
ਸਾਨੂੰ ਵੀ ਸਮਝਾ ਵੇ ਬੀਬਾ
ਘਰ ਨੂੰ ਛੇਤੀ...।

ਇਸ਼ਕ ਤੇਰੇ ਵਿਚ ਬਾਜ਼ੀ ਹਰਕੇ
ਸੱਸ ਸਹੁਰੇ ਦੀ ਖਿਦਮਤ ਕਰਕੇ,
ਦਿਉਰਾਂ, ਨਣਦਾਂ ਕੋਲੋਂ ਡਰਕੇ,
ਕੀ ਲੱਭਾ ਏ ਸਭ ਲਈ ਮਰ ਕੇ?
ਕਿਸੇ ਨਾ ਕੀਤੇ ਚਾਅ ਵੇ ਬੀਬਾ
ਘਰ ਨੂੰ...।
ਦਿਲ ਮੇਰੇ ਵਿਚ ਆਉਣ ਸਲਾਹਵਾਂ
ਆਪਣੇ ਸਾਰੇ ਵੀਰ ਬੁਲਾਵਾਂ,
ਰੋ-ਰੋ ਆਪਣਾ ਹਾਲ ਸੁਣਾਵਾਂ,
ਤੈਨੂੰ ਫੈਂਟੀ ਰੱਜ ਲੁਆਵਾਂ
ਆਵੇ ਫੇਰ ਮਜ਼ਾ ਵੇ ਬੀਬਾ
ਘਰ ਨੂੰ...।

ਤੇਰੇ ਦਿਲ ਵਿਚ ਨਾਰ ਏ ਕਿਹੜੀ?
ਵੱਡੀ ਉਹ ਫਨਕਾਰ ਏ ਜਿਹੜੀ,
ਸਾਡੇ ਦੋਂਹ ਵਿਚਕਾਰ ਏ ਜਿਹੜੀ,
ਦੱਸ ਖਾਂ ਉਹ ਮੁਟਿਆਰ ਏ ਕਿਹੜੀ,
ਖਿੱਚ ਲਾਂ ਉਹਦੇ ਸਾਹ ਵੇ ਬੀਬਾ
ਘਰ ਨੂੰ ਛੇਤੀ ਆ ਵੇ ਬੀਬਾ।''

**ਪੰਜਾਬੀ ਅਨੁਵਾਦ:**
**ਹਰਦੀਪ ਸਿੰਘ ਸੋਢੀ ਨਡਾਲਾ।**
**ਫੋਨ:480-794-0325**

# ਬਲਰਾਜ ਸਾਹਨੀ ਬੰਬਈ ਦੀ ਬੇਰਹਿਮੀ ਨੇ ਮਾਰਿਆ

## ਸਫ਼ਰ ਜ਼ਿੰਦਗੀ ਦਾ

**ਜਸਵੰਤ ਸਿੰਘ ਕੰਵਲ**

ਅਚਾਨਕ ਰੇਡੀਓ ਤੇ ਬਲਰਾਜ ਸਾਹਨੀ ਯਾਰ ਦੀ ਮੌਤ ਦੀ ਖਬਰ ਸੁਣੀ, ਦਿਲ ਨੂੰ ਬੜਾ ਧੱਕਾ ਲੱਗਾ। ਦਿਲ ਦਾ ਜਾਨੀ ਸੀ, ਸਦਮਾ ਪਹੁੰਚਣਾ ਕੁਦਰਤੀ ਸੀ। ਕੁਦਰਤੀ ਉਹ ਚਾਦਰਾ ਮੇਰੇ ਉੱਤੇ ਸੀ, ਜਿਹੜਾ ਚਾਦਰਾ ਲੱਕ ਬੰਨ੍ਹ ਕੇ, ਬਲਰਾਜ ਨਾਲ ਤਲਵੰਡੀ ਸਾਬ੍ਹੋ ਦੀ ਵਿਸਾਖੀ ਵੇਖਣ ਗਿਆ ਸੀ। ਬਲਰਾਜ ਦੀ ਖ਼ਾਹਿਸ਼ ਸੀ, ਤਲਵੰਡੀ ਦੀ ਵਿਸਾਖੀ ਜ਼ਰੂਰ ਵੇਖਣੀ ਐ।

‘‘ਤੈਨੂੰ ਫ਼ਿਲਮੀ ਐਕਟਰ ਜਾਣ ਕੇ ਮਲਵਈ ਜੱਟ ਚੁੰਬੜ ਜਾਣਗੇ।’’ ਮੈਂ ਉਸਨੂੰ ਡਰਾਇਆ।

‘‘ਆਪਾਂ ਕੱਪੜੇ ਹੀ ਮਲਵਈਆਂ ਵਾਲੇ ਪਾ ਕੇ ਚੱਲਾਂਗੇ ਮੇਰੇ ਕੋਲ ਕਲੀਆਂ ਵਾਲਾ ਕੁਰਤਾ ਹੈ।’’

‘‘ਚਾਦਰਾ ਤੈਨੂੰ ਮੈਂ ਸੁਆ ਦਿਆਂਗਾ, ਮੂੰਹ ਪੱਗ ਦੇ ਲੜ ਨਾਲ ਢਕ ਲਵੀਂ।’’ ਮੈਂ ਉਹਦਾ ਦਿਲ ਧਰਾਇਆ।

‘‘ਫੇਰ ਤਾਂ ਮਲਵਈ ਬਣਿਆ ਈ ਪਿਆ ਆਂ, ਬੱਲੇ ਬੱਲੇ ਹੋ ਜਾਵੇਗੀ।’’ ਉਸ ਮਲਵਈ ਵਿਚ ਹੀ ਜਵਾਬ ਮੋੜਿਆ।

‘‘ਲਓ ਜੀ, ਅਸੀਂ ਬਲਰਾਜ ਦੀ ਗੱਡੀ ਤੇ ਤਲਵੰਡੀ ਨੂੰ ਛੂਟਾਂ ਵੱਟ ਲਈਆਂ। ਪਹਿਲਾ ਹਮਲਾ ਅਸਾਂ ਪ੍ਰੋ. ਗੁਰਬਚਨ ਸਿੰਘ ਭੁੱਲਰ ’ਤੇ ਜਾ ਕੀਤਾ। ਉਦੋਂ ਉਹ ਖ਼ਾਲਸਾ ਕਾਲਜ ਤਲਵੰਡੀ ਵਿਚ ਪੜ੍ਹਾਉਂਦਾ ਸੀ। ਗੱਡੀਓਂ ਉਤਰਦਿਆਂ ਨੂੰ ਉਸ ਚੋਟ ਰੜਕਾਈ।

‘‘ਕਿਵੇਂ ਗਰੀਬ ’ਤੇ ਚੜ ਆਏ ਓ?’’ ਉਹ ਸਜਰੇ ਪ੍ਰਾਹੁਣੇ ਤੋਰ ਕੇ ਵਿਹਲਾ ਹੋਇਆ ਹੀ ਸੀ ਤੇ ਸਿਰੋਂ ਨੰਗਾ, ਜਿਵੇਂ ਕਿਸੇ ਪਾਸੇ ਨੂੰ ਭੱਜਣ ਲਈ ਤਿਆਰ ਖਲੋਤਾ ਹੋਵੇ।

‘‘ਰੋਟੀਆਂ ਖੁਣੋਂ ਭੁੱਖੇ ਨਹੀਂ ਮਰਦੇ, ਗੁਰੂ ਦਾ ਅਤੁੱਟ ਲੰਗਰ ਵਰਤਦਾ ਏ। ਤੂੰ ਸਾਲਿਆ ਚਾਹ ਵੀ ਨਹੀਂ ਪਿਆ ਸਕਦਾ।’’ ਮੈਂ ਵੀ ਅੱਗੋਂ ਦਬਣ ਵਾਲਾ ਨਹੀਂ ਸੀ।

‘‘ਚਾਹ ਨਾਲ ਤਾਂ ਸਾਰਿਆਂ ਨੂੰ ਨਹਾ ਦੇਊਂ, ਜਿਹੜੇ ਮੇਲੇ ਦੀ ਲਗੌੜ ਇਹਦੇ ਨਾਲ ਇਕੱਠੀ ਹੋ ਕੇ ਘਰ ਆ ਵੜਨੀ ਏ, ਉਹਦਾ ਕੀ ਇਲਾਜ ਕਰੂੰ?’’ ਉਹ ਬਲਰਾਜ ਵੱਲ ਮੁਸਕੜੀਏ ਹੱਸ ਰਿਹਾ ਸੀ।

ਗੁਰਬਚਨ ਦੀ ਗੱਲ ਸੁਣ ਕੇ ਬਲਰਾਜ ਦਾ ਹਾਸਾ ਪਾਟ ਪਿਆ।

‘‘ਬਈ ਤੇਰਾ ਮਾਲਵਾ ਕਮਾਲ ਐ।’’ ਉਸ ਗੁਰਬਚਨ ਨੂੰ ਗਲਵਕੜੀ ਵਿਚ ਲੈ ਲਿਆ।

‘‘ਯਾਰੀਆਂ ਊਠਾਂ ਵਾਲਿਆਂ ਨਾਲ ਤੇ ਬਾਰ ਭੀੜੇ?’’ ਮੈਂ ਹੋਰ ਰਗੜਾ ਦੇ ਮਾਰਿਆ।

‘‘ਜਦੋਂ ਆਪਣਾ ਘਰ ਬਣਾਇਆ, ਭਾਵੇਂ ਟਰੱਕ ਵਾੜ ਲਈਂ, ਤਖਤੇ ਵੀ ਨਹੀਂ ਹੋਣਗੇ।’’ ਗੁਰਬਚਨ ਨੇ ਬਾਹਾਂ ਖੋਲ੍ਹ ਦਿੱਤੀਆਂ।

‘‘ਨਹੀਂ, ਤੂੰ ਤਖਤੇ ਵੀ ਲੁਆ ਲਈਂ, ਅਸੀਂ ਚੁਥੀਆਂ ਪੱਟਣ ਵੀ ਜਾਣਦੇ ਆਂ।’’ ਮੈਂ ਪੂਰੇ ਹਕਵਾ ਵਿਚ ਕਹਿ ਗਿਆ।

‘‘ਹੁਣ ਤਾਈਂ ਪੱਟੇ ਈ ਐ, ਕਿਸੇ ਦਾ ਘਰ ਵਸਾਇਆ ਵੀ ਏ?’’ ਗੁਰਬਚਨ ਗਤਕੇਬਾਜ਼ਾਂ ਵਾਂਗ ਵਾਰ ਰੋਕ ਕੇ ਠੋਕ ਗਿਆ।

‘‘ਰੋਟੀ ਲਾਹੁਣ ਵਾਲੀ ਚਾਹੀਦੀ ਐ ਤਾਂ ਦੱਸ?’’ ਬਲਰਾਜ ਸਾਡੀਆਂ ਚੋਟਾਂ ਨਾਲ ਲੋਟ-ਪੋਟ ਹੋ ਰਿਹਾ ਸੀ।

‘‘ਤੂੰ ਮੇਰੀ ਪਹਿਲੀ ਵੀ ਨਾ ਭਜਾ ਦੇਵੀਂ, ਚਾਹ ਪੀ ਕੇ ਮੇਲਾ ਵੇਖੋ।’’ ਉਸ ਮੇਲੇ ਵੱਲ ਹੱਥ ਦਾ ਇਸ਼ਾਰਾ ਦਿੱਤਾ।

ਸਾਡੀ ਝੜਪ ਵਿਚ ਬਲਰਾਜ ਦਾ ਹਾਸਾ ਨਹੀਂ ਰੁਕਿਆ ਸੀ। ਆਖਣ ਲੱਗਾ, ‘‘ਯਾਰ ਤੁਹਾਡਾ ਮਾਲਵਾ ਬਹੁਤ ਮਿਲਾਪੀ ਹੈ, ਕੱਚੇ ਦੁੱਧ ਵਰਗਾ।’’

‘‘ਮਿਲਾਪੀ ਤਾਂ ਬੇਥਾਹ ਐ, ਪਰ ਬੰਦਾ ਵੱਢਣ ਲੱਗਾ ਵੀ ਝਟ ਲਾਉਂਦਾ ਏ। ਵਿਗੜਿਆ ਰਿੱਛ ਵੀ ਐ।’’ ਗੁਰਬਚਨ ਨੇ ਸਿਫ਼ਤ ਕਰਦਿਆਂ ਜੱਟ ਕਰੈਕਟਰ ਵੀ ਨਾਲ ਖੜ੍ਹਾ ਕਰ ਦਿੱਤਾ।


‘‘ਇਹ ਗੱਲ ਬਹੁਤ ਮਾੜੀ ਐ।’’ ਬਲਰਾਜ ਦਾ ਚਿਹਰਾ ਦਹਿਸ਼ਤ ਵਿਚ ਆਇਆ ਹੋਇਆ ਸੀ।

‘‘ਮਾਖਿਓ ਨਾਲ ਵੱਢ ਖਾਣੀ ਵੀ ਹੁੰਦੀ ਐ।’’ ਗੁਰਬਚਨ ਬਲਰਾਜ ਨੂੰ ਚਾਲੂ ਕਰਕੇ ਹੱਸ ਰਿਹਾ ਸੀ।

ਠੰਢੀਆਂ-ਤੱਤੀਆਂ ਚਲਦੀਆਂ ਵਿਚ ਚਾਹ ਆ ਗਈ। ਕੱਲ੍ਹ ਹੀ ਕਲੀ ਕੀਤੇ ਪਿੱਤਲ ਦੇ ਗਿਲਾਸ ਗੁਰਬਚਨ ਵਾਂਗ ਹੱਥ ਨਾ ਲੱਗਣ ਦੇਣ। ਮਸਾਂ ਕਪੜੇ ਦੇ ਲੜ ਨਾਲ ਫੜ ਕੇ ਫੂਕਾਂ ਮਾਰ-ਮਾਰ ਚਾਹ ਮੁਕਾਈ। ਮੈਂ ਗਿਲਾਸ ਰੱਖ ਕੇ ਗੁਰਬਚਨ ਨੂੰ ਪੁੱਛਿਆ- ‘‘ਤੂੰ ਸਾਡੇ ਨਾਲ ਚੱਲਣਾ ਏ ਕਿ ਨਹੀਂ?’’

‘‘ਮੈਂ ਬਥੇਰੇ ਧੱਕੇ ਖਾ ਆਇਆਂ ਤੇ ਤੁਹਾਡੇ ਗੋਚਰੇ ਛੱਡ ਆਇਆਂ। ਜੇਬਾਂ ਸਾਂਭ ਕੇ ਰਖਿਓ। ਵਾਪਸ ਜਾਣ ਦਾ ਕਿਰਾਇਆ ਮੇਰੇ ਕੋਲੋਂ ਨਾ ਮੰਗਿਓ।’’ ਉਸ ਚੱਜ ਨਾਲ ਸਾਨੂੰ ਖ਼ਬਰਦਾਰ ਕਰ ਦਿੱਤਾ।

ਜਦੋਂ ਅਸੀਂ ਪ੍ਰੋਫੈਸਰ ਦੇ ਕੁਆਰਟਰ ਵਿਚੋਂ ਨਿਕਲ ਕੇ ਧੱਕੇ ਦੇਂਦੀ ਬੇਥਾਹ ਭੀੜ ਵਿਚ ਆਏ, ਮੈਂ ਬਲਰਾਜ ਨੂੰ ਆਖਿਆ, ‘‘ਕਿਉਂ ਆਇਆ ਸੁਆਦ ਵਿਸਾਖੀ ਦੇਖਣ ਦਾ?’’



‘‘ਵਾਕਈ ਭੀੜ ਦੀ ਤਾਂ ਹੱਦ ਹੋ ਗਈ।’’ ਉਸ ਬਾਹਾਂ ਉਗਾਸੀਆਂ।’’ ‘‘ਭੀੜ ਲਗਾਤਾਰ ਵਧਦੀ ਗਈ, ਧੱਕੇ ਹੋਰ ਪੈਂਦੇ ਰਹੇ। ਪਰ ਅਸੀਂ ਸ੍ਰੀ ਦਰਬਾਰ ਸਾਹਿਬ ਵੱਲ ਪੈਰ-ਪੈਰ ਵਧਦੇ ਗਏ ਅਤੇ ਧੱਕੇ-ਧੌਲਾਂ ਵੀ ਬਰਾਬਰ ਖਾਂਦੇ ਗਏ। ਸਾਡੇ ਚਾਰ ਖਾਨੇ ਦੇ ਚਾਦਰੇ ਇਕੋ ਥਾਨ ਨਾਲੋਂ ਪਾੜ ਕੇ ਬਣਵਾਏ ਸਨ। ਮੈਂ ਬੇਪ੍ਰਵਾਹ ਸਾਂ, ਪਰ ਉਸ ਪਛਾਣੇ ਜਾਣ ਦੇ ਡਰੋਂ, ਕੰਨ ਕੋਲ ਛੱਡਿਆ ਪੂੰਝਾ ਨੱਕ ਉੱਤੋਂ ਦੀ ਪੱਗ ਵਿਚ ਹੀ ਟੰਗਿਆ ਹੋਇਆ ਸੀ। ਇਕ ਗੱਭਰੂ ਸਾਨੂੰ ਦੋਹਾਂ ਨੂੰ ਤਾੜਦਾ ਅਗਾਂਹ ਲੰਘ ਗਿਆ। ਪਰ ਉਹ ਚਾਰ ਕਦਮਾਂ ਜਾ ਕੇ ਮੁੜ ਆਇਆ। ਸਾਥੋਂ ਅਗਾਂਹ ਲੰਘ ਕੇ ਬਲਰਾਜ ਅੱਗੇ ਖਲੋ ਗਿਆ। ਅਸਾਂ ਵੀ ਪੈਰ ਮਲ੍ਹ ਲਏ। ਉਹ ਕੁਝ ਨਾ ਬੋਲਿਆ। ਉਸ ਚੁੱਪਚਾਪ ਬਲਰਾਜ ਦੀ ਪੱਗ ਦਾ ਲੜ ਖੋਲ੍ਹ ਕੇ ਮੂੰਹ ਨੰਗਾ ਕਰ ਲਿਆ। ਬਲਰਾਜ ਨੇ ਉਸ ਦਾ ਹੱਥ ਨਾ ਫੜਿਆ ਤੇ ਮੁਸਕਰਾ ਪਿਆ। ਨੌਜਵਾਨ ਬਲਰਾਜ ਨੂੰ ਅੱਖ ਮਾਰ ਕੇ ਬੋਲਿਆ, ‘‘ਤੂੰ ਓਹੀ ਏ ਨਾਅ?’’

ਬਲਰਾਜ ਨੇ ਹਾਂ ਵਿਚ ਸਿਰ ਹਿਲਾਇਆ। ਉਸ ਭਲੇ ਲੋਕ ਨੇ ਪੂੰਝਾ ਥਾਏਂ ਬੱਝੀ ਪੱਗ ਵਿਚ ਟੰਗ ਦਿੱਤਾ। ਤੇ ‘ਜਿਉਂਦਾ ਵਸਦਾ ਰਹੁ’ ਆਖਦਾ ਭੀੜ ਵਿਚ ਗਵਾਚ ਗਿਆ।

‘‘ਤੇਰੇ ਮਾਲਵੇ ਦੇ ਲੋਕ ਕਿੰਨੇ ਪਿਆਰੇ ਤੇ ਦਿਲਚਸਪ ਐ। ਇਨ੍ਹਾਂ ਦੀ ਨਸ਼ੰਗਤਾ ਤੇ ਬੇਪ੍ਰਵਾਹੀ, ਛੱਡ ਗੱਲ ਦੇ। ਨਸ਼ੰਗ ਕੋਈ ਯਾਰ, ਹੱਥ ਦੀ ਛਾਪ ਲਾਹ ਲਵੇ, ਹੱਸ ਪੈਣਗੇ, ਮੰਗਣਗੇ ਨਹੀਂ।’’ ਮੈਂ ਥੋੜ੍ਹਾ ਠਹਿਰ ਕੇ ਕਿਹਾ, ‘‘ਇਨ੍ਹਾਂ ਨੂੰ ਤਾਂ ਸਾਦਗੀ ਤੇ ਪਿਆਰ ਦੀ ਬੇਪ੍ਰਵਾਹੀ ਨੇ ਹੀ ਲੁੱਟ ਖੋਹ ਲਿਆ।’’

‘‘ਐਨੇ ਅਵੇਸਲੇ ਕਿਉਂ ਬਈ?’’

‘‘ਮਾਲਵੇ ਵਿਚ ਹਾਲੇ ਵੀ ਅਜਿਹੇ ਸ਼ੇਰਦਿਲ ਮਿਲ ਜਾਣਗੇ, ਜਿਹੜੇ ਦਿਲ ਦੇਂਦੇ, ਨਾਲ ਸਿਰ ਵੀ ਪੇਸ਼ ਕਰ ਦੇਣਗੇ।’’ ਮੈਂ ਮਲਵਈ ਮਾਣ ਵਿਚ ਭਰਿਆ ਪਿਆ ਸਾਂ। ‘‘ਯਾਰ ਪਿਆਰਾ ਰੱਬ, ਜਿੰਦ ਪਿਆਰੀ ਨਾਂਹ।’’

‘‘ਬਈ ਵਾਹ, ਪੰਜਾਬ ਦੇ ਇਸ ਜਜ਼ਬੇ ਨੇ ਤਰੀਖਾਂ ਦੀਆਂ ਹੱਦਾਂ ਟੱਪ ਘੱਤੀਆਂ।’’ ਬਲਰਾਜ ਨੇ ਮੇਰੀ ਆਖੀ ਗੱਲ ਦੀ ਪ੍ਰੋੜ੍ਹਤਾ ਵਿਚ ਸਿਰ ਹਿਲਾਇਆ।

‘‘ਬਲਰਾਜ! ਇਸ ਕੰਗਾਲੀ ਨੇ ਯਾਰਾਂ ਦੀ ਯਾਰੀ ਨੂੰ ਲੀਕ ਲਾ ਦਿੱਤੀ। ਦਿਨ ਮਾੜੇ ਹੀ ਮਾੜੇ ਇਕ-ਦੂਜੇ ਦੇ ਉਤੋਂ ਦੀ ਚੜ੍ਹੇ ਆ ਰਹੇ ਐ।’’ ਮੈਂ ਪੰਜਾਬ ਦੀ ਰੁੜ੍ਹਦੀ-ਖੁਰਦੀ ਆਰਥਿਕ ਜਵਾਨੀ ਦਾ ਗਿਲਾ ਜਤਾਇਆ। ਕਿਸੇ ਵੀ ਸਰਕਾਰ ਨੂੰ ਹੋਸ਼ ਨਹੀਂ ਆਈ, ਹੀਰਿਆਂ ਦੀ ਖਾਨ ਪੰਜਾਬ ਠੀਕਰੀਆਂ-ਰੋੜ ਹੋ ਰਿਹਾ ਏ।’’

‘‘ਯਾਰ, ਸਰਕਾਰਾਂ ਲਾਲਚੀ ਤੇ ਪੜ੍ਹੇ-ਲਿਖੇ ਸਮਗਲਰਾਂ ਦੇ ਹੱਥ ਆ ਗਈਆਂ। ਮਾੜੀ ਕਿਸਮਤ ਵਾਰਸ ਸ਼ਾਹ ਦੇ ਪੰਜਾਬ ਦੀ।’’ ਬਲਰਾਜ ਝੂਰ ਕੇ ਰਹਿ ਗਿਆ।

‘‘ਸਾਧ ਬਣੇ ਡਾਕੂਆਂ ਤਾਂ ਰੱਤ ਚੂਸ ਲਈ ਤੇ ਲੋਕਾਂ ਦੇ ਹੱਡ ਖੜਕਣ ਲਾ ਦਿੱਤੇ। ਸਾਲੇ ਅੰਧ ਵਿਸ਼ਵਾਸ ਨੇ ਸੁੱਚੇ ਧਰਮ ਉਤੇ ਵੀ ਚੱਜ ਨਾਲ ਹੀ ਕਾਠੀ ਪਾ ਲਈ। ਮੈਂ ਮੰਨਣ ਵਿਚ ਵਿਸ਼ਵਾਸ ਰੱਖਦਾ ਆਂ, ਪਰ ਜੇ ਇਸ ਨਾਲੋਂ ਗਿਆਨ ਨੂੰ ਤੋੜ ਦਿੱਤਾ ਜਾਵੇ, ਸਭ ਕੁਝ ਹੀ ਨਰਕ ਦਾ ਅਖਾੜਾ ਬਣ ਜਾਂਦਾ ਹੈ।’’

ਅਸੀਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਬਾਹਰ ਨਿਵੇਕਲੇ ਨਿਕਲ ਆਏ। ‘‘ਮੱਥਾ ਟੇਕਣਾ ਸ਼ਰਧਾ ਤੇ ਨਿਰਮਾਣਤਾ ਤਾਂ ਦੇਂਦਾ ਹੈ, ਪਰ ਜੰਜਾਲਾਂ ਤੋਂ ਪਾਰ ਮੁਕਤੀ ਤਾਂ ਗਿਆਨ ਨੇ ਹੀ ਦੇਣੀ ਹੁੰਦੀ ਐ।’’ ਮੈਂ ਥੋੜ੍ਹੀ ਵਿਆਖਿਆ ਵਿਚ ਪੈ ਗਿਆ।

‘‘ਪਰ ਗਿਆਨ ਵੀ ਹਰ ਬੁੱਧੀ ਦੇ ਵਸ ਦਾ ਰੋਗ ਨਹੀਂ। ਪਹਿਲੋਂ ਬ੍ਰਹਮ ਗਿਆਨ ਆਪਣੀ ਮਲਕੀਅਤ ਬਣਾ ਕੇ ਪੰਡਿਤਾਂ ਦੱਬੀ ਰਖਿਆ। ਬਾਬੇ ਨਾਨਕ ਨੇ ਇਸ ਗਿਆਨ ਦੀ ਬੁੱਕਲ ਖੋਲ੍ਹੀ ਤਾਂ ਪੰਡਿਤ ਉਸ ਨੂੰ ਸਿਰ ਫਿਰਿਆ ਆਖਣ ਲੱਗ ਪਏ। ‘ਅੰਨ੍ਹੀ ਰਈਅਤ ਗਿਆਨ ਵਹੂਣੀ’। ਗਿਆਨ ਬਿਨਾ ਚੰਚਲ ਮਨ ਨੂੰ ਕਿਤੇ ਠਾਹਰ ਨਹੀਂ। ਪੂਜਾ ਅਥਵਾ ਮਾਇਆ ਸੁੱਚੇ ਗਿਆਨ ਧਰਮ ਉੱਤੇ ਕਾਠੀ ਪਾਈ ਪ੍ਰਧਾਨ ਬਣੀ ਬੈਠੀ ਐ।’’ ਹੈਰਾਨ ਹੋਇਆ ਬਲਰਾਜ ਅਸਚਰਜ ਨਾਲ ਮੇਰੇ ਮੂੰਹ ਵੱਲ ਵੇਖਣ ਲੱਗ ਪਿਆ, ਜਿਵੇਂ ਕੋਈ ਹੋਰ ਬੋਲ ਰਿਹਾ ਸੀ।

‘‘ਮੈਨੂੰ ਤਾਂ ਹੁਣ ਪਤਾ ਲੱਗਾ, ਤੂੰ ਤਾਂ ‘ਬ੍ਰਹਮ’ ਤੱਕ ਪਹੁੰਚਿਆ ਰਿਸ਼ੀਆਂ ਵਰਗਾ ਏ। ਤੂੰ ਇਹ ਸਭ ਕੁਝ ਯਾਰ ਕਿੱਥੋਂ ਤੇ ਕਿਵੇਂ ਪਾਇਆ? ਮੈਨੂੰ ਵੀ ਦੱਸ?’’ ਬਲਰਾਜ ਚਾਅ ਵਿਚ ਬੁੱਲ੍ਹਾਂ ’ਤੇ ਜੀਭ ਫੇਰ ਗਿਆ।

ਕੋਈ ਪੋਨੇ ਗੰਨੇ ਵੇਚ ਰਿਹਾ ਸੀ। ਤੇਰੇ ਵਰਗੇ ਨੇ ਆਨਾ ਦੇ ਕੇ ਗੰਨਾ ਮੰਗ ਲਿਆ। ਉਸ ਆਗ ਵਾਲੇ ਪਾਸਿਓਂ ਅੱਧਾ ਵੱਢ ਕੇ ਹੱਥ ਫੜਾ ਦਿੱਤਾ। ‘‘ਓਏ ਇਹ ਕੀ, ਐਨਾ ਹੀ?’’ ਗੰਨੇ ਵੇਚਣ ਵਾਲੇ ਨੇ ਜਵਾਬ ਦਿੱਤਾ, ‘‘ਏਨੇ ਦਾ ਐਨਾ ਈ ਆਉਂਦਾ ਏ।’’

‘‘ਬਲਰਾਜ! ਜੇ ਤੇਰਾ ਈਮਾਨ ਬੰਬਈ ਨੇ ਲੁੱਟ ਲਿਆ, ਇਸ ਵਿਚ ਮੇਰਾ ਕੀ ਦੋਸ਼। ਹਾਂ, ਫ਼ਿਲਮੀ ਦੁਨੀਆਂ ਨੂੰ ਸਲਾਮ ਕਰਕੇ ਆ ਜਾਵੀਂ। ਭਰੇ ਭਾਂਡੇ ਨੂੰ ਖ਼ਾਲੀ ਕਰੇ ਬਿਨਾ ਉਸ ਵਿਚ ਕੁਝ ਹੋਰ ਨਹੀਂ ਪਾਇਆ ਜਾ ਸਕਦਾ। ਗੋਰਖ ਦੇ ਟਿੱਲਿਓਂ ਹੋਰ ਕੁਝ ਮਿਲੇ, ਨਾ ਮਿਲੇ, ਮਨ ਦੀ ਸ਼ਾਂਤੀ ਵਾਲੀਆਂ ਮੁੰਦਰਾਂ ਜ਼ਰੂਰ ਮਿਲ ਜਾਂਦੀਆਂ ਹਨ।’’ ਮੈਂ ਉਸ ਦਾ ਸਾਰਾ ਅੰਦਰ ਹਲੂਣ ਸੁੱਟਿਆ।

‘‘ਆਪ ਤਾਂ ਤੂੰ ਥਾਂ-ਥਾਂ ਭੱਜਾ ਫਿਰਦਾ ਏਂ, ਮੈਨੂੰ ਕੀ ਠਾਹਰ ਦੇਵੇਂਗਾ?’’ ਉਸ ਤਾਹਨਾ ਦੇ ਮਾਰਿਆ।

‘‘ਜੇ ਤੇਰੀ ਸ਼ਰਧਾ ਈ ਕਮਜ਼ੋਰ ਐ, ਫੇਰ ਤੈਨੂੰ ਬ੍ਰਹਮਾਨੰਦ ਵੀ ਕੀ ਕਰ ਸਕਦਾ ਏ।’’ ਉਹ ਮੁਸਕੜੀਆਂ ਤੋਂ ਬਾਛਾਂ ਖੋਲ੍ਹ ਕੇ ਹੱਸ ਪਿਆ। ‘‘ਇਕ ਹੋਰ ਘਟਨਾ ਸੁਣ-ਵੱਡੀ ਘਲਾਂ ਵਾਲਾ ਪੂਰਾਨੰਦ ਸਾਧ ਮੇਰਾ ਯਾਰ ਸੀ। ਪਿੰਡ ਤੋਂ ਬਾਹਰ ਪਰੇ ਤੇ ਆਪਣੇ ਕਬੂਤਰਾਂ ਨਾਲ ਰਹਿੰਦਾ ਸੀ। ਉਹਦੀ ਖੂਹੀ ਤੋਂ ਰਾਹੀ ਪਾਂਧੀ ਆਮ ਈ ਪਾਣੀ ਪੀ ਕੇ ਲੰਘਦੇ ਸਨ। ਇਕ ਰਾਹੀ ਨੇ ਪਾਣੀ ਪੀ ਕੇ ਪੁੱਛਿਆ, ‘ਬਾਵਾ ਜੀ ਇਸ ਬੰਦ ਕੋਠੜੀ ਵਿਚ ਕੀ ਐ?’

‘ਮਹਾਰਾਜ ਐ।’ ਬਾਵੇ ਨੇ ਉੱਤਰ ਮੋੜਿਆ।

ਰਾਹੀ ਨੇ ਸਰਦਲ ਉਤੇ ਰੁਪਈਆ ਰੱਖ ਕੇ ਮੱਥਾ ਟੇਕ ਦਿੱਤਾ ਅਤੇ ਆਪਣੇ ਰਾਹ ਪੈ ਗਿਆ। ਉਹਦੇ ਜਾਣ ਪਿੱਛੋਂ ਬਾਵੇ ਨੇ ਰੁਪਈਆ ਚੁੱਕ ਕੇ ਜੇਬ ਵਿਚ ਪਾ ਲਿਆ। ਸ਼ਾਮ ਪੈਂਦੀ ਨੂੰ ਉਹ ਰਾਹੀ ਪਾਣੀ ਪੀਣ ਦੇ ਬਹਾਨੇ ਬਾਵੇ ਦੀ ਵਾੜੀ ਫਿਰ ਰੁਕ ਗਿਆ। ਉਸ ਦੇਖਿਆ, ਬਾਵਾ ਚਾਲੀ ਪੰਜਾਹ ਕਬੂਤਰਾਂ ਨੂੰ ਮਹਾਰਾਜ ਵਾਲੀ ਕੋਠੜੀ ਵਿਚ ਬਾਜਰੇ ਦੀਆਂ ਮੁੱਠਾਂ ਖਿਲਾਰ ਰਿਹਾ ਏ। ਰਾਹੀ ਨੂੰ ਬੜਾ ਅਸਚਰਜ ਲੱਗਾ ਤੇ ਬੋਲਿਆ, ‘ਬਾਵਾ ਜੀ, ਤੁਸੀਂ ਤਾਂ ਆਖਦੇ ਸੀ, ਇਸ ਕੋਠੜੀ ਵਿਚ ਮਹਾਰਾਜ ਐ, ਐਨਾ ਝੂਠ ਕਾਹਤੋਂ ਮਾਰਿਆ?’

‘ਦੇਖ ਬਈ ਭਗਤਾ, ਜੇ ਤੇਰੀ ਸ਼ਰਧਾ ਕਮਜ਼ੋਰ ਐ, ਆਹ ਆਪਣਾ ਰੁਪਈਆ ਲੈ ਜਾਹ, ਨਹੀਂ ਕਬੂਤਰ ‘ਸਤਿਗੁਰ ਸਤਿਗੁਰ’ ਕਰਦੇ ਸੁਣ ਲੈ।’ ਬਾਵੇ ਦੀ ਦਲੀਲ ਅੱਗੇ ਰਾਹੀ ਅਵਾਕ ਹੋ ਕੇ ਰਹਿ ਗਿਆ।’’ ਤੇ ਬਲਰਾਜ ਦਾ ਹਾਸਾ ਬੰਦ ਹੋਣ ਵਿਚ ਨਾ ਆਵੇ।

‘‘ਹੁਣ ਬਲਰਾਜ ਤੇਰੀ ਸ਼ਰਧਾ ਨੂੰ ਕੀ ਆਖਾਂ। ਤੇਰਾ ਫ਼ਿਲਮੀ ਸੰਸਾਰ ਤੇ ਨਰਕ ਸੰਸਾਰ ਸਕੇ ਭਰਾ ਹਨ। ਮੈਂ ਤੈਨੂੰ ਬ੍ਰਹਮਗਿਆਨ ਵੱਲ ਧੂੰਹਦਾ ਆਂ ਤੂੰ ਮੈਨੂੰ ਆਪਣੇ ਨਰਕਸਤਾਨ ਵੱਲ ਖਿਚਦਾ ਏਂ।’’ ਮੈਂ ਇਕ ਲੋਲ੍ਹੜ ਜੱਟ ਦੀ ਕਥਾ ਨਾਲ ਬਲਰਾਜ ਨੂੰ ਠਾਰ ਦਿੱਤਾ।

‘‘ਤੇਰੇ ਕੋਲੋਂ ਬ੍ਰਹਮਗਿਆਨ ਲੈ ਕੇ ਮੈਂ ਭੁੱਖਾਂ ਨਹੀਂ ਮਰਨਾ ਈਮਾਨਦਾਰੀ ਨਾਲ ਮੈਂ ਆਪਣੇ ਕਿਤੇ ਵਿਚ ਮਸਤ ਆਂ। ਮੈਨੂੰ ਫ਼ਿਲਮ ਲਾਈਨ ਵਿਚੋਂ ਨਾ ਉਖਾੜ। ਬਸ ਆਪਣੀ ਯਾਰੀ ਇਸ ਤਰ੍ਹਾਂ ਹੀ ਚੱਲੀ ਜਾਣ ਦੇ। ਊਂ ਅੱਜ ਤਲਵੰਡੀ ਦੀ ਵਿਸਾਖੀ ਵੇਖਣ ਦਾ ਸੁਆਦ ਆ ਗਿਆ।’’ ਉਹ ਬਹੁਤ ਖੁਸ਼ ਸੀ।

ਤਲਵੰਡੀ ਦੀ ਵਿਸਾਖੀ ਵੇਖ ਕੇ ਬਲਰਾਜ ਬੰਬਈ ਪਹੁੰਚਿਆ ਤਾਂ ਨਵਾਂ ਪੁਆੜਾ ਖੜ੍ਹਾ ਹੋ ਗਿਆ। ਸਮਝੋ ਬਲਰਾਜ ਦੇ ਮਾੜੇ ਦਿਨ ਆ ਗਏ। ਪ੍ਰੀਕਸ਼ਤ ਪਹਿਲਾਂ ਹੀ ਘਰ ਛੱਡ ਕੇ ਚਲਾ ਗਿਆ ਸੀ। ਸਨੋਬਰ ਲੜਕੀ ਦਾ ਵਿਆਹ ਪੂਰੀ ਆਨ ਸ਼ਾਨ ਨਾਲ ਕੀਤਾ ਸੀ। ਪਰ ਕੁੜਮਾਂ ਦੀ ਲਾਲਚੀ ਭੁੱਖ ਪੂਰੀ ਨਾ ਹੋਈ। ਕੁੜੀ ਨਾਲ ਕਾਟੋ ਕਲੇਸ਼ ਇੰਤਹਾ ਨੂੰ ਪਹੁੰਚ ਗਿਆ। ਉਨ੍ਹਾਂ ਸਨੋਬਰ ਨੂੰ ਮੂੰਹ ਪਾੜ ਕੇ ਕਹਿ ਦਿੱਤਾ ‘‘ਤੇਰੇ ਬਾਪ ਕੋਲ ਬੰਬਈ ਦੇ ਅੰਦਰ-ਬਾਹਰ ਐਨੀ ਜਾਇਦਾਦ ਏ, ਉਹ ਸਾਨੂੰ ਰਹਿਣ ਲਈ ਇਕ ਮਕਾਨ ਵੀ ਨਹੀਂ ਦੇ ਸਕਦਾ?’’

ਕੁੜੀ ਬਹੁਤ ਹੀ ਸੋਹਲ ਤੇ ਨਾਜ਼ੁਕ ਵਿਚਾਰਾਂ ਦੀ ਸੀ। ਪੇਕੇ ‘ਇਕ ਰਾਮ’ ਘਰ ਵਾਪਸ ਆ ਗਈ। ਮਾਨਸਿਕ ਪੀੜ ਐਨੀ ਵਧੀ, ਛੁਟਕਾਰੇ ਲਈ ਆਪੇ ਉੱਤੇ ਤੇਲ ਪਾ ਕੇ ਅੱਗ ਲਾ ਲਈ। ਅੱਧ ਸੜੀ ਸ਼ਾਵਰ ਹੇਠ ਹੋ ਗਈ। ਪੀੜ ਸਹਿ ਨਾ ਸਕੀ ਤਾਂ ‘ਹਾਇ ਬੂ’’ ਕਰਦੀ ਬਾਹਰ ਗਲੀ ਵਿਚ ਆ ਡਿੱਗੀ। ਲੋਕਾਂ ਸੰਭਾਲਾ ਦਿੱਤਾ। ਬਲਰਾਜ ਭੈੜੀ ਖ਼ਬਰ ਸੁਣ ਕੇ ਸੂਟਿੰਗ ਤੋਂ ਭੱਜਾ ਆਇਆ। ਕੁੜੀ ਨੂੰ ਹਸਪਤਾਲ ਲੈ ਗਏ। ਜਾਨ ਤਾਂ ਵਾਹਿਗੁਰੂ ਦੀ ਕ੍ਰਿਪਾ ਨਾਲ ਬਚ ਗਈ, ਪਰ ਸੜੇ ਅੰਗ ਥਾਂ ਪਰ ਥਾਂ ਜਾਮ ਹੋ ਗਏ। ਸਾਰਾ ਹਾਲ ਹਕੀਕਤ ਬਲਰਾਜ ਨੇ ਮੈਨੂੰ ਲਿਖ ਘੱਲਿਆ। ਮੈਂ ਉਸਨੂੰ ਸਲਾਹ ਦਿੱਤੀ। ਕੁੜੀ ਨੂੰ ਵੀ ਮੇਰੀ ਸਲਾਹ ਚੰਗੀ ਲੱਗੀ ਤੇ ਉਹ ਸਨੋਬਰ ਨੂੰ ਢੁਡੀਕੇ ਲੈ ਆਇਆ। ਮੇਰੀ ਬੇ ਜੀ ਨੂੰ ਜਦੋਂ ਸਾਰੀ ਹਾਲ ਹਕੀਕਤ ਦਾ ਪੱਤਾ ਲੱਗਾ, ਉਸ ਗੱਡੀਓਂ ਉਤਰਦੀ ਕੁੜੀ ਨੂੰ ਬਾਹਾਂ ਵਿਚ ਘੁੱਟ ਲਿਆ ਅਤੇ ਲੰਮਾ ਹਾਉਕਾ ਲੈ ਕੇ ਆਖਿਆ, ‘‘ਹਾਇ! ਐਨੀ ਸੋਹਲ ਤੇ ਸੁੰਦਰ ਕੁੜੀ ਨੇ ਔਖੀ ਹੋ ਕੇ ਆਪੇ ਨੂੰ ਸਾੜ ਲਿਆ?’’ ਬੇ ਜੀ ਦੀ ਹੈਰਾਨੀ ਗਈ ਨਹੀਂ ਸੀ।

‘‘ਉਹ ਸਹੁਰੇ ਕਿਹੋ ਜਿਹੇ ਜ਼ਾਲਮ ਹੋਣਗੇ, ਜਿਨ੍ਹਾਂ ਲਾਲਚਵਸ ਪਰੀਆਂ ਵਰਗੀ ਕੁੜੀ ਨੂੰ ਸੜਨ ਲਈ ਮਜ਼ਬੂਰ ਕਰ ਦਿੱਤਾ।’’ ਬੇਜੀ ਕੁੜੀ ਨੂੰ ਬੁਕਲ ਵਿਚ ਲਈ ਸਹੁਰਿਆਂ ਉੱਤੇ ਬੇਹੱਦ ਔਖੀ ਸੀ। ਮੈਂ ਬੈਠਕ ਦਾ ਬਾਰ ਖੋਲ੍ਹ ਦਿੱਤਾ। ਦਲਾਨ ਦੇ ਫ਼ਰਸ਼ ਤੋਂ ਬੈਠਕ ਇਕ ਫੁੱਟ ਉੱਚੀ ਸੀ। ਲੱਤ ਜੁੜੀ ਹੋਣ ਕਾਰਨ ਸਨੋਬਰ ਤੋਂ ਬੈਠਕ ਦੇ ਫ਼ਰਸ਼ ਉੱਤੇ ਪੈਰ ਰਖਿਆ ਨਹੀਂ ਜਾ ਰਿਹਾ ਸੀ। ਬਲਰਾਜ ਨੇ ਉਸ ਨੂੰ ਚੁੱਕ ਕੇ ਬੈਠਕ ਵਿਚ ਚੜ੍ਹਦੀ ਕੀਤਾ। ਪੱਖੇ ਹੇਠਾਂ ਕੁੜੀ ਨੂੰ ਥੋੜ੍ਹੀ ਸ਼ਾਂਤੀ ਆਈ ਤੇ ਬਲਰਾਜ ਨੂੰ ਆਖਣ ਲੱਗੀ, ‘‘ਕੰਵਲ ਚਾਚਾ ਜੀ ਦੇ ਬੇ ਜੀ ਕਿੰਨੇ ਚੰਗੇ ਐ। ਉਨ੍ਹਾਂ ਦੀ ਬੁਕਲ ਵਿਚ ਮੈਨੂੰ ਮੇਰੀ ਮਾਂ ਦੀ ਯਾਦ ਆ ਗਈ।’’ ਕੁੜੀ ਦੀ ਭੁੱਬ ਨਿਕਲ ਗਈ।

‘‘ਪਿੰਡਾਂ ਦੇ ਲੋਕ ਹਾਲੇ ਕੁਦਰਤੀ ਮੋਹ ਵਾਲਾ ਸੁਭਾਅ ਰਖਦੇ ਐ। ਪਰ ਬੰਬਈ ਤਾਂ ਲਾਲਚੀ ਚੋਰਾਂ ਦਾ ਸ਼ਹਿਰ ਐ। ਇਸੇ ਲਈ ਮੈਂ ਤੈਨੂੰ ਸ਼ਾਂਤੀ ਦੇਣ ਲਈ ਕੁਦਰਤ ਦੀ ਗੋਦ ਵਿਚ ਲੈ ਕੇ ਆਇਆ ਆ।’’ ਬਲਰਾਜ ਨੇ ਕੁੜੀ ਦੇ ਕੰਬਦੇ ਮੌਰਾਂ ਨੂੰ ਥਾਪੜਾ ਦਿੱਤਾ। ‘‘ਤੂੰ ਪਿਛਲੀਆਂ ਸਾਰੀਆਂ ਤਲਖੀਆਂ ਨੂੰ ਭੁੱਲ ਜਾਹ।’’ ਬਲਰਾਜ ਧੀ ਨੂੰ ਦਿਲਾਸਾ ਦੇ ਰਿਹਾ ਸੀ।

‘‘ਕੰਵਲ ਚਾਚੇ ਦੇ ਬੇ ਜੀ ਕਿੰਨੇ ਨਿੱਘੇ ਪਿਆਰ ਨਾਲ ਮਿਲੇ ਐ।’’ ਕੁੜੀ ਲਈ ਓਪਰੀ ਥਾਂ ਅਤੇ ਬੰਦੇ ਹੈਰਾਨੀ ਵਾਲੀ ਗੱਲ ਸੀ। ‘‘ਮਾਵਾਂ ਤਾਂ ਮੋਹ ਮਮਤਾ ਦੀ ਮੂਰਤ ਹੁੰਦੀਆਂ ਹਨ, ਪਰ ਸਾਡੀ ਇਹ ਨਵੀਂ ਮਾਂ...?’’ ਕੁੜੀ ਥਾਂਏ ਗੱਲ ਘੁੱਟ ਗਈ।

‘‘ਇਹ ਘਰ ਨੂੰ ਤੂੰ ਆਪਣੀ ਦਮੋ ਮਾਂ ਦਾ ਹੀ ਘਰ ਸਮਝ। ਸੰਗਣ ਸੰਕੋਚਣ ਦੀ ਲੋੜ ਨਹੀਂ। ਤੈਨੂੰ ਕੁਦਰਤ ਦੀ ਬੁੱਕਲ ਵਿਚ ਲਿਆ ਕੇ ਬਿਠਾਇਆ ਏ।’’ ਬਲਰਾਜ ਕੁੜੀ ਦੇ ਦਿਲ ਬੈਠੇ ਹਰ ਤਰ੍ਹਾਂ ਦੇ ਡਰ-ਭੈ ਸਾਰੇ ਮੁਕਾਉਣਾ ਚਾਹੁੰਦਾ ਸੀ। ਮੇਰੀਆਂ ਵੱਡੀਆਂ ਦੋਵੇਂ ਕੁੜੀਆਂ ਸਨੋਬਰ ਨੂੰ ਅਤਿ ਸਨੇਹ ਨਾਲ ਬਾਹਾਂ ਭਰ ਕੇ ਮਿਲੀਆਂ। ਉਹ ਉਸ ਦੇ ਦੋਹੀਂ ਪਾਸੀਂ ਬੈਠੀਆਂ ਉਸਨੂੰ ਪਿਆਰ ਦਿਲਾਸੇ ਨਾਲ ਘੁੱਟ ਰਹੀਆਂ ਸਨ। ਸਾਡਾ ਸਾਰਾ ਟੱਬਰ ਇਸ ਗੱਲੋਂ ਔਖਾ ਤੇ ਪ੍ਰੇਸ਼ਾਨ ਸੀ ਕਿ ਐਨੀ ਸੁੰਦਰ ਨੂਰੀ ਕੁੜੀ ਨੂੰ ਸਹੁਰਿਆਂ ਦੇ ਲਾਲਚ ਨੇ ਸਾੜ ਕੇ ਰੱਖ ਦਿੱਤਾ? ‘‘ਆਪਾਂ ਇਕੱਠੀਆਂ ਰੋਟੀ ਖਾਵਾਂਗੀਆਂ।’’ ਮੇਰੀ ਵੱਡੀ ਲੜਕੀ ਨੇ ਉਸ ਦੇ ਗਲ, ਉੱਤੋਂ ਦੀ ਹੱਥ ਵਧਾ ਕੇ ਘੁੱਟਿਆ।

ਸਨੋਬਰ ਦੋਹਾਂ ਕੁੜੀਆਂ ਦੇ ਹੱਥ ਫੜੀ ਮੁਸਕਰਾਈ ਜਾ ਰਹੀ ਸੀ। ਬਲਰਾਜ ਦੁਖੀ ਧੀ ਦਾ ਗ਼ਮ ਗਲਤ ਹੁੰਦਾ ਦੇਖ ਕੇ ਬੜਾ ਪ੍ਰਸੰਨ ਹੋਇਆ। ਸਨੋਬਰ ਕੁੜੀਆਂ ਦੇ ਪਿਆਰ ਵਰਤਾਅ ਵਿੱਚ ਟਹਿਕ ਪਈ।

‘‘ਪਾਪਾ ਤੇਰਾ ਦੋਸਤ ਕੰਵਲ ਚਾਚਾ ਜੀ ਤੇ ਉਸਦੇ ਘਰ ਦੇ ਲੋਕ ਕਿੰਨੇ ਚੰਗੇ ਹਨ।’’ ਕੁੜੀ ਆਪਣਾ ਸੱਜਾ ਹੱਥ ਸੁਭਾਵਿਕ ਹੀ ਖੋਲ੍ਹ ਗਈ।

‘‘ਬਈ ਇਨ੍ਹਾਂ ਨੂੰ ਹਾਲੇ ਬੰਬਈ ਵਰਗੇ ਸ਼ਹਿਰ ਦੀ ਤੱਤੀ ’ਵਾ ਨਹੀਂ ਲੱਗੀ।’’ ਬਲਰਾਜ ਕੁੜੀ ਨੂੰ ਹੌਂਸਲਾ ਦੇਂਦਾ ਹੱਸ ਪਿਆ।

‘‘ਬੰਬਈ ਇਨ੍ਹਾਂ ਦੇ ਪਿੰਡ ਵਰਗੀ ਕਿਉਂ ਨਹੀਂ ਹੋ ਸਕਦੀ?’’ ਕਦੇ-ਕਦੇ ਕੁੜੀ ਦੀ ਚੇਤਨਾ ਜਾਗ ਪੈਂਦੀ ਸੀ। ਉਸਦਾ ਗਮ ਕਿੰਨਾ ਭਾਰਾ ਸੀ।

ਉਹ ਦੋਵੇਂ ਇਕ ਹਫ਼ਤਾ ਪਿੰਡ ਰਹੇ। ਸਨੋਬਰ ਮੇਰੀਆਂ ਕੁੜੀਆਂ ਨਾਲ ਤੀਆਂ ਵਰਗੇ ਦਿਨ ਮਹਿਸੂਸ ਕਰਦੀ ਰਹੀ ਸੀ। ਫਿਰ ਬਲਰਾਜ ਉਸਨੂੰ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਲੈ ਗਿਆ। ਉਹ ਉਸ ਅੰਦਰ ਜਾਮ ਹੋਏ ਦੁਖ-ਦਰਦ ਖੋਰ ਦੇਣਾ ਚਾਹੁੰਦਾ ਸੀ। ਸਨੋਬਰ ਪੰਜਾਬ ਵਿਚ ਕੁਝ ਦਿਨ ਹੋਰ ਗੁਜ਼ਾਰ ਕੇ ਬੰਬਈ ਚਲੀ ਗਈ। ਸਨੋਬਰ ਦੀ ਮਾਨਸਿਕਤਾ ਉਥੇ ਜਾ ਕੇ ਮੁੜ ਖ਼ਰਾਬ ਹੋ ਗਈ। ਉਹ ਵਾਰ-ਵਾਰ ਆਖਦੀ ਸੀ, ਮਾਂ ਮੈਨੂੰ ਆਵਾਜ਼ਾਂ ਮਾਰ ਰਹੀ ਐ।

‘‘ਤੂੰ ਆ ਜਾਹ, ਤੈਨੂੰ ਏਥੇ ਖਾ ਜਾਣਗੇ।’’

ਥੋੜ੍ਹੇ ਦਿਨਾਂ ਪਿੱਛੋਂ ਹੀ ਦਰਦਾਂ ਦੀ ਸੀਮਾ ਨਾ ਸਹਾਰਦੀ, ਉਹ ਬੰਬਈ ਤੋਂ ਹਮੇਸ਼ਾ ਲਈ ਕੂਚ ਕਰ ਗਈ। ਬਲਰਾਜ ਦਾ ਅਥਾਹ ਦਰਦ ਭਰਿਆ ਖ਼ਤ ਪੜ੍ਹਿਆ ਨਹੀਂ ਜਾ ਰਿਹਾ ਸੀ। ਮੈਨੂੰ ਉਹਦੇ ਕੋਮਲ ਅਹਿਸਾਸ ਦਾ ਹਾਥ ਸੀ। ਝਟ ਹੌਂਸਲਾ ਦੇਣ ਲਈ ਬੰਬਈ ਪਹੁੰਚਿਆ। ਬਲਰਾਜ ਅੰਦਰੋਂ ਬਾਹਰੋਂ ਖਿਲਰਿਆ ਪਿਆ ਸੀ। ਨਾ ਉਸਦੇ ਦਰਦ ਨੂੰ ਕਿਸੇ ਸਮਝਿਆ, ਨਾ ਹੀ ਸੁਣਿਆ। ਓਪਰੀ ਹਾਲਤ ਵਿਚ ਹੀ ਸ਼ੁਰੂ ਹੋਈਆਂ ਫ਼ਿਲਮਾਂ ਦਾ ਨਿਪਟਾਰਾ ਕਰਦਾ ਰਿਹਾ। ਉਹਦੀ ਡਿਗਦੀ ਹਾਲਤ ਦੇਖ ਕੇ ਮੈਂ ਸਲਾਹ ਦਿੱਤੀ, ਮਾਹੌਲ ਬਦਲ, ਬੰਬਈ ਛੱਡ ਕੇ ਪੰਜਾਬ ਆ ਜਾਹ। ਬੰਬਈ ਨੇ ਤੇਰੇ ਗ਼ਮ ਦਾ ਖਹਿੜਾ ਨਹੀਂ ਛੱਡਣਾ। ਉਸ ਦਾ ਖ਼ਤ ਮਿਲਿਆ ਬਸ ਮੈਨੂੰ ਆਇਆ ਹੀ ਸਮਝ। ਉਸ ਦਾ ਮਨ ਸੀ, ਪੰਜਾਬ ਵਿਚ ਡਰਾਮੇ ਨੂੰ ਘੁੰਮਾਵਾਂਗੇ। ਫਿਰ ਥੋੜ੍ਹੇ ਦਿਨਾਂ ਪਿੱਛੋਂ ਹੀ ਮਨਹੂਸ ਖਬਰ ਰੇਡੀਓ ਤੋਂ ਆ ਗਈ, ‘‘ਫ਼ਿਲਮ ਜਗਤ ਦਾ ਪ੍ਰਸਿੱਧ ਕਲਾਕਾਰ ਬਲਰਾਜ ਸਾਹਨੀ ਦਿਲ ਦੇ ਦੌਰੇ ਕਾਰਨ ਸਾਨੂੰ ਸਾਰਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ।’’

ਉਸ ਦੀ ਮੌਤ ਤੋਂ ਚਾਰ ਦਿਨ ਪਿੱਛੋਂ ਬੰਬਈ ਪਹੁੰਚਿਆ। ‘ਇਕ ਰਾਮ’ ਘਰ ਸੁੰਨਾ ਪਿਆ ਸੀ। ਬਸ ਨੌਕਰ ਮੈਨੂੰ ਹੈਰਾਨੀ ਨਾਲ ਵੇਖ ਰਿਹਾ ਸੀ। ਬਲਰਾਜ ਦੇ ਲੜਕੇ ਪ੍ਰੀਕਸ਼ਤ ਨੂੰ ਭਾਲਿਆ, ਨਾ ਮਿਲਿਆ। ਉਹ ਕਈ ਸਾਲ ਪਹਿਲਾਂ ਘਰ ਛੱਡ ਕੇ ਚਲਾ ਗਿਆ ਸੀ। ਭਾਲਿਆ ਤਾਂ ਬੜੀ ਔਖ ਨਾਲ ਰੋਣ ਲੱਗ ਪਿਆ। ਪਰ ਦਰਦ ਗ਼ਮਾਂ ਦੀ ਬੱਝੀ ਪੰਡ ਨਾ ਖੋਲ੍ਹ ਸਕਿਆ। ਬਲਰਾਜ ਨਾਲ ਹੀਰੋਇਨ ਦਾ ਰੋਲ ਕਰਨ ਵਾਲੀ ਅਚਲਾ ਮਿਲੀ, ਮੈਂ ਗਿਲਾ ਕੀਤਾ।


‘‘ਤੁਸੀਂ ਬੰਬਈ ਵਾਲਿਓ, ਇਕ ਹੀਰਾ ਖੋ ਦਿੱਤਾ। ਸਮੇਂ ਸਿਰ ਤੁਸੀਂ ਲੋਕ ਉਸਦਾ ਦਰਦ ਗ਼ਮ ਵੀ ਨਾ ਵੰਡਾ ਸਕੇ?’’

‘‘ਕਿੱਥੇ ਕੰਵਲ! ਉਸਨੇ ਦਿਲ ਦੇ ਗ਼ਮ ਦੀ ਗੰਢ ਹੋਰ ਪੀਚ ਲਈ। ਉਹ ਕੁਝ ਵੀ ਦੱਸਦਾ, ਅਸੀਂ ਕੁਰਬਾਨ ਜਾਣ ਵਾਲੇ ਹਾਜ਼ਰ ਸਾਂ।’’ ਉਹ ਰੋਣ ਹਾਕੀ ਹੋਈ ਪਈ ਸੀ। ਮੈਂ ਉਸਦਾ ਹੱਥ ਥਾਪੜਿਆ। ‘‘ਬਸ ਏਵੇਂ ਹੋਣੀ ਸੀ, ਕੀ ਦੋਸ਼ ਨਣਦ ਨੂੰ ਦੇਣਾ।’’

ਬਲਰਾਜ ਦੀ ਮਾਸੀ ਦੀ ਧੀ ਦੇ ਘਰ ਪ੍ਰੀਕਸ਼ਤ ਨੂੰ ਆ ਭਾਲਿਆ। ਭੁੱਬਾਂ ਮਾਰ ਕੇ ਰੋ ਪਿਆ। ਕੋਈ ਗੱਲ ਨਾ ਹੋ ਸਕੀ। ਸੰਤੋਸ਼ ਸਾਹਨੀ ਘਰ ਨਹੀਂ ਮਿਲੀ। ਉਹ ਬਲਰਾਜ ਦੀ ਜਾਇਦਾਦ ਉੱਤੇ ਕਬਜ਼ਾ ਕਰਨ ਲਈ ਸਫਰ ‘ਤੇ ਚੜੀ ਹੋਈ ਸੀ। ਮੈਂ ਗ਼ਮ ਨਾਲ ਭਰਿਆ ਵਾਪਸ ਆ ਗਿਆ। ਉਹਦੀ ਯਾਦ ਨੂੰ ਜਿਉਂਦੀ ਰੱਖਣ ਲਈ ਉਹਦੇ ਨਾਂ ਦਾ ਇਕ ਇਨਾਮ ਪੰਦਰਾਂ ਹਜ਼ਾਰ ਦਾ ਪੰਜਾਬੀ ਸਾਹਿਤ ਟਰੱਸਟ ਢੁਡੀਕੇ ਵੱਲੋਂ ਜਾਰੀ ਕਰ ਦਿੱਤਾ। ਉਹ ਸਾਰੇ ਪੰਜਾਬ ਦਾ ਨਿੱਗਰ ਯਾਰ ਸੀ। ਪਰ ਘਰ ਵਾਲਿਆਂ ਦਾ ਕੁਝ ਵੀ ਨਹੀਂ ਲੱਗਦਾ ਸੀ।

# ਘਰਵਾਲੀ ਦੀ ਫ਼ਿਲਮ 'ਧੋਬੀਘਾਟ' 'ਚ ਪੇਂਟਰ ਨਜ਼ਰ ਆਉਣਗੇ ਆਮਿਰ

'ਥ੍ਰੀ ਇਡੀਅਟ' ਦੀ ਸਫਲਤਾ ਤੋਂ ਪਿਛੋਂ ਆਮਿਰ ਖਾਨ ਹੁਣ ਆਪਣੀ ਘਰਵਾਲੀ ਕਿਰਨ ਰਾਉ ਦੀ ਫਿਲਮ 'ਧੋਬੀਘਾਟ' 'ਚ ਪੇਂਟਰ ਦੀ ਭੂਮਿਕਾ 'ਚ ਨਜ਼ਰ ਆਉਣਗੇ। ਇਹ ਫਿਲਮ ਆਮਿਰ ਖ਼ਾਨ ਦੀ ਹੋਮ ਪ੍ਰੋਡਕਸ਼ਨ ਹੈ ਅਤੇ ਇਸ ਦਾ ਨਿਰਦੇਸ਼ਨ ਉਸ ਦੀ ਘਰਵਾਲੀ ਕਰ ਰਹੀ ਹੈ।



ਦੱਸਣਯੋਗ ਹੈ ਕਿ ਆਮਿਰ ਖ਼ਾਨ ਪਹਿਲਾ 2007 'ਚ ਆਰਟ ਅਧਿਆਪਕ ਦੀ ਭੂਮਿਕਾ ਕਰ ਚੁਕੇ ਹਨ। ਫਿਲਮ ਦੀ ਤਿਆਰੀ ਅਤੇ ਰਿਲੀਜ਼ ਸੰਬੰਧੀ ਹਾਲੇ ਤਕ ਕੋਈ ਜਾਣਕਾਰੀ ਬਾਹਰ ਨਹੀਂ ਕੱਢੀ ਜਾ ਰਹੀ ਪਰ ਕੁਝ ਕਲਾਕਾਰਾਂ ਦੇ ਹਵਾਲੇ ਤੋਂ ਪਤਾ ਲੱਗਾ ਹੈ ਕਿ ਆਮਿਰ ਸਮਾਜ 'ਚ ਪੇਂਟਰਾਂ ਦੇ ਰੋਲ ਨੂੰ ਪਰਦੇ 'ਤੇ ਦਿਖਾ ਕੇ ਉਨ੍ਹਾਂ ਦੀ ਮਹੱਤਤਾ ਨੂੰ ਦਿਖਾਉਣਾ ਚਾਹੁੰਦੇ ਹਨ।

**ਬੜੀ ਅਨੋਖੀ ਹੈ ਫ਼ਿਲਮ 'ਦ ਫਾਲਿੰਗ':** ਆਮਿਰ ਖ਼ਾਨ ਦੀ ਫ਼ਿਲਮ ਕੰਪਨੀ ਦੁਆਰਾ ਬਣਾਈ ਜਾ ਰਹੀ ਫ਼ਿਲਮ 'ਦ ਫਾਲਿੰਗ' ਦਾ ਵਿਸ਼ਾ ਕਾਫ਼ੀ ਅਨੋਖਾ ਅਤੇ ਦਿਲਚਸਪ ਹੈ। ਇਹ ਫ਼ਿਲਮ ਆਤਮ-ਹੱਤਿਆ ਕਰਨ ਲਈ ਮਜਬੂਰ ਇਕ ਕਿਸਾਨ, ਇਕ ਜੋਸ਼ੀਲੇ ਪੱਤਰਕਾਰ ਅਤੇ ਸ਼ੋਹਰਤ ਦੇ ਭੁੱਖੇ ਰਾਜਨੇਤਾਵਾਂ ਦੀ ਕਸ਼ਮਕਸ਼ 'ਤੇ ਆਧਾਰਤ ਹੈ। ਅਭਿਨੇਤਾ ਰਘੁਵੀਰ ਯਾਦਵ ਇਸ ਫ਼ਿਲਮ ਵਿਚ ਇਕ ਅਜਿਹਾ ਕਿਸਾਨ ਬਣਿਆ ਹੈ ਜੋ ਆਪਣੀ ਆਤਮਹੱਤਿਆ ਦੇ ਦਿਨ ਦਾ ਅਗਾਊਂ ਐਲਾਨ ਕਰ ਦਿੰਦਾ ਹੈ। ਉਸਦੇ ਐਲਾਨ ਦਾ ਸੱਚ ਜਾਣਨ ਲਈ ਪੱਤਰਕਾਰ ਦੇ ਰੂਪ ਵਿਚ ਨਵਾਜ਼ (ਜੋ ਕਿ 'ਦੇਵ ਡੀ' ਅਤੇ 'ਨਿਊ ਯਾਰਕ' ਫ਼ਿਲਮਾਂ ਵਿਚ ਕੰਮ ਕਰ ਚੁੱਕਾ ਹੈ) ਉਸ ਕੋਲ ਪੁੱਜ ਜਾਂਦਾ ਹੈ। ਗੱਲ ਮੀਡੀਆ ਵਿਚ ਉਡ ਜਾਂਦੀ ਹੈ ਅਤੇ ਕਈ ਤਰ੍ਹਾਂ ਦੀ ਕਸ਼ਮਕਸ਼ ਤੋਂ ਬਾਅਦ ਕਿਸਾਨ ਆਤਮਹੱਤਿਆ ਕਰਨ ਵਿਚ ਨਾਕਾਮ ਰਹਿੰਦਾ ਹੈ, ਪਰ ਅਨੋਖੀ ਗੱਲ ਇਹ ਵਾਪਰਦੀ ਹੈ ਕਿ ਪੱਤਰਕਾਰ ਨਵਾਜ਼ ਖ਼ੁਦ ਆਤਮਹੱਤਿਆ ਕਰ ਲੈਂਦਾ ਹੈ। ਮੀਡੀਆ ਦੇ ਨੈਤਿਕਤੀਣਤਾ ਵਾਲੇ ਰਵੱਈਏ ਅਤੇ ਰਾਜਨੇਤਾਵਾਂ ਦੇ ਦੋਗਲੇਪਨ ਨੂੰ ਉਹ ਸਹਿਣ ਨਹੀਂ ਕਰ ਪਾਉਂਦਾ ਤੇ ਜਾਨ ਗੁਆ ਬੈਠਦਾ ਹੈ।

## ਫੁੱਲਾਂ ਨੂੰ ਬੇਹੱਦ ਪਿਆਰ ਕਰਦੀ ਹੈ ਪ੍ਰਿਯੰਕਾ

ਉਂਜ ਤਾਂ ਫੁੱਲ ਹਰ ਕਿਸੇ ਨੂੰ ਪਸੰਦ ਹੁੰਦੇ ਹਨ ਪਰ ਕੁੜੀਆਂ ਤਾਂ ਇਨ੍ਹਾਂ ਨੂੰ ਆਮ ਤੌਰ 'ਤੇ ਪਸੰਦ ਕਰਦੀਆਂ ਹਨ। ਪ੍ਰਿਯੰਕਾ ਚੋਪੜਾ ਨੂੰ ਵੀ ਫੁੱਲਾਂ ਨਾਲ ਬਹੁਤ ਲਗਾਅ ਹੈ ਪਰ ਇਕ ਫਰਕ ਹੈ ਕਿ ਉਹ ਬਾਕੀ ਔਰਤਾਂ ਵਾਂਗ ਉਹ ਕਿਸੇ ਹੋਰ ਵਲੋਂ ਫੁੱਲ ਗਿਫਟ ਕੀਤੇ ਜਾਣ ਦੀ ਉਡੀਕ ਨਹੀਂ ਕਰਦੀ। ਉਸਨੂੰ ਫੁੱਲ ਇੰਨੇ ਪਸੰਦ ਹਨ ਕਿ ਉਹ ਲਗਭਗ ਖੁਦ ਹੀ ਰੋਜ਼ਾਨਾ ਫੁੱਲ ਖਰੀਦਦੀ ਹੈ। ਉਸਦਾ ਮਨਪਸੰਦ ਫਲੋਰਿਸਟ ਹਰ ਦਿਨ ਨਿਤਨੇਮ ਨਾਲ ਉਸ ਦੇ ਘਰ ਫੁੱਲ ਪਹੁੰਚਾਉਂਦਾ ਹੈ। ਜਦੋਂ ਵੀ ਪ੍ਰਿਯੰਕਾ ਸ਼ਹਿਰ 'ਚ ਹੁੰਦੀ ਹੈ ਤਾਂ ਉਹ ਖੁਦ ਸਾਰੇ ਫੁੱਲਾਂ ਨੂੰ ਪੂਰੇ ਘਰ 'ਚ ਸਲੀਕੇ ਨਾਲ ਸਜਾਉਣ ਦਾ ਕੰਮ ਕਰਦੀ ਹੈ। ਹੁਣ ਤਾਂ ਜਿਵੇਂ ਇਹ ਆਦਤ ਉਸਦੀ ਰੁਟੀਨ 'ਚ ਸ਼ਾਮਲ ਹੋ ਗਈ ਹੈ। ਹੋਰ ਤਾਂ ਹੋਰ ਜਦੋਂ ਉਹ ਘਰ ਨਹੀਂ ਹੁੰਦੀ ਤਾਂ ਉਸਨੇ ਆਪਣੇ ਸਟਾਫ ਨੂੰ ਹਦਾਇਤ ਦਿੱਤੀ ਹੋਈ ਹੈ ਕਿ ਇਹ ਜ਼ਰੂਰੀ ਕੰਮ ਜਾਰੀ ਰੱਖਿਆ ਜਾਵੇ। ਇੰਨਾ ਹੀ ਨਹੀਂ, ਪ੍ਰਿਯੰਕਾ ਨੂੰ ਤਾਂ ਕਾਰ 'ਚ ਵੀ ਆਪਣੇ ਨਾਲ ਫੁੱਲ ਰੱਖਣਾ ਪਸੰਦ ਹੈ।

# ਅਦਾਕਾਰੀ 'ਚ 'ਪ੍ਰਾਣ' ਪਾ ਦਿੰਦੇ ਸਨ ਪ੍ਰਾਣ

ਖਲਨਾਇਕਾਂ ਦੀ ਸ਼੍ਰੇਣੀ 'ਚ ਪ੍ਰਾਣ ਇਕ ਸਥਾਪਤ ਨਾਂ ਹੈ। ਉਨ੍ਹਾਂ ਨੂੰ ਖਲਨਾਇਕੀ ਦਾ ਸ਼ਿਲਪਕਾਰ ਕਹੀਏ ਤਾਂ ਗਲਤ ਨਹੀਂ ਹੋਵੇਗਾ। 12 ਫਰਵਰੀ 1930 ਨੂੰ ਦਿੱਲੀ 'ਚ ਪੈਦਾ ਹੋਏ ਅਤੇ ਨਾਂ ਮਿਲਿਆ ਪ੍ਰਾਣ ਕ੍ਰਿਸ਼ਨ ਸਿਕੰਦ। ਮੈਟ੍ਰਿਕ ਤੱਕ ਸਿੱਖਿਆ ਪ੍ਰਾਪਤ ਕਰਨ ਪਿਛੋਂ ਉਨ੍ਹਾਂ ਨੇ ਆਪਣਾ ਕੈਰੀਅਰ ਸਟਿਲ ਫੋਟੋਗ੍ਰਾਫਰ ਦੇ ਰੂਪ 'ਚ ਸ਼ੁਰੂ ਕੀਤਾ।

ਲਾਹੌਰ 'ਚ ਇਕ ਦਿਨ ਉਨ੍ਹਾਂ ਦੀ ਮੁਲਾਕਾਤ ਲੇਖਕ-ਨਿਰਦੇਸ਼ਕ ਮੁਹੰਮਦ ਵਲੀ ਸਾਹਿਬ ਨਾਲ ਇਕ ਪਾਨ ਦੀ ਦੁਕਾਨ 'ਤੇ ਹੋਈ। ਇਸ ਮੁਲਾਕਾਤ ਨੇ ਉਨ੍ਹਾਂ ਦੀ ਜ਼ਿੰਦਗੀ ਬਦਲ ਦਿੱਤੀ। ਉਨ੍ਹਾਂ ਦੇ ਕਹਿਣ 'ਤੇ ਨਿਰਦੇਸ਼ਕ ਦੇਸਸੁਖ ਪੰਚੋਲੀ ਨੇ ਪ੍ਰਾਣ ਨੂੰ ਆਪਣੀ ਪੰਜਾਬੀ ਫਿਲਮ 'ਯਮਲਾ ਜੱਟ' (1940) 'ਚ ਹੀਰੋ ਦਾ ਰੋਲ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਦੀ ਦੂਜੀ ਫ਼ਿਲਮ 'ਚੌਧਰੀ' (1941) 'ਚ ਵੀ ਉਹ ਹੀਰੋ ਬਣੇ। ਦੋਵੇਂ ਹੀ ਫ਼ਿਲਮਾਂ ਹਿੱਟ ਰਹੀਆਂ ਅਤੇ ਪੰਚੋਲੀ ਨੇ ਆਪਣੇ ਹਿੰਦੀ ਫ਼ਿਲਮ 'ਖਾਨਦਾਨ' (1942) 'ਚ ਉਨ੍ਹਾਂ ਨੂੰ ਬਤੌਰ ਨਾਇਕ ਲਿਆ। ਨਾਇਕਾ ਸੀ ਨੂਰਜਹਾਂ। ਫ਼ਿਲਮ ਜ਼ਬਰਦਸਤ ਹਿੱਟ ਹੋਈ।

'ਖਾਮੋਸ਼ ਨਿਗਾਹੇਂ', 'ਸਹਾਰਾ', 'ਬਦਨਾਮੀ' ਵਰਗੀਆਂ ਕੁਝ ਹੋਰ ਫ਼ਿਲਮਾਂ 'ਚ ਕੰਮ ਕਰਨ ਪਿਛੋਂ ਦੇਸ਼ ਦੀ ਵੰਡ ਕਾਰਨ ਉਹ ਲਾਹੌਰ ਛੱਡ ਕੇ ਮੁੰਬਈ ਆ ਗਏ। ਮੁੰਬਈ 'ਚ ਸਖ਼ਤ ਸੰਘਰਸ਼ ਤੋਂ ਬਾਅਦ 'ਜ਼ਿੱਦੀ' 'ਚ ਵੀ ਉਨ੍ਹਾਂ ਨੂੰ ਖਲਨਾਇਕੀ ਦਾ ਮੌਕਾ ਮਿਲਿਆ। ਇਸ ਫ਼ਿਲਮ 'ਚ ਉਨ੍ਹਾਂ ਨੇ ਲਾਜਵਾਬ ਅਦਾਕਾਰੀ ਨਾਲ ਫ਼ਿਲਮ ਨਗਰੀ 'ਚ ਆਪਣੀ ਧਮਾਕੇਦਾਰ ਮੌਜੂਦਗੀ ਦਰਜ ਕਰਵਾਈ। ਇਸ ਪਿਛੋਂ ਉਨ੍ਹਾਂ ਨੇ ਕਦੇ ਪਿਛਾਂਹ ਮੁੜ ਕੇ ਨਹੀਂ ਦੇਖਿਆ।

ਸੁਨਹਿਰੀ ਪਰਦੇ 'ਤੇ ਕੋਈ ਛੇ ਦਹਾਕਿਆਂ ਦਾ ਸਫਰ ਪੂਰਾ ਕਰਨ ਵਾਲੇ ਪ੍ਰਾਣ ਨੇ ਲਗਭਗ 350 ਫ਼ਿਲਮਾਂ 'ਚ ਅਦਾਕਾਰੀ ਕੀਤੀ ਹੈ। ਇਸ ਦੌਰਾਨ ਉਨ੍ਹਾਂ ਨੇ ਖਲਨਾਇਕ ਤੋਂ ਇਲਾਵਾ ਹਰ ਮਿਜ਼ਾਜ ਅਤੇ ਹਰ ਰੰਗ ਦੇ ਕਿਰਦਾਰ ਬਾਖੂਬੀ ਨਿਭਾਏ। ਇਹ ਉਨ੍ਹਾਂ ਦੀ ਸਰਵੋਤਮ ਅਦਾਕਾਰੀ ਦਾ ਹੀ ਕਮਾਲ ਹੈ ਕਿ ਆਪਣੀ ਕਾਇਮ ਇਮੇਜ



ਨੂੰ ਛੱਡ ਕੇ ਉਨ੍ਹਾਂ ਨੇ ਕਾਮੇਡੀ ਅਤੇ ਚਰਿੱਤਰ ਅਦਾਕਾਰੀ ਲਈ ਨਵੀਂ ਜ਼ਮੀਨ ਤਿਆਰ ਕੀਤੀ ਅਤੇ ਨਵੀਆਂ ਉਚਾਈਆਂ ਨੂੰ ਛੂਹਿਆ। ਉਨ੍ਹਾਂ ਦੀ ਇਸ ਸਫਲਤਾ ਦਾ ਸਿਹਰਾ ਕਿਰਦਾਰ ਦੀ ਕਾਇਆ 'ਚ ਦਾਖਲ ਹੋ ਜਾਣ ਦੀ ਉਨ੍ਹਾਂ ਦੀ ਅਨੋਖੀ ਸਮਰੱਥਾ ਸਿਰ ਬੱਝਦਾ ਹੈ। ਅਕਸਰ ਇਹ ਦੇਖਿਆ ਗਿਆ ਹੈ ਕਿ ਜਿਸ ਸੀਨ 'ਚ ਉਹ ਹੁੰਦੇ ਹਨ, ਉਹ ਸੀਨ ਬਸ ਉਨ੍ਹਾਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਭਾਵੇਂ ਸਾਹਮਣੇ ਵਾਲਾ ਕਿੰਨਾ ਵੀ ਵੱਡਾ ਕਲਾਕਾਰ ਕਿਉਂ ਨਾ ਹੋਵੇ। ਸ਼ਾਇਦ ਇਹੀ ਕਾਰਨ ਹੈ ਕਿ ਇਕ ਕਲਾਕਾਰ ਨਾਲੋਂ ਜ਼ਿਆਦਾ ਇਕ ਕਿਰਦਾਰ ਦੇ ਰੂਪ 'ਚ ਪ੍ਰਾਣ ਸਾਨੂੰ ਯਾਦ ਰਹਿ ਜਾਂਦੇ ਹਨ। 1950 ਤੋਂ 1980 ਤੱਕ ਦਾ ਸਮਾਂ ਉਨ੍ਹਾਂ ਦੀ ਸਫਲਤਾ ਦਾ ਦੌਰ ਸੀ। ਫ਼ਿਲਮ 'ਆਹ' 'ਚ ਪ੍ਰਾਣ ਨੇ ਇਕ ਸ਼ਰੀਫ ਇਨਸਾਨ ਦੇ ਕਿਰਦਾਰ ਨੂੰ ਬੜੇ ਚੰਗੇ ਤਰੀਕੇ ਨਾਲ ਨਿਭਾਇਆ। 'ਹਲਾਕੂ' 'ਚ 'ਹਲਾਕੂ' ਦੇ ਟਾਈਟਲ ਕਿਰਦਾਰ 'ਚ ਉਹ ਇੰਨੇ ਬੇਰਹਿਮ ਅਤੇ ਅਣਮਨੁੱਖੀ ਹਨ ਕਿ ਦਰਸ਼ਕ ਉਨ੍ਹਾਂ ਨੂੰ ਚੰਗੇਜ਼ ਖ਼ਾਨ ਦੇ ਬਰਾਬਰ ਖੜ੍ਹਾ ਦੇਖਦੇ ਹਨ। ਇਸੇ ਤਰ੍ਹਾਂ ਰਾਜ ਕਪੂਰ ਦੀ 'ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ' 'ਚ ਉਹ ਇਕ ਖ਼ਤਰਨਾਕ ਡਾਕੂ ਰਾਕਾ ਦੇ ਰੂਪ 'ਚ ਦਰਸ਼ਕਾਂ ਦੇ ਅੰਦਰ ਇੰਨੀ ਦਹਿਸ਼ਤ ਪੈਦਾ ਕਰ ਦਿੰਦੇ ਹਨ ਕਿ ਮਾਤਾ-ਪਿਤਾ ਆਪਣੇ ਬੱਚਿਆਂ ਦੇ ਨਾਲ ਇਹ ਫ਼ਿਲਮ ਦੇਖਣ ਤੋਂ ਘਬਰਾਉਂਦੇ ਸਨ। ਉਨ੍ਹਾਂ ਦੀ ਖਲਨਾਇਕੀ ਖੌਫ਼ ਦਾ ਅਜਿਹਾ ਮਾਹੌਲ ਬੁਣਦੀ ਸੀ ਕਿ ਇਕ ਵਾਰ ਉੱਤਰ ਪ੍ਰਦੇਸ਼ ਦੇ ਕੁਝ ਕਾਲਜੀਏਟ ਵਿਦਿਆਰਥੀ, ਜਿਨ੍ਹਾਂ ਨੇ 'ਪ੍ਰਾਣ ਫੈਨ ਕਲੱਬ' ਬਣਾਇਆ ਹੋਇਆ ਸੀ, ਉਨ੍ਹਾਂ ਨੂੰ ਮਿਲਣ ਮੁੰਬਈ ਆਏ। ਸਾਰੇ ਉਨ੍ਹਾਂ ਦੇ ਜ਼ਬਰਦਸਤ ਪ੍ਰਸ਼ੰਸਕ ਸਨ। ਰੂਬਰੂ ਆਪਣੇ 'ਬੈਡਮੈਨ' ਨਾਲ ਮਿਲ ਕੇ ਉਹ ਬੇਹੱਦ ਖ਼ੁਸ਼ ਹੋਏ, ਉਦੋਂ ਹੀ ਪ੍ਰਾਣ ਉਨ੍ਹਾਂ ਤੋਂ ਪੁੱਛ ਬੈਠੇ, "ਕੀ ਤੁਹਾਡੇ 'ਚੋਂ ਕਿਸੇ ਦਾ ਨਾਂ ਪ੍ਰਾਣ ਹੈ?" ਉਨ੍ਹਾਂ ਦਾ ਸਿੱਧਾ ਜਵਾਬ ਸੀ 'ਨਹੀਂ।' ਇਹ ਜਾਣ ਕੇ ਪ੍ਰਾਣ ਨੂੰ ਹੈਰਾਨੀ ਦੇ ਨਾਲ ਖ਼ੁਸ਼ੀ ਵੀ ਹੋਈ। 'ਕਸ਼ਮੀਰ ਕੀ ਕਲੀ' ਅਤੇ 'ਵਿਕਟੋਰੀਆ ਨੰਬਰ 203' 'ਚ ਉਨ੍ਹਾਂ ਨੇ ਕਾਮੇਡੀ ਦੇ ਬਿਹਤਰੀਨ ਪੱਖ ਦਿੱਤੇ। 'ਜ਼ੰਜੀਰ' 'ਚ ਪਠਾਨ ਦੀ ਗੈਟਅੱਪ 'ਚ ਗਲੇ 'ਚ ਰੇਸ਼ਮੀ ਰੁਮਾਲ ਬੰਨ੍ਹੀਂ ਇਕ ਸੱਚੇ ਵਫਾਦਾਰ ਦੋਸਤ ਸ਼ੇਰ ਖ਼ਾਨ ਦੇ ਕਿਰਦਾਰ 'ਚ ਉਨ੍ਹਾਂ ਦੀ ਅਦਾਕਾਰੀ ਕਾਬਲੇ ਤਾਰੀਫ ਹੈ। 'ਸੰਨਿਆਸੀ' ਫ਼ਿਲਮ 'ਚ ਸੰਸਾਰਕ ਮੋਹ ਮਾਇਆ ਦੇ ਜਾਲ ਤੋਂ ਮੁਕਤ ਮਹਾਤਮਾ ਦੇ ਕਿਰਦਾਰ 'ਚ ਵੀ ਉਹ ਲਾਜਵਾਬ ਹਨ ਪਰ ਇਨ੍ਹਾਂ ਵਿਚ ਸਭ ਤੋਂ ਵਧੀਆ ਹੈ 'ਉਪਕਾਰ' 'ਚ ਉਨ੍ਹਾਂ ਵਲੋਂ ਨਿਭਾਇਆ ਮਲੰਗ ਬਾਬੇ ਦਾ ਕਿਰਦਾਰ। ਇਸ ਫ਼ਿਲਮ 'ਚ ਉਨ੍ਹਾਂ ਨੇ ਕਮਾਲ ਦੀ ਅਦਾਕਾਰੀ ਕੀਤੀ ਹੈ। ਮਲੰਗ ਬਾਬਾ ਅਪਾਹਜ ਹੋਣ ਦੇ ਬਾਵਜੂਦ ਸਮਾਜ ਦੀਆਂ ਬੁਰਾਈਆਂ ਦਾ ਜ਼ੋਰਦਾਰ ਵਿਰੋਧ ਕਰਦਾ ਹੈ। ਇਸ ਮਿਸ਼ਨ ਨੂੰ ਪੂਰਾ ਕਰਨ ਦੀ ਜਦੋਜਹਿਦ 'ਚ ਉਸ ਨੂੰ ਆਪਣੇ ਪ੍ਰਾਣ ਤੱਕ ਗੁਆਉਣੇ ਪੈਂਦੇ ਹਨ। ਇਹ ਇਕ ਦਿਲਚਸਪ ਸੁਆਲ ਹੈ ਕਿ ਜੇਕਰ ਮਲੰਗ ਬਾਬਾ ਦੇ ਕਿਰਦਾਰ ਨੂੰ ਇਸ ਫ਼ਿਲਮ 'ਚੋਂ ਕੱਢ ਦਿੱਤਾ ਜਾਵੇ ਤਾਂ ਫ਼ਿਲਮ ਦਾ ਨਜ਼ਾਰਾ ਕੀ ਹੋਵੇਗਾ। ਖਲਨਾਇਕੀ ਨੂੰ ਖੂਬ ਰੌਸ਼ਨ ਅਤੇ ਖੁਸ਼ਹਾਲ ਕਰਨ ਵਾਲੇ ਪ੍ਰਾਣ ਨੂੰ ਪਦਮ ਭੂਸ਼ਨ ਨਾਲ ਸਨਮਾਨਤ ਕੀਤਾ ਜਾ ਚੁੱਕਾ ਹੈ। ਦੋ ਸਾਲ ਪਹਿਲਾਂ 'ਐਂਡ ਪ੍ਰਾਣ' ਟਾਈਟਲ ਨਾਲ ਉਨ੍ਹਾਂ ਦੀ ਬਾਇਓਗ੍ਰਾਫੀ ਵੀ ਪ੍ਰਕਾਸ਼ਤ ਹੋ ਚੁੱਕੀ ਹੈ। ਅੱਜਕਲ ਉਹ ਮੁੰਬਈ 'ਚ ਹੀ ਹਨ ਪਰ ਫ਼ਿਲਮੀ ਚਕਾਚੌਂਧ ਤੋਂ ਦੂਰ ਆਪਣੀ ਦੁਨੀਆਂ 'ਚ ਮਗਨ ਰਹਿੰਦੇ ਹਨ।

# ਕੁੜੀਆਂ ਦੇ ਹੱਕਾਂ ਦੀ ਬਾਤ ਪਾਉਂਦੀ ਫ਼ਿਲਮ 'ਇਕ ਕੁੜੀ ਪੰਜਾਬ ਦੀ'

ਪੰਜਾਬੀ ਫ਼ਿਲਮ ਉਦਯੋਗ ਨੂੰ ਪਤਨ ਦੀਆਂ ਗਹਿਰੀਆਂ ਖਾਈਆਂ 'ਚੋਂ ਕੱਢ ਕੇ ਕਾਮਯਾਬੀ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਵਾਲੇ ਚਰਚਿਤ ਫ਼ਿਲਮ ਨਿਰਦੇਸ਼ਕ ਮਨਮੋਹਨ ਸਿੰਘ ਨੂੰ ਜੇਕਰ ਪੰਜਾਬੀ ਸਿਨੇਮੇ ਦਾ ਮਲਾਹ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ, ਕਿਉਂਕਿ ਉਨ੍ਹਾਂ ਦੇ ਅਣਥੱਕ ਯਤਨਾਂ ਸਦਕਾ ਹੀ ਪੰਜਾਬੀ ਸਿਨੇਮੇ ਦੀ ਬੇੜੀ ਕੰਢੇ ਲੱਗੀ ਹੈ। ਮਨਮੋਹਨ ਸਿੰਘ ਦੀਆਂ ਫ਼ਿਲਮਾਂ ਨੇ ਪੰਜਾਬੀ ਸਿਨੇਮੇ ਤੋਂ ਉਦਾਸ ਹੋ ਚੁੱਕੇ ਦਰਸ਼ਕਾਂ ਦੇ ਮਨਾਂ 'ਚ ਪੰਜਾਬੀ ਫ਼ਿਲਮਾਂ ਪ੍ਰਤੀ ਮੋਹ ਪੈਦਾ ਕੀਤਾ ਜਿਸ ਨਾਲ ਅੱਜ ਪੰਜਾਬੀ ਫ਼ਿਲਮਾਂ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਦੇਸ਼-ਵਿਦੇਸ਼ 'ਚ ਵੀ ਨਾਮਣਾ ਖੱਟ ਰਹੀਆਂ ਹਨ।

ਅੱਜਕੱਲ ਮਨਮੋਹਨ ਸਿੰਘ ਪੰਜਾਬੀ ਸਿਨੇਮੇ ਨੂੰ ਇਕ ਸਾਰਥਿਕ ਫ਼ਿਲਮ ਦੇਣ ਦੇ ਵਾਅਦੇ ਨਾਲ ਆਪਣੀ ਨਵੀਂ ਫ਼ਿਲਮ 'ਇਕ ਕੁੜੀ ਪੰਜਾਬ ਦੀ' ਦੇ ਨਿਰਮਾਣ ਕਾਰਜ ਵਿਚ ਰੁੱਝੇ ਹੋਏ ਹਨ। ਫ਼ਿਲਮ ਦੀ ਸ਼ੂਟਿੰਗ ਇਨ੍ਹੀਂ ਦਿਨੀਂ ਚੰਡੀਗੜ੍ਹ ਦੀਆਂ ਖ਼ੂਬਸੂਰਤ ਲੋਕੇਸ਼ਨਾਂ 'ਤੇ ਤੇਜ਼ੀ ਨਾਲ ਮੁਕੰਮਲ ਕੀਤੀ ਜਾ ਰਹੀ ਹੈ।

ਪੰਜ-ਆਬ ਮੂਵੀਜ਼ ਇੰਟਰਨੈਸ਼ਨਲਜ਼ ਦੇ ਬੈਨਰ ਹੇਠ ਬਣ ਰਹੀ ਇਸ ਫ਼ਿਲਮ 'ਚ ਚਰਚਿਤ ਗਾਇਕ ਤੇ ਪੰਜਾਬੀ ਫ਼ਿਲਮ 'ਮੁੰਡੇ. ਯੂ. ਕੇ. ਦੇ' ਰਾਹੀਂ ਸੁਨਹਿਰੀ ਪਰਦੇ 'ਤੇ ਪ੍ਰਵੇਸ਼ ਕਰਨ ਵਾਲੇ ਗਾਇਕ ਤੇ ਨਾਇਕ ਅਮਰਿੰਦਰ ਗਿੱਲ ਬਤੌਰ ਹੀਰੋ ਨਜ਼ਰ ਆਉਣਗੇ, ਜਦੋਂਕਿ ਸਹਿ-ਹੀਰੋ ਵਜੋਂ ਬਾਲੀਵੁੱਡ ਦੀਆਂ 'ਯੋਧਾ ਅਕਬਰ' ਤੇ 'ਕਾਫ਼ੀ ਹਾਊਸ' ਵਰਗੀਆਂ ਫ਼ਿਲਮਾਂ ਰਾਹੀਂ ਆਪਣੀ ਕਾਬਲੀਅਤ ਦਾ ਅਹਿਸਾਸ ਕਰਵਾ ਚੁੱਕੇ ਅਦਾਕਾਰ ਅਮਨ ਧਾਲੀਵਾਲ ਨਜ਼ਰ ਆਉਣਗੇ। ਇਸ ਫ਼ਿਲਮ ਰਾਹੀਂ ਰੰਗਕਰਮੀ ਜਸਪਿੰਦਰ ਚੀਮਾ ਬਤੌਰ ਨਾਇਕਾ ਸੁਨਹਿਰੀ ਪਰਦੇ 'ਤੇ ਪ੍ਰਵੇਸ਼ ਕਰਨ ਜਾ ਰਹੀ ਹੈ। ਇਸ ਤੋਂ ਇਲਾਵਾ ਫ਼ਿਲਮ ਵਿਚ ਰਾਣਾ ਰਣਬੀਰ, ਗੁਰਪ੍ਰੀਤ ਘੁੱਗੀ, ਗੁੱਗੂ ਗਿੱਲ, ਨਵਨੀਤ ਨਿਸ਼ਾਨ, ਦੀਪ ਢਿੱਲੋਂ, ਡਾ. ਸੁਰਿੰਦਰ ਸ਼ਰਮਾ ਵਰਗੇ ਮੰਝੇ ਹੋਏ ਅਦਾਕਾਰ ਅਹਿਮ ਭੂਮਿਕਾ ਨਿਭਾ ਰਹੇ ਹਨ। ਮਨਮੋਹਨ ਸਿੰਘ ਵਲੋਂ ਇਸ ਫ਼ਿਲਮ ਜ਼ਰੀਏ ਪੰਜਾਬੀ ਥੀਏਟਰ ਦੇ ਮੰਝੇ ਹੋਏ ਕਲਾਕਾਰਾਂ ਹਰਿੰਦਰ ਭੁੱਲਰ, ਪ੍ਰਿੰਸ ਕੇ ਜੇ ਸਿੰਘ, ਗਗਨ ਗਿੱਲ, ਕਰਮਜੀਤ ਸਿਰਸਾ, ਸੁਖਵਿੰਦਰ ਰਾਜ, ਮਲਕੀਤ ਰੌਣੀ, ਸਿਮਰਤ, ਜੋਤ ਸੰਧੂ, ਦਿਵਿਆ ਓਹਰੀ, ਕਾਵਯ ਸੇਖੋਂ, ਸੁਰਭੀ ਨੂੰ ਅਹਿਮ ਭੂਮਿਕਾਵਾਂ 'ਚ ਪੇਸ਼ ਕਰਦਿਆਂ ਪੰਜਾਬ ਦੀ ਪ੍ਰਤਿਭਾ ਨੂੰ ਸਾਹਮਣੇ ਲੈ ਕੇ ਆਉਣ ਦਾ ਨਿਵੇਕਲਾ ਤੇ ਅਹਿਮ ਉਪਰਾਲਾ ਕੀਤਾ ਹੈ।



ਫ਼ਿਲਮ ਦੇ ਸੈਟ 'ਤੇ ਗੱਲਬਾਤ ਕਰਦਿਆਂ ਮਨਮੋਹਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਇਹ ਫ਼ਿਲਮ ਪੰਜਾਬੀ ਸਿਨੇਮੇ 'ਚ ਇਕ ਨਵੀਂ ਤਬਦੀਲੀ ਲੈ ਕੇ ਆਵੇਗੀ। ਇਹ ਪਹਿਲੀ ਫ਼ਿਲਮ ਹੋਵੇਗੀ ਜਿਸ ਵਿਚ ਅਹਿਮ ਭੂਮਿਕਾਵਾਂ ਨਿਭਾ ਰਹੇ ਕਲਾਕਾਰਾਂ ਦੀ ਅਸਲ ਜ਼ਿੰਦਗੀ ਨੂੰ ਹੀ ਪਰਦੇ 'ਤੇ ਪੇਸ਼ ਕੀਤਾ ਜਾਵੇਗਾ। ਹੀਰੋਇਨ ਜਸਪਿੰਦਰ ਚੀਮਾ ਸਮੇਤ ਫ਼ਿਲਮ ਦੇ ਵਧੇਰੇ ਅਦਾਕਾਰ ਅਸਲ ਜ਼ਿੰਦਗੀ 'ਚ ਵੀ ਥੀਏਟਰ ਦੇ ਵਿਦਿਆਰਥੀ ਹਨ, ਸੋ ਉਨ੍ਹਾਂ ਦੀ ਜ਼ਿੰਦਗੀ ਨੂੰ ਬਿਨਾ ਕਿਸੇ ਨਾਟਕੀ ਬਦਲਾਅ ਦੇ ਪਰਦੇ 'ਤੇ ਪੇਸ਼ ਕਰਨਾ ਇਕ ਵੱਖਰਾ ਉਪਰਾਲਾ ਹੈ। ਫ਼ਿਲਮ ਦੇ ਵਿਸ਼ੇ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਫ਼ਿਲਮ 'ਇਕ ਕੁੜੀ ਪੰਜਾਬ ਦੀ' ਵਿਸ਼ੇਸ਼ ਰੂਪ 'ਚ ਕੁੜੀਆਂ ਦੇ ਹੱਕਾਂ ਨੂੰ ਲੈ ਕੇ ਬਣਾਈ ਜਾ ਰਹੀ ਹੈ। ਲੋਕ ਆਮ ਕਹਿੰਦੇ ਰਹਿੰਦੇ ਹਨ ਕਿ ਕੁੜੀਆਂ ਨੂੰ ਬਰਾਬਰੀ ਦੇ ਸਾਰੇ ਹੱਕ ਮਿਲਣੇ ਚਾਹੀਦੇ ਹਨ, ਪਰ ਅਸਲ ਵਿਚ ਹੁੰਦਾ ਇਸਦੇ ਉਲਟ ਹੈ। ਫ਼ਿਲਮ ਦੀ ਪਿੱਠ ਭੂਮੀ 'ਚ ਪੰਜਾਬ ਯੂਨੀਵਰਸਿਟੀ ਦਾ ਥੀਏਟਰ ਵਿਭਾਗ ਲਿਆ ਗਿਆ ਹੈ ਜਿਸ ਵਿਚ ਪੜ੍ਹਦੇ ਵਿਦਿਆਰਥੀ ਕਿਸ ਤਰ੍ਹਾਂ ਜ਼ਿੰਦਗੀ ਨੂੰ ਜਿਉਂਦੇ ਹਨ, ਕਿਹੜੇ ਹਲਾਤਾਂ 'ਚੋਂ ਉਹ ਗੁਜ਼ਰਦੇ ਹੋਏ ਆਪਣਾ ਵਿਦਿਆਰਥੀ ਜੀਵਨ ਹੰਢਾਉਂਦੇ ਹਨ-ਇਸ ਸਭ ਨੂੰ ਪਰਦੇ 'ਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਥੀਏਟਰ ਦੀ ਹੀ ਇਕ ਵਿਦਿਆਰਥਣ (ਫ਼ਿਲਮ ਦੀ ਹੀਰੋਇਨ) ਹੋਰਾਂ ਵਿਦਿਆਰਥੀਆਂ ਨਾਲ ਮਿਲ ਕੇ ਕਿਸ ਤਰ੍ਹਾਂ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਕੇ ਸਮਾਜ ਨਾਲ ਲੜਾਈ ਲੜਦੀ ਹੋਈ ਸਫ਼ਲ ਹੁੰਦੀ ਹੈ, ਇਸ ਸੰਘਰਸ਼ ਨੂੰ ਬਾਖੂਬੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਸਮੁੱਚੇ ਰੂਪ ਵਿਚ ਇਸ ਫ਼ਿਲਮ ਰਾਹੀਂ ਵਿਦਿਆਰਥੀ ਜੀਵਨ ਦੀ ਅਸਲ ਤਸਵੀਰ ਨੂੰ ਪੇਸ਼ ਕਰਦਿਆਂ ਕੁੜੀਆਂ ਵਲੋਂ ਹੰਢਾਏ ਜਾਂਦੇ ਅਜੋਕੇ ਸਮਾਜ ਦੇ ਦਮੂੰਹੀ ਵਤੀਰੇ 'ਤੇ ਉਨ੍ਹਾਂ ਵਲੋਂ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਸੰਘਰਸ਼ ਨੂੰ ਪਰਦੇ 'ਤੇ ਪੇਸ਼ ਕਰਦਿਆਂ ਅੱਜ ਦੀ ਪੀੜ੍ਹੀ ਨੂੰ ਇਕ ਸਬਕ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਫ਼ਿਲਮ 'ਚ ਮੁੱਖ ਭੂਮਿਕਾ ਨਿਭਾ ਰਹੇ ਗਾਇਕ ਤੇ ਨਾਇਕ ਅਮਰਿੰਦਰ ਗਿੱਲ ਨੇ ਦੱਸਿਆ ਕਿ ਬੇਸ਼ੱਕ ਉਹ 'ਮੁੰਡੇ ਯੂ.ਕੇ. ਦੇ' ਰਾਹੀਂ ਫ਼ਿਲਮੀ ਪਰਦੇ 'ਤੇ ਪਹਿਲਾਂ ਹੀ ਹਾਜ਼ਰੀ ਲਵਾ ਚੁੱਕੇ ਹਨ ਪਰ ਬਤੌਰ ਨਾਇਕ ਉਨ੍ਹਾਂ ਦੀ ਇਹ ਪਹਿਲੀ ਫ਼ਿਲਮ ਹੈ। ਉਹ ਇਸ ਫ਼ਿਲਮ ਵਿਚ ਥੀਏਟਰ ਵਿਭਾਗ ਦੇ ਵਿਦਿਆਰਥੀ ਦਾ ਕਿਰਦਾਰ ਨਿਭਾ ਰਹੇ ਹਨ। ਜਦੋਂ ਉਹ ਥੀਏਟਰ ਦੀ ਪੜ੍ਹਾਈ ਕਰਨ ਲਈ ਪਹਿਲੇ ਸਾਲ 'ਚ ਦਾਖਲਾ ਲੈਂਦਾ ਹੈ ਤਾਂ ਉਹ ਕਿਨ੍ਹਾਂ ਪ੍ਰਸਿਥਤੀਆਂ 'ਚੋਂ ਗੁਜ਼ਰਦਾ ਹੈ, ਕਿਸ ਤਰ੍ਹਾਂ ਉਸ ਨੂੰ ਆਪਣੇ ਨਾਲ ਪੜ੍ਹਦੀ ਕੁੜੀ ਨਾਲ ਪਿਆਰ ਹੁੰਦਾ ਹੈ ਤੇ ਯੂਨੀਵਰਸਿਟੀ ਦਾ ਮਾਹੌਲ ਕਿਹੜੀਆਂ ਤਬਦੀਲੀਆਂ ਲਿਆਉਂਦਾ ਹੋਇਆ 'ਇਕ ਨਵਾਂ ਸੁਪਨ-ਸੰਸਾਰ ਸਿਰਜਦਾ ਹੈ, ਇਹ ਸਭ ਉਨ੍ਹਾਂ ਦੇ ਕਿਰਦਾਰ ਦੇ ਹਿੱਸੇ ਆਇਆ ਹੈ। ਸਹਿ-ਹੀਰੋ ਅਮਨ ਧਾਲੀਵਾਲ ਇਸ ਫ਼ਿਲਮ ਵਿਚ ਥੀਏਟਰ ਵਿਭਾਗ ਦੇ ਦੂਜੇ ਸਾਲ ਦੇ ਵਿਦਿਆਰਥੀ ਦੀ ਭੂਮਿਕਾ ਨਿਭਾ ਰਿਹਾ ਹੈ। ਪਹਿਲੀ ਵਾਰ ਸੁਨਹਿਰੀ ਪਰਦੇ 'ਤੇ ਪ੍ਰਵੇਸ਼ ਕਰਨ ਜਾ ਰਹੀ ਫ਼ਿਲਮ ਦੀ ਨਾਇਕਾ ਜਸਪਿੰਦਰ ਚੀਮਾ ਨੇ ਦੱਸਿਆ ਕਿ ਉਹ ਥੀਏਟਰ ਦੀ ਵਿਦਿਆਰਥਣ ਹੈ ਤੇ ਫ਼ਿਲਮ 'ਚ ਵੀ ਉਹ ਆਪਣੇ ਅਸਲ ਜੀਵਨ ਵਾਲਾ ਹੀ ਕਿਰਦਾਰ ਨਿਭਾ ਰਹੀ ਹੈ। ਫ਼ਿਲਮ ਵਿਚ ਉਸ ਨੂੰ ਕੁੜੀ ਹੁੰਦਿਆਂ ਵੀ ਦੁਨੀਆਂ ਦੀ ਕੋਝੀ ਸੋਚ ਨੂੰ ਨਕਾਰਦਿਆਂ ਆਪਣੇ ਫ਼ੈਸਲੇ ਆਪ ਲੈਂਦਿਆ ਦਿਖਾਇਆ ਗਿਆ ਹੈ। ਉਨ੍ਹਾਂ ਦਾ ਇਹ ਕਿਰਦਾਰ 'ਲੋਕ ਕੀ ਕਹਿਣਗੇ' ਵਾਲੀ ਬਿਰਤੀ 'ਚ ਘਿਰੀਆਂ ਕੁੜੀਆਂ ਦੀ ਮਾਨਸਿਕਤਾ ਨੂੰ ਜ਼ਰੂਰ ਝੰਜੋੜੇਗਾ। ਫ਼ਿਲਮ 'ਚ ਸੈਕਿੰਡ ਈਅਰ ਦੇ ਵਿਦਿਆਰਥੀ ਦੀ ਅਹਿਮ ਭੂਮਿਕਾ ਨਿਭਾ ਰਹੇ ਰਾਣਾ ਰਣਬੀਰ ਨੇ ਦੱਸਿਆ ਕਿ ਇਸ ਫ਼ਿਲਮ ਦੇ ਡਾਇਲਾਗ ਵੀ ਉਨ੍ਹਾਂ ਵਲੋਂ ਹੀ ਲਿਖੇ ਗਏ ਹਨ। ਉਹ ਅਸਲ ਜੀਵਨ 'ਚ ਵੀ ਥੀਏਟਰ ਦੇ ਵਿਦਿਆਰਥੀ ਰਹੇ ਹਨ ਸੋ ਉਨ੍ਹਾਂ ਵਲੋਂ ਅਸਲ ਜ਼ਿੰਦਗੀ ਦੇ ਸੰਵਾਦਾਂ ਨੂੰ ਹੀ ਪਰਦੇ 'ਤੇ ਪੇਸ਼ ਕਰਨ ਦਾ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਕਈ ਟੈਲੀਫ਼ਿਲਮਾਂ 'ਚ ਅਹਿਮ ਭੂਮਿਕਾ ਨਿਭਾ ਚੁੱਕੇ ਕਲਾਕਾਰ ਹਰਿੰਦਰ ਭੁੱਲਰ, ਪ੍ਰਿੰਸ ਕੇ ਜੇ ਸਿੰਘ, ਗਗਨ ਗਿੱਲ ਤੇ ਜੋਤ ਸੰਧੂ ਦੇ ਕਿਰਦਾਰ ਵੀ ਦਰਸ਼ਕਾਂ ਨੂੰ ਖੂਬ ਪਸੰਦ ਆਉਣਗੇ।

ਫ਼ਿਲਮ ਦੀ ਕਹਾਣੀ ਖ਼ੁਦ ਮਨਮੋਹਨ ਸਿੰਘ ਨੇ ਹੀ ਲਿਖੀ ਹੈ ਜਦੋਂ ਕਿ ਡਾਇਲਾਗ ਰਾਣਾ ਰਣਬੀਰ ਨੇ ਲਿਖੇ ਹਨ। ਫ਼ਿਲਮ ਦੇ ਸਹਾਇਕ ਡਾਇਰੈਕਟਰ ਦਰਸ਼ਨ ਦਰਵੇਸ਼, ਆਰਟ ਡਾਇਰੈਕਟਰ ਤੀਰਥ ਸਿੰਘ ਗਿੱਲ ਤੇ ਡਾਂਸ ਡਾਇਰੈਕਟਰ ਭੂਪੀ ਹਨ। ਫ਼ਿਲਮ ਦੇ ਗੀਤ ਅਮਰਦੀਪ ਗਿੱਲ ਤੇ ਰਾਣਾ ਰਣਬੀਰ ਵਲੋਂ ਲਿਖੇ ਗਏ ਹਨ, ਜਿਨ੍ਹਾਂ ਨੂੰ ਅਵਾਜ਼ ਅਮਰਿੰਦਰ ਗਿੱਲ ਤੋਂ ਇਲਾਵਾ ਨਾਮੀ ਗਾਇਕਾਂ ਨੇ ਦਿੱਤੀ ਹੈ। ਸੰਗੀਤ ਸੁਖਸ਼ਿੰਦਰ ਸ਼ਿੰਦੇ ਦਾ ਹੈ।

# ਸੰਗੀਤ ਦੀ ਦੁਨੀਆਂ ਦਾ ਪਾਂਧੀ-ਨਰਿੰਦਰ ਬੱਗਾ

## ਚਲਦੇ-ਫਿਰਦੇ



ਮਨਦੀਪ ਮਾਨ

ਫੋਨ:661-889-1927

ਭਾਂਡੇ-ਭੰਨ ਸੰਗੀਤ ਦੇ ਇਸ ਜ਼ਮਾਨੇ ਵਿਚ ਸੁਰ ਅਤੇ ਤਾਲ ਉਤੇ ਪੀਡੀ ਪਕੜ ਰੱਖਣ ਵਾਲੇ ਸੰਗੀਤਕਾਰ ਅੱਜ ਕੱਲ੍ਹ ਬਹੁਤ ਘੱਟ ਮਿਲਦੇ ਹਨ। ਖੁਸ਼ੀ ਦੀ ਗੱਲ ਇਹ ਹੈ ਕਿ ਸੰਗੀਤ ਦੀ ਦੁਨੀਆਂ ਦਾ ਇਕ ਪਾਂਧੀ ਨਰਿੰਦਰ ਬੱਗਾ ਸਾਡੇ ਕੋਲ ਇਥੇ ਅਮਰੀਕਾ ਵਿਚ ਹੀ ਰਹਿੰਦਾ ਹੈ। ਪਿਛਲੇ ਵੀਹ ਸਾਲ ਤੋਂ ਉਹ ਸਥਾਨਕ ਅਤੇ ਇਧਰਲੇ ਤੇ ਉਧਰਲੇ ਪੰਜਾਬ ਤੋਂ ਆਏ ਦਰਜਨਾਂ ਗਾਇਕਾਂ ਨੂੰ ਸੰਗੀਤ ਦੀ ਸੰਗਤ ਦੇ ਚੁੱਕਾ ਹੈ।

ਨਰਿੰਦਰ ਬੱਗੇ ਦਾ ਜਨਮ 3 ਮਈ 1973 ਨੂੰ ਮਾਤਾ ਨਿਰੰਜਣ ਕੌਰ ਅਤੇ ਪਿਤਾ ਸਵਰਗੀ ਹਰਮੇਸ਼ ਲਾਲ ਬੱਗਾ ਦੇ ਘਰ ਪਿੰਡ ਕੋਟਲਾ (ਜਲੰਧਰ) ਵਿਚ ਹੋਇਆ। ਸੰਗੀਤ ਦੀ ਗੁੜ੍ਹਤੀ ਉਸ ਨੂੰ ਆਪਣੇ ਮਾਮੇ ਸ੍ਰੀ ਨਿਰੰਜਣ ਸਿੰਘ ਕੋਲੋਂ ਮਿਲੀ ਜੋ ਅਕਸਰ ਸਭਿਆਚਾਰਕ ਤੇ ਧਾਰਮਿਕ ਸਮਾਗਮਾਂ ਵਿਚ ਸੰਗੀਤ ਦਿਆ ਕਰਦੇ ਸਨ। ਸ਼ੁਰੂ ਵਿਚ ਨਰਿੰਦਰ ਬੱਗੇ ਨੇ ਸਿੰਘ ਸਜੇ ਆਪਣੇ ਭਰਾ ਬਲਵਿੰਦਰ ਸਿੰਘ ਨਾਲ ਸੰਗੀਤ ਦਾ ਸਫਰ ਸ਼ੁਰੂ ਕੀਤਾ ਅਤੇ ਗੁਲਜ਼ਾਰ ਮੁਹੰਮਦ ਨੂੰ ਰਸਮੀ ਤੌਰ 'ਤੇ ਉਸਤਾਦ ਧਾਰ ਕੇ ਉਸ ਤੋਂ ਸੰਗੀਤ ਦੀਆਂ ਬਾਰੀਕੀਆਂ ਸਿੱਖੀਆਂ।



ਸੰਨ 1998 ਵਿਚ ਨਰਿੰਦਰ ਬੱਗਾ ਅਮਰੀਕਾ ਆ ਗਿਆ ਅਤੇ ਅਮਰੀਕਾ ਦੀ ਸੰਘਰਸ਼ਭਰੀ ਜ਼ਿੰਦਗੀ ਦਾ ਸਫਰ ਪੂਰੇ ਸਿਰੜ ਨਾਲ ਸ਼ੁਰੂ ਕੀਤਾ ਪਰ ਉਸ ਨੇ ਸੰਗੀਤ ਪ੍ਰਤੀ ਆਪਣੀ ਸਾਧਨਾ ਨੂੰ ਧੀਮਾ ਨਹੀਂ ਪੈਣ ਦਿੱਤਾ।

ਪੰਜਾਬ ਵਿਚ ਬੱਗੇ ਨੇ ਮੋਹਨ ਲਾਲ ਬੰਗੜ ਦੇ ਗਰੁੱਪ ਵਿਚ ਸੰਗੀਤ ਦੇ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਅਤੇ ਜਲਦੀ ਹੀ ਉਹ ਮਾਹਿਰ ਸਾਜ਼ਿੰਦਿਆਂ ਵਿਚ ਗਿਣਿਆ ਜਾਣ ਲੱਗਾ। ਉਸ ਨੇ ਪਰਮਿੰਦਰ ਸੰਧੂ ਨਾਲ ਲਗਾਤਾਰ ਤਿੰਨ ਸਾਲ ਸਟੇਜ ਪ੍ਰੋਗਰਾਮ ਕੀਤੇ। ਬਾਅਦ ਵਿਚ ਬੱਗਾ ਸੁਖਵਿੰਦਰ ਪੰਛੀ, ਰੂਪ ਲਾਲ ਮਕਬੂਲ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਨਾਲ ਪ੍ਰੋਗਰਾਮ ਕਰਦਾ ਰਿਹਾ। ਪੰਜਾਬ ਤੋਂ ਜਦੋਂ ਲੋਕ ਗਾਇਕ ਅਮਰੀਕਾ ਆਉਂਦੇ ਹਨ ਅਤੇ ਜੇ ਉਨ੍ਹਾਂ ਇਥੋਂ ਸੰਗੀਤਕਾਰ ਲੈਣਾ ਹੈ ਤਾਂ ਉਨ੍ਹਾਂ ਦੀ ਪਹਿਲੀ ਪਸੰਦ ਨਰਿੰਦਰ ਬੱਗਾ ਹੀ ਹੁੰਦਾ ਹੈ। ਪਿਛਲੇ ਸਮੇਂ ਵਿਚ ਹੰਸ ਰਾਜ ਹੰਸ, ਸੁਰਿੰਦਰ ਛਿੰਦਾ, ਮਨਮੋਹਨ ਵਾਰਿਸ, ਜਸਪਿੰਦਰ ਨਰੂਲਾ, ਗਿੱਲ ਹਰਦੀਪ,ਅਮ੍ਰਿਤਾ ਵਿਰਕ, ਕੇ ਐਸ ਮੱਖਣ ਜਿਹੇ ਇਧਰਲੇ ਪੰਜਾਬ ਦੇ ਗਾਇਕਾਂ ਤੋਂ ਇਲਾਵਾ ਉਧਰਲੇ ਪੰਜਾਬ ਦੇ ਗਾਇਕ ਜਨਾਬ ਸ਼ੌਕਤ ਅਲੀ ਨੂੰ ਵੀ ਉਹ ਸੰਗੀਤਕਾਰ ਵਜੋਂ ਸੰਗਤ ਦੇ ਚੁੱਕਾ ਹੈ। ਸੰਨ 2001 ਵਿਚ ਜਦੋਂ ਸ਼ੌਕਤ ਅਲੀ ਸਾਹਿਬ ਅਮਰੀਕਾ ਆਏ ਤਾਂ ਬੱਗੇ ਨੇ ਬੈਂਜੋ ਅਤੇ ਕੀ-ਬੋਰਡ 'ਤੇ ਉਨ੍ਹਾਂ ਦਾ ਸਾਥ ਦਿੱਤਾ। ਜਨਾਬ ਸ਼ੌਕਤ ਅਲੀ ਨਾਲ ਬੈਂਜੋ ਵਜਾਉਣਾ ਕਿਸੇ ਐਰੇ-ਗੈਰੇ ਦਾ ਕੰਮ ਨਹੀਂ। ਪੂਰੇ ਦੋ ਮਹੀਨੇ ਬੱਗਾ ਸ਼ੌਕਤ ਅਲੀ ਸਾਹਿਬ ਦੇ ਨਾਲ ਸੰਗਤ ਦਿੰਦਾ ਰਿਹਾ ਅਤੇ ਉਹ ਉਸ ਨੂੰ ਪੁੱਤਰਾਂ ਵਾਲਾ ਪਿਆਰ ਦਿੰਦੇ ਰਹੇ।

ਬੱਗਾ ਦੱਸਦਾ ਹੈ ਕਿ ਆਪਣੇ ਪਹਿਲੇ ਉਸਤਾਦ ਗੁਲਜ਼ਾਰ ਮੁਹੰਮਦ ਦੇ ਪੂਰਾ ਹੋ ਜਾਣ ਤੋਂ ਬਾਅਦ ਉਸ ਨੇ 2004 ਵਿਚ ਅਮਰੀਕਾ ਆਏ ਪਾਕਿਸਤਾਨੀ ਸੰਗੀਤਕਾਰ ਸ੍ਰੀ ਇਕਬਾਲ ਹਸਨ ਨੂੰ ਰਸਮੀ ਤੌਰ 'ਤੇ ਪੱਗ ਭੇਟ ਕਰਕੇ ਉਸਤਾਦ ਧਾਰਿਆ। ਜਨਾਬ ਇਕਬਾਲ ਹਸਨ ਕਰਾਚੀ ਤੋਂ ਪੰਜਾਬੀ ਦੇ ਨਾਮੀ ਸੰਗੀਤ ਨਿਰਦੇਸ਼ਕ ਹਨ ਅਤੇ ਕਰਾਚੀ ਰੇਡੀਓ 'ਤੇ ਮੁੱਖ ਪੰਜਾਬੀ ਸੰਗੀਤ ਕੰਪੋਜ਼ਰ ਰਹੇ ਹਨ। ਉਹ ਸ਼ਾਮ ਚੌਰਾਸੀ ਘਰਾਣੇ ਦੇ ਜਨਾਬ ਨਜ਼ਾਕਤ ਅਲੀ ਅਤੇ ਜਨਾਬ ਸਲਾਮਤ ਅਲੀ ਖਾਂ ਸਾਹਿਬ ਦੇ ਸੱਜੇ ਹੱਥ ਰਹੇ ਹਨ।

ਸ਼ੋਰ-ਸ਼ਰਾਬੇ ਵਾਲੇ ਭਾਂਡੇ-ਭੰਨ ਸੰਗੀਤ ਤੋਂ ਬੱਗੇ ਨੂੰ ਸਖ਼ਤ ਚਿੜ ਹੈ ਅਤੇ ਉਹ ਸਿਰਫ ਸੂਝ-ਬੂਝ ਵਾਲੇ ਰਸਮਈ ਸੰਗੀਤ ਦਾ ਹੀ ਸ਼ੈਦਾਈ ਹੈ। ਉਸ ਦੇ ਮਨਪਸੰਦ ਗਾਇਕਾਂ ਬਾਰੇ ਪੁੱਛੇ ਜਾਣ 'ਤੇ ਨਰਿੰਦਰ ਬੱਗੇ ਦਾ ਕਹਿਣਾ ਹੈ ਕਿ ਸਰਦੂਲ ਸਿਕੰਦਰ, ਮਾਸਟਰ ਸਲੀਮ, ਸੁਖਦੇਵ ਸਾਹਿਲ, ਸਾਬਰ ਕੋਟੀ, ਦੇਬੀ ਮਖਸੂਸਪੁਰੀ, ਸੁਲਤਾਨ ਅਖ਼ਤਰ ਵਧੀਆ ਗਾਇਕ ਹੀ ਨਹੀਂ ਸਗੋਂ ਸੰਗੀਤ ਦੀ ਡੂੰਘੀ ਸੂਝ-ਬੂਝ ਵੀ ਰੱਖਦੇ ਹਨ ਅਤੇ ਰੂਹ ਨਾਲ ਗਾਉਂਦੇ ਹਨ। ਅਮਰੀਕਾ ਵਿਚ ਬੱਗਾ ਸੁਖਦੇਵ ਸਾਹਿਲ ਤੋਂ ਇਲਾਵਾ ਬੱਬੂ ਗੁਰਪਾਲ, ਰਾਜੇਸ਼ ਰਾਜੂ, ਸੁਖਪਾਲ ਸੁੱਖ, ਇਸ਼ਮੀਤ ਨਰੂਲਾ ਅਤੇ ਸੁਖਵੰਤ ਸੁੱਖੀ ਨਾਲ ਅਨੇਕਾਂ ਵਾਰ ਸਟੇਜੀ ਪ੍ਰੋਗਰਾਮ ਕਰ ਚੁੱਕਾ ਹੈ। ਉਹ ਬਿੱਟੂ, ਜਵਾਲਾ ਸਿੰਘ, ਸੋਨੂੰ ਸਿੰਘ, ਅੰਮ੍ਰਿਤਪਾਲ ਸਿੰਘ, ਮੀਕਾ, ਨੀਟਾ, ਪੁਨੀਤ ਅਤੇ ਪੱਪੀ ਭਦੌੜ ਜਿਹੇ ਆਪਣੇ ਸਾਜ਼ਿੰਦਿਆਂ ਦਾ ਅਹਿਸਾਨਮੰਦ ਹੈ ਅਤੇ ਉਨ੍ਹਾਂ ਨੂੰ ਸਕੇ ਭਰਾਵਾਂ ਵਾਂਗ ਪਿਆਰ ਕਰਦਾ ਹੈ। ਬੱਗੇ ਨੇ ਦੱਸਿਆ ਕਿ ਛੇਤੀ ਹੀ ਉਹ ਬੇ-ਏਰੀਏ ਵਿਚ ਇਕ ਸੰਗੀਤ ਸਟੂਡੀਓ ਖੋਲ੍ਹਣ ਵਾਲਾ ਹੈ ਤਾਂ ਜੋ ਉਭਰ ਰਹੇ ਪੰਜਾਬੀ ਗਾਇਕਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਸਹੀ ਮੌਕਾ ਮਿਲ ਸਕੇ। ਅੱਜ ਕੱਲ੍ਹ ਨਰਿੰਦਰ ਬੱਗਾ ਆਪਣੀ ਧਰਮ ਪਤਨੀ ਸੋਨੀਆ ਬੱਗਾ ਅਤੇ ਧੀ ਹਰਲੀਨ ਨਾਲ ਕੈਲੀਫੋਰਨੀਆ ਦੇ ਸ਼ਹਿਰ ਵਾਟਸਨਵਿਲ ਵਿਚ ਖੁਸ਼ੀ ਅਤੇ ਤਸੱਲੀਭਰੀ ਜ਼ਿੰਦਗੀ ਜਿਉ ਰਿਹਾ ਹੈ। ਰੱਬ ਸੰਗੀਤ ਦੀ ਦੁਨੀਆਂ ਦੇ ਇਸ ਪਹਿਰੂ ਨੂੰ ਹੋਰ ਹੁਨਰ ਬਖ਼ਸ਼ੇ ਅਤੇ ਉਹ ਆਪਣੀ ਮਾਂ ਬੋਲੀ ਦੀ ਇਸੇ ਤਰ੍ਹਾਂ ਸੇਵਾ ਕਰਦਾ ਰਹੇ। ਦੋਸਤਾਂ-ਮਿਤਰਾਂ ਨਾਲ ਪਾਕ ਪਵਿਤਰ ਮੁਹੱਬਤ ਵਾਲਾ ਰਿਸ਼ਤਾ ਕਾਇਮ ਰੱਖੇ:

ਦੋਸਤੀ ਕੀ ਮਹਿਕ ਇਸ਼ਕ ਸੇ ਕਮ ਨਹੀਂ ਹੋਤੀ
ਇਸ਼ਕ ਪੇ ਹੀ ਜ਼ਿੰਦਗੀ ਖਤਮ ਨਹੀਂ ਹੋਤੀ।
ਅਗਰ ਸਾਥ ਹੋ ਜ਼ਿੰਦਗੀ ਮੇ ਅੱਛੇ ਦੋਸਤੋਂ ਕਾ
ਜ਼ਿੰਦਗੀ ਕਿਸੀ ਜ਼ੰਨਤ ਸੇ ਕਮ ਨਹੀਂ ਹੋਤੀ।

ਨਰਿੰਦਰ ਬੱਗੇ ਨਾਲ ਫੋਨ 831-406-9286 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਇਹ ਨਵੇਂ ਤਜਰਬੇ ਕਿਤੇ ਪੱਟ ਨਾ ਸੁੱਟਣ

## ਗੀਤ-ਸੰਗੀਤ

**ਸਵਰਨ ਸਿੰਘ ਟਹਿਣਾ**



ਸਵਰਨ ਸਿੰਘ ਟਹਿਣਾ

ਮਾਲਕੋ, ਹੋਰ ਜੀਵਾਂ ਨਾਲੋਂ ਇਨਸਾਨੀ ਦਿਮਾਗ਼ ਦਾ ਸਭ ਤੋਂ ਵੱਡਾ ਅੰਤਰ ਏਸ ਗੱਲ ਵਿਚ ਏ ਕਿ ਇਹ ਨਵੇਂ-ਨਵੇਂ ਤਜਰਬੇ ਕਰਨ ਵਿਚ ਵਿਸ਼ਵਾਸ ਰੱਖਦੈ। ਹਜ਼ਾਰਾਂ ਸਾਲਾਂ ਤੋਂ ਧਰਤੀ 'ਤੇ ਰਹਿ ਰਹੇ ਇਨਸਾਨ ਦੇ ਦਿਮਾਗ਼ ਵਿਚ ਜਦੋਂ ਇਹ ਗੱਲ ਆਈ ਕਿ ਕਿਉਂ ਨਾ ਚੰਦ 'ਤੇ ਵੀ ਜਾ ਕੇ ਵੇਖਿਆ ਜਾਵੇ ਤਾਂ ਅਰਬਾਂ ਰੁਪਏ ਖਰਚ ਹੋਏ, ਬੜੀ ਵਾਰ ਅਸਫ਼ਲਤਾ ਮਿਲੀ, ਪਰ ਅਖੀਰ ਪਤਾ ਲੱਗ ਹੀ ਗਿਆ ਕਿ ਉਹ ਵੀ ਧਰਤੀ ਦਾ ਇੱਕ ਟੋਟਾ ਹੈ, ਜਿੱਥੇ ਮਨੁੱਖੀ ਜੀਵਨ ਦਾ ਵਸੇਬਾ ਏਨਾ ਸੁਖਾਲਾ ਨਹੀਂ, ਜਿੰਨਾ ਕਿ ਸਮਝਿਆ ਜਾ ਰਿਹੈ। ਮੰਗਲ ਗ੍ਰਹਿ 'ਤੇ ਪਾਣੀ ਹੈ ਜਾਂ ਨਹੀਂ, ਇਸ ਬਾਰੇ ਤਜਰਬੇ ਹੋਏ ਤੇ ਕਈ ਨਵੀਆਂ ਗੱਲਾਂ ਸਾਹਮਣੇ ਆਈਆਂ।

ਪਰ ਜੇ ਬੰਦਾ ਇਹ ਸੋਚਣ ਲੱਗ ਜਾਂਦਾ ਕਿ ਮੈਂ ਧਰਤੀ 'ਤੇ ਨਹੀਂ ਰਹਿਣਾ ਜਾਂ ਇਥੇ ਰਹਿੰਦਿਆਂ-ਰਹਿੰਦਿਆਂ ਮੰਗਲ ਗ੍ਰਹਿ 'ਤੇ ਵੀ ਕੋਠੀ ਬਣਾਉਣੀ ਹੈ ਤਾਂ ਉਸ ਨਾਲ 'ਅਗਲੀ ਲੈਣ ਗਿਆ ਤੇ ਪਿਛਲੀ ਕੁੱਤਾ ਲੈ ਗਿਆ' ਵਾਲੀ ਗੱਲ ਲਾਜ਼ਮੀ ਹੋਣੀ ਸੀ। ਸਾਡੇ ਗਾਇਕੀ ਮੰਡਲ ਵਿਚ ਤਾਂ ਦੋ ਬੇੜੀਆਂ 'ਚ ਪੈਰ ਧਰਨ ਵਾਲੇ ਲੋਕ ਆਮ ਹੀ ਮਿਲ ਪੈਂਦੇ ਨੇ। ਗਾਉਣ ਵਾਲੇ ਨੂੰ ਗੀਤਕਾਰ ਬਣਨ ਦਾ ਭਰਮ ਚਿੰਬੜ ਜਾਂਦੈ, ਗੀਤਕਾਰ ਵੀਡੀਓ ਡਾਇਰੈਕਟਰ ਬਣਨ ਤੁਰ ਪੈਂਦੈ, ਵੀਡੀਓ ਡਾਇਰੈਕਟਰ ਨੂੰ ਪ੍ਰੋਡਿਊਸਰੀ ਦਾ ਸ਼ੌਕ ਜਾਗ ਪੈਂਦੈ ਤੇ ਇਨ੍ਹਾਂ ਤਜਰਬਿਆਂ ਵਿਚ ਪੈਰ ਧਰਨ ਵੇਲੇ ਸਭਨਾਂ ਦੇ ਮਨਾਂ ਵਿਚ ਇੱਕੋ ਗੱਲ ਰਹਿੰਦੀ ਹੈ ਕਿ ਜੇ ਮੰਗਲ 'ਤੇ ਪਲਾਟ ਕੱਟਣ ਦੀਆਂ ਵਿਉਂਤਾਂ ਬਣ ਸਕਦੀਆਂ ਨੇ ਤਾਂ ਅਸੀਂ ਬਦਲਵੇਂ ਖੇਤਰ ਵਿਚ ਸਥਾਪਤ ਹੋਣ ਦੀਆਂ ਵਿਉਂਤਾਂ ਕਿਉਂ ਨਹੀਂ ਘੜ ਸਕਦੇ।

ਚਲੋ ਬਾਤਾਂ ਪਾਉਣ ਨਾਲੋਂ ਮੁੱਦੇ 'ਤੇ ਚੱਲਦੇ ਹਾਂ। ਜਿਹੜੇ ਗੀਤਕਾਰ ਗਾਇਕ ਬਣਨ ਲਈ ਜੱਦੋਜਹਿਦ ਕਰ ਰਹੇ ਨੇ, ਉਨ੍ਹਾਂ ਨੂੰ ਇੱਕ ਗੱਲ ਦੀ ਸਮਝ ਪਤਾ ਨਹੀਂ ਕਿਉਂ ਨਹੀਂ ਆਉਂਦੀ ਕਿ ਅੱਜ ਜਦੋਂ ਸੁਰਾਂ ਦੇ ਸ਼ਹਿਜ਼ਾਦਿਆਂ ਦੀਆਂ ਕੈਸਿਟਾਂ ਕਰਨ ਤੋਂ ਕੰਪਨੀਆਂ ਵਾਲੇ ਭੱਜ ਰਹੇ ਕਿਉਂਕਿ ਵਿਕਦਾ ਕੁੱਝ ਨਹੀਂ ਤਾਂ ਫੇਰ ਹੱਦ ਦਰਜੇ ਦੇ ਬੇਸੁਰਿਆਂ ਨੂੰ ਕਿਹੜਾ ਮਾਈ ਦਾ ਲਾਲ ਸਥਾਪਤ ਕਰ ਸਕਦਾ ਹੈ।

ਜਿਹੜੇ ਗੀਤਕਾਰ ਗਾਇਕ ਬਣਨ ਦੀਆਂ ਯੋਜਨਾਵਾਂ ਤਿਆਰ ਕਰ ਰਹੇ ਨੇ, ਉਹ ਫੱਟ ਰਾਜ ਬਰਾੜ ਤੇ ਦੇਬੀ ਮਖਸੂਸਪੁਰੀ ਦੀ ਉਦਾਹਰਣ ਦੇ ਛੱਡਦੇ ਨੇ। ਪਰ ਉਹ ਉਨ੍ਹਾਂ ਲੋਕਾਂ ਦੀਆਂ ਉਦਾਹਰਣਾਂ ਕਦੇ ਨਹੀਂ ਦਿੰਦੇ, ਜਿਹੜੇ ਗਾਉਣ ਦੀਆਂ ਕੋਸ਼ਿਸ਼ਾਂ ਕਰਦੇ-ਕਰਦੇ ਲੇਖਣੀ ਵੱਲੋਂ ਵੀ ਹੱਥ ਧੋ ਬੈਠੇ। ਤਾਜ਼ਾ ਉਦਾਹਰਣ ਕਾਲਾ ਨਿਜ਼ਾਮਪੁਰੀ ਦੀ ਹੀ ਲੈ ਲਵੋ। ਕਈ ਤਰ੍ਹਾਂ ਦੇ ਵਿਵਾਦਾਂ ਦੇ ਬਾਜਵੂਦ ਨਿਜ਼ਾਮਪੁਰੀਆ ਕਾਲਾ ਗੀਤਕਾਰੀ ਵਿਚ ਆਪਣਾ ਨਾਂ ਸਥਾਪਤ ਕਰਨ ਵਿਚ ਕਾਮਯਾਬ ਹੋ ਗਿਆ। ਚੰਗੀ ਗੱਲ ਹੈ ਕਿ ਵੱਖ-ਵੱਖ ਗਾਇਕਾਂ ਨੇ ਉਸ ਦੇ ਗੀਤ ਗਾਏ ਤੇ ਉਸ ਤੋਂ ਵੀ ਚੰਗੀ ਗੱਲ ਇਹ ਹੈ ਕਿ ਇਸ ਖੇਤਰ ਨੇ ਉਸ ਨੂੰ ਰੋਟੀ ਵੀ ਦਿੱਤੀ। ਪਰ ਇਹ ਤਾਂ ਕਾਲੇ ਨੂੰ ਵੀ ਪਤਾ ਹੀ ਹੈ ਕਿ ਸੰਗੀਤ ਮਾਰਕੀਟ ਦਾ ਕਿੰਨਾ ਮੰਦਾ ਹਾਲ ਹੈ। ਉਹ ਲੰਮਾ ਸਮਾਂ 'ਆਡੀਓ ਟੱਚ' ਕੰਪਨੀ ਵਿਚ ਰਿਹਾ ਹੈ ਤੇ ਉਸ ਨੂੰ ਗਿਆਨ ਹੈ ਕਿ ਉਨ੍ਹਾਂ ਦੀ ਕੰਪਨੀ ਵੱਲੋਂ ਕਈ ਸੁਰੀਲੇ ਬੰਦੇ ਵੀ ਰਿਲੀਜ਼ ਕੀਤੇ ਗਏ, ਪਰ ਉਨ੍ਹਾਂ ਦੀਆਂ ਕੈਸਿਟਾਂ ਨੇ ਖਰਚ ਕੀਤੇ ਪੈਸੇ ਵੀ ਨਹੀਂ ਮੋੜੇ।

ਹੁਣ ਕਾਲਾ ਖੁਦ ਗਾਉਣ ਦੀ ਕੋਸ਼ਿਸ਼ ਵਿਚ ਜੁਟ ਗਿਐ। ਨਵੇਂ ਸਾਲ ਦੇ ਪ੍ਰੋਗਰਾਮ ਵਿਚ ਉਸ ਨੇ ਇੱਕ ਗੀਤ ਗਾਇਐ ਤੇ ਗੀਤ ਦੇ ਬੋਲ ਨੇ, 'ਲੱਗੀ ਬਹੁਤਿਆਂ ਦੀ ਟੁੱਟਦੀ ਏ ਬੇਕਦਰੇ ਨੀਂ ਪਰ ਐਨੀ ਛੇਤੀ ਨਹੀਂ", ਜਿਸ ਦਾ ਵੀਡੀਓ ਚੈਨਲਾਂ 'ਤੇ ਦਿਸ ਰਿਹੈ। ਬੁਰਾ ਨਾ ਮਨਾਇਓ, ਪਰ ਇਹ ਸੱਚ ਹੈ ਕਿ ਉਹ ਸੁਰ ਦੇ ਨੇੜਿਓਂ ਵੀ ਨਹੀਂ ਲੰਘਿਆ। ਜਿਸ ਕਦਰ ਉਹ ਗਾ ਰਿਹੈ, ਉਸ ਤੋਂ ਇਹ ਸੋਚਣ ਲਈ ਮਜਬੂਰ ਹੋ ਜਾਈਦਾ ਹੈ ਕਿ ਪੰਜਾਬ ਵਿਚ ਅੱਗੇ ਕਿਹੜਾ ਗਾਉਣ ਵਾਲਿਆਂ ਦੀ ਕਮੀ ਸੀ, ਜਿਹੜੀ ਕਾਲੇ ਦੇ ਗਾਏ ਬਿਨਾਂ ਪੂਰੀ ਨਹੀਂ ਸੀ ਹੋਣੀ। ਹਰ ਬੰਦੇ ਨੂੰ ਆਪਣੀਆਂ ਸੀਮਾਵਾਂ ਬਾਰੇ ਗਿਆਨ ਹੁੰਦੈ ਕਿ ਉਹ ਕਿਹੜਾ ਕੰਮ ਕਰ ਸਕਦੈ ਤੇ ਕਿਹੜਾ ਨਹੀਂ ਤੇ ਜਿਹੜੇ ਕੰਮ ਬਾਰੇ ਕੋਈ ਤਜਰਬਾ ਨਾ ਹੋਵੇ, ਤਿਆਰੀ ਨਾ ਹੋਵੇ, ਉਹ ਕਰਨ ਦਾ ਭਲਾ ਕੀ ਫ਼ਾਇਦਾ?

ਦੂਜੀ ਗੱਲ ਸਤਿੰਦਰ ਸੱਤੀ ਦੀ ਕਰ ਲਵੋ। ਸਟੇਜ ਪੇਸ਼ਕਾਰੀ ਵਿਚ ਸੱਤੀ ਦਾ ਕੋਈ ਜਵਾਬ ਨਹੀਂ। ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਅਮਰੀਕਾ ਵੱਸਦੀ ਹੋਣ ਕਰਕੇ ਐਂਕਰਿੰਗ ਦਾ ਖੇਤਰ ਖਾਲੀ ਸੀ ਤੇ ਇਸ ਵਿਚ ਸੱਤੀ ਨੇ ਸਥਾਪਤੀ ਹਾਸਲ ਕਰ ਲਈ। ਇਹ ਵੀ ਸੱਚ ਹੈ ਕਿ ਜੇ ਆਸ਼ਾ ਸ਼ਰਮਾ ਅਮਰੀਕਾ ਨਾ ਰਹਿੰਦੀ ਹੁੰਦੀ ਤਾਂ ਸੱਤੀ ਨੂੰ ਅੱਜ ਵਾਲਾ ਮੁਕਾਮ ਸ਼ਾਇਦ ਹੀ ਮਿਲਦਾ। ਸੱਤੀ ਨੇ ਲਗਭਗ ਹਰ ਪੰਜਾਬੀ ਗਾਇਕ ਨੂੰ ਸਟੇਜ 'ਤੇ ਪੇਸ਼ ਕੀਤਾ। ਹਰ ਪੰਜਾਬੀ ਚੈਨਲ ਲਈ ਉਸ ਨੇ ਕੰਮ ਕਰਕੇ ਆਪਣੀ ਸਥਾਪਤੀ ਨੂੰ ਹੋਰ ਮਜਬੂਤੀ ਪ੍ਰਦਾਨ ਕਰ ਲਈ। ਪਰ ਗਾਇਕਾਂ ਨੂੰ ਪੇਸ਼ ਕਰਦਿਆਂ-ਕਰਦਿਆਂ ਉਹਦੇ ਦਿਮਾਗ਼ ਵਿਚ ਵੀ ਇਹ ਗੱਲ ਘਰ ਕਰ ਗਈ ਕਿ ਹੋਰਾਂ ਨੂੰ ਗਵਾਉਣ ਦੇ ਨਾਲ-ਨਾਲ ਕਿਉਂ ਨਾ ਆਪ ਵੀ ਗਾ ਲਿਆ ਕਰੇ ਤੇ ਉਸ ਦੀ ਕੈਸਿਟ ਰਿਲੀਜ਼ ਹੋ ਗਈ, 'ਪੀਂਘ : ਦ ਸਵਿੰਗ'।



***ਸਤਿੰਦਰ ਸੱਤੀ***

ਜਿਹੜੇ ਲੋਕਾਂ ਨੇ ਸੱਤੀ ਨੂੰ ਸਿਰਫ਼ ਜਲੰਧਰ ਦੂਰਦਰਸ਼ਨ ਦੇ ਪ੍ਰੋਗਰਾਮ 'ਲਿਸ਼ਕਾਰਾ' ਦੀ ਐਂਕਰਿੰਗ ਕਰਦਿਆਂ ਦੇਖਿਆ ਸੀ, ਉਨ੍ਹਾਂ ਨੇ ਸੱਤੀ ਦੀ 'ਪੀਂਘ' ਜ਼ਰੂਰ ਖਰੀਦੀ ਕਿ ਦੇਖਦੇ ਹਾਂ, ਇਸ ਨੇ ਕਿਹੋ ਜਿਹਾ ਗਾਇਐ। ਇਹ ਵੀ ਸੱਚ ਹੈ ਕਿ ਉਸ ਦਾ ਗੀਤ 'ਬਸ ਏਨਾ ਕੁ ਖਿਆਲ ਰੱਖੀਂ ਸੋਹਣਿਆ ਜੇ ਵਿਛੜੇ ਤਾਂ ਦੁੱਖ ਨਾ ਲੱਗੇ' ਮਕਬੂਲ ਹੋ ਗਿਆ ਤੇ ਇਸੇ ਮਕਬੂਲੀਅਤ ਦੇ ਸਿੱਟੇ ਵਜੋਂ ਹੁਣ ਉਸ ਦੀ ਨਵੀਂ ਕੈਸਿਟ ਆ ਗਈ ਹੈ, 'ਮੋਹ'।

ਰੱਬ ਝੂਠ ਨਾ ਬੁਲਾਵੇ, ਉਸ ਦੀ 'ਮੋਹ' ਨਾਲ ਕਿਸੇ ਨੂੰ ਘੱਟ ਵੱਧ ਹੀ 'ਮੋਹ' ਹੋਇਆ। ਉਸ ਦਾ ਪਹਿਲਾ ਗੀਤ ਚੈਨਲਾਂ 'ਤੇ ਦਿਸਿਆ, 'ਇੱਕ ਇੱਕ ਫੱਟ ਤੇਰਾ ਸੀਅ ਕੇ ਦਿਖਾਵਾਂਗੇ, ਜਾ ਵੇ ਅਸੀਂ ਤੇਰੇ ਬਾਜੋਂ ਜੀਅ ਕੇ ਦਿਖਾਵਾਂਗੇ।' ਗੀਤ ਦਾ ਵੀਡੀਓ ਚੰਗਾ ਬਣਿਐ ਤੇ ਕੰਪਨੀ ਨੇ ਐਡ ਵੀ ਚੰਗੀ ਕੀਤੀ। ਪਰ ਜੇ ਟੀ.ਵੀ. 'ਤੇ ਕੱਪੜਾ ਪਾ ਦਿੱਤਾ ਜਾਵੇ ਤੇ ਇੰਜ ਸੋਚੀਏ ਕਿ ਇਹ ਨੂੰ ਸੱਤੀ ਨੇ ਨਹੀਂ ਗਾਇਆ ਤਾਂ ਇਹੀ ਜਾਪਦੈ ਕਿ ਪੰਜਵੀਂ ਕਲਾਸ ਦਾ ਕੋਈ ਨਿਆਣਾ ਬਾਲ ਸਭਾ ਵਿਚ ਗੀਤ ਗਾ ਰਿਹੈ। ਇੱਕ ਤਾਂ ਗਾਇਕੀ ਦਾ ਤਜਰਬਾ ਘੱਟ ਹੋਵੇ ਤੇ ਦੂਜਾ ਹੱਥ ਸੈਡ ਗੀਤ ਨੂੰ ਪਾ ਲਿਆ ਜਾਵੇ, ਇਹ ਗੱਲ ਸੋਚਣ ਵਿਚ ਵੀ ਅਜੀਬ ਜਿਹੀ ਲੱਗਦੀ ਹੈ, ਪਰ ਮੰਗਲ ਗ੍ਰਹਿ 'ਤੇ ਪਾਣੀ ਲੱਭਣ ਦੀਆਂ ਖੋਜਾਂ ਵਾਂਗ ਸਾਡੀ ਸੰਗੀਤ ਸਨਅਤ ਨਾਲ ਜੁੜੇ ਲੋਕਾਂ ਨੂੰ ਨਵੀਆਂ ਲੱਭਤਾਂ ਦੀ ਭੁੱਖ ਰਹਿੰਦੀ ਏ, ਇਸ ਕਰਕੇ ਸੱਤੀ ਨੂੰ ਕੁੱਝ ਸਮਝਾਇਆ ਵੀ ਤਾਂ ਨਹੀਂ ਜਾ ਸਕਦਾ।

ਅਸੀਂ ਸੱਤੀ ਨੂੰ ਸਿਰਫ਼ ਏਨੀ ਗੱਲ ਕਹਿਣੀ ਚਾਹਾਂਗੇ ਕਿ ਐਂਕਰਿੰਗ ਦੇ ਜਿਹੜੇ ਖੇਤਰ ਵਿਚ ਉਸ ਨੇ ਸਥਾਪਤੀ ਹਾਸਲ ਕੀਤੀ ਹੈ, ਉਥੇ ਉਸ ਦੇ ਮੁਕਾਬਲੇ ਵਿਚ ਕੋਈ ਕੁੜੀ ਨਹੀਂ। ਉਸ ਨੇ ਇਕੱਲਿਆਂ ਹੀ ਇਸ ਖੇਤਰ ਵਿਚ ਰਾਜ ਕੀਤਾ, ਪਰ ਗਾਉਣ ਦਾ ਜਿਹੜਾ ਖੇਤਰ ਉਹ ਚੁਣ ਬੈਠੀ ਹੈ, ਇਥੇ ਉਸ ਦੇ ਮੁਕਾਬਲੇ ਵਿਚ ਦਰਜਨਾਂ ਕੁੜੀਆਂ ਨੇ। ਸੱਤੀ ਨੂੰ ਸੋਚਣਾ ਚਾਹੀਦੈ ਕਿ ਜੇ ਸਥਾਪਤ ਕੁੜੀਆਂ ਦੀਆਂ ਕੈਸਿਟਾਂ ਨੂੰ ਕੋਈ ਨਹੀਂ ਖਰੀਦਦਾ ਤਾਂ ਇਸ ਦਾ ਅਰਥ ਇਹੀ ਹੈ ਕਿ ਇਹ ਖੇਤਰ ਮੰਝਧਾਰ ਵਿਚ ਫਸਿਆ ਹੋਇਐ, ਫੇਰ ਡੁੱਬਦੀ ਬੇੜੀ ਵਿਚ ਪੈਰ ਰੱਖਣ ਦਾ ਹੌਸਲਾ ਕਰਨਾ ਵੀ ਕੋਈ ਸਿਆਣਪ ਵਾਲੀ ਗੱਲ ਨਹੀਂ।

ਤੁਹਾਨੂੰ ਪਤਾ ਹੀ ਹੋਵੇਗਾ ਕਿ ਇੱਕ ਵਾਰ ਫ਼ਿਲਮ ਅਦਾਕਾਰਾ ਉਪਾਸਨਾ ਸਿੰਘ ਨੇ ਵੀ ਕੈਸਿਟ ਕੀਤੀ ਸੀ, ਪਰ ਉਸ ਨੂੰ ਪੁੱਛਿਆ ਕਿਸੇ ਨੇ ਨਹੀਂ ਸੀ। ਇੱਕ ਵਾਰ ਅਕਸ਼ੈ ਕੁਮਾਰ ਨੇ ਧਾਰਮਿਕ ਕੈਸਿਟ ਕੀਤੀ ਸੀ, ਪਰ ਵਿਕੀ ਉਹ ਨਾਂਮਾਤਰ ਹੀ ਸੀ। ਕਹਿਣ ਦਾ ਭਾਵ ਜਿਹੜੇ ਕੰਮ ਵਿਚ ਮੁਹਾਰਤ ਹੋਵੇ, ਜੇ ਅਸੀਂ ਉਸ ਨੂੰ ਛੱਡ ਕੇ ਹੋਰ ਖੇਤਰ ਵਿਚ ਘੁਸਪੈਠ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਨਤੀਜੇ ਬਾਬੂ ਚੰਡੀਗੜ੍ਹੀਏ ਵਾਲੇ ਹੀ ਨਿਕਲਣਗੇ ਕਿਉਂਕਿ ਉਹ ਵੀ ਤਾਂ ਪ੍ਰਾਪਰਟੀ ਦਾ ਕੰਮ ਕਰਦਾ-ਕਰਦਾ ਗਾਇਕ ਬਣਨ ਤੁਰ ਪਿਆ।

ਪਿਛਲੇ ਦਿਨੀਂ ਇੱਕ ਗੀਤਕਾਰ ਨੇ ਸਾਡੇ ਕੋਲ ਗੱਲ ਕੀਤੀ, 'ਵੀਡੀਓ ਡਾਇਰੈਕਟਰਾਂ ਦਾ ਕੰਮ ਵਧੀਐ, ਮੇਰਾ ਤਾਂ ਇਰਾਦੈ ਕਿ ਵੀਡੀਓ ਕਰਨ ਲੱਗ ਜਾਈਏ, ਚਾਰ ਛਿੱਲੜ ਬਣ ਜਾਣਗੇ...।' ਜਦੋਂ ਅਸੀਂ ਉਹਨੂੰ ਪੁੱਛਿਆ, 'ਤੈਨੂੰ ਵੀਡੀਓ ਡਾਇਰੈਕਸ਼ਨ ਦਾ ੳ..ਅ..ਆਉਂਦੈ?' ਤਾਂ ਉਹ ਬੋਲਿਆ, 'ਹਰਭਜਨ ਮਾਨ ਨੂੰ ਕਿਹੜਾ ਅਦਾਕਾਰੀ ਦਾ ੳ...ਅ...ਆਉਂਦਾ ਸੀ, ਸ਼ਮਸ਼ੇਰ ਸੰਧੂ ਨੇ ਕਿਹੜੇ ਸਦਾਬਹਾਰ ਗੀਤ ਦਿੱਤੇ ਨੇ...ਮਹਿਸੋਪੁਰੀਆ ਕਿਹੜਾ ਸੁਰਾਂ ਦਾ ਧਨੀ ਐ, ਜੇ ਇਨ੍ਹਾਂ ਦਾ ਕੰਮ ਚੱਲ ਸਕਦੈ ਤਾਂ ਮੈਂ ਕੀ ਰੱਬ ਦੇ ਮਾਂਹ ਮਾਰੇ ਨੇ, ਸ਼ਾਇਦ ਮੇਰਾ ਵੀ ਤੁੱਕਾ ਚੱਲ ਜਾਵੇ।'

ਗੱਲ ਭਾਵੇਂ ਉਸ ਦੀ ਸਹੀ ਹੋਵੇ ਕਿਉਂਕਿ ਜਿਹੜਾ ਕੰਮ ਢਿੱਡ ਭਰਨ ਜੋਗੀ ਰੋਟੀ ਨਾ ਦੇ ਸਕਦਾ ਹੋਵੇ, ਉਸ ਨੂੰ ਕਰਨ ਦਾ ਵੀ ਕੀ ਫ਼ਾਇਦਾ। ਪਰ ਜਿਹੜੇ ਲੋਕਾਂ ਨੂੰ ਕਿਸੇ ਇੱਕ ਕੰਮ ਵਿਚੋਂ ਚੰਗੀ ਕਮਾਈ ਹੋ ਰਹੀ ਹੋਵੇ, ਉਹ ਕਿਸੇ ਦੂਜੇ ਕੰਮ ਨੂੰ ਹੱਥ ਪਾ ਕੇ ਆਪਣੇ ਪਹਿਲਾਂ ਵਾਲੇ ਕੰਮ 'ਤੇ ਵੀ ਸਵਾਲੀਆ ਨਿਸ਼ਾਨ ਲਵਾ ਲੈਣ, ਇਹ ਵੀ ਤਾਂ ਸਿਆਣੀ ਗੱਲ ਨਹੀਂ।'

ਮੋਟੀ ਜਿਹੀ ਉਦਾਹਰਣ ਲਵੋ ਕਿ ਸੁਨੀਲ ਗਾਵਸਕਰ ਭਾਰਤੀ ਕ੍ਰਿਕਟ ਦਾ ਸਟਾਰ ਖਿਡਾਰੀ ਰਿਹਾ ਹੈ। ਉਸ ਨੇ ਇੱਕ-ਦੋ ਫ਼ਿਲਮਾਂ ਵਿਚ ਵੀ ਕੰਮ ਕੀਤਾ ਸੀ, ਪਰ ਕਿਸੇ ਨੂੰ ਉਸ ਦੀਆਂ ਫ਼ਿਲਮਾਂ ਦੇ ਨਾਂਵਾਂ ਬਾਰੇ ਨਹੀਂ ਪਤਾ। ਕਪਿਲ ਦੇਵ ਨੇ 'ਮੁਝਸੇ ਸ਼ਾਦੀ ਕਰੋਗੀ' ਫ਼ਿਲਮ ਵਿਚ ਕੰਮ ਕੀਤਾ ਸੀ, ਪਰ ਉਹ ਅਦਾਕਾਰ ਵਜੋਂ ਸਫ਼ਲ ਨਹੀਂ ਹੋਇਆ। ਅਜੈ ਜਡੇਜਾ ਨੇ ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਬਾਅਦ 'ਖੇਲ' ਫ਼ਿਲਮ ਵਿਚ ਕੰਮ ਕੀਤਾ, ਪਰ ਉਸ ਦੀ ਇਹ ਖੇਡ ਸਫ਼ਲ ਨਾ ਹੋ ਸਕੀ। ਸੋਨੂੰ ਨਿਗਮ ਗਾਉਂਦਾ-ਗਾਉਂਦਾ ਅਦਾਕਾਰ ਬਣਨ ਤੁਰ ਪਿਆ ਸੀ, ਪਰ ਰਾਹ 'ਚੋਂ ਮੁੜ ਆਇਆ ਕਿ ਇਹ ਕੰਮ ਮੇਰੇ ਵੱਸ ਦਾ ਨਹੀਂ। ਕੱਲ੍ਹ ਨੂੰ ਜੇ ਸ਼ਾਹਰੁਖ ਖ਼ਾਨ ਕਹੇ ਕਿ ਮੈਂ ਗਾਉਣ ਵੀ ਲੱਗਣੈ ਜਾਂ ਬ੍ਰਿਟਨੀ ਸਪੀਅਰਜ਼ ਕਹੇ ਕਿ ਮੈਂ ਤਾਂ ਏਨੀ ਮਕਬੂਲ ਹਾਂ ਕਿ ਹੁਣ ਔਰਤਾਂ ਦੀ ਹਾਕੀ ਟੀਮ ਦੀ ਕੈਪਟਨ ਬਣਨੈ ਤਾਂ ਇਹ ਗੱਲ ਸਿਵਾਏ ਜੱਗ ਹਸਾਈ ਦੇ ਹੋਰ ਕੁੱਝ ਵੀ ਨਹੀਂ ਹੋਵੇਗੀ।


ਇਹ ਸਾਰੀਆਂ ਗੱਲਾਂ ਦਰਜ ਕਰਨ ਦਾ ਇਹ ਅਰਥ ਨਹੀਂ ਕਿ ਅਸੀਂ ਨਵੇਂ ਤਜਰਬਿਆਂ ਦੇ ਖਿਲਾਫ਼ ਹਾਂ ਜਾਂ ਇਨ੍ਹਾਂ ਤਜਰਬਿਆਂ ਦੇ ਹਮਰਾਹੀ ਬਣਨ ਵਾਲਿਆਂ ਦਾ ਅਸੀਂ ਹੌਸਲਾ ਢਾਹੁਣਾ ਚਾਹੁੰਦੇ ਹਾਂ। ਸਾਡਾ ਕਹਿਣ ਦਾ ਭਾਵ ਸਿਰਫ਼ ਏਨਾ ਕੁ ਹੈ ਕਿ ਮੁਕਾਬਲੇਬਾਜ਼ੀ ਦੇ ਇਸ ਦੌਰ ਵਿਚ ਜਦੋਂ ਪੈਰ-ਪੈਰ 'ਤੇ ਤਿਲਕਣਬਾਜ਼ੀ ਹੈ ਤਾਂ ਸਾਨੂੰ ਸੋਚ ਸਮਝ ਕੇ ਤਜਰਬੇ ਕਰਨੇ ਚਾਹੀਦੇ ਨੇ। ਜਿਹੜੇ ਕੰਮ ਵਿਚ ਸਾਡੀ ਮੁਹਾਰਤ ਹੈ, ਸਾਨੂੰ ਉਸੇ ਵਿਚ ਹੋਰ ਨਿਪੁੰਨ ਹੋਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।


*ਫੋਨ:98141-78883*

ਦੇਗ ਤੇਗ ਫਤਹਿ ੴ ਵਾਹਿਗੁਰੂ ਜੀ ਕੀ ਫ਼ਤਹਿ ਪੰਥ ਕੀ ਜੀਤ

# ਫਰੀਮਾਂਟ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਦੀ

# ਪੰਥਕ ਸਲੇਟ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

**ਭਾਈ ਗੁਰਮੀਤ ਸਿੰਘ ਖਾਲਸਾ:**ਭਾਈ ਗੁਰਮੀਤ ਸਿੰਘ ਖਾਲਸਾ ਪੀ. ਏ. ਯੂ. ਲੁਧਿਆਣਾ ਤੋਂ ਗਰੈਜੂਏਟ ਹਨ। ਆਪ ਪਿਛਲੇ 25 ਸਾਲਾਂ ਤੋਂ ਬੇ-ਏਰੀਆ ਵਿਚ ਰਹਿੰਦੇ ਹਨ ਅਤੇ ਪਰਪੱਕ ਖਾਲਸਾਈ ਜ਼ਿੰਦਗੀ ਜਿਉਂਦੇ ਹਨ। ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਨਾਲ ਇਕ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਸੰਨ 2005 ਅਤੇ 2006 ਦੀਆਂ ਚੋਣਾਂ ਵਿਚ ਜਿੱਤ ਕੇ ਉਹ ਦੋ ਵਾਰ ਗੁਰੂਘਰ ਦੇ ਪ੍ਰਧਾਨ ਬਣੇ। ਸਿੱਖੀ ਪ੍ਰਤੀ ਪਿਆਰ ਆਪ ਜੀ ਦੇ ਦਿਲ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਵਿਦੇਸ਼ਾਂ ਵਿਚ ਵਸੇ ਸਿੱਖਾਂ ਦੀਆਂ ਸਮੱਸਿਆਵਾਂ ਪ੍ਰਤੀ ਆਪ ਪੂਰੀ ਤਰ੍ਹਾਂ ਜਾਗਰੂਕ ਹਨ। ਇਸੇ ਕਰਕੇ ਆਪ ਜੀ ਵਲੋਂ ਵਿਸ਼ੇਸ਼ ਕਰਕੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸਮਰ ਕੈਂਪਾਂ ਦਾ ਆਯੋਜਨ ਕੀਤਾ ਗਿਆ। ਪ੍ਰੀ ਸਕੂਲ ਸ਼ੁਰੂ ਕਰਵਾਇਆ ਗਿਆ। ਸਮੇਂ ਸਮੇਂ ਮੈਡੀਕਲ ਕੈਂਪਾਂ ਦਾ ਆਯੋਜਨ ਕਰਵਾਇਆ ਜਾਂਦਾ ਰਿਹਾ। ਫਿਊਨਰਲ ਹੋਮ ਦੀ ਸਮੱਸਿਆ ਨਾਲ ਨਜਿੱਠਣ ਲਈ ਨਿਰਮਲ ਸਿੰਘ ਚੀਮਾ ਦੀਆਂ ਸੇਵਾਵਾਂ ਲਈਆਂ। ਆਪ ਜੀ ਇਨਸਾਫਪਸੰਦ ਵਿਅਕਤੀ ਹਨ। ਕਿਸੇ ਵੀ ਧੱਕੇਸ਼ਾਹੀ ਦੇ ਖਿਲਾਫ ਡਟਣਾ ਜਾਣਦੇ ਹਨ। ਫਰੀਮਾਂਟ ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਗਤ ਨੂੰ ਵੋਟਾਂ ਦਾ ਅਧਿਕਾਰ ਦਿਵਾਉਣਾ ਖਾਲਸਾ ਜੀ ਦੀ ਮਹੱਤਵਪੂਰਨ ਦੇਣ ਹੈ। ਗੁਰੂਘਰ ਵਿਚ ਚਲ ਰਹੇ ਮੌਜੂਦਾ ਪ੍ਰੋਜੈਕਟਾਂ ਦੀ ਮੁਢਲੀ ਰੂਪ ਰੇਖਾ ਵੀ ਖਾਲਸਾ ਵਲੋਂ ਹੀ ਉਲੀਕੀ ਗਈ ਸੀ।

**ਭਾਈ ਗੁਰਮੇਲ ਸਿੰਘ ਬਾਠ:** ਭਾਈ ਗੁਰਮੇਲ ਸਿੰਘ ਜੀ ਪਹਿਲੀ ਵਾਰ 1984 ਵਿਚ ਫਰੀਮਾਂਟ ਗੁਰੂ ਘਰ ਦੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਉਹ ਦੋ ਸਾਲ ਪ੍ਰਬੰਧਕ ਕਮੇਟੀ ਦੇ ਸਕੱਤਰ ਵੀ ਰਹੇ। ਉਨ੍ਹਾਂ ਨੇ 1990 ਤੋ 1993 ਤੀਕ ਸੁਪਰੀਮ ਕੌਂਸਲ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਹ ਕਾਫੀ ਲੰਮੇ ਸਮੇਂ ਤੋਂ ਗੁਰਬਾਣੀ ਸੰਥਿਆ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਆਪ ਜੀ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਆਪ ਜੀ ਪੰਥਕ ਕਾਰਜਾਂ ਵਿਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਆਪ ਜੀ ਸੈਨਹੋਜੇ ਵਿਚ ਰਹਿੰਦੇ ਹਨ।

**ਭਾਈ ਗੁਰਚਰਨ ਸਿੰਘ ਮਾਨ:**ਭਾਈ ਗੁਰਚਰਨ ਸਿੰਘ ਮਾਨ ਪਿਛਲੇ 28 ਸਾਲਾਂ ਤੋ ਫਰੀਮਾਂਟ ਇਲਾਕੇ ਵਿਚ ਰਹਿ ਰਹੇ ਹਨ। ਉਹ 2006 ਤੋ 2008 ਤੱਕ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੇ ਮੈਬਰ ਦੀ ਸੇਵਾ ਨਿਭਾ ਚੁੱਕੇ ਹਨ। ਉਹ ਇਸ ਗੁਰਦੁਵਾਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵਿਚ ਸਹਾਇਕ ਸੈਕਟਰੀ ਵੀ ਰਹੇ ਹਨ। ਭਾਈ ਗੁਰਚਰਨ ਸਿੰਘ ਮਾਨ ਇਕ ਇੰਸੋਰੈਂਸ ਕੰਪਨੀ ਦੇ ਮਾਲਕ ਹਨ ਜੋ ਉਹਨਾਂ ਨੇ 1999 ਵਿਚ ਸੁਰੂ ਕੀਤੀ ਸੀ। ਉਹ ਇਸ ਵੇਲੇ ਫਰੀਮਾਂਟ ਸਹਿਰ ਦੇ ਪੁਨਰ ਨਿਰਮਾਣ ਅਤੇ ਪੁਨਰ ਸਥਾਪਨ ਮਹਿਕਮੇ ਵਿਚ ਕਮਿਸ਼ਨਰ ਦੀ ਸੇਵਾ ਨਿਭਾ ਰਹੇ ਹਨ। ਉਹਨਾਂ ਨੇ ਅਮਰੀਕਨ ਪੋਸਟ ਆਫਿਸ ਵਿਚ ਵੀ 14 ਸਾਲ ਸੇਵਾ ਕੀਤੀ ਹੈ। ਉਹ ਸਭ ਤੋ ਵਡੀਆਂ 500 ਕੰਪਨੀਆਂ ਵਿਚ ਕੰਮ ਕਰ ਚੁੱਕੇ ਹਨ। ਭਾਈ ਗੁਰਚਰਨ ਸਿੰਘ ਮਾਨ ਨੇ ਗੁਰਦੁਆਰਾ ਸਾਹਿਬ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਜਿਵੇਂ ਕਿ ਛਤਰ (ਕੈਨੋਪੀ) ਦਾ ਪਰਮਿਟ, ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵਧਾਉਣਾ, ਖਾਲਸਾ ਸਕੂ.ਲ, ਟੈਕਨੌਲੋਜੀ ਨੂੰ ਲਾਗੂ ਕਰਨਾ, ਲੋਕਾਂ ਤਕ ਪਹੁੰਚ, ਬੱਜਟ, ਮੈਡੀਕਲ ਕੈਂਪ ਅਤੇ ਹੋਰ ਅਜਿਹੀਆਂ ਬਹੁਤ ਸਾਰੀਆਂ ਯੋਜਨਾਵਾਂ ਦੀ ਨਿਗਰਾਨੀ ਕੀਤੀ ਹੈ। ਭਾਈ ਮਾਨ ਨੇ ਅਰਥ ਸ਼ਾਸਤਰ ਦੀ ਦੀ ਬੀ. ਏ. ਕੀਤੀ ਹੈ। ਉਨ੍ਹਾਂ ਨੇ ਸਿਸਟਮ ਇੰਜੀਨੀਅਰਿੰਗ ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ ਅਤੇ ਉਹ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਨੂੰ ਸਮਰਪਿਤ ਹਨ।

**ਭਾਈ ਤਰਸੇਮ ਸਿੰਘ:**ਭਾਈ ਤਰਸੇਮ ਸਿੰਘ 18 ਸਾਲਾਂ ਤੋਂ ਬੇ-ਏਰੀਏ ਵਿਚ ਰਹਿ ਰਹੇ ਹਨ। ਸਫਲ ਬਿਜਨੈਸ ਮੇਨ ਹਨ ਅਤੇ ਚਾਰਟਰ ਬੱਸ ਸਰਵਿਸ ਨਾਮੀ ਕੰਪਨੀ ਚਲਾਉਦੇ ਹਨ। ਸਾਂਤ ਸੁਭਾਅ ਅਤੇ ਨਿਸ਼ਕਾਮ ਸੇਵਕ ਦੇ ਤੌਰ ਤੇ ਜਾਣੇ ਜਾਂਦੇ ਹਨ। ਜਦ ਕਦੇ ਵੀ ਕਮਿਉਨਟੀ ਨੂੰ ਬੱਸਾਂ ਦੀ ਜਰੂਰਤ ਪੈਂਦੀ ਹੈ ਤਾਂ ਮੁਫਤ ਸੇਵਾ ਕਰਦੇ ਹਨ। ਸਿੱਖ ਮਸਲਿਆਂ ਪ੍ਰਤੀ ਬਹੁਤ ਸੰਜ਼ੀਦਾ ਹਨ।

**ਭਾਈ ਤਾਰਾ ਸਿੰਘ ਗਿੱਲ:**ਭਾਈ ਤਾਰਾ ਸਿੰਘ ਗਿੱਲ ਪਿਛਲੇ 29 ਸਾਲਾਂ ਤੋਂ ਯੂਨੀਅਨ ਸਿਟੀ ਵਿਚ ਪਰਿਵਾਰ ਸਮੇਤ ਰਹਿ ਰਹੇ ਹਨ ਅਤੇ ਫਰੀਮਾਂਟ ਗੁਰੂਘਰ ਸੁਪਰੀਮ ਕੌਂਸਲ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ 17 ਸਾਲ ਭਾਰਤੀ ਫੌਜ ਦੀ ਨੌਕਰੀ ਕੀਤੀ। ਗੁਰੂ ਘਰ ਵਿਚ ਅਨਿਨ ਸ਼ਰਧਾ ਅਤੇ ਵਿਸ਼ਵਾਸ਼ ਦੇ ਧਾਰਨੀ ਹਨ। ਉਹ ਲੰਗਰ ਪ੍ਰਬੰਧ ਵਿਚ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਸੀਨੀਅਰਾਂ ਦੇ ਮਸਲਿਆਂ ਵਿਚ ਮੱਦਦ ਕਰਦੇ ਹਨ। ਆਪ ਜੀ ਸਿੱਖ ਭਾਈਚਾਰੇ ਨਾਲ ਸਬੰਧਿਤ ਮਸਲਿਆਂ ਦੇ ਹਲ ਲਈ ਵਧ ਚੜ ਕੇ ਮੁਢ ਤੋਂ ਹੀ ਹਿੱਸਾ ਲੈਂਦੇ ਆਏ ਹਨ ਅਤੇ ਆਪ ਜੀ ਬੜੇ ਨਿਘੇ ਸੁਭਾਅ ਵਾਲੇ ਮਿਠ ਬੋਲੜੇ ਗੁਰਸਿੱਖ ਹਨ।

## ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀ 14 ਮਾਰਚ, 2010 ਨੂੰ ਹੋ ਰਹੀ ਚੋਣ ਲਈ ਪੰਥਕ ਸਲੇਟ ਦੇ ਉਕਤ ਉਮੀਦਵਾਰਾਂ ਨੂੰ ਕੀਮਤੀ ਵੋਟ ਦਿਓ।

ਹੋਰ ਜਾਣਕਾਰੀ ਲਈ ਕਾਲ ਕਰੋ:510-342-5484 ਜਾਂ 408-667-3116, www.PanthicSlate.org